ਐਤਵਾਰ, 1 ਸਤੰਬਰ, 2024
17 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 91

# ਨਵਾਂ ਜ਼ਮਾਨਾ

DAILY NAWAN ZAMANA • SUNDAY, 1 SEPTEMBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

### ਸ਼ੰਭੂ ਬਾਰਡਰ 'ਤੇ ਕਿਸਾਨ ਅੰਦੋਲਨ 'ਚ ਪਹੁੰਚੀ ਵਿਨੇਸ਼ ਫੋਗਾਟ

# ਤੁਹਾਡੀ ਬੇਟੀ ਤੁਹਾਡੇ ਨਾਲ ਹੈ



**ਨਵੀਂ ਦਿੱਲੀ** : ਸ਼ੰਭੂ ਬਾਰਡਰ 'ਤੇ ਲੰਮੇ ਸਮੇਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਸ਼ਨੀਵਾਰ 200 ਦਿਨ ਹੋ ਗਏ। ਇਸ ਮੌਕੇ ਕਿਸਾਨਾਂ ਨੇ ਵੱਡੇ ਪੈਮਾਨੇ 'ਤੇ ਪ੍ਰਦਰਸ਼ਨ ਕੀਤਾ। ਇਸੇ ਦੌਰਾਨ ਸ਼ਨੀਵਾਰ ਨੂੰ ਉਲੰਪੀਅਨ ਭਲਵਾਨ ਵਿਨੇਸ਼ ਫੋਗਾਟ ਵੀ ਸ਼ੰਭੂ ਬਾਰਡਰ ਪਹੁੰਚੀ। ਕਿਸਾਨਾਂ ਨੇਤਾਵਾਂ ਨੇ ਵਿਨੇਸ਼ ਫੋਗਾਟ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਵਿਨੇਸ਼ ਫੋਗਾਟ ਨੇ ਕਿਸਾਨਾਂ ਪ੍ਰਤੀ ਆਪਣਾ ਸਮਰਥਨ ਪ੍ਰਗਟ ਕਰਦੇ ਹੋਏ ਕਿਹਾ ਕਿ ਕਿਸਾਨ ਆਪਣੇ ਅਧਿਕਾਰਾਂ ਲਈ ਲੰਮੇ ਸਮੇਂ ਤੋਂ ਇੱਥੇ ਬੈਠੇ ਹਨ, ਪਰ ਉਨ੍ਹਾਂ ਦੀ ਊਰਜਾ ਹਾਲੇ ਵੀ ਘਟੀ ਨਹੀਂ। ਮੈਂ ਖੁਦ ਨੂੰ ਖੁਸ਼ਕਿਸਮਤ ਵਾਲੀ ਮੰਨਦੀ ਹਾਂ ਕਿ ਮੈਂ ਇੱਕ ਕਿਸਾਨ ਪਰਵਾਰ ਦੇ ਘਰ ਪੈਦਾ ਹੋਈ ਹਾਂ। ਤੁਹਾਡੀ ਬੇਟੀ ਤੁਹਾਡੇ ਨਾਲ ਹੈ। ਸਾਨੂੰ ਆਪਣੇ ਅਧਿਕਾਰਾਂ ਲਈ ਖੜਾ ਹੋਣਾ ਹੋਵੇਗਾ, ਕਿਉਂਕਿ ਕੋਈ ਹੋਰ ਸਾਡੇ ਲਈ ਨਹੀਂ ਆਵੇਗਾ। ਉਨ੍ਹਾ ਕਿਹਾ ਕਿ ਕਿਸਾਨ ਸੰਦੇਸ਼ ਦਿੰਦੇ ਹਨ ਕਿ ਆਪਣੇ ਅਧਿਕਾਰਾਂ ਲਈ ਲੜਨਾ ਪੈਣਾ ਹੈ। ਕਿਸਾਨਾਂ ਦਾ ਜਜ਼ਬਾ ਕਦੀ ਕਮਜ਼ੋਰ ਨਹੀਂ ਹੋਇਆ। ਉਨ੍ਹਾ ਕਿਹਾ—ਮੈਨੂੰ ਮਾਣ ਹੈ ਕਿ ਇੱਕ ਕਿਸਾਨ ਪਰਵਾਰ 'ਚ ਮੇਰਾ ਜਨਮ ਹੋਇਆ ਹੈ। ਮੈਂ ਅੰਦੋਲਨਕਾਰੀ ਕਿਸਾਨਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਤੁਹਾਡੀ ਬੇਟੀ ਤੁਹਾਡੇ ਨਾਲ ਖੜੀ ਹੈ। ਮੈਂ ਭਗਵਾਨ ਤੋਂ ਪ੍ਰਾਰਥਨਾ ਕਰਦੀ ਹਾਂ ਕਿ ਤੁਹਾਡੀਆਂ ਮੰਗਾਂ ਪੂਰੀਆਂ ਹੋਣ ਅਤੇ ਜਦ ਤੱਕ ਤੁਸੀਂ ਆਪਣੇ ਅਧਿਕਾਰ ਨਹੀਂ ਲੈ ਲੈਂਦੇ, ਉਦੋਂ ਤੱਕ ਵਾਪਸ ਨਾ ਜਾਇਓ।

ਫੋਗਾਟ ਨੇ ਕਿਸਾਨਾਂ ਦੇ ਸਮਰਥਨ 'ਚ ਸਰਕਾਰ ਨੂੰ ਅਪੀਲ ਕਰਦੇ ਹੋਏ ਕਿਹਾ, 'ਕਿਸਾਨ ਆਪਣੇ ਅਧਿਕਾਰਾਂ ਲਈ ਪਿਛਲੇ 200 ਦਿਨਾਂ ਤੋਂ ਬੈਠੇ ਹਨ ਅਤੇ ਮੈਂ ਸਰਕਾਰ ਨੂੰ ਅਪੀਲ ਕਰਦੀ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇ। ਇਹ ਬਹੁਤ ਦੁਖਦਾਈ ਹੈ ਕਿ ਉਨ੍ਹਾਂ ਨੂੰ 200 ਦਿਨ ਤੋਂ ਸੁਣਿਆ ਨਹੀਂ ਗਿਆ। ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਅੰਦੋਲਨ ਦੀ ਪ੍ਰਗਤੀ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਹ ਸ਼ਾਂਤੀਪੂਰਨ ਤਰੀਕੇ ਨਾਲ, ਪਰ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ। ਉਨ੍ਹਾ ਕਿਹਾ, 'ਕੇਂਦਰ ਸਰਕਾਰ ਸਾਡੇ ਸੰਕਲਪ ਦੀ ਪ੍ਰੀਖਿਆ ਲੈ ਰਹੀ ਹੈ ਅਤੇ ਸਾਡੀਆਂ ਮੰਗਾਂ ਹੁਣ ਤੱਕ ਪੂਰੀਆਂ ਨਹੀਂ ਕੀਤੀਆਂ ਗਈਆਂ। ਅਸੀਂ ਇੱਕ ਵਾਰ ਫਿਰ ਤੋਂ ਸਰਕਾਰ ਸਾਹਮਣੇ ਆਪਣੀਆਂ ਮੰਗਾਂ ਰੱਖਾਂਗੇ ਅਤੇ ਨਵੇਂ ਐਲਾਨ ਵੀ ਕੀਤੇ ਜਾਣਗੇ। ਪੰਧੇਰ ਨੇ ਕਿਹਾ ਕਿ ਵਿਰੋਧ ਪ੍ਰਦਰਸ਼ਨ ਦੇ 200 ਦਿਨ ਪੂਰੇ ਹੋਣਾ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ, ਜੋ ਕਿਸਾਨਾਂ ਦੇ ਦ੍ਰਿੜ ਸੰਕਲਪ ਨੂੰ ਦਰਸਾਉਂਦਾ ਹੈ। ਉਹਨਾ ਸ਼ਨੀਵਾਰ ਧਰਨੇ ਤੋਂ ਬਾਅਦ ਇਹ ਐਲਾਨ ਕੀਤਾ ਕਿ 3 ਅਕਤੂਬਰ ਨੂੰ ਬਾਅਦ ਦੁਪਹਿਰ 2 ਘੰਟੇ ਲਈ ਦੇਸ਼ ਭਰ 'ਚ ਰੇਲ ਰੋਕੋ ਅੰਦੋਲਨ ਕਰਾਂਗੇ।ਸਾਡੀਆਂ ਮੰਗਾਂ ਸਰਕਾਰ ਅੱਗੇ ਹਨ ਅਤੇ ਸਰਕਾਰ ਨੂੰ ਉਨ੍ਹਾਂ ਮੰਗਾਂ ਨੂੰ ਜਲਦੀ ਤੋਂ ਜਲਦੀ ਪ੍ਰਵਾਨ ਕਰਨਾ ਚਾਹੀਦਾ ਹੈ।

15 ਸਤੰਬਰ ਨੂੰ ਜੀਂਦ ਵਿੱਚ ਕਿਸਾਨਾਂ ਦੀ ਵਿਸ਼ਾਲ ਰੈਲੀ ਅਤੇ 22 ਸਤੰਬਰ ਨੂੰ ਪਿੱਪਲੀ ਵਿੱਚ ਵਿਸ਼ਾਲ ਰੈਲੀ ਕੀਤੀ ਜਾਵੇਗੀ।ਇਸੇ ਦੌਰਾਨ ਕਿਸਾਨਾਂ ਨੇ ਬਾਲੀਵੁੱਡ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਣਾ ਰਣੌਤ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।ਉਨ੍ਹਾ ਭਾਰਤੀ ਜਨਤਾ ਪਾਰਟੀ ਨੂੰ ਰਣੌਤ ਖਿਲਾਫ ਸਖਤ ਸਟੈਂਡ ਲੈਣ ਦੀ ਅਪੀਲ ਕੀਤੀ ਹੈ, ਜਿਸ ਦੀਆਂ ਟਿੱਪਣੀਆਂ ਨੇ ਕਿਸਾਨ ਭਾਈਚਾਰੇ ਵਿੱਚ ਵਿਵਾਦ ਅਤੇ ਵਿਰੋਧ ਪੈਦਾ ਕੀਤਾ ਹੈ।

## ਹਾਦਸਾਗ੍ਰਸਤ ਹੈਲੀਕਾਪਟਰ ਨਾਲ ਫਿਰ ਹਾਦਸਾ



**ਦੇਹਰਾਦੂਨ** : ਕੇਦਾਰਨਾਥ ਧਾਮ 'ਚ ਗੌਚਰ ਦੇ ਨਜ਼ਦੀਕ ਭੀਮਬਲੀ ਦੇ ਕੋਲ ਇੱਕ ਹੈਲੀਕਾਪਟਰ ਡਿੱਗ ਪਿਆ। ਕ੍ਰਿਸਟਲ ਕੰਪਨੀ ਦਾ ਇੱਕ ਹੈਲੀਕਾਪਟਰ ਖਰਾਬ ਹੋ ਗਿਆ ਸੀ। ਇਸ ਨੂੰ ਠੀਕ ਕਰਨ ਲਈ ਐੱਮ ਆਈ-17 ਹੈਲੀਕਾਪਟਰ ਨਾਲ ਇਸ ਨੂੰ ਲਿਫਟ ਕੀਤਾ ਜਾ ਰਿਹਾ ਸੀ, ਪਰ ਉਸੇ ਸਮੇਂ ਇਸ ਦੇ ਤਾਰ ਟੁੱਟਣ ਕਾਰਨ ਕ੍ਰਿਸਟਲ ਹੈਲੀਕਾਪਟਰ ਮੰਦਾਕਨੀ ਨਦੀ 'ਚ ਡਿੱਗ ਗਿਆ। ਹਾਦਸੇ 'ਚ ਕਿਸੇ ਤਰ੍ਹਾਂ ਦੇ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ। ਦੱਸਿਆ ਜਾ ਰਿਹਾ ਹੈ ਕਿ ਇਸ ਖਰਾਬ ਹੈਲੀਕਾਪਟਰ ਦੇ ਜ਼ਰੂਰੀ ਪਾਰਟ ਪਹਿਲਾਂ ਹੀ ਕੱਢ ਲਏ ਗਏ ਸਨ। ਇਸ ਖ਼ਰਾਬ ਹੈਲੀਕਾਪਟਰ ਨੂੰ ਠੀਕ ਕਰਨ ਲਈ ਹਵਾਈ ਫੌਜ ਦੇ ਐੱਮ ਆਈ-17 ਹੈਲੀਕਾਪਟਰ ਦੀ ਮਦਦ ਨਾਲ ਲਿਫਟ ਕਰਕੇ ਗੌਚਰ ਹਵਾਈ ਪੱਟੀ 'ਤੇ ਪਹੁੰਚਾਇਆ ਜਾ ਰਿਹਾ ਸੀ, ਪਰ ਇਸ ਦੌਰਾਨ ਐੱਮ ਆਈ-17 ਦਾ ਅਚਾਨਕ ਬੈਲੇਂਸ ਵਿਗੜਨ ਲੱਗਾ। ਖ਼ਤਰੇ ਨੂੰ ਦੇਖਦੇ ਹੀ ਪਾਇਲਟ ਨੇ ਖਾਲੀ ਸਥਾਨ ਦੇਖ ਕੇ ਹੈਲੀਕਾਪਟਰ ਨੂੰ ਘਾਟੀ 'ਚ ਸੁੱਟ ਦਿੱਤਾ।

ਅਸਲ 'ਚ ਗੌਰੀਕੁੰਡ ਤੋਂ ਕੇਦਰਾਨਾਥ ਮਾਰਗ 'ਤੇ ਬਾਰਿਸ਼ ਕਾਰਨ ਜ਼ਮੀਨ ਖਿਸਕਣ ਨਾਲ ਹਜ਼ਾਰਾਂ ਲੋਕ ਫਸੇ ਹੋਏ ਸਨ, ਜਿਸ ਤੋਂ ਬਾਅਦ ਪ੍ਰਸ਼ਾਸਨ ਨੂੰ ਨਿੱਜੀ ਹੈਲੀਕਾਪਟਰ ਤੋਂ ਇਲਾਵਾ ਫੌਜ ਦੇ ਚਿਨਕੂ ਅਤੇ ਐੱਮ ਆਈ-17 ਹੈਲੀਕਾਪਟਰ ਦੀ ਮਦਦ ਨਾਲ ਵੱਡੇ ਪੱਧਰ 'ਤੇ ਬਚਾਅ ਅਭਿਆਨ ਸ਼ੁਰੂ ਕਰਨਾ ਪਿਆ।

## ਬ੍ਰਾਜ਼ੀਲ ਸੁਪਰੀਮ ਕੋਰਟ ਨੇ 'ਐੱਕਸ' 'ਤੇ ਲਾਈ ਪਾਬੰਦੀ

**ਰੀਓ ਡੀ ਜਨੇਰੀਓ** : ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' 'ਤੇ ਆਏ ਦਿਨ ਦੁਨੀਆ ਦਾ ਕੋਈ ਨਾ ਕੋਈ ਦੇਸ਼ ਪਾਬੰਦੀ ਲਾ ਰਿਹਾ ਹੈ। ਹੁਣ ਇਸ 'ਚ ਇੱਕ ਹੋਰ ਦੇਸ਼ ਬ੍ਰਾਜ਼ੀਲ ਵੀ ਜੁੜ ਗਿਆ ਹੈ। ਪਹਿਲਾਂ ਟਵਿੱਟਰ ਹੁਣ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ 'ਤੇ ਬ੍ਰਾਜ਼ੀਲ ਨੇ ਪਾਬੰਦੀ ਲਾ ਦਿੱਤੀ ਹੈ। ਇਹ ਕਦਮ ਬ੍ਰਾਜ਼ੀਲ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਠਾਇਆ ਗਿਆ ਹੈ। ਦੋਸ਼ ਹੈ ਕਿ ਐੱਕਸ ਤੈਅ ਸਮੇਂ ਤੋਂ ਪਹਿਲਾਂ ਬ੍ਰਾਜ਼ੀਲ 'ਚ ਆਪਣੇ ਕਾਨੂੰਨੀ ਪ੍ਰਤੀਨਿਧੀ ਨੂੰ ਨਿਰਧਾਰਤ ਕਰਨ ਵਿੱਚ ਅਸਫ਼ਲ ਰਿਹਾ ਹੈ। ਬ੍ਰਾਜ਼ੀਲ ਦੀ ਸੁਪਰੀਮ ਫੈਡਰਲ ਕੋਰਟ ਦੇ ਮੰਤਰੀ ਅਲੈਕਸਾਂਦਰੇ ਮੋਰਾਸ ਨੇ ਐੱਕਸ ਨੂੰ ਤੁਰੰਤ ਪੂਰੀ ਤਰ੍ਹਾਂ ਬੰਦ ਕਰਨ ਦਾ ਆਦੇਸ਼ ਦਿੱਤਾ ਹੈ। ਇਹ ਉਦੋਂ ਤੱਕ ਲਈ ਹੈ, ਜਦੋਂ ਤੱਕ ਉਹ ਕੋਰਟ ਦੇ ਸਾਰੇ ਆਦੇਸ਼ਾਂ ਦਾ ਪਾਲਣ ਪੂਰੀ ਤਰ੍ਹਾਂ ਨਹੀਂ ਕਰਦਾ। ਨਾਲ ਹੀ ਤੈਅ ਕੀਤਾ ਗਿਆ ਜੁਰਮਾਨਾ ਵੀ ਦੇਣਾ ਹੋਵੇਗਾ। ਪੂਰੇ ਮਾਮਲੇ ਦੀ ਸ਼ੁਰੂਆਤ ਇਸੇ ਸਾਲ ਅਪ੍ਰੈਲ 'ਚ ਹੋਈ ਸੀ, ਜਦ ਜੱਜਾਂ ਨੇ ਗਲਤ ਜਾਣਕਾਰੀ ਫੈਲਾਉਣ ਦੇ ਦੋਸ਼ 'ਚ ਦਰਜਨਾਂ ਐੱਕਸ ਅਕਾਊਂਟ ਨੂੰ ਬੰਦ ਕਰ ਦਿੱਤਾ ਸੀ।

## ਰੂਸੀ ਐੱਮ ਆਈ-8 ਹੈਲੀਕਾਪਟਰ ਲਾਪਤਾ

**ਮਾਸਕੋ** : ਰੂਸ ਦੇ ਪੂਰਬੀ ਇਲਾਕੇ 'ਚ ਸ਼ਨੀਵਾਰ ਲਾਪਤਾ ਹੋਏ ਹੈਲੀਕਾਪਟਰ ਦੀ ਤਲਾਸ਼ 'ਚ ਬਚਾਅ ਕਰਮਚਾਰੀ ਲੱਗੇ ਹੋਏ ਹਨ। ਇਸ ਹੈਲੀਕਾਪਟਰ 'ਚ 22 ਯਾਤਰੀ ਸਵਾਰ ਸਨ। ਰੂਸ ਦੀ ਸੰਘੀ ਹਵਾਈ ਏਜੰਸੀ ਨੇ ਇੱਕ ਬਿਆਨ 'ਚ ਕਿਹਾ ਕਿ ਐੱਮ ਆਈ-8 ਹੈਲੀਕਾਪਟਰ ਨੇ ਕਾਮਚਟਕਾ ਖੇਤਰ 'ਚ ਵਚਾਕਝੇਤਸ ਜਵਾਲਾਮੁਖੀ ਦੇ ਨੇੜੇ ਤੋਂ ਉਡਾਣ ਭਰੀ ਸੀ, ਪਰ ਉਹ ਆਪਣੇ ਸਥਾਨ 'ਤੇ ਨਹੀਂ ਪਹੁੰਚਿਆ। ਏਜੰਸੀ ਮੁਤਾਬਕ ਮੰਨਿਆ ਜਾ ਰਿਹਾ ਹੈ ਕਿ ਇਸ ਹੈਲੀਕਾਪਟਰ 'ਚ 19 ਯਾਤਰੀ ਅਤੇ ਚਾਲਕ ਦਲ ਦੇ ਤਿੰਨ ਮੈਂਬਰ ਸਵਾਰ ਸਨ।

## 60 ਸੀਟਾਂ 'ਤੇ ਚੋਣ ਲੜੇਗੀ ਐੱਨ ਸੀ ਪੀ : ਅਜੀਤ ਪਵਾਰ

**ਮੁੰਬਈ** : ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਤੇਜ਼ ਹੋ ਗਈਆਂ ਹਨ। ਸਾਰੀਆਂ ਪਾਰਟੀਆਂ ਨੇ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਚੋਣਾਂ ਦਾ ਅਧਿਕਾਰਤ ਐਲਾਨ ਹੋਣ ਤੋਂ ਪਹਿਲਾਂ ਹੀ ਮਹਾਂਯੁਤੀ 'ਚ ਸੀਟਾਂ ਦੇ ਬਟਵਾਰੇ ਨੂੰ ਲੈ ਕੇ ਖਿੱਚੋਤਾਣ ਚੱਲ ਰਹੀ ਹੈ। ਵਿਧਾਨ ਸਭਾ 'ਚ ਜ਼ਿਆਦਾ ਤੋਂ ਜ਼ਿਆਦਾ ਸੀਟਾਂ 'ਤੇ ਚੋਣ ਲੜਨ ਨੂੰ ਲੈ ਕੇ ਹਲਚਲ ਮਚੀ ਹੋਈ ਹੈ। ਇਸ 'ਚ ਰਾਸ਼ਟਰਵਾਦੀ ਕਾਂਗਰਸ ਦੇ ਪ੍ਰਮੁੱਖ ਅਜੀਤ ਪਵਾਰ ਗੁੱਟ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਨੂੰ ਆਪਣੇ ਵੱਖ ਖਿੱਚਣ ਲਈ ਤਿਆਰੀ 'ਚ ਲੱਗਾ ਹੈ। ਉਪ ਮੁੱਖ ਮੰਤਰੀ ਅਜੀਤ ਪਵਾਰ ਖੁਦ ਲੋਕਾਂ ਤੱਕ ਪਹੁੰਚ ਰਹੇ ਹਨ। ਉਨ੍ਹਾ ਇੱਕ ਬਿਆਨ 'ਚ ਕਿਹਾ ਕਿ ਚੋਣਾਂ 'ਚ ਐੱਨ ਸੀ ਪੀ ਨੂੰ ਕਰੀਬ 60 ਸੀਟਾਂ ਮਿਲਣਗੀਆਂ। ਨੌਜਵਾਨ ਐੱਨ ਸੀ ਪੀ ਦੀ ਮੀਟਿੰਗ 'ਚ ਵਰਕਰਾਂ ਦਾ ਮਾਰਗ-ਦਰਸ਼ਨ ਕਰਦੇ ਹੋਏ ਪਵਾਰ ਨੇ ਕਿਹਾ ਕਿ ਉਨ੍ਹਾ ਦੀ ਪਾਰਟੀ 60 ਸੀਟਾਂ 'ਤੇ ਚੋਣ ਲੜੇਗੀ। ਅਸੀਂ ਲੋਕ ਸਭਾ ਦਾ ਨੈਰੇਟਿਵ ਬਦਲਣਾ ਚਾਹੁੰਦੇ ਹਾਂ।

## ਟਰੰਪ ਦੀ ਸੁਰੱਖਿਆ 'ਚ ਫਿਰ ਸੇਂਧ

**ਵਾਸ਼ਿੰਗਟਨ** : ਅਮਰੀਕਾ ਦੇ ਪੈਨਸਿਲਵੇਨੀਆ 'ਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰੈਲੀ 'ਚ ਇੱਕ ਵਾਰ ਫਿਰ ਤੋਂ ਸੁਰੱਖਿਆ 'ਚ ਸੇਂਧ ਦੇਖਣ ਨੂੰ ਮਿਲੀ। ਪੈਨਸਿਲਵੇਨੀਆ ਦੇ ਜਾਨਸਟਾਊਨ 'ਚ ਸਾਬਕਾ ਰਾਸ਼ਟਰਪਤੀ ਟਰੰਪ ਦੀ ਰੈਲੀ 'ਚ ਸ਼ੁੱਕਰਵਾਰ ਇੱਕ ਅਣਪਛਾਤਾ ਮੀਡੀਆ ਗੈਲਰੀ 'ਚ ਦੇਖਿਆ ਗਿਆ। ਹਾਲਾਂਕਿ ਉਸ ਵਿਅਕਤੀ ਨੂੰ ਤੁਰੰਤ ਪੁਲਸ ਨੇ ਘੇਰ ਲਿਆ ਅਤੇ ਕਾਬੂ ਕਰ ਲਿਆ। ਇਹ ਘਟਨਾ ਬਟਲਰ 'ਚ ਇੱਕ ਰੈਲੀ ਦੌਰਾਨ ਹੋਈ। ਇਸ ਤੋਂ ਪਹਿਲਾਂ ਦੀ ਘਟਨਾ 'ਚ ਟਰੰਪ ਦੇ ਕੰਨ ਦੇ ਕੋਲੋਂ ਗੋਲੀ ਨਿਕਲ ਗਈ ਸੀ।

## ਰਾਮਦੇਵ ਦੇ 'ਦਿਵਿਆ ਦੰਤ ਮੰਜਨ' 'ਚ ਨਾਨਵੈੱਜ ਮਟੀਰੀਅਲ ਮਿਲਣ ਦਾ ਦਾਅਵਾ

**ਨਵੀਂ ਦਿੱਲੀ** : ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਦੇ ਪ੍ਰੋਡਕਟ 'ਦਿਵਿਆ ਦੰਤ ਮੰਜਨ' 'ਚ ਨਾਨਵੈੱਜ ਮਟੀਰੀਅਲ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਨੂੰ ਲੈ ਕੇ ਦਿੱਲੀ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਕੋਰਟ ਨੇ ਪਟੀਸਨ ਸਵੀਕਾਰ ਕਰਦੇ ਹੋਏ ਕੇਂਦਰ ਸਰਕਾਰ, ਪਤੰਜਲੀ, ਬਾਬਾ ਰਾਮਦੇਵ, ਅਚਾਰੀਆ ਬਾਲਕ੍ਰਿਸ਼ਨ ਅਤੇ ਹੋਰਨਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਬਾਜ਼ਾਰ 'ਚ 'ਦਿਵਿਆ ਦੰਤ ਮੰਜਨ' ਨੂੰ ਸ਼ਾਕਾਹਾਰੀ ਉਤਪਾਦ ਦੱਸ ਕੇ ਵੇਚਿਆ ਜਾ ਰਿਹਾ ਹੈ, ਜਦਕਿ ਉਸ 'ਚ ਮੱਛੀ ਦੇ ਤੱਤ ਸ਼ਾਮਲ ਹਨ। ਇਹ ਪਟੀਸ਼ਨ ਐਡਵੋਕੇਟ ਜਤਿਨ ਸ਼ਰਮਾ ਵੱਲੋਂ ਪਾਈ ਗਈ ਹੈ। ਇਸ 'ਚ ਕਿਹਾ ਗਿਆ ਹੈ ਕਿ ਕੰਪਨੀ ਆਪਣੇ 'ਦਿਵਿਆ ਦੰਤ ਮੰਜਨ' 'ਚ ਸਮੁੰਦਰ ਫੇਨ ਕਟਲਫ਼ਿਸ਼) ਨਾਂਅ ਦਾ ਮਾਸਾਹਾਰੀ ਪਦਾਰਥ ਇਸਤੇਮਾਲ ਕਰਦੀ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਇਸ ਬਾਰੇ ਉਨ੍ਹਾ ਦਿੱਲੀ ਪੁਲਸ, ਹੈੱਲਥ ਅਤੇ ਫੈਮਿਲੀ ਵੈੱਲਫੇਅਰ ਮਨਿਸਟਰੀ, ਕੇਂਦਰੀ ਡਰੱਗ ਕੰਟਰੋਲ ਸੰਗਠਨ ਅਤੇ ਆਯੂਸ਼ ਮਨਿਸਟਰੀ ਨੂੰ ਵੀ ਕਈ ਵਾਰ ਸ਼ਿਕਾਇਤ ਕੀਤੀ, ਪਰ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਬਾਅਦ ਉਨ੍ਹਾ ਕੋਰਟ ਦਾ ਦਰਵਾਜ਼ਾ ਖੜਕਾਇਆ। ਮਾਮਲੇ ਦੀ ਅਗਲੀ ਸੁਣਵਾਈ 28 ਨਵੰਬਰ ਨੂੰ ਹੋਵੇਗੀ।

## ਕਾਂਗਰਸ ਵੱਲੋਂ ਰਾਜਪਾਲ ਥਾਵਰ ਚੰਦ ਗਹਿਲੋਤ ਖ਼ਿਲਾਫ਼ ਮੁਜ਼ਾਹਰਾ



**ਬੰਗਲੂਰੂ** : ਕਰਨਾਟਕ ਦੇ ਰਾਜਪਾਲ ਥਾਵਰ ਚੰਦ ਗਹਿਲੋਤ ਵੱਲੋਂ ਸੂਬੇ ਦੇ ਮੁੱਖ ਮੰਤਰੀ ਸਿਧਾਰਮਈਆ ਖ਼ਿਲਾਫ਼ ਮੁਕੱਦਮਾ ਚਲਾਏ ਜਾਣ ਦੀ ਮਨਜ਼ੂਰੀ ਦਿੱਤੇ ਜਾਣ ਖ਼ਿਲਾਫ਼ ਸ਼ਨੀਵਾਰ ਸੂਬੇ ਦੇ ਮੰਤਰੀਆਂ, ਵਿਧਾਇਕਾਂ ਤੇ ਕਾਂਗਰਸੀ ਆਗੂਆਂ ਨੇ ਰਾਜਧਾਨੀ ਬੰਗਲੂਰੂ 'ਚ 'ਰਾਜ ਭਵਨ ਚੱਲੋ' ਮਾਰਚ ਤਹਿਤ ਰੋਸ ਮੁਜ਼ਾਹਰਾ ਕੀਤਾ, ਜਿਸ ਦੀ ਅਗਵਾਈ ਉਪ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਡੀ ਕੇ ਸ਼ਿਵਕੁਮਾਰ ਨੇ ਕੀਤੀ।ਹਾਕਮ ਪਾਰਟੀ ਕਾਂਗਰਸ ਦਾ ਦੋਸ਼ ਹੈ ਕਿ ਰਾਜਪਾਲ ਨੇ ਇਹ ਕਾਰਵਾਈ ਪੱਖਪਾਤੀ ਢੰਗ ਨਾਲ ਕੀਤੀ ਹੈ, ਕਿਉਂਕਿ ਰਾਜਪਾਲ ਅੱਗੇ ਅਜਿਹੇ ਹੋਰ ਵੀ ਕਈ ਮਾਮਲੇ ਜ਼ੇਰੇ-ਗੌਰ ਹਨ, ਪਰ ਗਹਿਲੋਤ ਨੇ ਸਿਰਫ਼ ਮੁੱਖ ਮੰਤਰੀ ਖ਼ਿਲਾਫ਼ ਹੀ ਕੇਸ ਚਲਾਉਣ ਦੀ ਮਨਜ਼ੂਰੀ ਦਿੱਤੀ।ਮੁਜ਼ਾਹਰਾਕਾਰੀਆਂ ਨੇ ਮੰਗ ਕੀਤੀ ਕਿ ਰਾਜਪਾਲ ਵੱਲੋਂ ਕੇਂਦਰੀ ਮੰਤਰੀ ਐੱਚ ਡੀ ਕੁਮਾਰਸਵਾਮੀ ਖ਼ਿਲਾਫ਼ ਵੀ ਮਾਇਨਿੰਗ ਮਾਮਲੇ ਵਿੱਚ ਕੇਸ ਚਲਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ।ਮਾਰਚ ਵਿਧਾਨ ਸਭਾ ਨੇੜੇ ਮਹਾਤਮਾ ਗਾਂਧੀ ਦੀ ਮੂਰਤੀ ਕੋਲੋਂ ਸ਼ੁਰੂ ਹੋ ਕੇ ਰਾਜ ਭਵਨ ਪੁੱਜਾ, ਜਿਥੇ ਕਾਂਗਰਸ ਨੇ ਰਾਜਪਾਲ ਦੇ ਨਾਂਅ ਇਕ ਮੰਗ ਪੱਤਰ ਦਿੱਤਾ।

## ਪੰਚਾਇਤ ਚੋਣਾਂ ਬਿਨਾਂ ਪਾਰਟੀ ਨਿਸ਼ਾਨ ਤੋਂ ਕਰਾਉਣ ਦਾ ਸੀ ਪੀ ਆਈ ਵੱਲੋਂ ਸਵਾਗਤ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਪੰਚਾਇਤ ਚੋਣਾਂ ਬਿਨਾਂ ਪਾਰਟੀ ਨਿਸ਼ਾਨ ਤੋਂ ਕਰਾਉਣ ਦਾ ਸੀ ਪੀ ਆਈ ਨੇ ਸੁਆਗਤ ਕੀਤਾ ਹੈ। ਸੂਬਾ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਸ਼ਨੀਵਾਰ ਇਥੇ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ ਪਿੰਡਾਂ ਦੇ ਮੁੱਖ ਮਸਲੇ ਵਿਕਾਸ ਦੇ ਕੰਮ ਹਨ, ਜਿਹਨਾਂ ਨੂੰ ਸਾਡੀ ਪਾਰਟੀ ਹਮੇਸ਼ਾ ਤੋਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸਾਂਝੇ ਤੌਰ 'ਤੇ ਕਰਨ ਉਤੇ ਜ਼ੋਰ ਦਿੰਦੀ ਆਈ ਹੈ। ਪਾਰਟੀਬਾਜ਼ੀ ਕਈ ਵਾਰ ਪਿੰਡਾਂ ਵਿੱਚ ਧੜੇਬੰਦੀ ਬਣ ਕੇ ਲੜਾਈ-ਝਗੜੇ ਕਰਾ ਦਿੰਦੀ ਹੈ। ਸਾਥੀ ਬਰਾੜ ਨੇ ਨਾਲ ਹੀ ਜ਼ੋਰ ਦਿੱਤਾ ਕਿ ਸਰਕਾਰ ਨੂੰ ਇਹਨਾਂ ਚੋਣਾਂ ਵਿੱਚ ਸਰਕਾਰੀ ਮਸ਼ੀਨਰੀ ਅਤੇ ਅਫਸਰਸ਼ਾਹੀ ਦੀ ਦੁਰਵਰਤੋਂ ਕਰਕੇ ਸਰਕਾਰੀ ਪਿੱਠੂਆਂ ਨੂੰ ਜਤਾਉਣ ਦੀਆਂ ਕੋਸ਼ਿਸ਼ਾਂ ਵੀ ਨਹੀਂ ਕਰਨੀਆਂ ਚਾਹੀਦੀਆਂ। ਪਿੰਡ ਦੇ ਲੋਕਾਂ ਦੀ ਸਰਬਸੰਮਤੀ ਨਾਲ ਚੋਣ ਹੋਵੇ ਅਤੇ ਇਮਾਨਦਾਰ ਨੁਮਾਇੰਦੇ ਪੰਚਾਇਤਾਂ ਵਿੱਚ ਆ ਕੇ ਪਿੰਡਾਂ ਦੇ ਵਿਕਾਸ ਲਈ ਪ੍ਰਤੀਬੱਧ ਹੋ ਕੇ ਕੰਮ ਕਰਨ, ਤਾਂ ਹੀ ਅਜਿਹੇ ਫੈਸਲੇ ਦਾ ਫਾਇਦਾ ਹੋਵੇਗਾ।

## ਭਗਵੰਤ ਮਾਨ ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਹਰਿਮੰਦਰ ਸਾਹਿਬ ਵਿਖੇ ਨਤਮਸਤਕ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੂਬੇ ਦੇ ਨਵ-ਨਿਯੁਕਤ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਨਤਮਸਤਕ ਹੋ ਕੇ ਸੂਬੇ ਦੀ ਤਰੱਕੀ ਅਤੇ ਸੂਬੇ ਦੇ ਵਸਨੀਕਾਂ ਦੀ ਖ਼ੁਸ਼ਹਾਲੀ ਲਈ ਅਰਦਾਸ ਕੀਤੀ।ਰਾਜਪਾਲ ਅਤੇ ਮੁੱਖ ਮੰਤਰੀ ਨੇ ਇਨ੍ਹਾਂ ਦੋਵਾਂ ਪਵਿੱਤਰ ਅਸਥਾਨਾਂ ਤੇ ਨਤਮਸਤਕ ਹੋ ਕੇ ਅਰਦਾਸ ਕੀਤੀ ਕਿ ਪੰਜਾਬ ਹਰ ਖੇਤਰ ਵਿੱਚ ਮੋਹਰੀ ਸੂਬਾ ਬਣਿਆ ਰਹੇ। ਉਨ੍ਹਾਂ ਸੂਬੇ ਦੇ ਲੋਕਾਂ ਦੀ ਭਲਾਈ ਲਈ ਆਪੋ-ਆਪਣੀਆਂ ਡਿਊਟੀਆਂ ਤਨਦੇਹੀ ਨਾਲ ਨਿਭਾਉਣ ਅਤੇ ਸੂਬੇ ਵਿੱਚ ਫਿਰਕੂ ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਅਰਦਾਸ ਕੀਤੀ ਤਾਂ ਜੋ ਪੰਜਾਬ ਅਮਨ, ਸ਼ਾਂਤੀ ਅਤੇ ਤਰੱਕੀ ਦਾ ਪ੍ਰਤੀਕ ਬਣ ਕੇ ਉੱਭਰੇ। ਦੋਵਾਂ ਆਗੂਆਂ ਨੇ ਜਲ੍ਹਿਆਂਵਾਲਾ ਬਾਗ ਯਾਦਗਾਰ ਵਿਖੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਰਾਜਪਾਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪਵਿੱਤਰ ਧਰਤੀ 'ਤੇ ਨਤਮਸਤਕ ਹੋਣ ਦਾ ਸੁਭਾਗਾ ਮੌਕਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਮਹਾਨ ਸਿੱਖ ਗੁਰੂਆਂ ਦੇ ਜੀਵਨ ਅਤੇ ਫਲਸਫੇ ਨੇ ਯੁੱਗਾਂ ਤੋਂ ਮਨੁੱਖਤਾ ਨੂੰ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕੀਤਾ ਹੈ। ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਉਨ੍ਹਾਂ ਨੇ ਵੀ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਉਹ ਪੰਜਾਬ ਅਤੇ ਚੰਡੀਗੜ੍ਹ ਦੇ ਵਿਕਾਸ ਲਈ ਆਪਣਾ ਫ਼ਰਜ਼ ਬਾਖੂਬੀ ਨਿਭਾਉਣ ਲਈ ਉਨ੍ਹਾਂ ਨੂੰ ਬਲ ਬਖਸ਼ਣ।ਇਸ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਨਵੇਂ ਰਾਜਪਾਲ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਸੂਬੇ ਨੂੰ ਉਨ੍ਹਾਂ ਦੇ ਵਿਆਪਕ ਪ੍ਰਸ਼ਾਸਕੀ ਤਜਰਬੇ ਤੋਂ ਬਹੁਤ ਲਾਭ ਮਿਲੇਗਾ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦੋਵੇਂ ਇਹ ਯਕੀਨੀ ਬਣਾਉਣਗੇ ਕਿ ਪੰਜਾਬ ਹਰ ਖੇਤਰ ਵਿੱਚ ਸਰਵਪੱਖੀ ਵਿਕਾਸ ਅਤੇ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹੇ।

## ਰਾਹੁਲ ਦਾ 8 ਤੋਂ 10 ਤੱਕ ਅਮਰੀਕੀ ਦੌਰਾ

ਨਵੀਂ ਦਿੱਲੀ : ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ 8 ਤੋਂ 10 ਸਤੰਬਰ ਤੱਕ ਅਮਰੀਕਾ ਦੇ ਤਿੰਨ ਰੋਜ਼ਾ ਦੌਰੇ 'ਤੇ ਜਾਣਗੇ। ਇਸ ਦੌਰਾਨ ਉਹ ਮੁਲਕ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਅਤੇ ਡਲਾਸ 'ਚ ਵੱਖੋ-ਵੱਖ ਮੀਟਿੰਗਾਂ ਤੇ ਸਮਾਗਮਾਂ ਵਿੱਚ ਹਿੱਸਾ ਲੈਣਗੇ।ਇੰਡੀਅਨ ਓਵਰਸੀਜ਼ ਕਾਂਗਰਸ ਦੇ ਮੁਖੀ ਸੈਮ ਪਿਤਰੋਦਾ ਨੇ ਬੀਤੇ ਜੂਨ 'ਚ ਵਿਰੋਧੀ ਧਿਰ ਦੇ ਆਗੂ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਰਾਹੁਲ ਦੀ ਇਸ ਪਹਿਲੀ ਅਮਰੀਕਾ ਫੇਰੀ ਦੇ ਵੇਰਵੇ ਸ਼ਨੀਵਾਰ ਨੂੰ ਜਾਰੀ ਕੀਤੇ।ਉਨ੍ਹਾ ਕਿਹਾ ਕਿ ਇਸ ਫੇਰੀ ਦੌਰਾਨ ਰਾਹੁਲ 8 ਸਤੰਬਰ ਨੂੰ ਡਲਾਸ ਜਾਣਗੇ ਅਤੇ 9 ਤੇ 10 ਸਤੰਬਰ ਨੂੰ ਵਾਸ਼ਿੰਗਟਨ ਡੀ ਸੀ ਦਾ ਦੌਰਾ ਕਰਨਗੇ।ਇਸ ਦੌਰਾਨ ਉਹ ਟੈਕਸਾਸ ਯੂਨੀਵਰਸਿਟੀ 'ਚ ਵਿਦਿਆਰਥੀਆਂ, ਸਿੱਖਿਆ ਮਾਹਰਾਂ, ਕਾਰੋਬਾਰੀਆਂ ਅਤੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਵਿਚਾਰ-ਵਟਾਂਦਰੇ ਕਰਨਗੇ। ਪਿਤਰੋਦਾ ਨੇ ਕਿਹਾ, 'ਅਗਲੇ ਦਿਨ ਅਸੀਂ ਰਾਜਧਾਨੀ ਵਾਸ਼ਿੰਗਟਨ ਪੁੱਜਾਂਗੇ ਅਤੇ ਉਥੇ ਵੀ ਉਹ ਇਸੇ ਤਰ੍ਹਾਂ ਵੱਖੋ-ਵੱਖ ਵਰਗਾਂ ਤੇ ਸਮੂਹਾਂ ਨੂੰ ਮਿਲਣਗੇ ਅਤੇ ਨੈਸ਼ਨਲ ਪ੍ਰੈੱਸ ਕਲੱਬ 'ਚ ਵੀ ਜਾਣਗੇ।'

## ਭਾਰਤੀ ਦੂਤਾਵਾਸ ਨੇ ਲਾਓਸ 'ਚ ਫਸੇ 47 ਭਾਰਤੀਆਂ ਨੂੰ ਬਚਾਇਆ

ਲਾਓਸ : ਲਾਓਸ 'ਚ ਭਾਰਤੀ ਦੂਤਾਵਾਸ ਵੱਲੋਂ ਸਾਈਬਰ ਘੁਟਾਲਾ ਕੇਂਦਰਾਂ 'ਚ ਫਸੇ 47 ਭਾਰਤੀ ਨਾਗਰਿਕਾਂ ਨੂੰ ਬਚਾਇਆ ਗਿਆ ਹੈ. ਦੂਤਾਵਾਸ ਨੇ ਦੱਸਿਆ ਕਿ ਗੋਲਡਨ ਟ੍ਰਾਈਐਂਗਲ 'ਚ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਕਾਰਵਾਈ ਕਰਨ ਤੋਂ ਬਾਅਦ ਲਾਓਸ ਅਧਿਕਾਰੀਆਂ ਦੁਆਰਾ 29 ਵਿਅਕਤੀਆਂ ਨੂੰ ਦੂਤਾਵਾਸ ਨੂੰ ਸੌਂਪਿਆ ਗਿਆ ਸੀ।ਇਸ ਉਪਰੰਤ 18 ਹੋਰ ਵਿਅਕੀਤਆਂ ਨੇ ਮਦਦ ਮੰਗਦਿਆਂ ਸਿੱਧੇ ਦੂਤਾਵਾਸ ਕੋਲ ਪਹੁੰਚ ਕੀਤੀ।'ਐੱਕਸ' 'ਤੇ ਇੱਕ ਪੋਸਟ 'ਚ ਦੂਤਾਵਾਸ ਨੇ ਦੱਸਿਆ ਕਿ ਅਧਿਕਾਰੀਆਂ ਨੇ ਭਾਰਤੀਆਂ ਦੀ ਮਦਦ ਲਈ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਅਤੇ ਉਨ੍ਹਾਂ ਨੂੰ ਵਿਏਨਟਿਏਨ ਲਿਆਂਦਾ ਗਿਆ।ਹੁਣ ਤੱਕ 30 ਵਿਅਕਤੀ ਭਾਰਤ ਪੁੱਜ ਚੁੱਕੇ ਹਨ, ਜਦੋਂ ਕਿ ਬਾਕੀ 17 ਅੰਤਮ ਯਾਤਰਾ ਪ੍ਰਬੰਧਾਂ ਦੀ ਉਡੀਕ ਕਰ ਰਹੇ ਹਨ।ਦੂਤਾਵਾਸ ਨੇ ਲਾਓਸ ਦੇ ਅਧਿਕਾਰੀਆਂ ਦਾ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ ਅਤੇ ਉਨ੍ਹਾਂ ਨੂੰ ਅਜਿਹੇ ਘੁਟਾਲਿਆਂ ਵਿੱਚ ਭਾਰਤੀ ਨਾਗਰਿਕਾਂ ਨੂੰ ਲੁਭਾਉਣ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ।ਲਾਓਸ 'ਚ 635 ਭਾਰਤੀਆਂ ਨੂੰ ਅਜਿਹੀਆਂ ਸਥਿਤੀਆਂ ਤੋਂ ਬਚਾਇਆ ਗਿਆ ਹੈ, ਜੋ ਕਿ ਸੁਰੱਖਿਅਤ ਭਾਰਤ ਪਰਤ ਆਏ ਹਨ।ਦੂਤਾਵਾਸ ਨੇ ਲਾਓਸ 'ਚ ਨੌਕਰੀ ਦੀ ਪੇਸ਼ਕਸ਼ 'ਤੇ ਵਿਚਾਰ ਕਰ ਰਹੇ ਭਾਰਤੀਆਂ ਨੂੰ ਧੋਖਾਧੜੀ ਵਾਲੀਆਂ ਸਕੀਮਾਂ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਬਹੁਤ ਜ਼ਿਆਦਾ ਸਾਵਧਾਨੀ ਵਰਤਣ ਦੀ ਸਲਾਹ ਦਿੰਦੇ ਹੋਏ ਕਈ ਚੇਤਾਵਨੀਆਂ ਜਾਰੀ ਕੀਤੀਆਂ ਹਨ।

## ਬਲਕੌਰ ਸਿੰਘ ਦੇ ਗੰਨਮੈਨ ਆਪਸ 'ਚ ਭਿੜੇ

ਮਾਨਸਾ (ਗੀਤਵਾਲ) ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇ ਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨਾਲ ਚੱਲ ਰਹੇ ਗੰਨਮੈਨ ਦੇਰ ਰਾਤ ਆਪਸ ਵਿੱਚ ਭਿੜ ਗਏ।ਇਸ ਦੌਰਾਨ ਇੱਕ ਗੰਨਮੈਨ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।ਜਾਣਕਾਰੀ ਅਨੁਸਾਰ ਦੇਰ ਰਾਤ ਆਪਣੇ ਕਮਰੇ ਵਿੱਚ ਪਏ ਕਮਾਂਡੋ ਗੰਨਮੈਨਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਤਕਰਾਰਬਾਜ਼ੀ ਵਧਣ ਬਾਅਦ ਲੜਾਈ ਹੋ ਗਈ।ਇਸ ਦੌਰਾਨ ਗੁਰਦੀਪ ਸਿੰਘ ਜ਼ਖਮੀ ਹੋ ਗਿਆ। ਪੁਲਸ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

## ਜਾਪਾਨ 'ਚ ਇਕੱਲੇਪਣ ਦੀ ਤਰਾਸਦੀ : 4 ਹਜ਼ਾਰ ਲੋਕਾਂ ਦੀਆਂ ਲਾਸ਼ਾਂ ਮੌਤ ਦੇ ਕਈ ਦਿਨਾਂ ਬਾਅਦ ਮਿਲੀਆਂ

**ਟੋਕੀਓ** : ਜਾਪਾਨ 'ਚ ਇਸ ਸਾਲ ਦੀ ਪਹਿਲੀ ਛਿਮਾਹੀ ਦੌਰਾਨ ਕਰੀਬ 40 ਹਜ਼ਾਰ ਲੋਕਾਂ ਦੀ ਮੌਤ ਉਨ੍ਹਾਂ ਦੇ ਘਰਾਂ 'ਚ ਇਕੱਲੇ ਰਹਿਣ ਕਾਰਨ ਹੋਈ। ਇਹ ਅੰਕੜਾ ਜਪਾਨ ਦੀ ਪੁਲਸ ਵੱਲੋਂ ਜਾਰੀ ਕੀਤਾ ਗਿਆ ਹੈ। ਰਾਸ਼ਟਰੀ ਪੁਲਸ ਏਜੰਸੀ ਅਨੁਸਾਰ ਇਨ੍ਹਾਂ 'ਚੋਂ ਕਰੀਬ 4 ਹਜ਼ਾਰ ਲੋਕਾਂ ਦੀਆਂ ਲਾਸ਼ਾਂ ਉਨ੍ਹਾਂ ਦੀ ਮੌਤ ਦੇ ਇੱਕ ਮਹੀਨਾ ਬਾਅਦ ਮਿਲੀਆਂ ਅਤੇ 130 ਲੋਕਾਂ ਦੀਆਂ ਲਾਸ਼ਾਂ ਦਾ ਕਰੀਬ ਇੱਕ ਸਾਲ ਤੱਕ ਕੋਈ ਪਤਾ ਨਹੀਂ ਲੱਗਿਆ। ਸੰਯੁਕਤ ਰਾਸ਼ਟਰ ਮੁਤਾਬਕ ਮੌਜੂਦਾ ਸਮੇਂ 'ਚ ਜਾਪਾਨ 'ਚ ਸਭ ਤੋਂ ਜ਼ਿਆਦਾ ਬਜ਼ੁਰਗਾਂ ਦੀ ਗਿਣਤੀ ਹੈ ਅਤੇ ਉਥੇ ਇਕੱਲਾਪਣ ਵੀ ਗੰਭੀਰ ਸਮੱਸਿਆ ਹੈ। ਜਾਪਾਨੀ ਪੁਲਸ ਏਜੰਸੀ ਨੂੰ ਉਮੀਦ ਹੈ ਕਿ ਇਹ ਰਿਪੋਰਟ ਦੇਸ਼ 'ਚ ਉਮਰਦਰਾਜ ਲੋਕਾਂ ਦੀ ਵਧਦੀ ਗਿਣਤੀ ਦੀ ਸਮੱਸਿਆ ਨੂੰ ਉਜਾਗਰ ਕਰਨ 'ਚ ਮਦਦ ਕਰੇਗੀ, ਜੋ ਇਕੱਲੇ ਜਿਊਂਦੇ ਅਤੇ ਇਕੱਲੇ ਮਰਨ ਲਈ ਮਜਬੂਰ ਹਨ।

ਰਾਸ਼ਟਰੀ ਪੁਲਸ ਏਜੰਸੀ ਦੇ ਡਾਟਾ ਅਨੁਸਾਰ ਇਕੱਲੇ ਰਹਿਣ ਵਾਲੇ ਕਰੀਬ 37, 227 ਲੋਕ ਆਪਣੇ ਘਰਾਂ 'ਚ ਮ੍ਰਿਤਕ ਪਾਏ ਗਏ। ਇਨ੍ਹਾਂ 'ਚੋਂ 70 ਫੀਸਦੀ ਲੋਕ 65 ਜਾਂ ਇਸ ਤੋਂ ਜ਼ਿਆਦਾ ਦੀ ਉਮਰ ਦੇ ਸਨ। ਕਰੀਬ 40 ਫੀਸਦੀ ਲੋਕਾਂ ਦੀਆਂ ਲਾਸ਼ਾਂ ਇੱਕ ਮਹੀਨੇ ਦੇ ਅੰਦਰ ਮਿਲੀਆਂ, ਜਦਕਿ ਕਰੀਬ 3939 ਲੋਕਾਂ ਦੀਆਂ ਲਾਸ਼ਾਂ ਮੌਤ ਦੇ ਇੱਕ ਮਹੀਨੇ ਬਾਅਦ ਮਿਲੀਆਂ ਅਤੇ 130 ਲੋਕਾਂ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਦੀ ਭਾਲ ਤੋਂ ਪਹਿਲਾਂ ਇਨ੍ਹਾਂ ਵੱਲ ਕਿਸੇ ਦਾ ਧਿਆਨ ਨਹੀਂ ਗਿਆ।

ਜਾਪਾਨੀ ਪਬਲਿਕ ਟੀ ਵੀ ਨੈੱਟਵਰਕ ਐੱਨ ਐੱਚ ਕੇ ਮੁਤਾਬਕ ਪੁਲਸ ਏਜੰਸੀ ਇਸ ਡਾਟੇ ਨੂੰ ਇੱਕ ਸਰਕਾਰੀ ਸਮੂਹ ਨੂੰ ਦੇਵੇਗੀ, ਜੋ ਲਵਾਰਿਸ ਮੌਤਾਂ ਦੀ ਜਾਂਚ ਕਰ ਰਹੀ ਹੈ।

## ਜਰਮਨ 'ਚ ਚਾਕੂਬਾਜ਼ੀ, ਤਿੰਨ ਦੀ ਮੌਤ

**ਬਰਲਿਨ** : ਜਰਮਨੀ ਦੇ ਉਤਰੀ ਰਾਇਨ-ਵੈੱਸਟਫੇਲੀਆ ਦੇ ਸੀਜੇਨ 'ਚ ਇੱਕ ਬੱਸ 'ਚ ਸ਼ੁੱਕਰਵਾਰ ਰਾਤ ਇੱਕ ਮਹਿਲਾ ਨੇ ਚਾਕੂ ਨਾਲ ਹਮਲਾ ਕਰ ਦਿੱਤਾ, ਜਿਸ 'ਚ ਪੰਜ ਲੋਕ ਜ਼ਖ਼ਮੀ ਹੋ ਗਏ ਤੇ ਤਿੰਨ ਦੀ ਮੌਤ ਹੋ ਗਈ, ਜਿਸ 'ਚ 67 ਅਤੇ 56 ਸਾਲ ਦੇ ਦੋ ਮਰਦ ਅਤੇ 56 ਸਾਲ ਦੀ ਇੱਕ ਔਰਤ ਸ਼ਾਮਲ ਹੈ। ਸਥਾਨਕ ਪੁਲਸ ਨੇ ਦੱਸਿਆ ਕਿ ਮਹਿਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਘਟਨਾ ਸਮੇਂ ਬੱਸ 'ਚ ਘੱਟੋ-ਘੱਟ 40 ਲੋਕ ਸਵਾਰ ਸਨ। ਹਮਲਾਵਰ ਜਰਮਨੀ ਦੀ ਹੀ ਰਹਿਣ ਵਾਲੀ ਹੈ। ਪੁਲਸ ਅਨੁਸਾਰ ਮਹਿਲਾ ਮਾਨਸਿਕ ਸਮੱਸਿਆ ਨਾਲ ਜੂਝ ਰਹੀ ਹੈ।

ਇਸੇ ਦੌਰਾਨ ਖ਼ਬਰ ਹੈ ਕਿ ਜਰਮਨੀ ਨੇ 28 ਅਫਗਾਨੀ ਨਾਗਰਿਕਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਹੈ। ਇਨ੍ਹਾਂ ਸਾਰੇ ਲੋਕਾਂ ਨੂੰ ਸ਼ੁੱਕਰਵਾਰ ਸਵੇਰੇ ਕਤਰ ਏਅਰਲਾਈਨਜ਼ ਦੇ ਜਹਾਜ਼ ਰਾਹੀਂ ਭੇਜਿਆ ਗਿਆ। ਰਿਪੋਰਟ ਮੁਤਾਬਿਕ ਇਨ੍ਹਾਂ 28 ਨਾਗਰਿਕਾਂ ਨੂੰ 1000 ਯੂਰੋ (ਕਰੀਬ 93 ਹਜ਼ਾਰ ਰੁਪਏ) ਦਿੱਤੇ ਗਏ। ਜਰਮਨੀ ਨੇ ਅਫਗਾਨਿਸਤਾਨ 'ਚ 3 ਸਾਲ ਪਹਿਲਾਂ ਤਾਲਿਬਾਨ ਦੇ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਇਸ ਤਰ੍ਹਾਂ ਦਾ ਪਹਿਲਾ ਕਦਮ ਚੁੱਕਿਆ ਹੈ। ਜਰਮਨੀ ਦੇ ਤਾਲਿਬਾਨ ਨਾਲ ਸਿਆਸੀ ਸੰਬੰਧ ਨਹੀ ਹਨ, ਇਸ ਲਈ ਕਤਰ ਨੇ ਇਨ੍ਹਾਂ ਲੋਕਾਂ ਨੂੰ ਅਫਗਾਨਿਸਤਾਨ ਭੇਜਣ 'ਚ ਵਿਚੋਲਗੀ ਦੀ ਭੂਮਿਕਾ ਨਿਭਾਈ।

## ਅੱਜ-ਨਾਮਾ

ਦਾਅਵੇ ਕਰਦੀ ਸਰਕਾਰ ਆ ਲੱਖ ਬੇਸ਼ੱਕ,
ਹਾਦਸੇ ਦਿਨੋ-ਦਿਨ ਵਧੀ ਗਏ ਫੇਰ ਬੇਲੀ।
ਤੁਰਦਿਆਂ ਘਰੋਂ ਨਾ ਪਤਾ ਕਿ ਆਵਾਂਗੇ ਵੀ,
ਸੜਕਾਂ ਉੱਪਰ ਪਿਆ ਜਿਵੇਂ ਅਨ੍ਹੇਰ ਬੇਲੀ।
ਸੁੱਕਿਆ ਟੱਬਰ ਦੇ ਜੀਆਂ ਦਾ ਸਾਹ ਦਿੱਸੇ,
ਹੋਏ ਜਦ ਕਦੇ ਵੀ ਮੁੜਦਿਆਂ ਦੇਰ ਬੇਲੀ।
ਪਹਿਲੀ ਖਬਰ ਅਖਬਾਰ ਵਿੱਚ ਹਾਦਸੇ ਦੀ,
ਕਰ ਦਏ ਸਭਨਾਂ ਦੀ ਖਰਾਬ ਸਵੇਰ ਬੇਲੀ।
ਹਰ ਕੋਈ ਕਸੂਰ ਸਰਕਾਰ ਦੇ ਜਾਏ ਕੱਢੀ,
ਮੰਨਦਾ ਗਲਤੀ ਨਹੀਂ ਆਪਣੀ ਕੋਈ ਬੇਲੀ।
ਉੱਪਰ ਸੜਕ ਦੇ ਹੁੰਦੇ ਕੁਝ ਪੈਲ ਪਾਉਂਦੇ,
ਕੀਤੀ ਗਲਤੀ ਨਾ ਜਾਂਦੀ ਫਿਰ ਧੋਈ ਬੇਲੀ।

-ਤੀਸ ਮਾਰ ਖਾਂ

## ਗਊ ਮੀਟ ਖਾਣ ਦੇ ਸ਼ੱਕ 'ਚ ਪ੍ਰਵਾਸੀ ਮਜ਼ਦੂਰ ਦੀ ਕੁੱਟ-ਕੁੱਟ ਕੇ ਹੱਤਿਆ

**ਅੰਬਾਲਾ** : ਹਰਿਆਣਾ ਦੇ ਚਰਖੀ-ਦਾਦਰੀ ਜ਼ਿਲ੍ਹੇ 'ਚ ਗਊ ਮਾਸ ਖਾਣ ਦੇ ਸ਼ੱਕ 'ਚ ਇੱਕ ਪ੍ਰਵਾਸੀ ਮਜ਼ਦੂਰ ਦੀ ਕੁੱਟ-ਕੁੱਟ ਕੇ ਹੱਤਿਆ ਕਰਨ ਦੇ ਦੋਸ਼ 'ਚ ਪੁਲਸ ਨੇ ਗਊ ਰੱਖਿਆ ਦਲ ਦੇ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਨਾਲ ਹੀ ਮਾਮਲੇ 'ਚ ਸ਼ਾਮਲ ਦੋ ਨਾਬਾਲਗਾਂ ਨੂੰ ਵੀ ਫੜਿਆ ਹੈ। ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮਜ਼ਦੂਰ ਦੀ ਪਛਾਣ ਪੱਛਮੀ ਬੰਗਾਲ ਦੇ ਰਹਿਣ ਵਾਲੇ ਸਾਬਿਰ ਮਲਿਕ ਦੇ ਰੂਪ 'ਚ ਹੋਈ ਹੈ। ਇਹ ਘਟਨਾ 27 ਅਗਸਤ ਦੀ ਹੈ। ਪੁਲਸ ਨੇ ਸ਼ਨੀਵਾਰ ਦੱਸਿਆ ਕਿ ਹਰਿਆਣਾ ਦੇ ਚਰਖੀ ਦਾਦਰੀ ਜ਼ਿਲ੍ਹੇ 'ਚ ਗਊ ਮਾਸ ਖਾਣ ਦੇ ਸ਼ੱਕ 'ਚ ਦੋ ਮਜ਼ਦੂਰਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਇਸ ਮਾਮਲੇ 'ਚ ਪੱਛਮੀ ਬੰਗਾਲ ਦੇ ਰਹਿਣ ਵਾਲੇ ਸਾਬਿਰ ਦੀ ਮੌਤ ਹੋ ਗਈ, ਜਦ ਕਿ ਇੱਕ ਹੋਰ ਜ਼ਖ਼ਮੀ ਹੈ। ਇਸ ਮਾਮਲੇ 'ਚ ਮੁਲਜ਼ਮ ਗਊ ਰੱਖਿਆ ਗਰੁੱਪ ਦੇ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

## ਵੱਖਰੇ ਪ੍ਰਸ਼ਾਸਨ ਦੀ ਮੰਗ ਨੂੰ ਲੈ ਕੇ ਕੁਕੀ-ਜੋ ਭਾਈਚਾਰੇ ਵੱਲੋਂ ਰੈਲੀ




**ਇੰਫਾਲ** : ਮਨੀਪੁਰ ਦੇ ਕਈ ਇਲਾਕਿਆਂ 'ਚ ਕੁਕੀ-ਜੋ ਭਾਈਚਾਰੇ ਦੇ ਲੋਕਾਂ ਨੇ ਸ਼ਨੀਵਾਰ ਨੂੰ ਵੱਖਰੇ ਪ੍ਰਸ਼ਾਸਨ ਦੀ ਮੰਗ ਕਰਦੇ ਹੋਏ ਤਿੰਨ ਰੈਲੀਆਂ ਕੱਢੀਆਂ। ਉਨ੍ਹਾਂ ਇਸ ਰੈਲੀ ਨੂੰ ਕਤਲੇਆਮ ਅਤੇ ਜਾਤੀ ਸਫਾਇਆ ਖਿਲਾਫ਼ ਆਪਣਾ ਵਿਰੋਧ ਪ੍ਰਗਟਾਉਣ ਅਤੇ 'ਵੱਖਰਾ ਪ੍ਰਸ਼ਾਸਨ' ਦੀ ਮੰਗ ਨੂੰ ਅੱਗੇ ਵਧਾਉਣ ਦਾ ਸੱਦਾ ਦੱਸਿਆ। ਇਹ ਰੈਲੀਆਂ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਦੇ ਕਥਿਤ ਤੌਰ 'ਤੇ ਵਾਇਰਲ ਆਡੀਓ ਕਲਿਪ ਦੇ ਮੱਦੇਨਜ਼ਰ ਵੀ ਕੀਤੀਆਂ ਗਈਆਂ ਸਨ, ਜਿਸ 'ਚ ਕਥਿਤ ਤੌਰ 'ਤੇ ਸੂਬੇ 'ਚ ਸੰਘਰਸ਼ ਨੂੰ ਲੈ ਕੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ। ਹਾਲਾਂਕਿ ਮਨੀਪੁਰ ਸਰਕਾਰ ਨੇ ਕਿਹਾ ਕਿ ਆਡੀਓ ਟੇਪ ਨਾਲ ਛੇੜਛਾੜ ਕੀਤੀ ਗਈ ਸੀ ਅਤੇ ਸੂਬਾ ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਚੁਰਾਚਾਂਦਪੁਰ 'ਚ ਵਿਰੋਧ ਰੈਲੀਅ ਲੀਸ਼ਾਂਗ 'ਚ ਐਂਗਲੋ ਕੁਕੀ ਵਾਰ ਐਂਟਰੀ ਤੋਂ ਸ਼ੁਰੂ ਹੋਈ ਅਤੇ ਤੁਈਬੋਂਗ 'ਚ ਸ਼ਾਂਤੀ ਮੈਦਾਨ ਤੱਕ ਗਈ, ਜਿਸ 'ਚ 6 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਗਈ। ਓਮ ਵਿਦਿਆਰਥੀ ਸੰਘ ਅਤੇ ਕੁਕੀ ਵਿਦਿਆਰਥੀ ਸੰਗਠਨ ਸਮੇਤ ਚੁਰਾਚਾਂਦਪੁਰ 'ਚ ਸਥਿਤ ਵਿਦਿਆਰਥੀਆਂ ਵੱਲੋਂ ਰੈਲੀ ਦੇ ਤਹਿਤ ਜ਼ਿਲ੍ਹੇ ਦੇ ਸਾਰੇ ਬਾਜ਼ਾਰ ਤੇ ਸਕੂਲ ਬੰਦ ਰਹੇ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਮਈ ਤੋਂ ਇੰਫਾਲ ਘਾਟੀ 'ਚ ਮੈਤੇਈ ਅਤੇ ਨੇੜੇ ਦੀਆਂ ਪਹਾੜੀਆਂ 'ਤੇ ਸਥਿਤ ਕੁਕੀ-ਜੋ ਸਮੂਹਾਂ ਵਿਚਾਲੇ ਜਾਤੀ ਹਿੰਸਾ ਵਿੱਚ 220 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।

## ਦੇਸ਼ ਦੀ ਵੱਡੀ ਆਬਾਦੀ 'ਚ ਆਇਰਨ-ਕੈਲਸ਼ੀਅਮ ਦੀ ਕਮੀ

ਨਵੀਂ ਦਿੱਲੀ : ਭਾਰਤੀ ਆਬਾਦੀ 'ਚ ਜੀਵਨ ਨੂੰ ਚਲਾਉਣ ਲਈ ਜ਼ਰੂਰੀ ਪੋਸ਼ਕ ਤੱਤਾਂ ਦੀ ਵੱਡੀ ਕਮੀ ਹੈ।

ਭਾਰਤ 'ਚ ਸਾਰੇ ਉਮਰ ਵਰਗ ਦੇ ਲੋਕ ਮਨੁੱਖੀ ਸਿਹਤ ਲਈ ਅਹਿਮ ਮੰਨੇ ਜਾਣ ਵਾਲੇ ਆਇਰਨ, ਕੈਲਸ਼ੀਅਮ ਅਤੇ ਫੋਲੇਟ ਸਮੇਤ ਕਈ ਹੋਰ ਪੋਸ਼ਕ ਤੱਤਾਂ ਨੂੰ ਪ੍ਰਾਪਤ ਮਾਤਰਾ 'ਚ ਨਹੀਂ ਲੈ ਰਹੇ। ਇਹ ਉਹ ਪੋਸ਼ਕ ਤੱਤ ਹਨ, ਜੋ ਸਰੀਰ ਨੂੰ ਸਿਹਤਮੰਦ ਬਣਾਉਣ ਲਈ ਜ਼ਰੂਰੀ ਹਨ। ਦਿ ਲਾਂਸੇਟ ਗਲੋਬਲ ਹੈੱਲਥ ਦੀ ਰਿਪੋਰਟ 'ਚ ਪ੍ਰਕਾਸ਼ਤ ਇੱਕ ਨਵੇਂ ਅਧਿਐਨ 'ਚ ਇਹ ਦਾਅਵਾ ਕੀਤਾ ਗਿਆ ਹੈ। ਲਾਂਸੇਟ 'ਚ ਛਪਿਆ ਇਹ ਅਧਿਐਨ 185 ਦੇਸ਼ਾਂ 'ਚ ਉਨ੍ਹਾਂ 15 ਪੋਸ਼ਕ ਤੱਤਾਂ ਦੀ ਪ੍ਰਾਪਤ ਖਪਤ ਦਾ ਅਨੁਮਾਨ ਦੇਣ ਵਾਲਾ ਪਹਿਲਾ ਅਧਿਐਨ ਹੈ। ਇਹ ਪ੍ਰਾਪਤ ਪੋਸ਼ਣ ਸਪਲੀਮੈਂਟ ਦਾ ਇਸਤੇਮਾਲ ਕੀਤੇ ਬਿਨਾਂ ਰੋਜ਼ਾਨਾ ਖੁਰਾਕ ਰਾਹੀਂ ਲਿਆ ਜਾਂਦਾ ਹੈ। ਅਧਿਐਨ ਦਲ 'ਚ ਅਮਰੀਕਾ ਸਥਿਤ ਹਾਵਰਡ ਯੂਨੀਵਰਸਿਟੀ ਸਮੇਤ ਹੋਰ ਸੰਸਥਾਨਾਂ ਦੇ ਵਿਗਿਆਨੀ ਸ਼ਾਮਲ ਹਨ। ਅਧਿਐਨ ਤੋਂ ਪਤਾ ਚੱਲਦਾ ਹੈ ਕਿ ਦੁਨੀਆ ਦੀ ਲਗਭਗ 70 ਫੀਸਦੀ ਆਬਾਦੀ ਮਤਲਬ ਪੰਜ ਕਰੋੜ ਤੋਂ ਵੱਧ ਲੋਕ ਆਇਓਡੀਨ, ਵਿਟਾਮਿਨ-ਈ ਅਤੇ ਕੈਲਸ਼ੀਅਮ ਦੀ ਪ੍ਰਾਪਤ ਖੁਰਾਕ ਨਹੀਂ ਲੈ ਰਹੀ। ਸਾਰੇ ਦੇਸ਼ਾਂ ਅਤੇ ਸਾਰੇ ਉਮਰ ਵਰਗ 'ਚ ਪ੍ਰਾਪਤ ਮਾਤਰਾ 'ਚ ਆਇਓਡੀਨ, ਵਿਟਾਮਿਨ-ਬੀ 12 ਅਤੇ ਆਇਰਨ ਨਾ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਵੱਧ ਹੈ, ਜਦਕਿ ਮੈਗਨੀਸ਼ੀਅਮ, ਵਿਟਾਮਿਨ-ਬੀ6, ਜ਼ਿੰਕ ਅਤੇ ਵਿਟਾਮਿਨ-ਸੀ ਦੀ ਪੂਰੀ ਖ਼ੁਰਾਕ ਨਹੀਂ ਲੈ ਰਹੇ ਲੋਕਾਂ 'ਚ ਔਰਤਾਂ ਦੇ ਮੁਕਾਬਲੇ ਮਰਦ ਵੱਧ ਹਨ।

ਅਧਿਐਨ ਮੁਤਾਬਕ ਭਾਰਤ 'ਚ ਪ੍ਰਾਪਤ ਮਾਤਰਾ 'ਚ ਆਇਓਡੀਨ ਨਾ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਮਰਦਾਂ ਤੋਂ ਵੱਧ ਹੈ, ਜਦਕਿ ਜ਼ਿੰਕ ਅਤੇ ਮੈਗਨੀਸ਼ੀਅਮ ਪ੍ਰਾਪਤ ਮਾਤਰਾ 'ਚ ਲੈ ਵਾਲੀਆਂ ਔਰਤਾਂ ਦੇ ਮੁਕਾਬਲੇ ਮਰਦ ਵੱਧ ਹਨ। ਅਧਿਐਨ ਦੌਰਾਨ 99.3 ਫੀਸਦੀ ਵਿਸ਼ਵ ਆਬਾਦੀ 'ਚ ਪੋਸ਼ਕ ਤੱਤਾਂ ਦੇ ਪ੍ਰਾਪਤ ਸੇਵਨ ਦੇ ਪੱਧਰ ਦਾ ਅੰਦਾਜ਼ਾ ਲਾਉਣ ਲਈ ਖੋਜਕਰਤਾਵਾਂ ਨੇ ਗਲੋਬਲ ਡਾਇਟਰੀ ਡਾਟਾਬੇਸ ਦੇ ਜਨਤਕ ਰੂਪ 'ਚ ਉਪਲੱਬਧ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ।

CMYK

# ਬੀਜੇਪੀ ਨਾ ਸਿਰਫ ਫਿਰਕਾਪ੍ਰਸਤੀ ਦਾ ਜ਼ਹਿਰ ਘੋਲ ਰਹੀ ਬਲਕਿ ਲੋਕਾਂ ਨੂੰ ਮਹਿੰਗਾਈ ਦੀ ਚੱਕੀ 'ਚ ਵੀ ਪੀਸ ਰਹੀ : ਮਾੜੀਮੇਘਾ

**ਫਤਿਹਾਬਾਦ (ਨਜ਼ਸ)**–ਸੀ. ਪੀ. ਆਈ. ਨੇ ਪੰਜਾਬ ਭਰ ਵਿੱਚ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੀਆਂ ਮੀਟਿੰਗਾਂ ਕਰਾਉਣ ਦੀ 15 ਅਗਸਤ ਤੋਂ 15 ਸਤੰਬਰ ਤੱਕ ਮੁਹਿੰਮ ਆਰੰਭੀ ਹੋਈ ਹੈ।ਇਸ ਮੁਹਿੰਮ ਤਹਿਤ ਖਡੂਰ ਸਾਹਿਬ ਬਲਾਕ ਦੇ ਇਤਿਹਾਸਕ ਪਿੰਡ ਫਤਿਹਾਬਾਦ, ਧੂੰਦਾ, ਭਲਾਈਪੁਰ ਵਿਖੇ ਪਾਰਟੀ ਮੈਂਬਰਾਂ ਤੇ ਹਮਦਰਦਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ।ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਇਕੱਲੀ ਫਿਰਕਾਪ੍ਰਸਤੀ ਦਾ ਜ਼ਹਿਰ ਹੀ ਨਹੀਂ ਹਿੰਦੁਸਤਾਨ ਵਿੱਚ ਫੈਲਾ ਰਹੀ ਸਗੋਂ ਮਹਿੰਗਾਈ ਨਾਲ ਵੀ ਲੋਕਾਂ ਦਾ ਕਚੂੰਬਰ ਕੱਢਿਆ ਹੋਇਆ ਹੈ।ਗਰੀਬ ਲੋਕਾਂ ਨੂੰ ਰੱਜਵੀਂ ਰੋਟੀ ਨਹੀਂ ਮਿਲਦੀ ਤੇ ਉਹ ਲੰਡੇ ਡੰਗ ਰੋਟੀ ਖਾ ਕੇ ਗੁਜ਼ਾਰਾ ਕਰ ਰਹੇ ਹਨ।ਬੇਰੁਜ਼ਗਾਰੀ ਨੇ ਜਵਾਨੀ ਦਾ ਖੂਨ ਚੂਸਿਆ ਹੋਇਆ ਹੈ।ਜਦੋਂਕਿ ਸਰਕਾਰੀ ਤੇ



ਅਰਧ ਸਰਕਾਰੀ ਅਦਾਰਿਆਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਆਸਾਮੀਆਂ ਖਾਲੀ ਪਈਆਂ ਹਨ ਪਰ ਸਰਕਾਰ ਨਵੀਂ ਭਰਤੀ ਨਹੀਂ ਕਰ ਰਹੀ।ਸਰਕਾਰ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਵਾਸਤੇ ਪਾਰਲੀਮੈਂਟ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਏ।ਮਾੜੀਮੇਘਾ ਨੇ ਕਿਹਾ ਕਿ ਬੱਚੇ ਪੜ੍ਹਨ ਦੀ ਥਾਂ ਮਾੜੀ ਮੋਟੀ ਮਜ਼ਦੂਰੀ ਕਰਕੇ ਆਪਣਾ ਤੇ ਆਪਣੇ ਪ੍ਰਵਾਰ ਦੀ ਜ਼ਿੰਦਗੀ ਦਾ ਨਿਰਬਾਹ ਕਰ ਰਹੇ ਹਨ। ਜਦੋਂਕਿ ਬੱਚਿਆਂ ਦੇ ਖੁਸ਼ਹਾਲ ਭਵਿੱਖ ਲਈ ਬੱਚਿਆਂ ਨੂੰ 10+02 ਤੱਕ ਪੜ੍ਹਾਈ ਮੁਫ਼ਤ ਤੇ ਲਾਜ਼ਮੀ ਹੋਣੀ ਚਾਹੀਦੀ ਹੈ।

ਸਿਹਤ ਦੇ ਇਲਾਜ ਇੰਨੇ ਮਹਿੰਗੇ ਹਨ ਕਿ ਗਰੀਬ ਤੇ ਮੱਧ ਵਰਗ ਦੇ ਲੋਕ ਵੀ ਨਹੀਂ ਕਰਾ ਸਕਦੇ।ਇਸ ਲਈ ਲੋਕਾਂ ਦਾ ਇਲਾਜ ਮੁਫ਼ਤ ਹੋਣਾ ਚਾਹੀਦਾ ਹੈ।ਗਰੀਬ ਲੋਕ ਖਾਸ ਕਰਕੇ ਛੋਟੀ ਮੋਟੀ ਕਿਰਤ ਕਰਨ ਵਾਲਾ ਮਨੁੱਖ ਰਾਤ ਨੂੰ ਪੁਲਾਂ ਥੱਲੇ ਸੌਂ ਕੇ ਰਾਤਾਂ ਬਿਤਾਉਂਦਾ ਹੈ।ਇਨ੍ਹਾਂ ਗਰੀਬ ਲੋਕਾਂ ਨੂੰ ਮੁਫ਼ਤ ਘਰ ਬਣਾ ਕੇ ਦੇਣੇ ਸਰਕਾਰ ਦੀ ਜ਼ਿੰਮੇਵਾਰੀ ਹੈ।

ਇਨ੍ਹਾਂ ਸਮੱਸਿਆਵਾਂ ਦੀ ਪੂਰਤੀ ਤੋਂ ਇਲਾਵਾ ਚੰਡੀਗੜ੍ਹ ਪੰਜਾਬ ਨੂੰ ਦੇਣਾ, ਭਾਖੜਾ-ਬਿਆਸ ਪ੍ਰੋਜੈਕਟ ਵਿੱਚ ਪੰਜਾਬ ਦੇ ਅਧਿਕਾਰੀਆਂ ਦੇ ਹੱਕ ਬਹਾਲ ਕਰਨੇ, ਚੰਡੀਗੜ੍ਹ ਵਿੱਚ ਪੰਜਾਬ ਦੇ ਮੁਲਾਜ਼ਮਾਂ ਨੂੰ ਪਹਿਲਾਂ ਦੀ ਤਰ੍ਹਾਂ ਹੱਕ ਦੇਣੇ, ਚੰਡੀਗੜ੍ਹ ਵਿੱਚ ਪੰਜਾਬੀ ਬੋਲੀ ਨੂੰ ਪਹਿਲ ਦੇਣੀ, ਪੰਜਾਬ ਦੇ ਦਰਿਆਈ ਪਾਣੀਆਂ ਦੀ ਸਾਂਭ-ਸੰਭਾਲ ਕਰਨੀ ਅਤੇ ਪਹਿਲੀ ਜੁਲਾਈ ਤੋਂ ਲਾਗੂ ਹੋਏ ਤਿੰਨ ਅਪਰਾਧਿਕ ਕਾਨੂੰਨ ਵਾਪਸ ਲੈਣੇ ਆਦਿ ਮਸਲਿਆਂ ਨੂੰ ਲੈ ਕੇ ਸੀਪੀਆਈ ਮੀਟਿੰਗਾਂ ਕਰ ਰਹੀ ਹੈ।ਮੀਟਿੰਗਾਂ ਨੂੰ ਬਲਜੀਤ ਸਿੰਘ ਫਤਿਆਬਾਦ, ਗੁਰਚਰਨ ਸਿੰਘ ਕੰਡਾ, ਬਲਦੇਵ ਸਿੰਘ ਧੂੰਦਾ, ਬਲਬੀਰ ਸਿੰਘ ਧੂੰਦਾ, ਸੁਖਦੇਵ ਸਿੰਘ ਭਲਾਈਪੁਰ, ਸਲਵਿੰਦਰ ਗਗੜੇਵਾਲ ਨੇ ਵੀ ਸੰਬੋਧਨ ਕੀਤਾ।

# ਜ਼ਿਲ੍ਹਾ ਪੱਧਰੀ ਬਾਸਕਿਟਬਾਲ ਮੁਕਾਬਲੇ 'ਚ ਕੁੜੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**–ਬੀਤੇ ਦਿਨੀਂ 68ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਟੀ ਵਿਖੇ ਕਰਵਾਈਆਂ ਗਈਆਂ।ਇਨ੍ਹਾਂ ਖੇਡ ਮੁਕਾਬਲਿਆਂ ਦੀ ਅਗਵਾਈ ਕਰਨ ਲਈ ਜ਼ਿਲ੍ਹਾ ਖੇਡ ਕੋਆਰਡੀਨੇਟਰ ਜੁਗਰਾਜ ਸਿੰਘ ਅਤੇ ਏ.ਈ.ਓ. ਮਨਿੰਦਰ ਸਿੰਘ ਉਚੇਚੇ ਤੌਰ 'ਤੇ ਪਹੁੰਚੇ।ਇਹ ਖੇਡ ਮੁਕਾਬਲੇ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਕਰਨਾ ਸੀ।ਮੁਕਾਬਲੇ ਬਹੁਤ ਕਠਿਨ ਹੋਣ ਦੇ ਬਾਵਜੂਦ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੀਆਂ ਵਿਦਿਆਰਥਣਾਂ ਨੇ ਅੰਡਰ-14 ਬਾਸਕਿਟਬਾਲ ਅਤੇ ਅੰਡਰ-17 ਬਾਸਕਿਟਬਾਲ ਦੀਆਂ ਟੀਮਾਂ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ।ਇਸ ਮੌਕੇ ਬੋਲਦਿਆਂ ਸੰਸਥਾ ਦੇ ਚੇਅਰਮੈਨ ਜਸਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥਣਾਂ ਦੇ ਨਾਲ-ਨਾਲ ਕੋਚ ਰਾਜਬੀਰ ਕੌਰ ਅਤੇ ਅਨੁਦੀਪ ਕੌਰ ਨੂੰ ਵਧਾਈ ਦਿੱਤੀ ਅਤੇ ਵਿਦਿਆਰਥਣਾਂ ਨੂੰ ਰਾਜ ਪੱਧਰੀ ਮੁਕਾਬਲੇ ਵਿੱਚ ਉੱਚ ਕੋਟੀ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵੱਲੋਂ ਸਕੂਲਾਂ ਤੇ ਆਂਗਣਵਾੜੀ ਸੈਂਟਰਾਂ ਦਾ ਅਚਨਚੇਤ ਦੌਰਾ

**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਪਠਾਨਕੋਟ ਜ਼ਿਲ੍ਹੇ ਦੇ ਬਲਾਕ ਧਾਰ ਦੇ ਸਰਕਾਰੀ ਹਾਈ ਸਕੂਲ ਦੁੱਖਨਿਆਲੀ, ਸਰਕਾਰੀ ਪ੍ਰਾਇਮਰੀ ਸਕੂਲ ਦੁੱਖਨਿਆਲੀ, ਸਰਕਾਰੀ ਹਾਈ ਸਕੂਲ ਸਾਰਟੀ, ਸਰਕਾਰੀ ਪ੍ਰਾਇਮਰੀ ਸਕੂਲ ਸਾਰਟੀ, ਆਂਗਣਵਾੜੀ ਸੈਂਟਰ ਸਾਰਟੀ ਅਤੇ ਆਂਗਣਵਾੜੀ ਸੈਂਟਰ ਦੁੱਖਨਿਆਲੀ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਆਂਗਣਵਾੜੀ ਸੈਂਟਰਾਂ ਵਿੱਚੋਂ ਪੰਜੀਰੀ ਅਤੇ ਖਿਚੜੀ ਦੇ ਸੈਂਪਲ ਲਏ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਡੀਈਓ ਐਲੀਮੈਂਟਰੀ ਸਿੱਖਿਆ ਪਠਾਨਕੋਟ ਡੀਜੀ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਵਿਜੇ ਦੱਤ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਆਂਗਣਵਾੜੀ ਵਿੱਚ ਪਰੋਸੀ ਜਾਂਦੀ ਪੰਜੀਰੀ ਅਤੇ ਖਿਚੜੀ ਦੀ ਗੁਣਵੱਤਾ ਸਬੰਧੀ ਰਿਪੋਰਟਾਂ ਆ ਰਹੀਆਂ ਹਨ, ਜਿਸ ਦੇ ਮੱਦੇਨਜ਼ਰ ਖੁਰਾਕੀ ਵਸਤੂ ਦੀ ਗੁਣਵੱਤਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਦੌਰੇ ਦੌਰਾਨ



ਕਮਿਸ਼ਨ ਮੈਂਬਰ ਨੇ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ, ਸਰਕਾਰੀ ਰਾਸ਼ਨ ਡਿਪੂਆਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਲਗਾਉਣ ਦੀਆਂ ਹਦਾਇਤਾਂ ਦਿੱਤੀਆਂ।ਇਸ ਮੌਕੇ ਹੈੱਡਮਿਸਟ੍ਰੈੱਸ ਦੀਪੀਕਾ ਡਿਗਰਾ, ਹੈੱਡਮਾਸਟਰ ਸੰਜੀਵ ਕੁਮਾਰ, ਸੀਐੱਚਟੀ ਕਵਿੰਦਰ ਕੁਮਾਰ, ਏਬੀਐੱਮ ਮਿੰਟੂ, ਏਬੀਐੱਮ ਰੰਜੀਤ, ਅਮਿਤ ਕੁਮਾਰ, ਅਦਿਤੀ ਓਬਰਾਏ, ਉਮੇਸ਼ ਖਜੂਰੀਆਂ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

## ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਮੀਡੀਆ ਰਿਲੀਜ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਲਈ ਪੰਜਾਬ ਸਰਕਾਰ ਵੱਲੋਂ ਨਾ ਹੀ ਬੱਸ ਸੇਵਾ ਤੇ ਨਾ ਹੀ ਸਹਾਇਤਾ ਕੇਂਦਰ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਜੋ ਕਿ ਸੂਬਾ ਸਰਕਾਰ ਦੇ ਅਧੀਨ ਹੁੰਦੀਆਂ ਹਨ। ਜਦਕਿ ਸਰਕਾਰ ਦਿੱਲੀ ਹਵਾਈ ਅੱਡੇ ਇਹ ਸਭ ਕੁੱਝ ਵੱਡੇ ਪੱਧਰ 'ਤੇ ਕਰ ਅੰਮ੍ਰਿਤਸਰ ਨੂੰ ਅਣਗੌਲਿਆਂ ਕਰ ਰਹੀ ਹੈ। ਇਸ ਸੰਬੰਧੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਮੁੱਖ ਸੇਵਾਦਾਰ ਸਮੀਪ ਸਿੰਘ ਨੇ ਕਿਹਾ ਕਿ ਸਰਕਾਰ ਬਿਨਾਂ ਕਿਸੇ ਦੇਰੀ ਦੇ ਇਹ ਸਹੂਲਤਾਂ ਮੁਹੱਈਆ ਕਰਵਾਏ।

## ਨਾਬਾਲਗ ਲੜਕੀ ਨੂੰ ਭਜਾਉਣ ਦੇ ਦੋਸ਼ਾਂ ਹੇਠ ਨੌਜਵਾਨ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**–ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਾਬਾਲਗ ਲੜਕੀ ਨੂੰ ਭਜਾਉਣ ਦੇ ਦੋਸ਼ਾਂ ਹੇਠ ਇਕ ਵਿਅਕਤ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਲੜਕੀ ਦੀ ਮਾਤਾ ਨੇ ਦੱਸਿਆ ਕਿ ਮੇਰੀ ਛੋਟੀ ਲੜਕੀ ਦੀ ਉਮਰ 16 ਸਾਲ 6 ਮਹੀਨੇ ਹੈ ਜੋ ਨੌਵੀਂ ਕਲਾਸ ਵਿੱਚ ਖਾਲਸਾ ਸਕੂਲ ਜੇਲ੍ਹ ਰੋਡ ਗੁਰਦਾਸਪੁਰ ਵਿਖੇ ਪੜ੍ਹਦੀ ਹੈ। 28 ਅਗਸਤ ਨੂੰ ਲੜਕੀ ਸਕੂਲ ਤੋਂ ਛੁੱਟੀ ਹੋਣ 'ਤੇ ਘਰ ਵਾਪਸ ਨਹੀਂ ਆਈ ਹੈ ਜਿਸ ਦੀ ਭਾਲ ਕਰਨ 'ਤੇ ਉਹ ਕਿਧਰੇ ਵੀ ਨਹੀਂ ਮਿਲੀ ਹੈ। ਸਾਨੂੰ ਪੂਰਾ ਯਕੀਨ ਹੈ ਕਿ ਉਸ ਦੀ ਲੜਕੀ ਨੂੰ ਸਲੀਨ ਪੁੱਤਰ ਸੋਹਣੀ, ਵਾਸੀ ਗਿੱਦੜਪਿੰਡੀ (ਬਰਨਾਲਾ) ਥਾਣਾ ਸਦਰ ਗੁਰਦਾਸਪੁਰ ਆਪਣੀ ਮਾਤਾ ਦੀ ਸ਼ਹਿ ਨਾਲ ਵਿਆਹ ਕਰਾਉਣ ਦੀ ਨੀਅਤ ਨਾਲ ਅਗਵਾ ਕਰਕੇ ਲੈ ਗਿਆ ਹੈ।

## ਵਿਦਿਆਰਥੀਆਂ ਦਾ ਵਿੱਦਿਅਕ ਟੂਰ ਕਰਵਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**—ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵੱਲੋਂ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਗਿਆਨ ਦਾ ਘੇਰਾ ਵਿਸ਼ਾਲ ਕਰਨ ਦੇ ਲਈ ਵਿੱਦਿਅਕ ਟੂਰ ਕਰਵਾਏ ਜਾਂਦੇ ਹਨ।ਇਸ ਸਾਲ 28 ਅਤੇ 29 ਅਗਸਤ ਨੂੰ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੇ ਇਤਿਹਾਸ, ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਅਤੇ ਦੇਸ਼ ਭਗਤਾਂ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਵਿੱਦਿਅਕ ਟੂਰ ਤਹਿਤ ਵੱਖ-ਵੱਖ ਥਾਵਾਂ ਜਿਵੇਂ ਵਾਰ ਆਫ਼ ਮੈਮੋਰੀਅਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ ਵਿਖੇ ਲਿਜਾਇਆ ਗਿਆ।ਇਸ ਵਿੱਦਿਅਕ ਟੂਰ ਵਿੱਚ ਵਿਦਿਆਰਥੀਆਂ ਨੇ ਅਨੁਸ਼ਾਸਨ ਦੀ ਪਾਲਣਾ ਕਰਦਿਆਂ ਹੋਇਆਂ ਆਪਣੇ ਗਿਆਨ ਦੇ ਵਿੱਚ ਭਰਪੂਰ ਵਾਧਾ ਕੀਤਾ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ, ਪ੍ਰਿੰ. ਅਨੁਰੀਤ ਬਾਵਾ ਅਤੇ ਹੈੱਡ ਮਿਸਟਰੈੱਸ ਸਿਮਰਪ੍ਰੀਤ ਕੌਰ ਵੱਲੋਂ ਇਸ ਵਿੱਦਿਅਕ ਟੂਰ ਦੀ ਸ਼ਲਾਘਾ ਕੀਤੀ ਗਈ।ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਵਿੱਦਿਅਕ ਟੂਰ ਬੜੇ ਲਾਹੇਵੰਦ ਸਾਬਤ ਹੁੰਦੇ ਹਨ।ਇਸ ਨਾਲ ਵਿਦਿਆਰਥੀਆਂ ਦੇ ਗਿਆਨ ਦਾ ਘੇਰਾ ਵਿਸ਼ਾਲ ਹੁੰਦਾ ਹੈ।

## ਦੋਧੀ ਦਾ ਗੋਲੀਆਂ ਮਾਰ ਕੇ ਕਤਲ



**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**–ਥਾਣਾ ਜੰਡਿਆਲਾ ਗੁਰੂ ਦੇ ਅਧੀਨ ਆਉਂਦੇ ਪਿੰਡ ਤਾਰਾਗੜ੍ਹ ਰੋਡ 'ਤੇ ਦੋਧੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮੌਕੇ 'ਤੇ ਮਿਲੀ ਜਾਣਕਾਰੀ ਅਨੁਸਾਰ ਪਿੰਡ ਧਾਰੜ ਤੋਂ ਕੁਲਬੀਰ ਸਿੰਘ ਪੁੱਤਰ ਅਮਰੀਕ ਸਿੰਘ ਉਮਰ 35 ਸਾਲ ਦੁੱਧ ਪਾਉਣ ਦਾ ਕੰਮ ਕਰਦਾ ਸੀ, ਜਿਸਦਾ ਆਈ ਟਵੰਟੀ ਗੱਡੀ ਪੀ ਬੀ 02 ਸੀ ਜੇ 3564 ਨੂੰ ਰੋਕ ਕੇ ਡਰਾਈਵਰ ਸਾਈਡ ਦੀ ਬਾਰੀ ਦੇ ਸ਼ੀਸ਼ੇ ਵਿਚੋਂ ਦੀ ਪੰਜ ਛੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇੱਕ ਗੋਲੀ ਕੰਨ 'ਤੇ ਵੱਜਣ ਕਾਰਨ ਦੋਧੀ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਮੌਕੇ 'ਤੇ ਪਹੁੰਚੀ ਭਾਰੀ ਪੁਲਸ ਫੋਰਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਚੋਰ ਪਲਸਰ ਮੋਟਰਸਾਈਕਲ ਲੈ ਕੇ ਫਰਾਰ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**–ਚੋਰਾਂ ਨੂੰ ਹੁਣ ਪੁਲਸ ਦਾ ਕੋਈ ਖੌਫ ਨਹੀਂ ਰਿਹਾ, ਅਜਿਹੀ ਹੀ ਇੱਕ ਘਟਨਾ ਜੰਡਿਆਲਾ ਗੁਰੂ ਪੁਲਸ ਚੌਕੀ ਦੇ ਨਜਦੀਕ ਹੀ ਵਾਪਰੀ ਹੈ।ਅੰਕਿਤ ਮਲਹੋਤਰਾ ਪੁੱਤਰ ਪੱਪੂ ਮਲਹੋਤਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਘਰ ਪੁਲਸ ਚੌਕੀ ਦੇ ਨਾਲ ਹੀ ਇਕ ਗਲੀ ਵਿਚ ਹੈ ਅਤੇ ਬੀਤੀ 23 ਅਗਸਤ ਦੀ ਰਾਤ ਨੂੰ ਉਨ੍ਹਾਂ ਦੇ ਘਰ ਦੇ ਬਾਹਰੋ ਦੋ ਅਣਪਛਾਤੇ ਵਿਅਕਤੀ ਜਿਨ੍ਹਾਂ ਨੇ ਅਪਣਾ ਮੂੰਹ ਢੱਕਿਆ ਹੋਇਆ ਸੀ, ਸਾਡਾ ਪਲਸਰ ਮੋਟਰਸਾਈਕਲ ਪੀ ਬੀ 02 ਏ ਡਬਲਯੂ 1784 ਰੰਗ ਕਾਲਾ ਲੈ ਕੇ ਫਰਾਰ ਹੋ ਗਏ।ਉਨ੍ਹਾਂ ਦੱਸਿਆ ਕਿ ਸੀ ਸੀ ਟੀ ਵੀ ਫੁਟੇਜ ਵਿਚ ਦੇਖਿਆ ਗਿਆ ਕਿ ਉਹ ਮੋਟਰਸਾਈਕਲ ਨੂੰ ਬੜੇ ਆਰਾਮ ਨਾਲ ਪੁਲਸ ਚੌਕੀ ਦੇ ਸਾਹਮਣੇ ਤੋਂ ਰੇੜ੍ਹ ਕੇ ਲਿਜਾ ਰਹੇ ਸਨ।ਇਸ ਸਬੰਧੀ ਪੁਲਸ ਚੌਕੀ ਦਰਖਾਸਤ ਲਿਖਾ ਦਿੱਤੀ ਗਈ ਹੈ।



ਝਬਾਲ-ਪੰਜਾਬ ਭਵਨ ਸਰੀ ਕੈਨੇਡਾ ਸੰਸਥਾਪਕ ਸੁੱਖੀ ਬਾਠ ਵੱਲੋਂ ਸ਼ੁਰੂ ਕੀਤੇ 'ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਵਿੱਚ ਪਾਰਸਦੀਪ ਸਿੰਘ ਸੰਧੂ ਵੱਲੋਂ ਆਪਣੀ ਰਚਨਾ 'ਨਿੱਕੇ-ਨਿੱਕੇ ਚਾਅ' ਸੁਣਾਉਣ ਤੇ ਪੂਰੇ ਪੰਜਾਬ ਵਿੱਚ ਫਸਟ ਆਉਣ 'ਤੇ ਉਸਨੂੰ ਪ੍ਰਸ਼ੰਸਾ ਪੱਤਰ ਤੇ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ।(ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ)

## ਘਰ 'ਚੋਂ ਲੱਖਾਂ ਦੇ ਗਹਿਣੇ ਤੇ ਕੀਮਤੀ ਸਾਮਾਨ ਚੋਰੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਸਬਾ ਕਾਦੀਆ ਦੇ ਇਕ ਘਰ 'ਚੋਂ ਲੱਖਾਂ ਦੇ ਗਹਿਣੇ ਚੋਰੀ ਹੋਣ ਦਾ ਸਮਾਚਾਰ ਮਿਲਿਆ ਹੈ।ਮਿਲੀ ਜਾਣਕਾਰੀ ਮੁਤਾਬਕ ਏਜਾਜ਼ ਅਹਿਮਦ ਮਲਿਕ ਜਦੋਂ ਸ਼ਾਮ ਨੂੰ ਅਪਣੇ ਕੰਮ ਤੋਂ ਘਰ ਵਾਪਿਸ ਆਏ ਤਾਂ ਘਰ ਦਾ ਤਾਲਾ ਲੱਗਾ ਹੋਇਆ ਸੀ ਪਰ ਅੰਦਰ ਦੇ ਤਾਲੇ ਟੁੱਟੇ ਹੋਏ ਸਨ। ਅੰਦਰ ਕਮਰਿਆਂ 'ਚ ਜਾ ਕੇ ਦੇਖਿਆ ਤਾਂ ਅਲਮਾਰੀਆਂ ਖੁੱਲ੍ਹੀਆਂ ਸਨ ਅਤੇ ਲੱਖਾਂ ਦੇ ਜ਼ੇਵਰ ਅਤੇ ਹੋਰ ਕੀਮਤੀ ਸਾਮਾਨ ਚੋਰੀ ਹੋ ਚੁੱਕਾ ਸੀ ਜਿਸ ਦੀ ਸੂਚਨਾ ਤੁਰੰਤ ਥਾਣਾ ਕਾਦੀਆਂ ਨੂੰ ਦਿੱਤੀ ਗਈ।ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਪੁਲਸ ਵੱਲੋਂ ਬਰੀਕੀ ਨਾਲ ਇਸ ਮਾਮਲੇ ਦੀ ਜਾਚ ਕੀਤੀ ਜਾ ਰਹੀ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਅਹਾਤਿਆਂ ਦੇ ਬਾਹਰ ਗੱਡੀਆਂ 'ਚ ਸ਼ਰਾਬ ਪੀਣ ਵਾਲਿਆਂ ਨੂੰ ਦਿੱਤੀ ਵਾਰਨਿੰਗ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**–ਪੁਲਸ ਥਾਣਾ ਜੰਡਿਆਲਾ ਗੁਰੂ ਦੇ ਮੁੱਖ ਅਫਸਰ ਮੁਖਤਿਆਰ ਸਿੰਘ ਵੱਲੋਂ ਬੀਤੀ ਰਾਤ ਜੀ. ਟੀ. ਰੋਡ 'ਤੇ ਸਥਿਤ ਅਹਾਤਿਆਂ 'ਤੇ ਚੈਕਿੰਗ ਕੀਤੀ ਗਈ ਅਤੇ ਜੀ. ਟੀ. ਰੋਡ 'ਤੇ ਗੱਡੀਆਂ ਵਿਚ ਬੈਠ ਕੇ ਸ਼ਰਾਬ ਪੀਣ ਵਾਲਿਆਂ ਨੂੰ ਓਥੋਂ ਖਦੇੜਿਆ ਅਤੇ ਵਾਰਨਿੰਗ ਦਿੱਤੀ ਕਿ ਇਸ ਤੋਂ ਬਾਅਦ ਉਹ ਗੱਡੀਆਂ ਵਿਚ ਬੈਠ ਕੇ ਸ਼ਰਾਬ ਪੀਣ ਵਾਲਿਆਂ ਦਾ ਚਲਾਨ ਕਰਨਗੇ।ਉਨ੍ਹਾਂ ਨੇ ਅਹਾਤਿਆਂ ਦੇ ਮਾਲਕਾਂ ਨੂੰ ਵੀ ਸਪਸ਼ਟ ਤੌਰ 'ਤੇ ਕਿਹਾ ਕਿ ਅਗਰ ਉਹ ਗਾਹਕਾਂ ਨੂੰ ਗੱਡੀਆਂ ਵਿਚ ਖਾਣ ਦਾ ਸਾਮਾਨ ਦਿੰਦੇ ਹਨ ਤਾਂ ਉਨ੍ਹਾਂ ਦੇ ਖਿਲਾਫ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਥੇ ਇਹ ਦੱਸਣਯੋਗ ਹੈ ਕਿ ਜੀ. ਟੀ. ਰੋਡ ਤਰਨਤਾਰਨ ਬਾਈਪਾਸ 'ਤੇ ਅਹਾਤਿਆਂ ਦੇ ਬਾਹਰ ਰੋਜ਼ਾਨਾ ਹੀ ਸ਼ਰਾਬ ਪੀਣ ਵਾਲੇ ਗੱਡੀਆਂ ਸੜਕ 'ਤੇ ਹੀ ਖੜੀਆਂ ਕਰਕੇ ਗੱਡੀ ਵਿਚ ਸ਼ਰਾਬ ਦਾ ਸੇਵਨ ਕਰਦੇ ਸਨ ਜਿਸ ਕਰਕੇ ਅਕਸਰ ਹੀ ਕੋਈ ਦੁਰਘਟਨਾ ਵਾਪਰਨ ਦਾ ਡਰ ਬਣਿਆ ਰਹਿੰਦਾ ਸੀ।

## ਹਵੇਲੀ 'ਚੋਂ ਟਰੈਕਟਰ ਤੇ ਗੋਲਕ 'ਚੋਂ ਪੈਸੇ ਚੋਰੀ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**–ਕੀਮਤੀ ਰਾਏ ਪੁੱਤਰ ਪ੍ਰਭਦਿਆਲ ਵਾਸੀ ਦੋਦਵਾਂ ਥਾਣਾ ਬਹਿਰਾਮਪੁਰ ਨੇ ਦੱਸਿਆ ਕਿ ਮੈਂ 26 ਅਗਸਤ ਨੂੰ ਆਪਣੀ ਹਵੇਲੀ ਦੇ ਗੇਟ ਨੂੰ ਤਾਲਾ ਲਗਾ ਕੇ ਘਰ ਆ ਗਿਆ ਸੀ। 27 ਨੂੰ ਸਵੇਰੇ 9 ਵਜੇ ਆ ਕੇ ਵੇਖਿਆ ਤਾਂ ਹਵੇਲੀ ਦੇ ਗੇਟ ਦਾ ਤਾਲਾ ਟੁੱਟਾ ਹੋਇਆ ਸੀ। ਟਰੈਕਟਰ ਮਾਰਕਾ 555 ਅਰਜਨ ਰੰਗ ਲਾਲ ਮਾਡਲ 2012 ਹਵੇਲੀ ਵਿੱਚ ਨਹੀਂ ਸੀ ਜਿਸ ਨੂੰ ਕੋਈ ਚੋਰੀ ਕਰਕੇ ਲੈ ਗਿਆ। ਥਾਣਾ ਬਹਿਰਾਮਪੁਰ ਪੁਲਸ ਨੇ ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 331 ਅਤੇ 305 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਥਾਣਾ ਘੁੰਮਣ ਕਲਾਂ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸਰਬਜੀਤ ਸਿੰਘ ਪ੍ਰਧਾਨ ਪੁੱਤਰ ਸੰਤੋਖ ਸਿੰਘ ਵਾਸੀ ਅਠਵਾਲ ਨੇ ਦੱਸਿਆ ਕਿ ਮੈਂ ਅਠਵਾਲ ਦੇ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਹਾਂ। 19/20 ਅਗਸਤ ਦੀ ਦਰਮਿਆਨੀ ਰਾਤ ਨੂੰ ਕੋਈ ਨਾਮਾਲੂਮ ਵਿਅਕਤੀ ਗੁਰਦੁਆਰਾ ਸਾਹਿਬ ਦੀ ਗੋਲਕ ਵਿੱਚੋਂ ਕਰੀਬ 600/700 ਰੁਪਏ ਚੋਰੀ ਕਰਕੇ ਲੈ ਗਿਆ। ਪਤਾ ਲੱਗਾ ਕਿ ਨੇਕ ਮਸੀਹ ਨੇ ਇੱਕ ਹੋਰ ਨਾਮਲੂਮ ਵਿਅਕਤੀ ਨਾਲ ਮਿਲ ਕੇ ਗੁਰਦੁਆਰਾ ਸਾਹਿਬ ਵਿਚੋਂ ਗੋਲਕ ਚੋਰੀ ਕੀਤੀ ਹੈ। ਥਾਣਾ ਘੁੰਮਣ ਕਲਾਂ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਜ਼ੇਰੇ ਧਾਰਾ 331 ਅਤੇ 305 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਚੰਡੀਗੜ੍ਹ ਪੱਕੇ ਮੋਰਚੇ ਦੀ ਤਿਆਰੀ ਮੁਕੰਮਲ : ਮੰਨਣ, ਸੋਹਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਮੰਨਣ 'ਚ ਪ੍ਰਧਾਨ ਮੇਜਰ ਸਿੰਘ ਦੇ ਗ੍ਰਹਿ ਵਿਖੇ ਮੀਟਿੰਗ ਹੋਈ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਦੀ ਟੀਮ ਪੂਰੀ ਤਿਆਰੀ 'ਚ ਹੈ, ਨੇ ਦੱਸਿਆ ਕਿ ਜੋ ਕਿ ਚੰਡੀਗੜ੍ਹ ਵਿਖੇ ਖੇਤੀ ਨੀਤੀ ਲਈ ਮੋਰਚਾ ਲੱਗ ਰਿਹਾ ਹੈ ਉਸ ਦੇ ਸਬੰਧ ਵਿੱਚ ਇਕ ਮੀਟਿੰਗ ਕੀਤੀ ਗਈ। ਇਸ ਮੌਕੇ ਦਿਲਬਾਗ ਸਿੰਘ ਐਮਾ ਕਲਾਂ, ਹਰਪ੍ਰੀਤ ਸਿੰਘ ਐਮਾ ਖੁਰਦ, ਸਰਬਜੀਤ ਸਿੰਘ ਐਮਾ, ਗੁਰਵਿੰਦਰ ਸਿੰਘ ਕਾਲੂ ਐਮਾ, ਮੇਜਰ ਸਿੰਘ ਮੰਨਣ, ਧਿਆਨ ਸਿੰਘ ਫੌਜੀ, ਹਰਮਿੰਦਰ ਸਿੰਘ ਸੋਨੂੰ, ਜਸਵੰਤ ਸਿੰਘ ਮੰਨਣ, ਸਤਨਾਮ ਸਿੰਘ ਮੰਨਣ, ਸ਼ਮਸ਼ੇਰ ਸਿੰਘ ਮੰਨਣ, ਸ਼ਰਨਜੀਤ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਸਿੰਘ ਪਟਵਾਰੀ, ਸੁਰਿੰਦਰ ਸਿੰਘ, ਹਰਜਿੰਦ ਸਿੰਘ , ਗੁਰਜੀਤ ਸਿੰਘ,ਲਖਵਿੰਦਰ ਸਿੰਘ ਫੌਜੀ, ਲਖਵਿੰਦਰ ਸਿੰਘ, ਆਤਮਾ ਸਿੰਘ ਸੋਹਲ, ਪ੍ਰਧਾਨ ਜਸਵੰਤ ਸਿੰਘ ਸੋਹਲ ਤੋਂ ਇਲਾਵਾ ਸੈਂਕੜੇ ਕਿਸਾਨ ਆਗੂ ਹਾਜ਼ਰ ਸਨ।

## 'ਖੇਡਾਂ ਵਤਨ ਪੰਜਾਬ' ਦੇ ਆਗਾਜ਼ ਨਾਲ ਖਿਡਾਰੀਆਂ ਤੇ ਖੇਡ ਪ੍ਰੇਮੀਆਂ 'ਚ ਭਾਰੀ ਉਤਸ਼ਾਹ : ਸੇਖਵਾਂ

**ਗੁਰਦਾਸਪੁਰ, (ਜਨਕ ਮਹਾਜਨ)**-'ਖੇਡਾਂ ਵਤਨ ਪੰਜਾਬ ਦੀਆਂ' ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਿੱਚ ਸਹਾਈ ਹੋਈਆਂ ਹਨ।ਖੇਡਾਂ ਵਤਨ ਪੰਜਾਬ ਦੀਆਂ ਨੂੰ ਲੈ ਕੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਹੈ।ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਦੇ ਜੇਤੂ ਖਿਡਾਰੀਆਂ ਨੂੰ 9 ਕਰੋੜ ਰੁਪਏ ਤੋਂ ਵੱਧ ਦੇ ਨਕਦ ਇਨਾਮ ਵੰਡੇ ਜਾਣਗੇ।ਉਨ੍ਹਾਂ ਦੱਸਿਆ ਕਿ ਪਹਿਲੀ ਵਾਰ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੈਰਾ ਵਰਗ ਵਿੱਚ ਅਥਲੈਟਿਕਸ, ਬੈਡਮਿੰਟਨ ਅਤੇ ਪਾਵਰਲਿਫਟਿੰਗ ਵਰਗੀਆਂ ਖੇਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।ਸ. ਸੇਖਵਾਂ ਨੇ ਕਿਹਾ ਕਿ ਇੰਨੇ ਵੱਡੇ ਪੱਧਰ 'ਤੇ ਇਸ ਖੇਡ ਮੇਲੇ ਨੂੰ ਕਰਵਾਉਣ ਦਾ ਉਦੇਸ਼ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਾਕਾਰਾਤਮਕ ਦਿਸ਼ਾ ਵੱਲ ਲਾਉਣਾ ਹੈ ਤਾਂ ਜੋ ਉਨ੍ਹਾਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਦੂਰ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਦੌਰਾਨ ਬਲਾਕ ਪੱਧਰੀ ਮੁਕਾਬਲੇ 1 ਤੋਂ 10 ਸਤੰਬਰ ਤੱਕ, ਜ਼ਿਲ੍ਹਾ ਪੱਧਰੀ ਮੁਕਾਬਲੇ 15-22 ਸਤੰਬਰ ਤੱਕ ਅਤੇ ਸੂਬਾ ਪੱਧਰੀ ਮੁਕਾਬਲੇ 11 ਅਕਤੂਬਰ ਤੋਂ 9 ਨਵੰਬਰ ਤੱਕ ਕਰਵਾਏ ਜਾਣਗੇ।ਉਨ੍ਹਾਂ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਦਾ ਦੂਜਾ ਸੀਜ਼ਨ 2023 ਵਿੱਚ ਕਰਵਾਇਆ ਗਿਆ ਸੀ, ਜਿਸ ਵਿੱਚ 4.5 ਲੱਖ ਖਿਡਾਰੀਆਂ ਨੇ ਭਾਗ ਲਿਆ ਸੀ ਅਤੇ 12,500 ਜੇਤੂ ਖਿਡਾਰੀਆਂ ਨੂੰ 8.87 ਕਰੋੜ ਰੁਪਏ ਦੇ ਨਕਦ ਇਨਾਮ ਵੰਡੇ ਗਏ ਸਨ।ਉਨ੍ਹਾਂ ਖਿਡਾਰੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰ ਕੇ ਆਪਣੇ ਮਾਪਿਆਂ, ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ।

## ਪਿਸਟਲ ਤੇ 4 ਜ਼ਿੰਦਾ ਰੌਂਦ ਸਮੇਤ ਨੌਜਵਾਨ ਕਾਬੂ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਇਕ ਪਿਸਟਲ ਸਮੇਤ ਮੈਗਜ਼ੀਨ 32 ਬੋਰ ਅਤੇ 4 ਜ਼ਿੰਦਾ ਰੌਂਦ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਗੁਰਦਾਸਪੁਰ ਦੇ ਐੱਸ.ਐੱਸ.ਪੀ. ਦਯਾਮਾ ਹਰੀਸ਼ ਕੁਮਾਰ ਦੇ ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਨੂੰ ਨਕੇਲ ਪਾਉਣ ਲਈ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਥਾਣਾ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਸਬ ਇੰਸਪੈਕਟਰ ਸਤਨਾਮ ਸਿੰਘ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਗਸ਼ਤ ਕਰਦੇ ਸਮੇਂ ਜਦੋਂ ਸ਼ਹਿਰ ਦੇ ਬਾਹਰਵਾਰ ਨੈਸ਼ਨਲ ਹਾਈਵੇ ਪੁਲ ਪੀਰ ਦੀ ਸੈਨ ਕੋਲ ਪਹੁੰਚੀ ਤਾਂ ਪੈਦਲ ਆ ਰਹੇ ਇੱਕ ਨੌਜਵਾਨ ਦੀ ਸ਼ੱਕ ਪੈਣ 'ਤੇ ਤਲਾਸ਼ੀ ਲੈਣ ਤੇ ਬਿਨਾ ਮਾਰਕਾ ਪਿਸਟਲ ਸਮੇਤ ਮੈਗਜ਼ੀਨ 32 ਬੋਰ ਬਰਾਮਦ ਹੋਇਆ, 4 ਜ਼ਿੰਦਾ ਰੌਂਦ ਵੀ ਮਿਲੇ। ਕਾਬੂ ਨੌਜਵਾਨ ਨੇ ਆਪਣੀ ਪਛਾਣ ਵਿਕਰਮ ਭੱਟੀ ਪੁੱਤਰ ਨਿਰਮਲ ਭੱਟੀ ਵਾਸੀ ਮਾਡਲ ਟਾਊਨ ਧਾਰੀਵਾਲ ਵਜੋਂ ਦੱਸੀ ਹੈ। ਥਾਣਾ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਮੁਲਜ਼ਮ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ ਕਿ ਇਹ ਨਜਾਇਜ਼ ਪਿਸਟਲ ਉਸਨੇ ਕਿਥੋਂ ਅਤੇ ਕਿਸਦੇ ਕੋਲੋਂ ਖਰੀਦਿਆ ਹੈ। ਇਸ ਮੌਕੇ ਏਐੱਸਆਈ ਗੁਰਤੇਜ ਸਿੰਘ ਵਿਰਕ, ਏਐੱਸਆਈ.ਨਿਰਮਲ ਸਿੰਘ, ਏਐੱਸਆਈ ਰਮੇਸ਼ ਕੁਮਾਰ, ਜੇ. ਪੀ. ਸਿੰਘ, ਰੂਪ ਸਿੰਘ, ਜਤਿੰਦਰ ਸਿੰਘ, ਪ੍ਰਵੇਜ਼ ਆਦਿ ਪੁਲਸ ਮੁਲਾਜ਼ਮ ਹਾਜ਼ਰ ਸਨ।

## ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਗੁਰੂ ਨਾਨਕ ਬਗੀਚੀ ਦਾ ਕੀਤਾ ਉਦਘਾਟਨ

**ਪਠਾਨਕੋਟ (ਦਵਿੰਦਰ ਸਿੰਘ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਾਤਾਵਰਣ ਸੁਰੱਖਿਆ ਨੂੰ ਲੈ ਕੇ ਸਮੇਂ ਸਮੇਂ 'ਤੇ ਅਪੀਲ ਕੀਤੀ ਜਾਂਦੀ ਹੈ ਕਿ ਜਿਆਦਾ ਤੋਂ ਜਿਆਦਾ ਬੂਟੇ ਲਗਾਏ ਜਾਣ, ਇਸ ਅਧੀਨ ਚਲਦੇ ਸਾਲ ਦੌਰਾਨ ਪੂਰੇ ਪੰਜਾਬ ਅੰਦਰ ਵਣ ਵਿਭਾਗ ਵੱਲੋਂ ਕਰੀਬ 3 ਕਰੋੜ ਬੂਟੇ ਲਗਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ ਅਤੇ ਜ਼ਿਲ੍ਹਾ ਪਠਾਨਕੋਟ ਬੂਟੇ ਲਗਾਉਣ ਵਿੱਚ ਸਭ ਤੋਂ ਅੱਗੇ ਰਿਹਾ ਹੈ।ਇਹ ਪ੍ਰਗਟਾਵਾ ਧਰਮਵੀਰ ਦੈਰੂ ਡਵੀਜ਼ਨਲ ਜੰਗਲਾਤ ਅਫ਼ਸਰ ਪਠਾਨਕੋਟ ਵੱਲੋਂ ਕੀਤਾ ਗਿਆ।ਜਿਕਰਯੋਗ ਹੈ ਕਿ ਜਿਲ੍ਹਾ ਪਠਾਨਕੋਟ ਦੇ ਪਿੰਡ ਭਰੋਲੀ ਨਜਦੀਕ ਵਣ ਵਿਭਾਗ ਵੱਲੋਂ ਇੱਕ ਪਵਿੱਤਰ ਨਾਨਕ ਬਗੀਚੀ ਦਾ ਉਦਘਾਟਨ ਕਰਵਾਇਆ ਗਿਆ।ਇਸ ਮੌਕੇ ਜਤਿੰਦਰ ਪਾਲ ਸਿੰਘ ਖੁਰਮੀ ਜ਼ਿਲ੍ਹਾ ਤੇ ਸੈਸ਼ਨ ਜੱਜ ਪਠਾਨਕੋਟ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਰਿਬਿਨ ਕੱਟ ਕੇ ਪਵਿੱਤਰ ਗੁਰੂ ਨਾਨਕ ਬਗੀਚੀ ਦਾ ਸੁਭਅਰੰਭ ਕੀਤਾ। ਉਨ੍ਹਾਂ ਵੱਲੋਂ ਵਣ ਵਿਭਾਗ ਅਧਿਕਾਰੀਆਂ ਤੋਂ ਵੱਖ ਵੱਖ ਬੂਟਿਆਂ ਦੇ ਗੁਣਾਂ ਬਾਰੇ ਵੀ ਜਾਣਕਾਰੀ ਲਈ।

ਇਸ ਮੌਕੇ ਧਰਮਵੀਰ ਦੈਰੂ, ਡਵੀਜ਼ਨਲ ਜੰਗਲਾਤ ਅਫ਼ਸਰ, ਪਠਾਨਕੋਟ ਨੇ ਦੱਸਿਆ ਕਿ ਵਣ ਵਿਭਾਗ ਵੱਲੋਂ ਜਿਲ੍ਹੇ ਅੰਦਰ ਹੁਣ ਤੱਕ 188 ਗੁਰੂ ਨਾਨਕ ਬਗੀਚੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਵਣ ਵਿਭਾਗ ਵੱਲੋਂ ਇੱਕ ਮੁਹਿੰਮ ਚਲਾਈ ਗਈ ਸੀ ਕਿ ਇਸ ਸਾਲ ਕਰੀਬ 3 ਕਰੋੜ ਬੂਟੇ ਲਗਾਏ ਜਾਣੇ ਹਨ ਅਤੇ ਇਸ ਅਧੀਨ ਅਜਿਹੀਆਂ ਬਗੀਚੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮਦਿਨ ਨੂੰ ਸਮਰਪਿਤ ਗੁਰੂ ਨਾਨਕ ਬਗੀਚੀਆਂ ਜਿਸ ਵਿੱਚ ਕਰੀਬ 550 ਬੂਟੇ ਵੱਖ ਵੱਖ ਕਿਸਮਾਂ ਦੇ ਲਗਾਏ ਜਾਂਦੇ ਹਨ।

## 'ਇੱਕ ਪੌਦਾ ਮਾਂ ਦੇ ਨਾਂਅ' ਮੁਹਿੰਮ ਅਧੀਨ ਬੂਟੇ ਲਗਾਏ



**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਗੁਰਦਾਸਪੁਰ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ ਦੁਆਰਾ ਚਲਾਈ ਗਈ ਗਲੋਬਲ ਮੁਹਿੰਮ 'ਇੱਕ ਪੌਦਾ ਮਾਂ ਦੇ ਨਾਂਅ' ਅਧੀਨ ਬੂਟੇ ਲਗਾਉਣ ਦਾ ਕਾਰਜ ਅਰੰਭਿਆ ਗਿਆ। ਇਸ ਮੌਕੇ ਡਾ. ਭੁਪਿੰਦਰ ਸਿੰਘ ਢਿੱਲੋਂ ਸਹਿਯੋਗੀ ਡੀਨ ਖੇਤੀਬਾੜੀ ਸੰਸਥਾ ਗੁਰਦਾਸਪੁਰ ਨੇ ਮੁੱਖ ਮਹਿਮਾਨ ਵਜੋਂ ਕ੍ਰਿਸ਼ੀ ਵਿਗਿਆਨ ਕੇਂਦਰ ਦੁਆਰਾ ਚਲਾਈ ਗਈ ਇਸ ਮੁਹਿੰਮ ਵਿੱਚ ਇਸ ਕੇਂਦਰ ਦੇ ਸਾਇੰਸਦਾਨਾਂ ਅਤੇ ਸਮੂਹ ਸਟਾਫ਼ ਸਮੇਤ ਰਲ ਕੇ ਬੂਟੇ ਲਗਾਏ। ਦਫ਼ਤਰੀ ਕੰਪਲੈਕਸ ਵਿੱਚ ਬੂਟੇ ਲਗਾਉਣ ਤੋਂ ਇਲਾਵਾ ਇਸ ਕੇਂਦਰ ਵੱਲੋਂ ਗੋਦ ਲਏ ਪਿੰਡ ਪੱਖੋਵਾਲ ਕੁੱਲੀਆਂ ਵਿੱਚ ਵੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਅਤੇ ਪਿੰਡ ਵਾਸੀਆਂ ਨੂੰ ਆਪਣੇ ਖੇਤਾਂ, ਮੋਟਰਾਂ ਅਤੇ ਜਨਤਕ ਸਥਾਨਾਂ ਤੇ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਅਧੀਨ ਹਰ ਕਿਸੇ ਵਿਅਕਤੀ ਨੂੰ ਬੇਨਤੀ ਕੀਤੀ ਗਈ ਕਿ ਆਪਣੀ ਮਾਂ ਅਤੇ ਧਰਤੀ ਮਾਂ ਨੂੰ ਸਤਿਕਾਰ ਦੇਣ ਅਤੇ ਵਾਤਾਵਰਣ ਨੂੰ ਸ਼ੁੱਧ ਅਤੇ ਤੰਦਰੁਸਤ ਬਣਾਉਣ ਲਈ ਹਰ ਮਨੁੱਖ ਘੱਟੋ ਘੱਟ ਇੱਕ ਬੂਟਾ ਲਗਾਉਣ ਦੇ ਨਾਲ-ਨਾਲ ਉਸਦਾ ਪਾਲਣ ਪੋਸ਼ਣ ਕਰੇ। ਕ੍ਰਿਸ਼ੀ ਵਿਗਿਆਨ ਕੇਂਦਰ, ਗੁਰਦਾਸਪੁਰ ਦੇ ਕਰਮਚਾਰੀਆਂ ਨੇ ਵੀ ਇੱਥੇ ਕਾਫ਼ੀ ਪੌਦੇ ਲਗਾ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਇਆ। ਬਦਲਦੇ ਵਾਤਾਵਰਣ ਨੂੰ ਘੱਦੇ ਨਜ਼ਰ ਰੱਖਦੇ ਹੋਏ ਮਨੁੱਖਾਂ ਅਤੇ ਹੋਰ ਜੀਵ ਜੰਤੂਆਂ ਦੀ ਖੁਸ਼ਹਾਲੀ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਸਮੇਂ ਦੀ ਮੰਗ ਹੈ।

## ਮੇਰਿਲ ਨੇ ਉੱਤਰੀ ਭਾਰਤ 'ਚ ਹੈਲਥਕੇਅਰ ਐਜੂਕੇਸ਼ਨ ਨੈੱਟਵਰਕ ਦਾ ਵਿਸ਼ਾਲ ਜਾਲ ਵਿਛਾਇਆ

**ਜਲੰਧਰ:**ਮੈਡੀਕਲ ਉਦਯੋਗ ਵਿੱਚ ਵਿਗਿਆਨ ਅਤੇ ਸਿੱਖਿਆ ਦੇ ਖੇਤਰ ਵਿੱਚ ਗਲੋਬਲ ਅਗਵਾਈ ਕਰਨ ਵਾਲੇ ਮੇਰਿਲ ਨੇ ਨਵੀਂ ਦਿੱਲੀ ਵਿੱਚ ਮੇਰਿਲ ਸੈਟੇਲਾਈਟ ਅਕੈਡਮੀ ਦੀ ਸਥਾਪਨਾ ਕਰਕੇ ਆਪਣੇ ਸਿਹਤ ਸੰਭਾਲ ਸਿੱਖਿਆ ਨੈੱਟਵਰਕ ਦੇ ਵਿਸਤਾਰ ਦੀ ਘੋਸ਼ਣਾ ਕੀਤੀ ਹੈ।ਇਹ ਅਕੈਡਮੀ ਭਾਰਤ ਅਤੇ ਵਿਸ਼ਵ ਪੱਧਰ 'ਤੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਸਰਜੀਕਲ ਮਿਆਰਾਂ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਮਿਸ਼ਨ ਵਿੱਚ ਇੱਕ ਮਹੱਤਵਪੂਰਨ ਪਹਿਲ ਹੈ।ਮੇਰਿਲ ਦੇ ਚੀਫ ਮਾਰਕੀਟਿੰਗ ਅਫਸਰ ਮਨੀਸ਼ ਦੇਸ਼ਮੁਖ ਨੇ ਕਿਹਾ ਕਿ ਨਵੀਂ ਦਿੱਲੀ ਦੀ ਐਰੋਸਿਟੀ ਵਿੱਚ ਮੇਰਿਲ ਸੈਟੇਲਾਈਟ ਅਕੈਡਮੀ ਦੀ ਸਥਾਪਨਾ, ਉਤਰੀ ਭਾਰਤ ਵਿੱਚ ਸਿਹਤ ਸੰਭਾਲ ਪੇਸ਼ੇਵਰਾਂ ਲਈ ਉੱਚ-ਗੁਣਵੱਤਾ ਵਾਲੀ ਮੈਡੀਕਲ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਅਕੈਡਮੀ ਮੈਡੀਕਲ ਤਕਨਾਲੋਜੀ ਅਤੇ ਸਿਖਲਾਈ ਦੇ ਆਧੁਨਿਕ ਸਾਧਨਾਂ ਨਾਲ ਲੈਸ ਹੈ, ਜੋ ਪੇਸ਼ੇਵਰਾਂ ਨੂੰ ਆਗੂ ਬਣਨ ਲਈ ਯੋਗ ਕਰੇਗੀ ਅਤੇ ਮਰੀਜ਼ਾਂ ਦੇ ਸਿਹਤ ਨਤੀਜਿਆਂ ਵਿੱਚ ਸੁਧਾਰ ਲਿਆਏਗੀ।

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਸਟੇਟ ਚੈਂਪੀਅਨ ਵਜੋਂ ਸਨਮਾਨਿਤ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਨੂੰ ਲੀਡ ਸਕੂਲ ਅਧੀਨ ਸਮਰ ਕੈਂਪ ਗਤੀਵਿਧੀ ਵਿੱਚ ਸਟੇਟ ਚੈਂਪੀਅਨ ਵਜੋਂ ਸਨਮਾਨਿਤ ਕੀਤਾ ਗਿਆ।ਇਹ ਸੇਂਟ ਸੋਲਜਰ ਸਕੂਲ ਲਈ ਬੜੇ ਮਾਣ ਵਾਲੀ ਗੱਲ ਹੈ।ਇਹ ਐਵਾਰਡ ਲੀਡ ਸਕੂਲ ਅਕੈਡਮੀ ਵੱਲੋਂ ਦਿੱਤਾ ਗਿਆ।ਇਹ ਪੁਰਸਕਾਰ ਸਨਮਾਨ ਲਿਆਉਂਦਾ ਹੈ ਅਤੇ ਭਵਿੱਖ ਵਿੱਚ ਹੋਰ ਸਫਲਤਾ ਦੇ ਦਰਵਾਜ਼ੇ ਖੋਲ੍ਹਦਾ ਹੈ।ਇਹ ਸਕੂਲ ਲਈ ਇੱਕ ਬਹੁਤ ਹੀ ਹੱਕਦਾਰ ਪੁਰਸਕਾਰ ਹੈ ਜੋ ਲਗਾਤਾਰ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਦਾ ਹੈ, ਅਤੇ ਉੱਤਮਤਾ ਨੂੰ ਅੱਗੇ ਵਧਾਉਣ ਦੀ ਚੋਣ ਕਰਦਾ ਹੈ।ਇਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਾਂਝੇ ਯਤਨਾਂ ਸਦਕਾ ਹੀ ਸਕੂਲ ਨੂੰ ਅਜਿਹੇ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।ਕਿੰਡਰਗਾਰਟਨ ਅਤੇ ਪ੍ਰਾਇਮਰੀ ਵਿੰਗ (ਲੀਡ ਸਕੂਲ) ਦੇ ਸਾਰੇ ਅਧਿਆਪਕਾਂ ਨੂੰ ਸਮਰ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਮਾਰਗਦਰਸ਼ਨ ਕਰਨ ਲਈ ਵਧਾਈਆਂ, ਜਿਨ੍ਹਾਂ ਦੀ ਮਿਹਨਤ ਸਦਕਾ ਜੰਡਿਆਲਾ ਗੁਰੂ ਨੂੰ ਪੰਜਾਬ ਖੇਤਰ ਦਾ ਸਟੇਟ ਚੈਂਪੀਅਨ (ਸਮਰ ਕੈਂਪ) ਬਣਨ ਦਾ ਮਾਣ ਹਾਸਿਲ



ਹੋਇਆ।ਇਸ ਮੌਕੇ ਪ੍ਰਿੰ. ਅਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵੱਡਮੁੱਲੀ ਸਹਾਇਤਾ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਸਮਰਪਣ ਲਈ ਅਧਿਆਪਕਾਂ ਦੀ ਪ੍ਰਸ਼ੰਸਾ ਕੀਤੀ ਉਨ੍ਹਾਂ ਕਿਹਾ ਕਿ ਅਸੀਂ ਮਿਹਨਤ ਜਾਰੀ ਰੱਖਾਂਗੇ ਅਤੇ ਆਪਣੇ ਲਈ ਇੱਕ ਬੈਂਚਮਾਰਕ ਸੈੱਟ ਕਰਾਂਗੇ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਨੂੰ ਸਰਾਹਿਆ।ਯੋਗ ਮੈਨੇਜਮੈਂਟ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ, ਨੀਲਾਕਸ਼ੀ ਗੁਪਤਾ, ਪ੍ਰਿਯੰਕਾ ਸ਼ਰਮਾ ਕੋਆਰਡੀਨੇਟਰ, ਸਮੂਹ ਸਟਾਫ਼ ਅਤੇ ਬੱਚੇ ਹਾਜ਼ਰ ਸਨ।

## 7.32 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਕਟਾਰੂਚੱਕ ਨੇ ਨਿਰਮਾਣ ਕਾਰਜ ਸ਼ੁਰੂ ਕਰਵਾਇਆ



**ਪਠਾਨਕੋਟ (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਨੂੰ ਦੋ ਸੜਕਾਂ ਦੇ ਨਿਰਮਾਣ ਦਾ ਤੋਹਫਾ ਮਿਲਿਆ ਹੈ। ਇਨ੍ਹਾਂ ਦੋ ਸੜਕਾਂ 'ਚੋਂ ਇੱਕ ਪਿੰਡ ਚਸ਼ਮਾ ਚਕਰੋਰ ਦੇ ਨਜ਼ਦੀਕ ਹੈ ਜਿਸਦਾ ਦਾ ਨਿਰਮਾਣ ਕਾਰਜ ਕਟਾਰੂਚੱਕ ਨੇ ਸ਼ੁਰੂ ਕਰਵਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਰਵੀ ਸਰਪੰਚ ਬਲਾਕ ਪ੍ਰਧਾਨ ਜਗਤਪੁਰ, ਕੁਲਦੀਪ ਸੈਣੀ ਹਲਕਾ ਸੋਸ਼ਲ ਮੀਡੀਆ ਇੰਚਾਰਜ, ਹੈਪੀ ਨਵਾਲਾ, ਸਰਪੰਚ ਅਸ਼ਵਨੀ ਪਿੰਡ ਚਸ਼ਮਾ, ਹਰਦੇਵ ਸਿੰਘ, ਕੈਪਟਨ ਓਂਕਾਰ ਸਿੰਘ, ਸੂਬੇਦਾਰ ਜਸਵੰਤ ਸਿੰਘ, ਮਾਸਟਰ ਜੀਤ ਸਿੰਘ, ਪ੍ਰਿਤਪਾਲ ਸਿੰਘ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਵੱਲੋਂ ਇਸ ਸੜਕ ਦੇ ਨਿਰਮਾਣ ਕਾਰਜ ਦਾ ਸ਼ੁਭਆਰੰਭ ਖੁਦ ਨਾ ਕਰਕੇ ਪਿੰਡ ਦੀ ਹੀ ਇੱਕ ਬਜ਼ੁਰਗ ਮਹਿਲਾ ਤੋਂ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ।ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੀ ਜਾਇਦਾਦ ਹਨ, ਇਨ੍ਹਾਂ ਨੂੰ ਮਾਣ ਸਮਮਾਨ ਦੇਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ।ਇਸ ਮੌਕੇ ਸੰਬੋਧਨ ਕਰਦਿਆਂ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੀ ਇਹ ਸੜਕ ਜੋ ਕਾਨਵਾਂ ਤੋਂ ਫਰੀਦਾਨਗਰ ਵਾਇਆ ਕੁੰਡੇ ਫਿਰੋਜ਼ਪੁਰ, ਸੈਦੋਵਾਲ, ਜਸਮਾਂ, ਜਕਰੋਰ ਨੂੰ ਜਾਂਦੀ ਹੈ, ਦੀ ਹਾਲਤ ਕਾਫੀ ਖਸਤਾ ਸੀ। ਉਨ੍ਹਾਂ ਦੱਸਿਆ ਕਿ ਅੱਜ ਜਿਸ ਰੋਡ ਦਾ ਨਿਰਮਾਣ ਕਾਰਜ ਆਰੰਭ ਕੀਤਾ ਗਿਆ ਹੈ ਇਸ ਸੜਕ 'ਤੇ 7 ਕਰੋੜ 32 ਲੱਖ ਰੁਪਏ ਖਰਚ ਆਉਣ ਹਨ ਤੇ ਕਰੀਬ 10.50 ਕਿਲੋਮੀਟਰ ਸੜਕ ਦੀ ਲੰਬਾਈ ਹੈ।ਉਨ੍ਹਾਂ ਦੱਸਿਆ ਕਿ ਪਹਿਲਾਂ ਇਸ ਸੜਕ ਦੀ ਚੌੜਾਈ 10 ਫੁੱਟ ਸੀ ਅਤੇ ਹੁਣ ਕਰੀਬ 16 ਫੁੱਟ ਚੌੜਾਈ ਵਾਲੀ ਇਸ ਸੜਕ ਦਾ ਨਿਰਮਾਣ ਕੀਤਾ ਜਾਵੇਗਾ।ਉਨ੍ਹਾਂ ਸੜਕ ਦਾ ਨਿਰਮਾਣ ਕਰ ਰਹੇ ਠੇਕੇਦਾਰ ਨੂੰ ਵੀ ਹਦਾਇਤ ਕੀਤੀ ਕਿ ਸੜਕ ਦੀ ਕਵਾਲਟੀ ਬਹੁਤ ਹੀ ਵਧੀਆ ਹੋਣੀ ਚਾਹੀਦੀ ਹੈ ਤਾਂ ਜੋ ਆਉਂਣ ਵਾਲੇ ਕਰੀਬ 10 ਸਾਲਾਂ ਤੱਕ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸੜਕਾਂ ਵਿਰਾਸਤ ਵਿੱਚ ਬਹੁਤ ਖਸਤਾ ਹਾਲਤ 'ਚ ਮਿਲੀਆਂ ਹਨ।ਸਮੇਂ ਦੇ ਨਾਲ-ਨਾਲ ਲੋਕਾਂ ਨੂੰ ਬਹੁਤ ਵਧੀਆ ਕਵਾਲਟੀ ਦੀਆਂ ਸੜਕਾਂ ਬਣਾ ਕੇ ਲੋਕਾਂ ਨੂੰ ਸਮਰਪਿਤ ਕੀਤੀਆਂ ਜਾ ਰਹੀਆਂ ਹਨ।

## ਈਟੀਓ ਨੇ 44 ਬੱਚਿਆਂ ਨੂੰ ਪੜ੍ਹਾਈ ਲਈ ਪ੍ਰਤੀ ਮਹੀਨਾ 4 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ

### ਪੰਜਾਬ ਸਰਕਾਰ ਸਿੱਖਿਆ ਲਈ ਹਰ ਬੱਚੇ ਨੂੰ ਦੇਵੇਗੀ ਲੋੜ ਅਨੁਸਾਰ ਸਹੂਲਤ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ 44 ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਈ ਲਈ 4 ਹਜਾਰ ਰੁਪਏ ਪ੍ਰਤੀ ਮਹੀਨਾ ਦੀ ਆਰਥਿਕ ਸਹਾਇਤਾ ਦੇਣ ਲਈ ਚੈੱਕਾਂ ਦੀ ਵੰਡ ਕੀਤੀ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਸਿੱਖਿਆ ਲਈ ਹਰ ਬੱਚੇ ਦੀ ਲੋੜ ਅਨੁਸਾਰ ਸਹਾਇਤਾ ਕਰ ਰਹੀ ਹੈ ਅਤੇ ਅੱਜ ਮਿਸ਼ਨ ਵਤਸਲਿਆ ਸਕੀਮ ਅਧੀਨ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਅੰਮ੍ਰਿਤਸਰ ਵੱਲੋਂ ਲੋੜਵੰਦ ਪਰਿਵਾਰ ਦੇ ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਅਧੀਨ 4000 ਰੁਪਏ ਦਾ ਲਾਭ ਪ੍ਰਤੀ ਮਹੀਨਾ ਦੇਣ ਦੀ ਸ਼ੁਰੂਆਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਵਿਧਵਾ ਔਰਤ, ਤਲਾਕਸ਼ੁਦਾ ਪਰਿਵਾਰਾਂ ਦੇ ਬੱਚੇ, ਯਤੀਮ ਬੱਚੇ ਜੋ ਆਪਣੇ ਰਿਸ਼ਤੇਦਾਰਾਂ ਪਾਸ ਰਹਿ ਰਹੇ ਹੋਣ, ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਕਿਸੇ ਜਾਨਲੇਵਾ ਬਿਮਾਰੀ ਦੇ ਸ਼ਿਕਾਰ ਹਨ, ਜੋ ਪਰਿਵਾਰ ਆਰਥਿਕ ਅਤੇ ਸ਼ਰੀਰਕ ਪੱਖੋਂ ਆਪਣੇ ਬੱਚਿਆਂ ਦੀ ਦੇਖ ਰੇਖ ਕਰਨ ਤੋਂ ਅਸਮਰੱਥ ਹਨ, ਨੂੰ ਇਸ



ਸਕੀਮ ਅਧੀਨ ਆਰਥਿਕ ਸਹਾਇਤਾ ਦੇਣ ਲਈ ਚੁਣਿਆ ਜਾਂਦਾ ਹੈ।ਉਨ੍ਹਾਂ ਹਦਾਇਤ ਕੀਤੀ ਕਿ ਵੱਧ ਤੋਂ ਵੱਧ ਲੋੜਵੰਦ ਪਰਿਵਾਰਾਂ ਦੇ ਬੱਚੇ ਇਸ ਸਕੀਮ ਨਾਲ ਜੋੜ ਕੇ ਉਨ੍ਹਾਂ ਨੂੰ ਆਰਥਿਕ ਲਾਭ ਦਿੱਤਾ ਜਾਵੇ ਤਾਂ ਜੋ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕਣ।ਈ ਟੀ ਓ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਮੁੱਖ ਉਦੇਸ਼ ਸਿੱਖਿਆ ਦੇ ਪੱਧਰ ਨੂੰ ਉੱਚਾ ਚੁਕਣਾ ਹੈ।ਉਨ੍ਹਾਂ ਦੱਸਿਆ ਕਿ ਸਾਡੀ ਸਰਕਾਰ ਵਲੋਂ ਸਕੂਲ ਆਫ ਐਮੀਨੈਂਸ ਬਣਾਏ ਜਾ ਰਹੇ ਹਨ ਜਿਥੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਨਾਲੋਂ ਵਧੀਆ ਸਿੱਖਿਆ ਅਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਸੂਬਾ ਸਿੱਖਿਆ ਦੇ ਖੇਤਰ ਵਿੱਚ ਇਕ ਨੰਬਰ ਤੇ ਹੋਵੇਗਾ।ਈਟੀਓ ਵਲੋਂ ਅੱਜ ਲੋੜਵੰਦ ਬੱਚਿਆਂ ਨੂੰ 19.32 ਲੱਖ ਰੁਪਏ ਦੇ ਰਾਸ਼ੀ ਦੇ ਚੈਕ ਵੰਡੇ ਗਏ। ਦੱਸਣਯੋਗ ਹੈ ਕਿ ਇਸ ਰਾਸ਼ੀ ਵਿੱਚ ਕੁੱਝ ਰਾਸ਼ੀ ਪੈਂਡਿੰਗ ਕੇਸਾਂ ਦੀ ਵੀ ਬਕਾਇਆ ਸੀ ਜਿਸਨੂੰ ਕਿ ਅੱਜ ਵੰਡ ਦਿੱਤਾ ਗਿਆ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਜੋ ਬੱਚੇ ਪੀਐੱਮ ਕੇਅਰ ਸਕੀਮ ਅਧੀਨ ਰਜਿਸਟਰਡ ਹਨ, ਜੋ ਬੱਚੇ ਜੁਵੇਨਾਈਲ ਜਸਟਿਸ ਐਕਟ 2015 ਅਨੁਸਾਰ ਸੁਰੱਖਿਆ ਅਤੇ ਸੰਭਾਲ ਅਧੀਨ ਆਉਂਦੇ ਹਨ, ਜਿਵੇ ਕਿ, ਬਾਲ ਮਜ਼ਦੂਰੀ ਕਰਦੇ ਬੱਚੇ, ਬਾਲ ਵਿਆਹ ਤੋ ਸ਼ਿਕਾਰ ਬੱਚੇ, ਐੱਚਆਈਵੀ ਨਾਲ ਪੀੜਤ ਬੱਚੇ, ਕੁਦਰਤੀ ਆਫਤ ਦੀ ਸ਼ਿਕਾਰ ਬੱਚੇ, ਦੁਰਵਿਵਹਾਰ ਜਾ ਸ਼ੋਸ਼ਣ ਦਾ ਸ਼ਿਕਾਰ ਬੱਚੇ, ਬਾਲ ਭਿੱਖਿਆ ਕਰਦੇ ਬੱਚੇ ਸ਼ਾਮਿਲ ਹਨ, ਪਰ ਸਕੂਲ ਜਾ ਰਹੇ ਹਨ ਉਹ ਜ਼ਰੂਰੀ ਦਸਤਾਵੇਜ਼ ਲੈ ਕੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਬਸ਼ਰਤੇ ਕਿ ਇਨਾ ਪਰਿਵਾਰਾਂ ਦੀ ਸਲਾਨਾ ਆਮਦਨ 72,000 (ਪੇਂਡੂ ਖੇਤਰ ਅਤੇ 96,000 ਸ਼ਹਿਰੀ ਖੇਤਰ) ਤੋਂ ਵੱਧ ਨਾ ਹੋਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਪਰਿਵਾਰ ਆਪਣਾ ਲੋੜਵੰਦ ਦਸਤਾਵੇਜ਼ ਜਿਵੇਂ ਕਿ ਬੱਚੇ ਦਾ ਆਧਾਰ ਕਾਰਡ, ਸਕੂਲ ਤੋ ਤਸਦੀਕਸ਼ੁਦਾ ਰਿਪੋਰਟ, ਜਨਮ ਸਰਟੀਫਿਕੇਟ, ਸਰਪੰਚ ਅਤੇ ਕੌਂਸਲਰ ਤੋ ਤਸਦੀਕਸ਼ੁਦਾ ਰਿਪੋਰਟ ਸਮੇਤ ਸਕੀਮ ਦਾ ਲਾਭ ਲੈਣ ਲਈ ਫਾਰਮ ਭਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਿਸੇ ਵੀ ਸਹਾਇਤਾ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਦਫਤਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਦੂਸਰੀ ਮੰਜ਼ਿਲ ਕਮਰਾ ਨੰ 238 ਵਿਖੇ ਸੰਪਰਕ ਕਰ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਇਸ ਸਕੀਮ ਦਾ ਲਾਭ ਹਰੇਕ ਲੋੜਵੰਦ ਪਰਿਵਾਰ ਤੱਕ ਪਹੁੰਚਾਇਆ ਜਾਵੇਗਾ ਅਤੇ ਲੋਕਾਂ ਨੂੰ ਇਸ ਸਕੀਮ ਪ੍ਰਤੀ ਜਾਗਰੂਕ ਵੀ ਕੀਤਾ ਜਾਵੇਗਾ।ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਗੁਰਸਿਮਰਨ ਕੌਰ, ਸਹਾਇਕ ਕਮਿਸ਼ਨਰ ਮੈਡਮ ਸੋਨਮ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ, ਬਾਲ ਭਲਾਈ ਕਮੇਟੀ ਦੇ ਮੈਂਬਰ ਐਡਵੋਕੇਟ ਮਨੋਰੰਜਨ ਸ਼ਰਮਾ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਤਰੁਨਜੀਤ ਸਿੰਘ, ਮੈਡਮ ਨੇਹਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਲਵਿੰਗ ਲਿਟਲ ਪਲੇਵੇ ਸਕੂਲ 'ਚ ਪੀਲਾ ਦਿਨ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਵਿਖੇ ਪੀਲਾ ਦਿਨ ਸਮਾਗਮ ਕਰ ਮਨਾਇਆ ਗਿਆ। ਸਕੂਲ ਦੀ ਪ੍ਰਿੰਸੀਪਲ ਮੀਨਾ ਅਰੋੜਾ ਦੀ ਅਗਵਾਈ 'ਚ ਕਰਾਏ ਗਏ ਇਸ ਸਮਾਗਮ ਦੌਰਾਨ ਬੱਚਿਆਂ ਦੇ ਪੀਲੇ ਰੰਗ ਦੇ ਕੱਪੜੇ ਪਾਏ ਹੋਏ ਨਜ਼ਰ ਆਏ। ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਮੀਨਾ ਅਰੋੜਾ ਨੇ ਦੱਸਿਆ ਕਿ ਪੀਲਾ ਰੰਗ ਖੁਸ਼ੀ ਦਾ ਪ੍ਰਤੀਕ ਹੁੰਦਾ ਹੈ। ਸਮਾਗਮ ਦੌਰਾਨ ਜਿੱਥੇ ਬੱਚੇ ਪੀਲੇ ਰੰਗ ਦੇ ਕੱਪੜਿਆਂ ਵਿਚ ਸਜ ਕੇ ਆਏ, ਉੱਥੇ ਹੀ ਆਪਣੇ ਨਾਲ ਪੀਲੇ ਰੰਗ ਦੇ ਫਲ ਅੰਬ, ਕੇਲਾ, ਲੱਡੂ, ਖਾਣਾ ਆਦਿ ਲੈ ਕੇ ਆਏ। ਇਸ ਮੌਕੇ ਬੱਚਿਆਂ ਦੀ ਪੀਲੇ ਰੰਗ ਨਾਲ ਸਬੰਧਤ ਪੇਂਟਿੰਗ ਤੇ ਹੋਰ ਗਤੀਵਿਧੀਆਂ ਵੀ ਕਰਾਈਆਂ ਗਈਆਂ। ਸਮਾਗਮ ਨੂੰ ਸਫ਼ਲ ਬਣਾਉਣ 'ਚ ਮੈਡਮ ਅੰਨੂ, ਨਿਸ਼ਾ, ਗਗਨ, ਸ਼ੀਨੂੰ ਆਦਿ ਨੇ ਵੀ ਅਹਿਮ ਯੋਗਦਾਨ ਦਿੱਤਾ।

## ਬੱਚਿਆਂ 100% ਅੰਕ ਲੈ ਕੇ ਸਕੂਲ ਦਾ ਨਾਂਅ ਕੀਤਾ ਰੌਸ਼ਨ



**ਬਰੇਟਾ (ਰੀਤਵਾਲ)**-ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ 'ਚ ਦੂਜੇ ਪੱਧਰ 'ਤੇ ਪ੍ਰੀਖਿਆ ਨੂੰ ਆਯੋਜਤ ਕਰਾਇਆ ਗਿਆ।ਇਸ ਵਿੱਚ ਸਕੂਲ ਦੇ ਦੂਜੀ ਜਮਾਤ ਦੇ ਬੱਚੇ ਐਡਲੀਨਾ ਗਰਗ, ਰੀਵਾਂਸ਼ ਗੁਪਤਾ ਤੇ ਜੋਇਆ ਨੇ 100% ਨੰਬਰ ਲੈ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਚੇਅਰਮੈਨ ਸ਼ੈਰਿਕ ਗਰਗ, ਐੱਮ.ਡੀ. ਮੋਨੀਕਾ ਗਰਗ ਤੇ ਸਕੂਲ ਦੇ ਪ੍ਰਿੰਸੀਪਲ ਵਿਜੈ ਕੁਮਾਰ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਤਿੰਨੋਂ ਬੱਚਿਆਂ ਨੂੰ ਸਕੂਲ ਵਿੱਚ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਨੇ ਦੱਸਿਆ ਕਿ ਬੱਚਿਆਂ ਦੀ ਇਹ ਉਪਲਬਧੀ ਦੱਸਦੀ ਹੈ ਕਿ ਸਕੂਲ ਸਟਾਫ਼ ਤੇ ਬੱਚਿਆਂ ਦੇ ਪ੍ਰਤੀਯੋਗਤਾ ਪ੍ਰੀਖਿਆ ਵਿੱਚ ਓਨੇ ਹੀ ਸਮਰੱਥ ਹਨ, ਜਿਵੇਂ ਪੜ੍ਹਾਈ ਨੂੰ ਲੈ ਕੇ।

## 'ਨਿਸ਼ਕਾਮ ਏਡ' ਸੰਸਥਾ ਨੇ ਦਾਨ 'ਚ ਦਿੱਤੇ ਚਾਰ ਬੈੱਡ ਤੇ ਚਾਰ ਪੱਖੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੀ.ਸੀ. ਅਤੇ ਸਪੋਰਟਸ ਹੋਸਟਲ (ਕੁੜੀਆਂ) ਲਈ ਨਿਸ਼ਕਾਮ ਏਡ ਨਾਮਕ ਸੰਸਥਾ ਵੱਲੋਂ ਚਾਰ ਬੈੱਡ ਤੇ ਚਾਰ ਪੱਖੇ ਦਾਨ ਵਜੋਂ ਦਿੱਤੇ ਗਏ।ਡੀਨ, ਵਿਦਿਆਰਥੀ ਭਲਾਈ ਡਾ. ਮੋਨਿਕਾ ਚਾਵਲਾ ਵੱਲੋਂ ਨਿਸ਼ਕਾਮ ਏਡ ਸਮਾਜ ਸੇਵੀ ਸੰਸਥਾ ਦਾ ਇਸ ਪਹਿਲਕਦਮੀ ਲਈ ਵਿਸ਼ੇਸ਼ ਤੌਰ ਉੱਤੇ ਧੰਨਵਾਦ ਕੀਤਾ ਗਿਆ।ਉਨ੍ਹਾਂ ਕਿਹਾ ਕਿ ਵੱਖਰੀ ਸੋਚ ਰੱਖਣ ਤੇ ਸਮਾਜ ਨੂੰ ਸੇਧ ਦੇਣ ਵਾਲੇ ਇਨਸਾਨ ਬਹੁਤ ਘੱਟ ਹੁੰਦੇ ਹਨ, ਜੋ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਅਤੇ ਲੋੜਾਂ ਨੂੰ ਸਮਝਦੇ ਹੋਏ ਅਜਿਹਾ ਨੇਕ ਉਪਰਾਲਾ ਕਰਦੇ ਹਨ।ਹੋਸਟਲ ਵਾਰਡਨ ਡਾ. ਨਿੰਮੀ ਨੇ ਵੀ ਇਸ ਸੰਸਥਾ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਵਿਸ਼ੇਸ਼ ਧੰਨਵਾਦ ਕੀਤਾ।ਨਿਸ਼ਕਾਮ ਏਡ ਸੰਸਥਾ ਦੇ ਪ੍ਰਧਾਨ ਜਗਤਾਰ ਸਿੰਘ ਸੈਣੀ ਅਤੇ ਖਜ਼ਾਨਚੀ ਪਰਮਿੰਦਰ ਸਿੰਘ ਰੀਤਵਾਲ ਨੇ ਸਮਾਨ ਸੌਂਪਣ ਮੌਕੇ ਕਿਹਾ ਕਿ ਸਮਾਜ ਅੰਦਰ ਦਾਨ ਕਰਨ ਦੀ ਪ੍ਰਵਿਰਤੀ ਦੀ ਦਿਸ਼ਾ ਬਦਲਣ ਦੀ ਲੋੜ ਹੈ।ਜੇਕਰ ਦਾਨ ਦਾ ਪ੍ਰਯੋਗ ਲੋਕਾਂ ਦੀ ਭਲਾਈ ਲਈ ਵਰਤਿਆ ਜਾਵੇ ਤਾਂ ਹੀ ਅਸੀਂ ਆਉਣ ਵਾਲੇ ਭਵਿੱਖ ਨੂੰ ਬਿਹਤਰ ਬਣਾ ਸਕਦੇ ਹਾਂ।

## ਬੁੱਧ ਰਾਮ ਨੇ ਖੇਤੀਬਾੜੀ ਹਾਦਸਾ ਪੀੜਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ



**ਬੁਢਲਾਡਾ/ਬਰੇਟਾ (ਅਸ਼ੋਕ ਲਾਕੜਾ, ਰੀਤਵਾਲ)]** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਸਰਕਾਰ ਖੇਤੀਬਾੜੀ ਕਿੱਤੇ ਦੀਆਂ ਮੁਸ਼ਕਲਾਂ ਨੂੰ ਸਮਝਦੇ ਹੋਏ ਇਸ ਕਿੱਤੇ ਨੂੰ ਪ੍ਰਫੁੱਲਤ ਕਰਨ ਲਈ ਹਰ ਕਿਸਮ ਦੀ ਮਦਦ ਕਰਨ ਲਈ ਤਤਪਰ ਹੈ।ਖੇਤੀ ਦੇ ਕਿੱਤੇ ਵਿੱਚ ਕੰਮ ਕਰਦਿਆਂ ਜੇਕਰ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਉਸ ਦੀ ਆਰਥਿਕ ਮਦਦ ਸਰਕਾਰ ਵੱਲੋਂ ਕੀਤੀ ਜਾਂਦੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਪ੍ਰਿੰਸੀਪਲ ਬੁੱਧ ਰਾਮ ਨੇ ਮਾਰਕੀਟ ਕਮੇਟੀ, ਬੁਢਲਾਡਾ ਵਿਖੇ ਖੇਤੀਬਾੜੀ ਹਾਦਸਾ ਪੀੜਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡਣ ਵੇਲੇ ਕੀਤਾ।ਵਿਧਾਇਕ ਨੇ ਕਿਹਾ ਕਿ ਥਰੈਸ਼ਰ ਹਾਦਸੇ ਨਾਲ ਪਿੰਡ ਦੋਦੜਾ ਦੇ ਗੁਰਪ੍ਰੀਤ ਸਿੰਘ, ਬੁਢਲਾਡਾ ਦੇ ਸੀਹਾਂ ਪੱਤੀ ਵਾਸੀ ਜੀਤ ਸਿੰਘ, ਬੀਰੋਕੇ ਕਲਾਂ ਦੇ ਸੁਖਵਿੰਦਰ ਸਿੰਘ, ਪਿੰਡ ਫਫੜੇ ਭਾਈਕੇ ਦੇ ਜਗਜੀਤ ਸਿੰਘ ਦੇ ਹੱਥਾਂ ਦੀ ਇੱਕ-ਇੱਕ ਉਂਗਲ ਕਟ ਗਈ ਸੀ।ਅੰਗਾਂ ਦਾ ਸਰੀਰਿਕ ਨੁਕਸਾਨ ਹੋਣ ਕਰਕੇ ਹਰੇਕ ਨੂੰ 10,000 ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਖੇਤੀਬਾੜੀ ਹਾਦਸੇ ਦੌਰਾਨ ਮਾਰਕੀਟ ਕਮੇਟੀ ਵੱਲੋਂ ਪੜਤਾਲ ਕਰਨ ਉਪਰੰਤ ਦਿੱਤੀ ਗਈ ਹੈ।ਮਾਰਕੀਟ ਕਮੇਟੀ ਬੁਢਲਾਡਾ ਦੇ ਚੇਅਰਮੈਨ ਸਤੀਸ਼ ਸਿੰਗਲਾ ਨੇ ਦੱਸਿਆ ਕਿ ਜਦੋਂ ਕਿਸੇ ਨਾਲ ਖੇਤੀਬਾੜੀ ਦਾ ਕੰਮ ਕਰਦਿਆਂ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਉਸ ਦੀ ਸਹਾਇਤਾ ਛੇ ਮਹੀਨਿਆਂ ਦੇ ਵਿੱਚ ਵਿੱਚ ਦੇ ਦਿੱਤੀ ਜਾਂਦੀ ਹੈ।

## ਗੁਰੂ ਨਾਨਕ ਕਾਲਜ ਦੇ ਵਿਦਿਆਰਥੀਆਂ 'ਵਰਸਿਟੀ ਮੈਰਿਟ ਸੂਚੀ ਦੇ ਤਿੰਨ ਸਥਾਨ ਮੱਲੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰ ਜਾ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਈ 2024 ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਗੁਰੂ ਨਾਨਕ ਕਾਲਜ ਦੀਆਂ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਕੇ ਕਾਲਜ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਗੁਰੂ ਨਾਨਕ ਕਾਲਜ ਦੇ ਪੋਸਟ ਗ੍ਰੈਜੂਏਟ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਮੁਖੀ ਪ੍ਰੋ. ਸੀਮਾ ਰਾਣੀ ਨੇ ਮਾਣ ਮਹਿਸੂਸ ਕਰਦਿਆਂ ਜਾਣਕਾਰੀ ਦਿੱਤੀ ਕਿ ਬੀ. ਐੱਸ. ਸੀ, ਐੱਫ ਡੀ ਸਮੈਸਟਰ ਦੂਸਰਾ ਦੀ ਵਿਦਿਆਰਥਣ ਸ਼ਰਨਦੀਪ ਕੌਰ ਨੇ 93.5% ਅੰਕਾਂ ਨਾਲ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਦੇ ਤੀਸਰੇ ਸਥਾਨ 'ਤੇ ਅਤੇ ਕਾਲਜ ਦੇ ਪਹਿਲੇ ਸਥਾਨ 'ਤੇ ਆਪਣਾ ਨਾਮ ਦਰਜ ਕੀਤਾ।ਸਤਿੰਦਰ ਕੌਰ ਨੇ 93.3% ਅੰਕਾਂ ਨਾਲ ਮੈਰਿਟ ਸੂਚੀ ਵਿੱਚ ਚੌਥਾ ਤੇ ਕਾਲਜ 'ਚੋਂ ਦੂਸਰਾ, ਮਨਪ੍ਰੀਤ ਕੌਰ ਨੇ 93% ਮੈਰਿਟ ਸੂਚੀ ਵਿੱਚ ਪੰਜਵਾਂ ਤੇ ਕਾਲਜ 'ਚੋਂ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਕਾਲਜ ਦੀ ਸਥਾਨਕੀ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ੍ਰ. ਮਨਜੀਤ ਸਿੰਘ ਬਰਕੰਦੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਕਾਲਜ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਵਿਭਾਗ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ।

## ਬੀ ਡੀ ਪੀ ਓ ਦਫਤਰ ਵਿਖੇ ਟ੍ਰੇਨਿੰਗ ਕੈਂਪ ਲਗਾਇਆ



**ਕੋਟ ਈਸੇ ਖਾਂ (ਅਰੋੜਾ)**-ਪੰਚਾਇਤੀ ਰਾਜ ਮੰਤਰਾਲਾ ਭਾਰਤ ਸਰਕਾਰ ਵੱਲੋਂ ਟਿਕਾਊ ਵਿਕਾਸ ਟੀਚਿਆਂ ਦੇ ਸਥਾਨੀਕਰਨ ਟੀਚੇ ਨੂੰ ਪ੍ਰਾਪਤ ਕਰਨ ਦੇ ਸੰਦਰਭ ਵਿੱਚ 9 ਥੀਮੈਟਿਕ ਖੇਤਰਾਂ ਨੂੰ ਮੁੱਖ ਰੱਖਦੇ ਹੋਏ ਬੀ ਡੀ ਪੀ ਓ ਸਿਤਾਰਾ ਸਿੰਘ ਦੀ ਅਗਵਾਈ ਹੇਠ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਧਿਕਾਰੀਆਂ, ਕਰਮਚਾਰੀਆਂ ਤੇ ਲਾਇਨ ਵਿਭਾਗ ਦੇ ਕਰਮਚਾਰੀਆਂ ਨੂੰ ਜੀ ਪੀ ਡੀ ਪੀ ਵਿੱਚ 9 ਥੀਮਾਂ ਨੂੰ ਸ਼ਾਮਲ ਕਰਕੇ ਬੀਡੀਪੀਓ ਦਫਤਰ ਧਰਮਕੋਟ ਐਟ ਕੋਟ ਈਸੇ ਖਾਂ ਵਿਖੇ ਚਾਰ ਰੋਜ਼ਾ ਟ੍ਰੇਨਿੰਗ ਕੈਂਪ ਲਗਾਇਆ।ਟ੍ਰੇਨਿੰਗ ਕੈਂਪ ਵਿੱਚ ਅਧਿਆਪਕਾਂ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਜੇ ਈ, ਪੰਚਾਇਤ ਵਿਭਾਗ ਦੇ ਜੇ ਈ, ਪੰਚਾਇਤ ਸਕੱਤਰ, ਏ ਪੀ ਓ, ਜੀ ਆਰ ਐੱਸ ਮਗਨਰੇਗਾ ਨੇ ਟ੍ਰੇਨਿੰਗ ਵਿੱਚ ਹਿੱਸਾ ਲਿਆ।ਇਸ ਟ੍ਰੇਨਿੰਗ ਦੌਰਾਨ ਚੇਤਨ ਸਿੰਘ ਸੁਪਰਡੈਂਟ, ਰਾਣਾ ਰਣਜੀਤ ਸਿੰਘ ਕਲਰ, ਬਾਲਕ ਰਾਮ ਵਾਧੂ ਚਾਰਜ ਲੇਖਾਕਾਰ, ਨਿਸ਼ਾਨ ਸਿੰਘ ਜੇ ਈ, ਮੋਹਿਤ ਜੈਨ ਜੇ ਈ, ਗੁਰਦਾਸ ਸਿੰਘ ਏ ਈ, ਅਵਤਾਰ ਸਿੰਘ ਪੀ ਓ, ਸ੍ਰੀਮਤੀ ਰੇਖਾ ਰਾਣੀ, ਸ੍ਰੀਮਤੀ ਦੀਪ ਮਾਲਾ ਡਾਟਾ ਐਂਟਰੀ ਓਪਰੇਟਰ, ਨਵਦੀਪ ਕੌਰ ਬੀ ਪੀ ਐੱਮ ਐੱਨ ਆਰ ਐੱਲ ਐੱਮ, ਸ੍ਰੀਮਤੀ ਮਨਪ੍ਰੀਤ ਕੌਰ ਕਲਸਰ ਕੁਆਰੀਡੀਨੇਟਰ ਐੱਨ ਆਰ ਐੱਮ ਐੱਮ, ਸੀਮਾ ਰਿਸੋਰਸ ਪਰਸਨ ਐੱਸ ਆਈ ਆਰ ਡੀ ਮੋਹਾਲੀ, ਰੇਖਾ ਰਾਣੀ ਰਿਸੋਰਸ ਪਰਸਨ ਐੱਸ ਆਈ ਆਰ ਡੀ ਮੋਹਾਲੀ ਆਦਿ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਬਲਾਕ ਪੱਧਰੀ ਵਰਕਸ਼ਾਪ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਐੱਸ.ਆਈ.ਆਰ.ਡੀ. ਤੇ ਬੀ.ਡੀ.ਪੀ.ਓ. ਦਫਤਰ ਸੁਨਾਮ ਦੇ ਸਹਿਯੋਗ ਨਾਲ ਬਲਾਕ ਪੱਧਰੀ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਜਲ ਸਪਲਾਈ ਵਿਭਾਗ ਦੇ ਕੋਆਰਡੀਨੇਟਰ ਅਮਨਦੀਪ ਸਿੰਘ ਤੇ ਗੁਰਪ੍ਰੀਤ ਸਿੰਘ (ਆਈ.ਈ.ਸੀ. ਸਪੈਸ਼ਲ) ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਬੋਲਦਿਆਂ ਗੁਰਪ੍ਰੀਤ ਸਿੰਘ ਨੇ ਪਾਣੀ ਦੀ ਗੁਣਵੱਤਾ ਤੇ ਡਾਇਰੀਆ ਨਾਮਕ ਰੋਗ ਬਾਰੇ ਪਿੰਡਾਂ ਦੇ ਨੁਮਾਇੰਦਿਆਂ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ, ਹੈਲਪਰ ਤੇ ਬੀ.ਡੀ.ਪੀ.ਓ. ਦਫਤਰ ਦੇ ਮੁਲਾਜ਼ਮਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਬਲਾਕ ਕੋਆਰਡੀਨੇਟਰ ਅਮਨਦੀਪ ਸਿੰਘ ਨੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਜਾਗਰੂਕਤਾ ਮੁਹਿੰਮ ਟਰੀ ਪਲਾਂਟੇਸ਼ਨ ਤੇ ਕੈਚ ਦਿ ਰੇਨ ਆਦਿ ਬਾਰੇ ਜਾਣਕਾਰੀ ਦਿੱਤੀ।ਇਸ ਦੌਰਾਨ ਐੱਸ.ਆਈ.ਆਰ.ਡੀ. ਦੇ ਰਿਸੋਰਸਪਰਸਨ ਤੇ ਆਰਗੇਨਾਈਜ਼ਰ ਵਰਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਵੀ ਵਿਭਾਗਾਂ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਇਸ ਦੌਰਾਨ ਬੀ.ਡੀ.ਪੀ.ਓ. ਦਫਤਰ ਦੇ ਸਮੂਹ ਸਟਾਫ ਵੱਲੋਂ ਵੀ ਹਾਜ਼ਰੀ ਲਗਵਾਈ ਗਈ।

## ਲੋਕ ਪੱਖੀ ਵਕੀਲਾਂ, ਕਿਸਾਨ ਆਗੂਆਂ ਤੇ ਜਮਹੂਰੀ ਕਾਰਕੁਨਾਂ ਦੇ ਘਰਾਂ 'ਚ ਛਾਪਿਆਂ ਦੀ ਨਿੰਦਾ

**ਦਿੜ੍ਹਬਾ (ਜਸਵੀਰ ਲਾਡੀ)**-ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਇਕਾਈ ਸੰਗਰੂਰ ਨੇ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਕੇਂਦਰੀ ਹਕੂਮਤ ਦੀਆਂ ਹਦਾਇਤਾਂ ਤੇ ਕੌਮੀ ਜਾਂਚ ਏਜੰਸੀ ਵੱਲੋਂ ਪੰਜਾਬ ਹਰਿਆਣਾ ਚੰਡੀਗੜ੍ਹ ਤੇ ਯੂਪੀ ਦੇ ਲੋਕ ਪੱਖੀ ਵਕੀਲਾਂ ਕਿਸਾਨ ਆਗੂਆਂ ਤੇ ਜਮਹੂਰੀ ਕਾਰਕੁੰਨਾਂ ਦੇ ਘਰਾਂ ਵਿੱਚ ਮਾਰੇ ਜਾ ਰਹੇ ਛਾਪਿਆਂ ਨੂੰ ਸਰਾਸਰ ਤਾਨਾਸ਼ਾਹੀ ਕਰਾਰ ਦਿੰਦਿਆਂ ਇਨ੍ਹਾਂ ਦਾ ਡੱਟ ਕੇ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ।ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਸਵਰਨਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭਟਾਲ ਤੇ ਸਕੱਤਰ ਮਾਸਟਰ ਕੁਲਦੀਪ ਸਿੰਘ, ਕਿਸਾਨ ਆਗੂ ਕਾਮਰੇਡ ਸਤਵੰਤ ਸਿੰਘ ਖੰਡੇਬਾਦ, ਬਲਵੀਰ ਸਿੰਘ ਜਲੂਰ, ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਆਗੂ ਲਛਮਣ ਸਿੰਘ ਅਲੀਸ਼ੇਰ ਪ੍ਰਿੰਸੀਪਲ ਰਘਵੀਰ ਸਿੰਘ ਭਟਾਲ ਕਲਾਂ, ਤਰਕਸ਼ੀਲ ਸੁਸਾਇਟੀ ਦੇ ਸੀਨੀਅਰ ਆਗੂ ਮਾਸਟਰ ਪਰਮ ਵੇਦ, ਕਰਮ ਸਿੰਘ ਸੱਤ, ਤਾਰਾ ਸਿੰਘ ਛਾਜਲੀ, ਕਾਮਰੇਡ ਸ਼ੇਰ ਸਿੰਘ, ਕਾਮਰੇਡ ਕਰਨੈਲ ਸਿੰਘ ਛਾਜਲੀ ਤੋਂ ਇਲਾਵਾ ਹੋਰ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਚੰਡੀਗੜ੍ਹ 'ਚ ਐਡਵੋਕੇਟ ਮਨਦੀਪ, ਐਡਵੋਕੇਟ ਆਰਤੀ ਤੇ ਐਡਵੋਕੇਟ ਅਜੇ ਕੁਮਾਰ ਦੇ ਘਰ ਛਾਪੇਮਾਰੀ ਚੱਲ ਰਹੀ ਹੈ।ਪੰਜਾਬ 'ਚ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਜਨਰਲ ਸਕੱਤਰ ਸੁਖਵਿੰਦਰ ਕੌਰ ਰਾਮਪੁਰਾ ਦੇ ਘਰਾਂ 'ਚ ਐੱਨਆਈਏ ਦੀ ਟੀਮ ਵੱਲੋਂ ਛਾਪੇਮਾਰੀ ਤੋਂ ਇਲਾਵਾ ਹਰਿਆਣਾ ਤੋਂ ਉੱਘੇ ਜਮਹੂਰੀ ਕਾਰਕੁੰਨ ਐਡਵੋਕੇਟ ਪੰਕਜ ਤਿਆਗੀ ਦੇ ਘਰ ਛਾਪੇਮਾਰੀ ਕੀਤੀ ਗਈ ਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਸੋਨੀਪਤ ਦੇ ਥਾਣੇ ਵਿਚ ਲਿਜਾਇਆ ਗਿਆ ਹੈ।ਇਲਾਹਾਬਾਦ 'ਚ ਇਨਕਲਾਬੀ ਛਾਤਰ ਮੋਰਚਾ ਦੇ ਪ੍ਰਧਾਨ ਦਵਿੰਦਰ ਆਜ਼ਾਦ ਦੇ ਕਮਰੇ 'ਚ ਛਾਪੇਮਾਰੀ ਕੀਤੀ ਗਈ ਹੈ।ਆਗੂਆਂ ਨੇ ਮੰਗ ਕੀਤੀ ਹੈ ਤੇ ਲੋਕਾਂ ਦੇ ਸੰਘਰਸ਼ ਕਰਨ ਤੇ ਆਪਣੇ ਹੱਕਾਂ ਲਈ ਲੜਨ ਦੇ ਜਮਹੂਰੀ ਅਧਿਕਾਰ ਉੱਪਰ ਹਮਲੇ ਬੰਦ ਕੀਤੇ ਜਾਣ।

## ਕਿਸਾਨੀ ਮੁਸ਼ਕਲਾਂ ਲਈ ਯੂਨੀਅਨ ਹਰ ਪਿੰਡ 'ਚ ਇਕਾਈ ਦਾ ਗਠਨ ਕਰੇਗੀ : ਪਾਲਮਾਜਰਾ/ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੂੰ ਹੋਰ ਮਜ਼ਬੂਤ ਕਰਨ ਲਈ ਵੱਖ ਵੱਖ ਪਿੰਡਾਂ ਵਿੱਚ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ। ਇਸੇ ਸੰਦਰਭ ਵਿੱਚ ਪਿੰਡ ਮੁਸ਼ਕਾਬਾਦ ਵਿੱਚ ਇਕਾਈ ਦਾ ਗਠਨ ਪਰਮਿੰਦਰ ਸਿੰਘ ਪਾਲ ਮਾਜਰਾ ਜਨਰਲ ਸਕੱਤਰ ਪੰਜਾਬ ਤੇ ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਲੁਧਿਆਣਾ ਪ੍ਰਧਾਨ ਦੀ ਅਗਵਾਈ ਹੇਠ ਕਰਾਏ ਸਮਾਗਮ ਦੌਰਾਨ ਪਲਵਿੰਦਰ ਸਿੰਘ ਮੁਸ਼ਕਾਬਾਦ ਪ੍ਰਧਾਨ, ਗੁਰਵਿੰਦਰ ਸਿੰਘ ਮੀਤ ਪ੍ਰਧਾਨ ਤੇ ਸੁਖਦੇਵ ਸਿੰਘ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਪਰਮਿੰਦਰ ਸਿੰਘ ਪਾਲ ਮਾਜਰਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਨੂੰ ਲਾਮਬੰਦ ਕਰਨ, ਕਿਸਾਨੀ ਮਸਲਿਆਂ ਦੀ ਜਾਣਕਾਰੀ ਦੇਣ ਲਈ ਪਿੰਡ ਪੱਧਰ ਤੱਕ ਇਕਾਈਆਂ ਦਾ ਗਠਨ ਕੀਤਾ ਜਾਣਾ ਬਹੁਤ ਜ਼ਰੂਰੀ ਹੈ।ਇਸ ਲਈ ਬੀ.ਕੇ.ਯੂ. (ਲੱਖੋਵਾਲ) ਵੱਲੋਂ ਪਿਛਲੇ ਅਰਸੇ ਤੋਂ ਪਿੰਡਾਂ ਵਿੱਚ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ, ਜਿਸ ਨਾਲ ਯੂਨੀਅਨ ਨੂੰ ਬਹੁਤ ਜ਼ਿਆਦਾ ਮਜ਼ਬੂਤੀ ਮਿਲੀ ਹੈ।ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਆਮ ਪਿੰਡਾਂ ਦੇ ਕਿਸਾਨਾਂ ਨੂੰ ਦੇਸ਼ ਦੀ ਸਿਆਸੀ ਫ਼ਿਜ਼ਾ ਤੇ ਕਿਸਾਨੀ ਮੁੱਦਿਆਂ ਸਬੰਧੀ ਪਤਾ ਨਹੀਂ ਲੱਗਦਾ, ਪਿੰਡਾਂ ਵਿੱਚ ਇਕਾਈਆਂ ਦਾ ਗਠਨ ਕਰਨ ਦਾ ਮੁੱਖ ਮਕਸਦ ਯੂਨੀਅਨ ਵੱਲੋਂ ਬਣਾਏ ਅਹੁਦੇਦਾਰ ਆਮ ਕਿਸਾਨਾਂ ਨੂੰ ਇਨ੍ਹਾਂ ਮਸਲਿਆਂ ਸਬੰਧੀ ਜਾਣਕਾਰੀ ਦੇਣਗੇ ਅਤੇ ਯੂਨੀਅਨ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਉਠਾਈ ਜਾਂਦੀ ਅਵਾਜ ਸਬੰਧੀ ਵੀ ਦੱਸਣਗੇ।ਸਮਾਗਮ ਵਿੱਚ ਯੂਨੀਅਨ ਦੇ ਹੋਰ ਅਹੁਦੇਦਾਰਾਂ ਹਰਦੀਪ ਸਿੰਘ ਭਰਥਲਾ, ਹਰਪ੍ਰੀਤ ਸਿੰਘ ਗੜ੍ਹੀ, ਸਰਪੰਚ ਸਰਬਜੀਤ ਸਿੰਘ ਖੀਰਨੀਆਂ ਤਿੰਨੋਂ ਜ਼ਿਲ੍ਹਾ ਮੀਤ ਪ੍ਰਧਾਨ ਲੁਧਿਆਣਾ, ਦਲਜੀਤ ਸਿੰਘ ਊਰਨਾ ਜਨਰਲ ਸਕੱਤਰ ਬਲਾਕ ਮਾਛੀਵਾੜਾ, ਗੁਰਸੇਵਕ ਸਿੰਘ ਮੰਜਾਲੀਆਂ ਬਲਾਕ ਪ੍ਰਧਾਨ ਸਮਰਾਲਾ, ਮੱਘਰ ਸਿੰਘ ਘੁੰਗਰਾਲੀ ਸਿੱਖਾਂ ਜਨਰਲ ਸਕੱਤਰ ਬਲਾਕ ਸਮਰਾਲਾ ਨੇ ਵੀ ਬੀ.ਕੇ.ਯੂ. (ਲੱਖੋਵਾਲ) ਵੱਲੋਂ ਕੀਤੇ ਜਾਂਦੇ ਕਾਰਜਾਂ ਸਬੰਧੀ ਦੱਸਿਆ।ਉਨ੍ਹਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਬੀ.ਕੇ.ਯੂ. (ਲੱਖੋਵਾਲ) ਨਾਲ ਜੁੜਨ ਤਾਂ ਜੋ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ।

## ਨੰਬਰਦਾਰ ਯੂਨੀਅਨ ਨੇ ਮੰਗਾਂ ਸੰਬੰਧੀ ਮੁੱਖ ਮੰਤਰੀ ਦੇ ਨਾਂਅ ਏ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਮੱਖੂ (ਰਛਪਾਲ ਸਿੰਘ ਸੰਧੂ)** ਪੰਜਾਬ ਨੰਬਰਦਾਰ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂਅ 'ਤੇ ਨੰਬਰਦਾਰ ਯੂਨੀਅਨ ਦੀਆਂ ਮੰਗਾਂ ਪੂਰੀਆਂ ਕਰਨ ਦੇ ਸਬੰਧ ਵਿੱਚ ਮੰਗ ਪੱਤਰ ਏਡੀਸੀ ਫ਼ਿਰੋਜ਼ਪੁਰ ਨੂੰ ਸੌਂਪਿਆ ਗਿਆ।ਜ਼ਿਲ੍ਹਾ ਪੱਧਰ 'ਤੇ ਦਿੱਤੇ ਜਾਣ ਵਾਲੇ ਮੰਗ ਪੱਤਰਾਂ ਦੀ ਲੜੀ ਤਹਿਤ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਕੁਲਦੀਪ ਸਿੰਘ ਬਾਹਰਵਾਲੀ, ਜ਼ਿਲ੍ਹਾ ਜਨਰਲ ਸਕੱਤਰ ਲਖਵਿੰਦਰ ਸਿੰਘ ਮੱਖੂ, ਜ਼ਿਲ੍ਹਾ ਖ਼ਜ਼ਾਨਚੀ ਦਲਜੀਤ ਸਿੰਘ ਜੱਗੇਵਾਲਾ, ਜ਼ਿਲ੍ਹਾ ਮੀਤ ਪ੍ਰਧਾਨ ਰੇਸ਼ਮ ਸਿੰਘ ਮਲੰਗਸ਼ਾਹ, ਅਗਜੈਕਟਿਵ ਮੈਂਬਰ ਕੁਲਵਿੰਦਰ ਸਿੰਘ ਸ਼ੀਹਾਂਪਾੜੀ, ਰਾਜਵਿੰਦਰ ਸਿੰਘ ਝਾਮਕੇ ਨੇ ਫ਼ਿਰੋਜ਼ਪੁਰ ਦੇ ਏਡੀਸੀ ਫ਼ਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਣ ਉਪਰੰਤ ਨੰਬਰਦਾਰ ਆਗੂਆਂ ਨੇ ਮੱਖੂ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਪੰਜਾਬ ਦੇ ਨੰਬਰਦਾਰਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਕੀਤੇ ਤੇ ਸਰਕਾਰ ਪਿਛਲੇ ਢਾਈ ਸਾਲ ਤੋਂ ਝੂਠੇ ਲਾਰੇ ਲਾ ਰਹੀ ਹੈ।ਨੰਬਰਦਾਰ ਯੂਨੀਅਨ ਫ਼ਿਰੋਜ਼ਪੁਰ ਦੇ ਆਗੂ ਕੁਲਦੀਪ ਸਿੰਘ ਬਾਹਰਵਾਲੀ ਤੇ ਲਖਵਿੰਦਰ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਛੇਤੀ ਹੀ ਨੰਬਰਦਾਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਪੰਜਾਬ ਭਰ ਦੇ ਨੰਬਰਦਾਰ ਆ ਰਹੀਆਂ ਜ਼ਿਮਨੀ ਚੋਣਾਂ ਵਿੱਚ ਸਬੰਧਤ ਵਿਧਾਨ ਸਭਾ ਹਲਕਿਆਂ 'ਚ ਸਰਕਾਰ ਦਾ ਜ਼ਬਰਦਸਤ ਵਿਰੋਧ ਕਰਨਗੇ ਤੇ ਨੰਬਰਦਾਰ ਆਪਣੇ ਸਹਿਯੋਗੀਆਂ ਸਮੇਤ 'ਆਪ' ਉਮੀਦਵਾਰਾਂ ਨੂੰ ਵੋਟਾਂ ਨਹੀਂ ਪਾਉਣਗੇ।

## ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਨੇ ਕੋਰਟ ਕੰਪਲੈਕਸ 'ਚ ਲਗਾਏ ਪੌਦੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦੌਰਾਨ ਪੂਰੇ ਪੰਜਾਬ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਚਲਾਈ ਜਾ ਰਹੀ ਮੁਹਿੰਮ ਤਹਿਤ ਕੋਰਟ ਕੰਪਲੈਕਸ ਬਾਘਾ ਪੁਰਾਣਾ ਵਿਖੇ ਸਰਬਜੀਤ ਸਿੰਘ ਧਾਲੀਵਾਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ ਵੱਲੋਂ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ।ਉਨ੍ਹਾਂ ਦੱਸਿਆ ਕਿ ਧਰਤੀ ਉੱਪਰ ਵਧ ਰਹੇ ਪ੍ਰਦੂਸ਼ਣ ਤੇ ਕੁਦਰਤੀ ਸ੍ਰੋਤਾਂ ਦੀ ਰੱਖਿਆ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਲਾਜ਼ਮੀ ਹਨ ਅਤੇ ਹਰੇਕ ਮਨੁੱਖ ਨੂੰ ਇਹ ਨੇਕ ਉਪਰਾਲਾ ਕਰਨਾ ਚਾਹੀਦਾ ਹੈ।ਪੌਦੇ ਲਗਾ ਕੇ ਇਨ੍ਹਾਂ ਦੀ ਦੇਖਭਾਲ ਵੀ ਕਰਨੀ ਬਹੁਤ ਜ਼ਰੂਰੀ ਹੈ।ਇਸ ਮੌਕੇ ਉਨ੍ਹਾਂ ਨਾਲ ਹਰਜੀਤ ਸਿੰਘ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ, ਮਿਸ ਕਿਰਨ ਜਯੋਤੀ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ, ਸ਼ਿਲਪੀ ਗੁਪਤਾ ਸੀ.ਜੇ.ਐੱਮ, ਮੋਗਾ ਅਤੇ ਪਾਰੁਲ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ) ਬਾਘਾ ਪੁਰਾਣਾ ਵੱਲੋਂ ਵੀ ਬੂਟੇ ਲਗਾਏ ਗਏ।

ਸ਼ਿਲਪੀ ਗੁਪਤਾ ਸੀ ਜੀ ਐੱਮ ਮੋਗਾ ਅਤੇ ਮਿਸ ਕਿਰਨ ਜਯੋਤੀ ਸੀ.ਜੇ.ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਵਾਤਾਵਰਨ ਨੂੰ ਸਾਫ ਸੁਥਰਾ ਰੱਖਣਾ ਤੇ ਵਧ ਰਹੇ ਪ੍ਰਦੂਸ਼ਣ ਤੋਂ ਹੋ ਰਹੇ ਮਾੜੇ ਪ੍ਰਭਾਵਾਂ ਤੋਂ ਬਚਾਅ ਕਰਨਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਇਸ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਬੂਟੇ ਲਗਾਏ ਜਾ ਰਹੇ ਹਨ ਅਤੇ ਨਾਲ ਹੀ ਸੈਮੀਨਾਰ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਮੌਕੇ ਸ੍ਰੀ ਵਿਜੇ ਕੁਮਾਰ ਸਿਵਲ ਜੱਜ (ਜੂਨੀਅਰ ਡਵੀਜ਼ਨ) ਬਾਘਾ ਪੁਰਾਣਾ, ਹਰਜੀਤ ਸਿੰਘ ਬਰਾੜ ਪ੍ਰਧਾਨ ਬਾਰ ਐਸੋਸੀਏਸ਼ਨ ਬਾਘਾ ਪੁਰਾਣਾ, ਨਾਇਬ ਤਹਿਸੀਲਦਾਰ ਭੀਮ ਸੈਨ, ਦਲਵੀਰ ਸਿੰਘ ਸਿੱਧੂ ਡੀ.ਐੱਸ.ਪੀ. ਬਾਘਾ ਪੁਰਾਣਾ ਤੇ ਥਾਣਾ ਮੁਖੀ ਜਸਵਰਿੰਦਰ ਸਿੰਘ ਸਿੱਧੂ ਵੀ ਹਾਜ਼ਰ ਸਨ।

## ਕੌਮੀ ਲੋਕ ਅਦਾਲਤ 14 ਨੂੰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਕੇਸਾਂ ਲਈ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ 14 ਸਤੰਬਰ ਨੂੰ ਜ਼ਿਲ੍ਹਾ ਪਟਿਆਲਾ ਵਿੱਚ ਕੀਤਾ ਜਾਵੇਗਾ।ਇਸ ਮੰਤਵ ਲਈ ਪਟਿਆਲਾ, ਰਾਜਪੁਰਾ, ਸਮਾਣਾ ਤੇ ਨਾਭਾ ਵਿਖੇ ਨਿਆਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ।ਇਸ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੀ ਸੀਜੇਐੱਮ/ਸਕੱਤਰ ਮੈਡਮ ਮਾਨੀ ਅਰੋੜਾ ਨੇ ਪੈਨਲ ਐਡਵੋਕੇਟਸ ਤੇ ਲੀਗਲ ਏਡ ਡਿਫੈਂਸ ਕਾਊਂਸਲਜ਼ ਨਾਲ ਮੀਟਿੰਗ ਕੀਤੀ ਤੇ ਰਾਸ਼ਟਰੀ ਲੋਕ ਅਦਾਲਤ ਵਿੱਚ ਪੇਸ਼ ਕੀਤੇ ਜਾਣ ਵਾਲੇ ਕੇਸਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

## ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਕੋਲਕਾਤਾ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੀ ਮੰਗ



**ਸੰਗਰੂਰ (ਪ੍ਰਵੀਨ ਸਿੰਘ)**-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਕੋਲਕਾਤਾ ਵਿੱਚ ਸਿਖਿਆਰਥੀ ਡਾਕਟਰ ਨਾਲ ਜਬਰ ਜ਼ਨਾਹ ਤੇ ਕਤਲ ਕਰਨ ਵਾਲੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਦੇਸ਼ ਦੇ ਰਾਸ਼ਟਰਪਤੀ ਦੇ ਨਾਂਅ ਜੀ ਏ ਟੂ ਡੀ ਸੀ ਸੰਗਰੂਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਦੇਸ਼ ਦੀਆਂ ਔਰਤਾਂ ਦੇ ਮਾਮਲੇ 'ਚ ਇਸ ਤੋਂ ਵੱਧ ਸ਼ਰਮਨਾਕ ਗੱਲ ਹੋਰ ਕੀ ਹੋ ਸਕਦੀ ਹੈ।ਇਹ ਘਿਨੌਣੀ ਹਰਕਤ ਕਰਨ ਵਾਲੇ ਸਾਰੇ ਮੁਲਜ਼ਮਾਂ ਨੂੰ ਇੱਕੋ ਇੱਕ ਸਜ਼ਾ ਦੇਣੀ ਬਣਦੀ ਹੈ ਕਿ ਇਸ ਘਟਨਾ ਨੂੰ ਅੰਜਾਮ ਪਹੁੰਚਾਉਣ ਵਾਲੇ ਸਾਰੇ ਮੁਲਜ਼ਮਾਂ ਨੂੰ ਚੁਰਾਹੇ 'ਤੇ ਖੜੇ ਕਰਕੇ ਦਰਦਨਾਕ ਮੌਤ ਦਿੱਤੀ ਜਾਵੇ।ਸ੍ਰੀ ਕਾਂਗੜਾ ਨੇ ਕਿਹਾ ਕਿ ਅੱਜ ਔਰਤਾਂ ਆਪਣੇ ਕੰਮ 'ਤੇ ਵੀ ਸੁਰੱਖਿਅਤ ਨਹੀਂ ਹਨ।ਉਹ ਵੀ ਅਜਿਹੇ ਕੰਮ 'ਤੇ ਜਿੱਥੇ ਉੱਚ ਸਿੱਖਿਅਤ ਲੋਕ ਨੌਕਰੀਆਂ ਕਰਦੇ ਹੋਣ, ਸਾਡੇ ਸਮਾਜ 'ਚ ਇਸ ਤੋਂ ਵੱਡਾ ਨਿਘਾਰ ਨਹੀਂ ਆ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਅਜਿਹੇ ਲੋਕਾਂ ਨੂੰ ਸਬਕ ਸਿਖਾਉਣਾ ਹੈ ਤਾਂ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਉਣੀ ਪਵੇਗੀ ਤਾਂ ਹੀ ਅਜਿਹੀ ਮਾੜੀ ਸੋਚ ਵਾਲੇ ਲੋਕਾਂ ਨੂੰ ਸਬਕ ਮਿਲੇਗਾ। ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਔਰਤਾਂ ਦੀ ਸੁਰੱਖਿਆ ਲਈ ਸਰਕਾਰਾਂ ਨੂੰ ਸਖ਼ਤ ਕਦਮ ਚੁੱਕਣ ਦੀ ਅਹਿਮ ਜ਼ਰੂਰਤ ਹੈ।ਇਸ ਮੌਕੇ ਭਾਰਤੀਯ ਅੰਬੇਡਕਰ ਮਿਸ਼ਨ ਦੇ ਸੁਖਪਾਲ ਸਿੰਘ ਭੰਮਾਬੱਦੀ ਜ਼ਿਲ੍ਹਾ ਪ੍ਰਧਾਨ ਸੰਗਰੂਰ, ਜਗਸੀਰ ਸਿੰਘ ਖੈੜੀ ਚੰਦਵਾ ਸੂਬਾ ਮੀਤ ਪ੍ਰਧਾਨ, ਸ਼ਕਤੀ ਸਿੰਘ ਠੇਕੇਦਾਰ ਸੂਬਾ ਸਕੱਤਰ, ਰਣਜੀਤ ਹੈਪੀ ਸੂਬਾ ਸਕੱਤਰ, ਰਾਣਾ ਬਾਲੂ, ਜਗਸੀਰ ਸਿੰਘ ਜੱਗਾ, ਸਾਜਨ ਕਾਂਗੜਾ, ਹਰਸ਼ ਲੋਟ, ਰਾਹੁਲ ਰੰਧਾਵਾ, ਇੰਦਰਜੀਤ ਨੀਲੂ, ਕਮਲ ਸੋਨੂੰ, ਮੋਂਟੀ ਪਬਲਾ, ਦੀਦਾਰ ਸਿੰਘ ਕਾਂਝਲਾ, ਜਤਿੰਦਰ ਕੁਮਾਰ, ਮਨੋਜ ਕੁਮਾਰ, ਗੁਰੀ ਢੀਂਡਸਾ, ਪਰਮਿੰਦਰ ਸਿੰਘ, ਹਰਮਨ ਆਦਿ ਹਾਜ਼ਰ ਸਨ।

## ਚੰਡੀਗੜ੍ਹ ਸੂਬਾਈ ਰੈਲੀ 'ਚ ਸ਼ਾਮਲ ਹੋਣ ਲਈ ਤਿਆਰੀਆਂ ਜ਼ੋਰਾਂ 'ਤੇ

**ਕੋਟਕਪੂਰਾ (ਰਛਪਾਲ ਭੁੱਲਰ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਨਾਲ ਵਾਰ-ਵਾਰ ਮੀਟਿੰਗਾਂ ਤੈਅ ਕਰਕੇ ਮੁਲਤਵੀ ਕੀਤੀਆਂ ਜਾ ਰਹੀਆਂ ਹਨ।ਮੁੱਖ ਮੰਤਰੀ ਦੇ ਇਸ ਰਵੱਈਏ ਖਿਲਾਫ ਆਪਣੇ ਰੋਸ ਦਾ ਪ੍ਰਗਟਾਵਾ ਕਰਨ ਲਈ 3 ਸਤੰਬਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਅਨਾਜ ਮੰਡੀ, ਸੈਕਟਰ 39 ਚੰਡੀਗੜ੍ਹ ਵਿਖੇ ਸੂਬਾਈ ਰੋਸ ਰੈਲੀ ਕਰਨ ਤੋਂ ਬਾਅਦ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ।ਇਸ ਐਕਸ਼ਨ ਵਿੱਚ ਭਾਗ ਲੈਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਵਿੱਚ ਸ਼ਾਮਲ ਜਥੇਬੰਦੀਆਂ ਪੰਜਾਬ ਪੈਨਸ਼ਨਰਜ਼ ਯੂਨੀਅਨ, ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ, ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਦੇ ਝੰਡੇ ਹੇਠ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਰੈਲੀ ਦੀ ਤਿਆਰੀ ਲਈ ਵੱਖ ਵੱਖ ਜਥੇਬੰਦੀਆਂ ਦੇ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਨਛੱਤਰ ਸਿੰਘ ਭਾਣਾ, ਹਰਵਿੰਦਰ ਸ਼ਰਮਾ, ਸੋਮ ਨਾਥ ਅਰੋੜਾ, ਇਕਬਾਲ ਸਿੰਘ ਢੁੱਡੀ, ਬਲਕਾਰ ਸਿੰਘ ਸਹੋਤਾ, ਇਕਬਾਲ ਸਿੰਘ ਮੰਘੇੜਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਤਰਸੇਮ ਨਰੂਲਾ, ਸੁਖਵਿੰਦਰ ਸਿੰਘ ਮੈਡੀਕਲ ਕਾਲਜ ਵੱਲੋਂ ਵੱਖ ਵੱਖ ਅਦਾਰਿਆਂ ਤੇ ਸਕੂਲਾਂ ਵਿੱਚ ਜਾ ਕੇ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ।ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਮਾਨਯੋਗ ਅਦਾਲਤਾਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਗਏ ਫੈਸਲੇ ਲਾਗੂ ਨਹੀਂ ਕੀਤੇ ਜਾ ਰਹੇ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵਾਰ ਵਾਰ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨਾਲ ਗੱਲਬਾਤ ਦਾ ਸਮਾਂ ਤੈਅ ਕਰਕੇ ਮੀਟਿੰਗਾਂ ਮੁਲਤਵੀ ਕਰ ਰਹੇ ਹਨ।

## ਗੁਰਦੀਪ ਸਿੰਘ ਦੇ ਪਰਵਾਰ ਵੱਲੋਂ ਹੁਸ਼ਿਆਰ ਬੱਚਿਆਂ ਦਾ ਸਨਮਾਨ



**ਫਰੀਦਕੋਟ/ਕੋਟਕਪੂਰਾ (ਐਲਿਗਜ਼ੈਂਡਰ ਡਿਸੂਜ਼ਾ, ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ ਵੱਲੋਂ ਨੇੜਲੇ ਪਿੰਡ ਰੋਮਾਣਾ ਅਲਬੇਲ ਸਿੰਘ ਦੇ ਸਰਕਾਰੀ ਹਾਈ ਸਕੂਲ ਵਿੱਚ ਹੁਸ਼ਿਆਰ ਬੱਚਿਆਂ ਦੇ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਬਤੌਰ ਮੁੱਖ ਮਹਿਮਾਨ ਪੁੱਜੇ ਗੁਰਦੀਪ ਸਿੰਘ ਮੈਨੇਜਰ ਨੇ ਸੰਬੋਧਨ ਦੌਰਾਨ ਦੱਸਿਆ ਕਿ ਉਹ ਆਪਣੇ ਸਤਿਕਾਰਯੋਗ ਪਿਤਾ ਸਵ: ਹਰੀ ਸਿੰਘ ਦੀ ਯਾਦ ਵਿੱਚ ਇਹ ਪ੍ਰੋਗਰਾਮ ਅਕਸਰ ਕਰਵਾਉਂਦੇ ਰਹਿੰਦੇ ਹਨ। ਉਨ੍ਹਾਂ ਬੱਚਿਆਂ ਨਾਲ ਪ੍ਰੇਰਨਾਮਈ ਗੱਲਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਸਤਿਕਾਰਤ ਪਿਤਾ ਇਸ ਸਕੂਲ ਤੋਂ ਬਤੌਰ ਡਰਾਇੰਗ ਮਾਸਟਰ ਸੇਵਾਮੁਕਤ ਹੋਏ ਸਨ ਤੇ ਅੱਜ ਉਨ੍ਹਾਂ ਦੀ 14ਵੀਂ ਬਰਸੀ ਮਨਾਈ ਜਾ ਰਹੀ ਹੈ। ਸੁਸਾਇਟੀ ਦੇ ਪ੍ਰਧਾਨ ਮਾ. ਅਸ਼ੋਕ ਕੌਸ਼ਲ ਨੇ ਵਰਤਮਾਨ ਸਮੇਂ 'ਚ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਵਾਪਰੀਆਂ ਅਫਸੋਸਨਾਕ, ਨਿੰਦਣਯੋਗ, ਦੁਖਦਾਇਕ ਅਤੇ ਸ਼ਰਮਨਾਕ ਘਟਨਾਵਾਂ ਦਾ ਜ਼ਿਕਰ ਕੀਤਾ। ਸਟੇਜ ਸੰਚਾਲਨ ਮਾ. ਪ੍ਰਮੋਦ ਧੀਰ ਨੇ ਕੀਤਾ। ਮਾ. ਮੁਖਤਿਆਰ ਸਿੰਘ ਮੱਤਾ, ਪ੍ਰਿੰਸੀਪਲ ਜਸਵੀਰ ਸਿੰਘ ਔਲਖ, ਡਾ. ਦੇਵ ਰਾਜ, ਗੁਰਿੰਦਰ ਸਿੰਘ ਮਹਿੰਦੀਰੱਤਾ, ਦਲਜਿੰਦਰ ਸਿੰਘ ਸੰਧੂ, ਗੋਪਾਲ ਕ੍ਰਿਸ਼ਨ ਵੋਹਰਾ, ਕੈਪ. ਜਰਨੈਲ ਸਿੰਘ ਮਾਨ, ਲੈਕ. ਵਿਨੋਦ ਧਵਨ, ਗੁਰਵੀਰਕਰਨ ਸਿੰਘ ਢਿੱਲੋਂ, ਹਰਨੇਕ ਸਿੰਘ ਸਾਹੋਕੇ, ਰਣਜੀਤ ਸਿੰਘ, ਜਗਸੀਰ ਸਿੰਘ ਆਦਿ ਨੇ ਬੱਚਿਆਂ ਨੂੰ ਸਮਾਜਿਕ ਕੁਰੀਤੀਆਂ ਤੋਂ ਬਚ ਕੇ ਵਿੱਦਿਅਕ ਖੇਤਰ ਦੇ ਨਾਲ ਨਾਲ ਹੋਰਨਾਂ ਖੇਤਰਾਂ ਵਿੱਚ ਵੀ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਸਕੂਲ ਮੁਖੀ ਮੈਡਮ ਚਿਤਰਾ ਛਾਬੜਾ ਨੇ ਸੁਸਾਇਟੀ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸੁਸਾਇਟੀ ਵੱਲੋਂ ਛੇਵੀਂ ਤੋਂ ਦਸਵੀਂ ਤੱਕ ਦੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਲੈਣ ਵਾਲੇ ਬੱਚਿਆਂ ਸਮੇਤ ਸਕੂਲ ਮੁਖੀ ਤੇ ਸਮੁੱਚੇ ਸਟਾਫ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

## ਜ਼ਮੀਨ ਦੇ ਇੰਤਕਾਲ ਬਦਲੇ ਰਿਸ਼ਵਤ ਲੈਂਦਾ ਪਟਵਾਰੀ ਕਾਬੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਪਟਵਾਰੀ ਸੋਹਨ ਗਿਰ, ਮਾਲ ਹਲਕਾ ਅਮਾਮ ਨਗਰ, ਪਿੰਡ ਕਰਹਾਲੀ ਜ਼ਿਲ੍ਹਾ ਪਟਿਆਲਾ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਗੁਰਦੇਵ ਸਿੰਘ ਵਾਸੀ ਅਮਾਮ ਨਗਰ, ਪਿੰਡ ਕਰਹਾਲੀ, ਜ਼ਿਲ੍ਹਾ ਪਟਿਆਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਪਟਵਾਰੀ ਉਸ ਦੇ ਦਾਦੇ ਦੀ ਜ਼ਮੀਨ ਦਾ ਇੰਤਕਾਲ ਉਸ ਦੇ ਨਾਂਅ ਕਰਵਾਉਣ ਬਦਲੇ 10,000 ਰੁਪਏ ਰਿਸ਼ਵਤ ਮੰਗ ਰਿਹਾ ਹੈ।ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਮੁੱਢਲੀ ਪੜਤਾਲ ਉਪਰੰਤ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਕਤ ਪਟਵਾਰੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਸਫ਼ਾਈ ਕਰਮਚਾਰੀਆਂ ਸੰਬੰਧੀ ਬੇਨਿਯਮੀਆਂ ਵਾਲੇ ਠੇਕੇਦਾਰਾਂ ਖ਼ਿਲਾਫ਼ ਹੋਵੇ ਸਖ਼ਤ ਕਾਰਵਾਈ : ਐੱਮ. ਵੈਂਕਟੇਸ਼ਨ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਰਾਸ਼ਟਰੀ ਸਫ਼ਾਈ ਕ੍ਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਐਮ. ਵੈਂਕਟੇਸ਼ਨ ਨੇ ਬੱਚਤ ਭਵਨ ਵਿਖੇ ਜ਼ਿਲ੍ਹਾ ਅਧਿਕਾਰੀਆਂ ਤੇ ਸਫ਼ਾਈ ਕ੍ਰਮਚਾਰੀਆਂ ਨਾਲ ਮੀਟਿੰਗ ਕਰਦਿਆਂ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨਾਲ ਸਬੰਧਤ ਠੇਕੇਦਾਰਾਂ ਵੱਲੋਂ ਨਿਯਮਾਂ ਦੀ ਪਾਲਣਾ ਨਾ ਕਰਨ ਬਾਬਤ ਸਖ਼ਤ ਕਾਰਵਾਈ ਕੀਤੀ ਜਾਵੇ। ਸ਼੍ਰੀ ਐਮ. ਵੈਂਕਟੇਸ਼ਨ ਨੇ ਕਿਹਾ ਕਿ ਦੇਸ਼ ਨੂੰ ਸਵੱਛ ਬਣਾਉਣ ਵਾਲੇ ਸਫ਼ਾਈ ਕ੍ਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਸਫ਼ਾਈ ਕ੍ਰਮਚਾਰੀਆਂ ਨੂੰ ਵਰਦੀ, ਸਮੇਂ ਸਿਰ ਤਨਖਾਹ, ਸਿਹਤ ਸਹੂਲਤਾਂ 'ਤੇ ਕੰਮ ਲਈ ਉਪਕਰਨ ਮੁਹੱਈਆ ਕਰਾਉਣ ਸਮੇਤ ਜਿਨ੍ਹਾਂ ਕ੍ਰਮਚਾਰੀਆਂ ਨੂੰ ਆਪਣੇ ਬੈਂਕ ਖਾਤੇ ਸਬੰਧੀ ਕੇ.ਵਾਈ.ਸੀ ਆਦਿ ਦੀ ਸਮੱਸਿਆ ਹੈ, ਨੂੰ ਵੀ ਹੱਲ ਕਰਾਇਆ ਜਾਵੇ।ਚੇਅਰਮੈਨ ਐਮ. ਵੈਂਕਟੇਸ਼ਨ ਨੇ ਠੇਕਾ ਅਧਾਰਤ ਸਫ਼ਾਈ ਕ੍ਰਮਚਾਰੀਆਂ ਤੋਂ ਉਨ੍ਹਾਂ ਨੂੰ ਮਿਲਦੀ। ਤਨਖਾਹ ਤੇ ਉਜਰਤਾਂ ਬਾਰੇ ਪਤਾ ਕੀਤਾ।ਉਨ੍ਹਾਂ ਨੂੰ ਬੈਂਕ ਵੱਲੋਂ ਖਾਤਿਆਂ ਵਿੱਚ ਪੈਸੇ ਆਉਣ ਬਾਬਤ ਮੋਬਾਈਲ ਫ਼ੋਨ ਉਤੇ ਆਏ ਸੁਨੇਹੇ ਵੀ ਦੇਖੇ।ਉਨ੍ਹਾਂ ਕਿਹਾ ਕਿ ਜਿਹੜਾ ਵੀ ਠੇਕੇਦਾਰ ਨਿਯਮਾਂ ਮੁਤਾਬਕ ਕੰਮ ਨਹੀਂ ਕਰ ਰਿਹਾ, ਉਸ ਦਾ ਠੇਕਾ ਰੱਦ ਕੀਤਾ ਜਾਵੇ। ਖ਼ਾਸ ਤੌਰ ਉੱਤੇ ਘੱਟ ਉਜਰਤਾਂ ਦੇਣ ਵਾਲੇ ਠੇਕੇਦਾਰਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕ੍ਰਮਚਾਰੀਆਂ ਦੇ ਵੱਖ-ਵੱਖ ਫੰਡਾਂ ਦੇ ਮਸਲੇ ਹੱਲ ਕੀਤੇ ਜਾਣ।ਚੇਅਰਮੈਨ ਨੇ ਹਦਾਇਤ ਕੀਤੀ ਕਿ ਕ੍ਰਮਚਾਰੀਆਂ ਦੇ ਆਈ.ਡੀ. ਕਾਰਡ ਵਿੱਚ ਈ. ਐੱਸ.ਆਈ ਤੇ ਈ.ਪੀ.ਐੱਫ. ਨੰਬਰ ਦਰਜ ਜ਼ਰੂਰ ਕੀਤਾ ਜਾਵੇ।ਇਸ ਦੇ ਨਾਲ-ਨਾਲ ਸਫ਼ਾਈ ਕ੍ਰਮਚਾਰੀਆਂ ਨੂੰ ਆਊਟਸੋਰਸ ਤੋਂ ਸਿੱਧਾ ਠੇਕੇ ਉੱਤੇ ਤਬਦੀਲ ਕਰਨ ਤੇ ਅੱਗੇ ਉਨ੍ਹਾਂ ਨੂੰ ਪੱਕੇ ਕਰਨ ਬਾਬਤ ਵੀ ਲੋੜੀਂਦੀ ਕਾਰਵਾਈ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ।ਸਾਰੇ ਕਾਰਜ ਸਾਧਕ ਅਫ਼ਸਰਾਂ ਇਹ ਸਰਟੀਫਿਕੇਟ ਦੇਣ ਲਈ ਵੀ ਕਿਹਾ ਗਿਆ ਕਿ ਕੋਈ ਵੀ ਸਫ਼ਾਈ ਸੇਵਕ ਡਰਾਈਵਰ ਦਾ ਕੰਮ ਨਹੀਂ ਕਰ ਰਿਹਾ ਹੈ।ਐਮ.ਵੈਂਕਟੇਸ਼ਨ ਨੇ ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿਖੇ ਸਫ਼ਾਈ ਸੇਵਕ ਵਜੋਂ ਸੇਵਾ ਨਿਭਾਅ ਰਹੇ ਕ੍ਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਵੀ ਸੁਣਿਆ।ਉਨ੍ਹਾਂ ਸਿਹਤ ਸੰਸਥਾਵਾਂ ਦੇ ਅਧਿਕਾਰੀਆਂ ਨੂੰ ਸਮਾਂਬੱਧ ਢੰਗ ਨਾਲ ਮੁਸ਼ਕਲਾਂ ਦੇ ਹੱਲ ਸਬੰਧੀ ਰਿਪੋਰਟ ਤਿਆਰ ਕਰਨ ਦੀ ਹਦਾਇਤ ਕੀਤੀ।

## ਐੱਸ ਬੀ ਆਰ ਐੱਸ ਗੁਰੂਕੁਲ ਸਕੂਲ 'ਚ ਅਧਿਆਪਕਾਂ ਨੂੰ ਕੀਤਾ ਸਨਮਾਨਤ



**ਕੋਟਕਪੂਰਾ (ਰਛਪਾਲ ਭੁੱਲਰ)**

ਅਧਿਆਪਕ ਦੀ ਮੁਹਾਰਤ, ਮਿਹਨਤ, ਲਗਨ ਅਤੇ ਯੋਗਦਾਨ ਨੂੰ ਪਛਾਣਦਿਆਂ ਅਧਿਆਪਕਾਂ ਦੀ ਹੌਸਲਾ ਅਫ਼ਜ਼ਾਈ ਲਈ ਇਲਾਕੇ ਦੀ ਨਾਮਵਰ ਸੰਸਥਾ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵਿੱਚ 'ਗੁਰੂਕੁਲ ਸਟਾਰ ਅਵਾਰਡ' ਪ੍ਰੋਗਰਾਮ ਦਾ ਆਯੋਜਨ ਕਰਕੇ ਇੱਕ ਵਿਲੱਖਣ ਤਰੀਕੇ ਨਾਲ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ। ਉਕਤ ਪ੍ਰੋਗਰਾਮ ਦੇ ਸ਼ੁਰੂ ਵਿਚ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਵੱਲੋਂ ਅਧਿਆਪਕਾਂ ਨੂੰ ਪ੍ਰੇਰਿਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ ਗਿਆ। ਪਿਛਲੇ ਚਾਰ ਮਹੀਨਿਆਂ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਸਿਰਫ਼ ਅਧਿਆਪਕਾਂ ਨੂੰ ਹੀ ਨਹੀਂ ਬਲਕਿ ਸਕੂਲ 'ਚ ਕੰਮ ਕਰਨ ਵਾਲੇ ਹਰ ਵਰਗ ਦੇ ਕਰਮਚਾਰੀਆਂ ਨੂੰ ਵੱਖ-ਵੱਖ ਟੈਗ ਲਾ ਕੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ, ਜਿਸ 'ਚੋਂ ਐਮਪਲੋਈ ਆਫ਼ ਦਾ ਮੰਥ ਦੇ ਤੌਰ 'ਤੇ ਮੈਡਮ ਨਸੀਮ ਬਾਨੋ, ਜਸਪ੍ਰੀਤ ਕੌਰ, ਅਜੀਬੁਲ ਅਹਿਮਦ ਨੂੰ ਟੈਗ ਅਤੇ ਈ-ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਮੋਸਟ ਐਕਟਿਵ ਟੀਚਰ ਦੇ ਤੌਰ 'ਤੇ ਮੈਡਮ ਰੁਪਾਲੀ ਸ਼ਰਮਾ, ਨਿਸ਼ਾ ਮਹਿਰਮ ਅਤੇ ਰਿਸ਼ਭ ਪਟੇਲ ਨੂੰ ਟੈਗ ਅਤੇ ਈ-ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਮੂਹ ਅਧਿਆਪਕਾਂ ਤੋਂ ਇਲਾਵਾ ਸਕੂਲ ਦੇ ਸਹਾਇਕ ਸਟਾਫ਼ ਵਜੋਂ ਅਨਿਲ ਕੁਮਾਰ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਸੁਰੱਖਿਆ ਕਰਮਚਾਰੀ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰਲੇ ਪੜਾਅ 'ਤੇ ਸਕੂਲ ਦੇ ਸਮੂਹ ਟੀਚਿੰਗ ਸਟਾਫ਼ 'ਚੋਂ ਜੀਤੇਂਦਰ ਧੀਮਾਨ ਗਣਿਤ ਅਧਿਆਪਕ ਅਤੇ ਨਾਨ ਟੀਚਿੰਗ ਸਟਾਫ਼ 'ਚੋਂ ਦੀਪਕ ਕੁਮਾਰ ਈ.ਡੀ.ਪੀ. ਸੈੱਲ ਇੰਚਾਰਜ ਨੂੰ ਪ੍ਰਿੰਸੀਪਲ ਧਵਨ ਕੁਮਾਰ ਵਲੋਂ 'ਗੁਰੂਕੁਲ ਸਟਾਰ ਐਵਾਰਡ' ਦਾ ਟੈਗ ਦਿੰਦਿਆਂ ਸਰਟੀਫਿਕੇਟ ਅਤੇ ਫਲਾਵਰ-ਪੋਟ ਭੇਟ ਕੀਤੇ ਗਏ। ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਵਲੋਂ ਸਾਰਿਆਂ ਨੂੰ ਹੋਰ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ। ਅੰਤ 'ਚ ਗੁਰੂਕੁਲ ਸਟਾਰ ਖਿਤਾਬ ਜਿੱਤਣ ਵਾਲੇ ਅਧਿਆਪਕਾਂ ਵਲੋਂ ਟੀ-ਪਾਰਟੀ ਦਾ ਇੰਤਜ਼ਾਮ ਕੀਤਾ ਗਿਆ।

## ਮਾਮਲਾ ਹੁਕਮਾਂ ਦੀ ਉਲੰਘਣਾ ਦਾ; ਮੋਰਚੇ ਦੇ ਨੁਮਾਇੰਦੇ ਪੁਲਸ ਕਮਿਸ਼ਨਰ ਨੂੰ ਮਿਲੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਾਲੇ ਪਾਣੀ ਦਾ ਮੋਰਚਾ ਦੇ ਮੈਂਬਰਾਂ ਨੇ ਇੱਥੇ ਟਿੱਬਾ ਰੋਡ ਥਾਣੇ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਤੇ ਡਾਇੰਗ ਉਦਯੋਗ ਦੇ ਵਿਸ਼ੇਸ਼ ਉਦੇਸ਼ ਵਾਹਨ (ਐਸਪੀਵੀ) ਦੇ ਅਧਿਕਾਰੀਆਂ ਖਿਲਾਫ਼ ਪੁਲਸ ਸ਼ਿਕਾਇਤ ਦਰਜ ਕਰਵਾਈ ਤੇ ਐਫ.ਆਈ.ਆਰ ਦਰਜ ਕਰਨ ਤੇ ਅਪਰਾਧਿਕ ਮੁਕੱਦਮਾ ਚਲਾਉਣ ਦੀ ਮੰਗ ਕੀਤੀ। ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਭਾਰਤੀ ਨਿਆਏ ਸੰਹਿਤਾ (ਬੀਐੱਨਐੱਸ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਇਹ ਸ਼ਿਕਾਇਤ ਮੈਂਬਰ ਸਕੱਤਰ (ਪੀਪੀਸੀਬੀ), ਚੀਫ ਇੰਜਨੀਅਰ ਲੁਧਿਆਣਾ (ਪੀਪੀਸੀਬੀ) ਤੇ ਰੰਗਾਈ ਉਦਯੋਗ ਦੇ ਐੱਸ.ਪੀ.ਵੀਜ਼ ਦੇ ਅਧਿਕਾਰੀਆਂ ਖਿਲਾਫ਼ ਵਾਟਰ ਐਕਟ 1974, ਵਾਤਾਵਰਨ ਪ੍ਰਭਾਵ ਮੁਲਾਂਕਣ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਲਈ ਦਰਜ ਕੀਤੀ ਗਈ ਸੀ। ਕਾਮਨ ਐਫਲੂਐਂਟ ਟਰੀਟਮੈਂਟ ਪਲਾਂਟ (ਸੀ.ਈ.ਟੀ.ਪੀ.), ਉਨ੍ਹਾਂ ਦੇ ਆਪਣੇ ਸਮਝੌਤਿਆਂ ਦੀਆਂ ਸ਼ਰਤਾਂ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ) ਦੇ ਹੁਕਮਾਂ ਦੀ ਉਲੰਘਣਾ ਕਰਨ ਲਈ ਵੀ ਟੀਮ ਦੇ ਮੈਂਬਰਾਂ ਨੇ ਪੁਲਿਸ ਕਮਿਸ਼ਨਰ ਲੁਧਿਆਣਾ ਦੇ ਦਫ਼ਤਰ ਦਾ ਦੌਰਾ ਕਰਕੇ ਉਨ੍ਹਾਂ ਨੂੰ ਗੰਭੀਰ ਉਲੰਘਣਾਵਾਂ ਤੋਂ ਜਾਣੂ ਕਰਵਾਇਆ ਤੇ ਸ਼ਿਕਾਇਤ 'ਤੇ ਜਲਦੀ ਕਾਰਵਾਈ ਕਰਨ ਦੀ ਮੰਗ ਕੀਤੀ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਨਰੋਆ ਪੰਜਾਬ ਮੰਚ ਦੇ ਜਸਕੀਰਤ ਸਿੰਘ ਨੇ ਦੱਸਿਆ ਕਿ ਤਿੰਨੇ ਸੀ.ਈ.ਟੀ.ਪੀ. ਚਲਾ ਰਹੇ ਪੀ.ਪੀ.ਸੀ.ਬੀ. ਤੇ ਐਸ.ਪੀ.ਵੀ. ਦੇ ਅਧਿਕਾਰੀਆਂ ਵੱਲੋਂ ਟਰੀਟ ਕੀਤੇ ਪਾਣੀ ਨੂੰ ਵੀ ਬੁੱਢਾ ਦਰਿਆ ਵਿੱਚ ਸੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਆਪਣੇ ਇਕਰਾਰਨਾਮੇ ਤੇ ਵਾਤਾਵਰਣ ਪ੍ਰਭਾਵ ਮੁਲਾਂਕਣ (ਈਆਈਏ) ਦੀਆਂ ਸ਼ਰਤਾਂ ਅਨੁਸਾਰ ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵੀ ਸੀਪੀਸੀਬੀ ਨੇ ਉਨ੍ਹਾਂ ਨੂੰ ਆਪਣੇ ਸਮਝੌਤਿਆਂ ਦੀ ਪਾਲਣਾ ਕਰਨ ਤੇ ਇਸ ਨੂੰ ਬੁੱਢਾ ਦਰਿਆ ਵਿੱਚ ਸੁੱਟਣਾ ਬੰਦ ਕਰਨ ਦੇ ਆਦੇਸ਼ ਦਿੱਤੇ ਹਨ, ਪਰ ਉਹ ਕਾਨੂੰਨ ਦੀ ਉਲੰਘਣਾ ਕਰਦੇ ਰਹਿੰਦੇ ਹਨ। ਫਿਲਮ ਨਿਰਦੇਸ਼ਕ ਅਮਿਤੋਜ ਮਾਨ ਜੋ ਕਿ ਵਫਦ ਦਾ ਹਿੱਸਾ ਸਨ, ਨੇ ਕਿਹਾ ਕਿ ਇਹ ਮਨੁੱਖਤਾ ਦੇ ਖਿਲਾਫ ਇੱਕ ਬਹੁਤ ਹੀ ਗੰਭੀਰ ਅਪਰਾਧ ਹੈ ਤੇ ਹੈਰਾਨ ਕਰਨ ਵਾਲੀ ਗੱਲ ਹੈ ਕਿ ਉਹ ਅਧਿਕਾਰੀ ਜਿਨ੍ਹਾਂ ਦਾ ਕੰਮ ਅਜਿਹੇ ਅਪਰਾਧਾਂ ਨੂੰ ਰੋਕਣਾ ਹੈ, ਅਪਰਾਧੀਆਂ ਨਾਲ ਹੱਥ ਮਿਲਾਇਆ ਹੋਇਆ ਹੈ, ਇਹ ਨਾਗਰਿਕਾਂ ਦੇ ਭਰੋਸੇ ਦੀ ਇੱਕ ਵੱਡੀ ਉਲੰਘਣਾ ਹੈ। ਸਰਕਾਰ ਤੇ ਇਸ ਦੇ ਅਦਾਰਿਆਂ ਵਿੱਚ ਅਤੇ ਅਸੀਂ ਅਜਿਹੀਆਂ ਉਲੰਘਣਾਵਾਂ ਲਈ ਮੂਕ ਦਰਸ਼ਕ ਨਹੀਂ ਬਣਾਂਗੇ, ਜੋ ਕੁਝ ਲੋਕਾਂ ਦੇ ਮੁਨਾਫੇ ਲਈ ਲੱਖਾਂ ਦੀ ਮੌਤ ਤੇ ਤਬਾਹੀ ਵੱਲ ਲੈ ਜਾਂਦੇ ਹਨ। ਪੀ.ਏ.ਸੀ ਮੱਤੇਵਾੜਾ ਦੇ ਕਪਿਲ ਦੇਵ ਨੇ ਕਿਹਾ ਕਿ ਸੀ.ਪੀ.ਸੀ.ਬੀ. ਨੇ ਪਾਣੀ (ਪ੍ਰਦੂਸ਼ਣ ਦੀ ਰੋਕਥਾਮ ਤੇ ਨਿਯੰਤਰਣ) ਐਕਟ, 1974 ਦੀ ਧਾਰਾ 18 (1) (ਬੀ) ਦੇ ਤਹਿਤ ਸਪੱਸ਼ਟ ਨਿਰਦੇਸ਼ ਦਿੱਤੇ ਹਨ ਤੇ ਇਸ ਧਾਰਾ ਦੇ ਅਧੀਨ ਨਿਰਦੇਸ਼ ਰਾਜ ਪ੍ਰਦੂਸ਼ਣ ਨਿਯੰਤਰਣ ਲਈ ਪਾਬੰਦ ਹਨ। ਇਸ ਦੇ ਬਾਵਜੂਦ ਪੀਪੀਸੀਬੀ ਨੇ 12 ਅਗਸਤ 2024 ਨੂੰ ਪੀਪੀਸੀਬੀ ਦੇ ਮੈਂਬਰ ਸਕੱਤਰ ਨੂੰ ਲਿਖਤੀ ਤੌਰ 'ਤੇ ਦਿੱਤੇ ਗਏ ਨਿਰਦੇਸ਼ਾਂ ਨੂੰ 15 ਦਿਨਾਂ ਦੇ ਅੰਦਰ ਅੰਦਰ ਸੀ.ਈ.ਟੀ.ਪੀ. ਜਿਵੇਂ ਕਿ 26 ਅਗਸਤ 2024 ਨੂੰ ਸਮਾਂ ਸੀਮਾ ਖਤਮ ਹੋ ਗਈ ਸੀ, ਪੀ.ਪੀ.ਸੀ.ਬੀ. ਸਪੱਸ਼ਟ ਤੌਰ 'ਤੇ ਸੀ.ਪੀ.ਸੀ.ਬ. ਦੇ ਬਾਈਡਿੰਗ ਕਾਨੂੰਨੀ ਨਿਰਦੇਸ਼ਾਂ ਦੀ ਉਲੰਘਣਾ ਕਰ ਰਿਹਾ ਹੈ ਤੇ ਸਾਡਾ ਮੰਨਣਾ ਹੈ ਕਿ ਇਹ ਗੈਰ-ਕਾਨੂੰਨੀ ਮੁਨਾਫੇ ਲਈ ਪੀ.ਪੀ.ਸੀ.ਬੀ. ਦੀ ਰੰਗਾਈ ਉਦਯੋਗ ਨਾਲ ਮਿਲੀਭੁਗਤ ਦਾ ਇੱਕ ਸਪੱਸ਼ਟ ਮਾਮਲਾ ਹੈ ਤੇ ਇਸ ਲਈ ਇੱਕ ਅਪਰਾਧੀ ਹੈ। ਜਾਂਚ ਦੀ ਤੁਰੰਤ ਲੋੜ ਹੈ। ਕਾਰਕੁਨ ਲੱਖਾ ਸਿਧਾਣਾ ਨੇ ਕਿਹਾ ਕਿ ਸਭ ਤੋਂ ਵੱਡੀ ਹੈਰਾਨੀ ਦੀ ਗੱਲ ਹੈ ਕਿ ਇਸ ਗੰਭੀਰ ਮੁੱਦੇ 'ਤੇ ਸਰਕਾਰ ਦੀ ਪਿੰਨ ਡਰਾਪ ਚੁੱਪੀ ਹੈ, ਇਸ ਤਰ੍ਹਾਂ ਦੇ ਮੁੱਦੇ 'ਤੇ ਸਰਕਾਰ ਤੇ ਮੁੱਖ ਮੰਤਰੀ ਚੁੱਪ ਕਿਵੇਂ ਰਹਿ ਸਕਦੇ ਹਨ ਤੇ ਉਹ ਖੁਦ ਇਸ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਜਾਣਦੇ ਹਨ। ਘੱਟ ਤੋਂ ਘੱਟ ਕਹਿਣ ਲਈ ਹੈਰਾਨ ਕਰਨ ਵਾਲੀ ਗੱਲ ਹੈ ਕਿ ਇਸ ਰਾਜ ਦੇ ਲੋਕਾਂ ਦਾ ਸਬਰ ਖਤਮ ਹੋ ਰਿਹਾ ਹੈ ਅਤੇ ਉਹ ਇਸ ਨਸਲਕੁਸ਼ੀ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੇ ਤੇ ਅਗਲੇ ਕੁਝ ਦਿਨਾਂ ਵਿੱਚ ਇਸ ਨੂੰ ਰੋਕਣ ਲਈ ਜੋ ਵੀ ਹੋਵੇਗਾ ਉਹ ਕਰਨਗੇ। ਪੀ.ਏ.ਸੀ. ਦੇ ਕੁਲਦੀਪ ਸਿੰਘ ਖਹਿਰਾ ਨੇ ਆਸ ਪ੍ਰਗਟ ਕੀਤੀ ਕਿ ਪੁਲਸ ਮਾਮਲੇ ਦੀ ਗੰਭੀਰਤਾ ਨੂੰ ਸਮਝੇਗੀ ਤੇ ਇਸ ਨੂੰ ਗੰਭੀਰਤਾ ਅਤੇ ਮੁਸਤੈਦੀ ਨਾਲ ਲੈ ਕੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ 'ਤੇ ਬਣਦੀ ਕਾਰਵਾਈ ਕਰੇਗੀ। ਪੰਜਾਬ ਵਾਤਾਵਰਨ ਚੇਤਨਾ ਲਹਿਰ ਦੇ ਮਹਿੰਦਰਪਾਲ ਲੂੰਬਾ ਵੀ ਹਾਜ਼ਰ ਸਨ।

## ਬਲਾਕ ਪੱਧਰੀ ਖੇਡ ਮੁਕਾਬਲੇ 5 ਤੋਂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਖੇਡਾਂ ਦੇ ਪੱਧਰ ਨੂੰ ਉੱਚਾ ਚੱਕਣ, ਪ੍ਰਤਿਭਾ ਅਤੇ ਹੁਨਰ ਦੀ ਭਾਲ ਕਰਨਾ, ਭਾਈਚਾਰਾ ਅਤੇ ਸਦਭਾਵਨਾ ਪੈਦਾ ਕਰਨਾ, ਵੱਧ ਤੋਂ ਵੱਧ ਲੋਕਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਹਰ ਤਰ੍ਹਾਂ ਦੇ ਭਰਪੂਰ ਯਤਨ ਕਰ ਰਹੀ ਹੈ। ਇਹ ਜਾਣਕਾਰੀ ਰੁਪਿੰਦਰ ਸਿੰਘ ਬਰਾੜ ਜ਼ਿਲ੍ਹਾ ਖੇਡ ਅਫਸਰ ਫਾਜ਼ਿਲਕਾ ਵੱਲੋਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਖੇਡਾਂ ਵਤਨ ਪੰਜਾਬ ਦੀਆਂ 2024 (ਸੀਜ਼ਨ 3) ਦੇ ਬਲਾਕ ਪੱਧਰੀ ਮੁਕਾਬਲਿਆਂ ਦਾ ਆਗਾਜ਼ 5 ਸਤੰਬਰ ਤੋਂ ਜ਼ਿਲ੍ਹੇ ਦੇ ਸਮੂਹ ਬਲਾਕਾਂ ਵਿੱਚ ਹੋਵੇਗਾ, ਜਿਸ ਦਾ ਮੁੱਖ ਮੰਤਵ ਵੱਧ ਤੋ ਵੱਧ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਹੈ।ਉਨ੍ਹਾਂ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਲੜੀ ਤਹਿਤ ਜਿਲ੍ਹੇ ਦੇ ਸਮੂਹ ਬਲਾਕਾਂ ਵਿੱਚ ਬਲਾਕ ਪੱਧਰੀ ਖੇਡ ਮੁਕਾਬਲੇ 5 ਸਤੰਬਰ ਤੋਂ 8 ਸਤੰਬਰ ਤੱਕ ਕਰਵਾਏ ਜਾ ਰਹੇ ਹਨ।ਇਨ੍ਹਾਂ ਮੁਕਾਬਲਿਆਂ ਦੌਰਾਨ ਐਥਲੈਟਿਕਸ, ਫੁੱਟਬਾਲ, ਕਬੱਡੀ (ਨ.ਸ), ਕਬੱਡੀ (ਸ.ਸ), ਖੋ-ਖੋ, ਵਾਲੀਬਾਲ (ਸਮੈਸ਼ਿੰਗ), ਵਾਲੀਬਾਲ (ਸ਼ੂਟਿੰਗ) ਵੱਖ-ਵੱਖ ਉਮਰ ਵਰਗਾਂ ਵਿੱਚ ਆਯੋਜਿਤ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਅੰਡਰ 14 ਤੋਂ 70 ਸਾਲ ਤੋਂ ਉਪਰ ਤੱਕ ਦੇ ਲੜਕੇ-ਲੜਕੀਆਂ, ਮਹਿਲਾ-ਪੁਰਸ਼ ਹਿੱਸਾ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਾ ਖਿਡਾਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ ਜਾਂ ਪੰਜਾਬ ਦੇ ਕਿਸੇ ਵਿੱਦਿਅਕ ਅਦਾਰੇ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ।

# ਮੈਗਜ਼ੀਨ ਐਡੀਟਰ ਤੇ ਕਿਸਾਨ ਆਗੂ ਦੇ ਘਰ ਛਾਪੇਮਾਰੀ ਦੌਰਾਨ ਐੱਨ ਆਈ ਏ ਟੀਮ ਦੀ ਘੇਰਾਬੰਦੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸਵੇਰ ਕਰੀਬ ਪੰਜ ਵਜੇ ਐੱਨ ਆਈ ਏ ਦੀ ਟੀਮ ਵੱਲੋਂ ਸਥਾਨਕ ਸਰਾਭਾ ਨਗਰ ਗਲੀ ਨੰ: 1 ਵਿਖੇ ਇੱਕ ਮੈਗਜ਼ੀਨ ਦੇ ਐਡੀਟਰ ਹਰਪਿੰਦਰ ਜਲਾਲ ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਸੂਬਾ ਜਨਰਲ ਸਕੱਤਰ ਸੁਖਵਿੰਦਰ ਕੌਰ ਦੇ ਘਰ ਛਾਪੇਮਾਰੀ ਕੀਤੀ।ਕਰੀਬ ਸੱਤ ਘੰਟੇ ਚੱਲੀ ਇਸ ਛਾਪੇਮਾਰੀ ਦੌਰਾਨ ਐੱਨ ਆਈ ਏ ਲਖਨਊ ਦੀ ਟੀਮ ਉਨ੍ਹਾਂ ਦੇ ਘਰ ਤੋਂ ਪੰਜ ਪੈੱਨ ਡਰਾਈਵਾਂ, ਇੱਕ ਸੈਮਸੰਗ ਮੋਬਾਇਲ ਸਮੇਤ ਸਿਮ, ਤਿੰਨ ਮੈਮੋਰੀ ਕਾਰਡ ਨਾਲ ਲੈ ਗਏ। ਐੱਨ ਆਈ ਏ ਦੀ ਟੀਮ ਵੱਲੋਂ ਕੀਤੀ ਛਾਪੇਮਾਰੀ ਦੀ ਖ਼ਬਰ ਇਲਾਕੇ ਵਿੱਚ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈ, ਜਿਸ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ ਮੌਕੇ 'ਤੇ ਪਹੁੰਚ ਕੇ ਧਰਨਾ ਪ੍ਰਦਰਸ਼ਨ ਕਰਦਿਆਂ ਟੀਮ ਦੇ ਆਉਣ-ਜਾਣ ਵਾਲੇ ਰਾਸਤੇ ਦੀ ਘੇਰਾਬੰਦੀ ਕੀਤੀ ਗਈ। ਇਸ ਮੌਕੇ ਐੱਸ ਪੀ ਬਠਿੰਡਾ ਨਰਿੰਦਰ ਕੁਮਾਰ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਮੌਕੇ 'ਤੇ ਤੈਨਾਤ ਕੀਤੀ ਗਈ ਤੇ ਐੱਨ ਆਈ ਏ ਦੀ ਟੀਮ ਨੂੰ ਕਿਸਾਨਾਂ ਦੀ ਘਰੇਬੰਦੀ ਵਿੱਚੋਂ ਬਾਹਰ ਕਢਵਾਇਆ ਗਿਆ।

ਹਰਪਿੰਦਰ ਜਲਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਵੇਰੇ ਕਰੀਬ ਪੰਜ ਵਜੇ ਐੱਨ ਆਈ ਏ ਲਖਨਊ ਦੀ ਟੀਮ ਵੱਲੋਂ ਉਨ੍ਹਾਂ ਦੇ ਘਰ ਦਬਿਸ਼ ਦਿੱਤੀ ਗਈ ਤੇ ਘਰ ਦੀ ਤਲਾਸ਼ੀ ਦਾ ਸਰਚ ਵਾਰੰਟ ਵਿਖਾ ਕੇ ਸਰਚ ਅਭਿਆਨ ਸ਼ੁਰੂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਇਸ ਮੌਕੇ ਟੀਮ ਵੱਲੋਂ ਕਰੀਬ ਸੱਤ ਘੰਟੇ ਸਰਚ ਅਭਿਆਨ ਚਲਾ ਕੇ ਘਰ ਵਿੱਚ ਪਏ ਪੁਰਾਣੇ ਮੈਗਜ਼ੀਨ, ਵੱਖ ਵੱਖ ਜਥੇਬੰਦੀਆਂ ਦੇ ਪੋਸਟਰ, ਪਰਿਵਾਰਕ ਸਮਾਗਮਾਂ ਦੀਆਂ ਵੀਡੀਓ ਵਾਲੀਆਂ ਪੈੱਨ ਡਰਾਈਵਾਂ, ਮੈਮੋਰੀ ਕਾਰਡ ਤੇ ਮੇਰਾ ਮੋਬਾਇਲ ਸਮੇਤ ਸਿਮ ਲੈ ਗਏ।ਉਨ੍ਹਾਂ ਕੇਂਦਰ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਐੱਨ ਆਈ ਏ ਦਾ ਗਲਤ ਇਸਤੇਮਾਲ ਕਰਕੇ ਕਿਸਾਨੀ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸਾਲ 2023 ਵਿੱਚ ਲਖਨਊ ਵਿਖੇ ਹੋਏ ਇੱਕ ਮਾਮਲੇ ਵਿੱਚ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ, ਜਿਸ 'ਤੇ ਚੱਲਦਿਆਂ ਐੱਨ ਆਈ ਏ ਦੀ ਟੀਮ ਵੱਲੋਂ ਇਹ ਸਰਚ ਅਭਿਆਨ ਚਲਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਅਭਿਆਨ ਦੌਰਾਨ ਐੱਨ ਆਈ ਏ ਦੀ ਟੀਮ ਨੂੰ ਕੋਈ ਵੀ ਇਤਰਾਜ਼ ਯੋਗ ਸਮੱਗਰੀ ਜਾਂ ਹਥਿਆਰ ਮੇਰੇ ਘਰ ਤੋਂ ਬਰਾਮਦ ਨਹੀਂ ਹੋਇਆ।

ਸੂਬਾ ਜਨਰਲ ਸਕੱਤਰ ਸੁਖਵਿੰਦਰ ਕੌਰ ਨੇ ਵੀਡੀਓ ਜਾਰੀ ਕਰ ਇਸ ਛਾਪੇਮਾਰੀ ਨੂੰ ਕੇਂਦਰ ਦੀ ਚਾਲ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਕਿਸਾਨੀ ਸੰਘਰਸ਼ ਤੋਂ ਘਬਰਾ ਰਹੀ ਹੈ ਤੇ ਕਿਸਾਨਾਂ 'ਤੇ ਤਰ੍ਹਾਂ ਤਰ੍ਹਾਂ ਦੇ ਤਿੱਖੇ ਹਮਲੇ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਹਮਲਿਆਂ ਤੋਂ ਉਹ ਨਹੀਂ ਡਰਨਗੇ ਤੇ ਕਿਸਾਨੀ ਸੰਘਰਸ਼ ਲਈ ਡਟੇ ਰਹਿਣਗੇ। ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਸ਼ੋਤਮ ਮਹਿਰਾਜ਼ ਨੇ ਕਿਹਾ ਕਿ ਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਇਹ ਸਰਕਾਰ ਦੀ ਧੱਕੇਸ਼ਾਹੀ ਹੈ, ਜਿਸ ਦਾ ਕਿਸਾਨ ਜਥੇਬੰਦੀ ਡੱਟ ਕੇ ਵਿਰੋਧ ਕਰੇਗੀ। ਇਸ ਸਬੰਧੀ ਗੱਲਬਾਤ ਕਰਦਿਆਂ ਐੱਸ ਪੀ ਬਠਿੰਡਾ ਨਰਿੰਦਰ ਕੁਮਾਰ ਨੇ ਦੱਸਿਆ ਕਿ ਐੱਨ ਆਈ ਏ ਦੀ ਟੀਮ ਵੱਲੋਂ ਸਰਚ ਅਭਿਆਨ ਚਲਾਇਆ ਗਿਆ ਹੈ ਤੇ ਸਥਿਤੀ ਨੂੰ ਵੇਖਦਿਆਂ ਪੁਲਸ ਬਲ ਤੈਨਾਤ ਕੀਤਾ ਗਿਆ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਮਜ਼ਦੂਰਾਂ ਦੀਆਂ ਕੁਝ ਅਹਿਮ ਮੰਗਾਂ ਨੂੰ ਲੈ ਕੇ ਬੀ ਡੀ ਪੀ ਓ ਮੁਕਤਸਰ ਨੂੰ ਮੰਗ ਪੱਤਰ ਸੌਂਪਣ ਦਾ ਪ੍ਰੋਗਰਾਮ ਦਿੱਤਾ ਗਿਆ ਸੀ, ਪ੍ਰੰਤੂ ਮੁਕਤਸਰ ਸਾਹਿਬ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਗੁਰਪ੍ਰੀਤ ਕੌਰ ਦੇ ਆਉਣ ਕਾਰਨ ਕੋਈ ਵੀ ਅਧਿਕਾਰੀ ਦਫਤਰ ਵਿੱਚ ਮੌਜੂਦ ਨਹੀਂ ਸੀ।ਇਸ ਕਾਰਨ ਮਜ਼ਦੂਰਾਂ ਨੇ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ ਤੇ ਬੀ ਡੀ ਪੀ ਓ ਦੀ ਗੈਰ-ਹਾਜ਼ਰੀ ਵਿੱਚ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪਿਆ।ਪ੍ਰੈੱਸ ਬਿਆਨ ਜਾਰੀ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੰਤ ਕਿਰਤੀ ਤੇ ਜ਼ਿਲ੍ਹਾ ਆਗੂ ਮੰਗਲ ਸਿੰਘ, ਜਗਦੀਪ ਕੌਰ ਤੇ ਗਿਆਨ ਸਿੰਘ ਨੇ ਕਿਹਾ ਕਿ ਅੱਜ ਜਦੋਂ ਅਸੀਂ ਅਗਸਤ ਮਹੀਨੇ ਵਿੱਚ ਪੱਬਾਂ ਭਾਰ ਹੋ ਕੇ ਆਜ਼ਾਦੀ ਦਾ ਰੌਲਾ ਪਾ ਰਹੇ ਹਾਂ, ਉੱਥੇ ਹੀ ਮਜ਼ਦੂਰ ਤਬਕੇ ਲਈ ਇਹ ਆਜ਼ਾਦੀ ਹਾਲੇ ਵੀ ਸੁਪਨਿਆਂ ਤੋਂ ਕੋਹਾਂ ਦੂਰ ਹੈ।ਅੱਜ ਮਜ਼ਦੂਰਾਂ ਦੀ ਹਾਲਤ ਇਹ ਹੈ ਕਿ ਦੋ-ਦੋ ਮਰਲਿਆਂ ਵਿੱਚ ਤਿੰਨ-ਤਿੰਨ ਪਰਿਵਾਰ ਰਹਿ ਰਹੇ ਹਨ, ਜਦਕਿ ਸੰਵਿਧਾਨ ਵਿੱਚ ਲੈਂਡ ਸੀਲਿੰਗ ਐਕਟ 1972 ਬੇਜ਼ਮੀਨੇ ਮਜ਼ਦੂਰਾਂ ਨੂੰ ਜ਼ਮੀਨਾਂ ਦਾ ਹੱਕ ਦਿੰਦਾ ਹੈ, ਪਰ ਹਰ ਮੰਗ, ਹਰ ਕਾਨੂੰਨ ਦੀ ਤਰ੍ਹਾਂ ਮਜ਼ਦੂਰ ਪੱਖੀ ਇਸ ਕਾਨੂੰਨ ਨੂੰ ਵੀ ਅੱਖੋਂ ਪਰੋਖੇ ਕੀਤਾ ਜਾ ਰਿਹਾ।ਚਰਨਜੀਤ ਕੌਰ ਨੇ ਕਿਹਾ ਕਿ ਅੱਜ ਜਦੋਂ ਮਹਿੰਗਾਈ ਸਿਖਰਾਂ 'ਤੇ ਹੈ, ਦਿਹਾੜੀ ਤੱਕ ਦਾ ਕੰਮ ਵੀ ਮਜ਼ਦੂਰਾਂ ਦੇ ਹਿੱਸੇ ਨਹੀਂ ਆਉਂਦਾ।ਜਿਹੜਾ ਕੰਮ ਨਰੇਗਾ ਦਾ ਦਿੱਤਾ ਜਾਂਦਾ ਉਹ ਵੀ ਕੁਝ ਕੁ ਦਿਨ ਚੱਲਦਾ ਤੇ ਦਿਹਾੜੀ ਦੇ ਨਾਮ 'ਤੇ ਵੀ ਸਰਕਾਰ ਮਜ਼ਾਕ ਹੀ ਕਰਦੀ ਹੈ।

ਇਸ ਲਈ ਮਜ਼ਦੂਰਾਂ ਲਈ ਇਹ ਅਹਿਮ ਮੰਗ ਹੈ ਕਿ ਇੱਕ ਮਜ਼ਦੂਰ ਨੂੰ 700 ਰੁਪਏ ਦਿਹਾੜੀ, ਨਰੇਗਾ ਸਕੀਮ ਤਹਿਤ ਸਾਰਾ ਸਾਲ ਕੰਮ, ਰਹਾਇਸ਼ੀ ਪਲਾਟ, ਮਕਾਨ ਬਣਾਉਣ ਲਈ ਗਰਾਂਟ, ਮਜ਼ਦੂਰਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮਾਫ, ਬਿਜਲੀ ਬਕਾਇਆ, ਬਿੱਲ ਤੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ ਕੀਤਾ ਜਾਵੇ।ਇਸ ਮੌਕੇ ਮਜ਼ਦੂਰ ਆਗੂ ਸੋਨੀ ਕੌਰ, ਸਤਨਾਮ ਸਿੰਘ, ਬੂਟਾ ਸਿੰਘ, ਮਨਪ੍ਰੀਤ ਕੌਰ, ਮਨਪ੍ਰੀਤ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਬੋਰਡ ਬਣਾਉਣ ਦਾ ਨਾਪ ਲੈਣ ਆਏ ਮਿਸਤਰੀ ਦੀ ਕਰੰਟ ਲੱਗਣ ਨਾਲ ਮੌਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਤਹਿਸੀਲ ਰੋਡ ਸਮਾਣਾ 'ਤੇ ਜੀਵਨ ਨਰਸਿੰਗ ਹੋਮ ਦੇ ਸਾਹਮਣੇ ਬਣ ਰਹੇ ਸ਼ੋ-ਰੂਮ ਦੇ ਬਾਹਰ ਦੁਕਾਨ ਦੇ ਨਾਮ ਦਾ ਬੋਰਡ ਦਾ ਨਾਪ ਲੈਣ ਆਏ ਨੌਜਵਾਨ ਮਿਸਤਰੀ ਦੀ ਦੁਕਾਨ ਦੇ ਬਾਹਰ 66 ਕੇ ਵੀ ਦੀਆਂ ਲਘਦੀਆਂ ਤਾਰਾਂ 'ਚੋਂ ਕਰੰਟ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕ ਦੇ ਦੀ ਪਹਿਚਾਣ ਹਰਵਿੰਦਰ ਸਿੰਘ 24 ਸਾਲ ਪੁੱਤਰ ਸਤਿਗੁਰ ਸਿੰਘ ਪਿੰਡ ਖੱਤਰੀਵਾਲਾ ਤਹਿਸੀਲ ਸਮਾਣਾ ਵਜੋਂ ਹੋਈ ਹੈ।

ਇਸ ਸਬੰਧੀ ਜਦੋਂ ਪੀ ਐੱਸ ਪੀ ਸੀ ਐੱਲ ਦੇ ਐਕਸੀਅਨ ਤੋਂ ਪੱਖ ਜਾਨਣਾ ਚਾਹਿਆ ਤਾਂ ਉਨ੍ਹਾਂ ਕਿਹਾ ਕਿ ਬਿਜਲੀ ਬੋਰਡ ਦੀਆਂ ਤਾਰਾਂ ਪਹਿਲਾਂ ਤੋਂ ਲੰਘ ਰਹੀਆਂ ਹਨ, ਜਦੋਂ ਕਿ ਸ਼ੋ-ਰੂਮ ਹੁਣ ਨਵਾਂ ਬਣ ਰਿਹਾ ਹੈ। ਸ਼ੋ-ਰੂਮ ਦੇ ਮਾਲਕ ਨੇ ਨਜਾਇਜ਼ ਤੌਰ 'ਤੇ ਦੁਕਾਨ ਦੇ ਬਾਹਰ ਢਾਈ-ਤਿੰਨ ਫੁੱਟ ਵਾਧਰਾ ਵਧਾਇਆ ਹੋਇਆ।ਬਿਜਲੀ ਬੋਰਡ ਦੀ ਅਣਗਹਿਲੀ ਕਰਕੇ ਨਹੀਂ, ਬਲਕਿ ਸ਼ੋ-ਰੂਮ ਮਾਲਕ ਵੱਲੋਂ ਨਜਾਇਜ਼ ਤੌਰ 'ਤੇ ਵਧਾਏ ਹੋਏ ਵਾਧਰੇ ਕਾਰਨ ਹਾਦਸਾ ਵਾਪਰਿਆ ਹੈ।ਬਿਜਲੀ ਬੋਰਡ ਵੱਲੋਂ ਨਗਰ ਕੌਂਸਲ ਸਮਾਣਾ ਨੂੰ ਪੱਤਰ ਲਿਖ ਕੇ ਹਦਾਇਤ ਕੀਤੀ ਜਾਵੇਗੀ ਕਿ ਜੋ ਨਜਾਇਜ਼ ਤੌਰ 'ਤੇ ਵਾਧਰੇ ਵਧਾਏ ਹੋਏ ਹਨ, ਜਿੱਥੋਂ ਬਿਜਲੀ ਦੀਆਂ ਤਾਰਾਂ ਲੰਘਦੀਆਂ ਹਨ, ਉਹ ਸਾਰੇ ਵਾਧਰੇ ਖਤਮ ਕਰਵਾਏ ਜਾਣ ਤਾਂ ਜੋ ਅੱਗੇ ਤੋਂ ਕੋਈ ਅਜਿਹਾ ਹਾਦਸਾ ਨਾ ਵਾਪਰੇ।ਨਗਰ ਕੌਂਸਲ ਦੇ ਕਾਰਜ ਸਾਧਕ ਤੋਂ ਇਸ ਸ਼ੋ-ਰੂਮ ਦਾ ਨਕਸ਼ਾ ਪਾਸ ਹੋਣ ਸਬੰਧੀ, ਜਦੋਂ ਉਨ੍ਹਾਂ ਦਾ ਪੱਖ ਜਾਨਣ ਲਈ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਦੁਕਾਨਦਾਰ ਨੇ ਜੋ ਨਕਸ਼ਾ ਪਾਸ ਕਰਵਾਇਆ ਹੈ, ਉਸ ਵਿੱਚ ਦੁਕਾਨ ਅੱਗੇ ਵਾਧਰਾ ਨਹੀਂ ਹੈ, ਪ੍ਰੰਤੂ ਦੁਕਾਨਦਾਰ ਨੇ ਦੁਕਾਨ ਦੇ ਅੱਗੇ ਨਜਾਇਜ਼ ਤੌਰ 'ਤੇ ਵਾਧਰਾ ਵਧਾਇਆ ਹੈ, ਜੋ ਬਿਜਲੀ ਦੀਆਂ ਤਾਰਾਂ ਦੇ ਕੋਲੋਂ ਦੀ ਲੰਘਦਾ ਹੈ। ਦੁਕਾਨਦਾਰ ਵੱਲੋਂ ਨਜਾਇਜ਼ ਤੌਰ 'ਤੇ ਵਧਾਏ ਵਾਧਰੇ ਕਾਰਨ ਇਹ ਹਾਦਸਾ ਵਾਪਰਿਆ ਹੈ।

ਦੁਕਾਨ ਦੇ ਮਾਲਕ ਪ੍ਰਵੀਨ ਬੱਤਰਾ ਪਾਸੋਂ ਇਸ ਹਾਦਸੇ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮ੍ਰਿਤਕ ਹਰਵਿੰਦਰ ਸਿੰਘ ਸਿੰਘ ਜਦੋਂ ਬੋਰਡ ਬਣਾਉਣ ਦਾ ਨਾਪ ਲੈਣ ਲੱਗਾ ਤਾਂ ਉਸ ਦਾ ਫੀਤਾ ਬਿਜਲੀ ਵਾਲੀ ਤਾਰ ਨਾਲ ਲੱਗ ਗਿਆ, ਜਿਸ ਕਾਰਨ ਇਹ ਹਾਦਸਾ ਵਾਪਰਿਆ ਹੈ। ਮੈਂ ਮ੍ਰਿਤਕ ਪਰਿਵਾਰ ਦੇ ਨਾਲ ਖੜ੍ਹਾ ਹਾਂ, ਉਨ੍ਹਾਂ ਦੇ ਪਰਿਵਾਰ ਦਾ ਪੂਰਾ ਸਾਥ ਦੇਵਾਂਗੇ।ਮ੍ਰਿਤਕ ਦੇ ਪਿਤਾ ਸਤਿਗੁਰ ਸਿੰਘ ਪਾਸੋਂ ਹਾਦਸੇ ਸਬੰਧੀ ਜਾਣਕਾਰੀ ਲਈ ਤਾਂ ਉਨ੍ਹਾ ਕਿਹਾ ਕਿ ਅਚਨਚੇਤ ਇਹ ਹਾਦਸਾ ਵਾਪਰਿਆ ਹੈ, ਅਸੀਂ ਕਿਸੇ ਦੇ ਖਿਲਾਫ ਕਾਰਵਾਈ ਨਹੀਂ ਕਰਾਉਣੀ ਚਾਹੁੰਦੇ ਅਤੇ ਨਾ ਹੀ ਕੋਈ ਕੇਸ ਕਰਨਾ ਚਾਹੁੰਦੇ ਹਾਂ।

## ਕਾਤਰਾਂ

### ਗੁਰਮਤਿ ਸਮਾਗਮ ਭਲਕ ਤੋਂ

**ਬੁਢਲਾਡਾ (ਅਸ਼ੋਕ ਲਾਕੜਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਤ ਗੁਰਦੁਆਰਾ ਸਾਹਿਬ ਟਿਕਾਣਾ ਭਾਈ ਜਗਤਾ ਜੀ, ਮੁਹੱਲਾ ਧਰਮਪੁਰਾ ਬੁਢਲਾਡਾ ਵਿਖੇ ਸਾਲਾਨਾ ਗੁਰਮਤਿ ਸਮਾਗਮ 2, 3 ਤੇ 4 ਸਤੰਬਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਭਾਈ ਜਗਤਾ ਜੀ ਵਿਖੇ ਮਹਾਨ ਕੀਰਤਨ ਦਰਬਾਰ 2 ਤੋਂ 4 ਸਤੰਬਰ ਤੱਕ ਸ਼ਾਮ 6 ਵਜੇ ਤੋਂ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ।ਇਸ ਲੜੀ ਤਹਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ 2 ਸਤੰਬਰ ਨੂੰ ਸ਼ਾਮ 7 ਵਜੇ ਰੱਖੇ ਜਾਣਗੇ, ਜਿਸ ਦੇ ਭੋਗ 4 ਸਤੰਬਰ ਨੂੰ ਸ਼ਾਮ 7 ਵਜੇ ਹੀ ਪੈਣਗੇ।ਇਸ ਮੌਕੇ ਰਾਗੀ ਜਥੇ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

### ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਵੱਲੋਂ ਖ਼ੁਦਕੁਸ਼ੀ



**ਮਾਨਸਾ (ਰੀਤਵਾਲ)**-ਪਿੰਡ ਨੰਗਲ ਕਲਾਂ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਗਰੀਬ ਕਿਸਾਨ ਵੱਲੋਂ ਸਲਫਾਸ ਖਾ ਕੇ ਖੁਦਕੁਸ਼ੀ ਕਰਨ ਦਾ ਦੁੱਖਦਾਈ ਸਮਾਚਾਰ ਹੈ।ਇੱਕਤਰ ਜਾਣਕਾਰੀ ਅਨੁਸਾਰ ਕਿਸਾਨ ਜਗਤਾਰ ਸਿੰਘ (36) ਕਿੱਤੇ ਵਜੋਂ ਕਿਸਾਨੀ ਦੇ ਨਾਲ-ਨਾਲ ਬਿਜਲੀ ਦੀਆਂ ਮੋਟਰਾਂ ਦੀ ਮੁਰੰਮਤ ਦਾ ਵੀ ਕੰਮ ਕਰਦਾ ਸੀ।ਇਸ ਸਬੰਧੀ ਭਾਕਿਯੂ (ਏਕਤਾ) ਡਕੌਂਦਾ ਦੇ ਬਲਾਕ ਪ੍ਰਧਾਨ ਬਲਜੀਤ ਸਿੰਘ ਭੈਣੀ ਬਾਘਾ ਨੇ ਦੱਸਿਆ ਕਿ ਖੇਤੀ ਦੀਆਂ ਜਿਣਸਾਂ ਦੇ ਵਾਜਬ ਭਾਅ ਨਾ ਮਿਲਣ ਕਾਰਨ ਤੇ ਕਰਜ਼ ਨਾ ਘਟਣ ਕਾਰਨ ਆਖ਼ਰ ਬੇਜ਼ਮੀਨੇ ਕਿਸਾਨ ਵੱਲੋਂ ਸਲਫਾਸ ਖਾ ਕੇ ਖ਼ੁਦਕੁਸ਼ੀ ਕਰ ਲਈ ਗਈ ਹੈ।ਮ੍ਰਿਤਕ ਆਪਣੇ ਪਿੱਛੇ ਦੋ ਬੱਚੇ ਤੇ ਘਰਵਾਲੀ ਸਮੇਤ ਪੰਜ ਲੱਖ ਦਾ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ ਛੱਡ ਗਿਆ ਹੈ।

### ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ 'ਚ ਪਲੇਸਮੈਂਟ ਕੈਂਪ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਬੇਰੋਜ਼ਗਾਰ ਪ੍ਰਾਰਥੀਆਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਐੱਸ.ਆਈ.ਐੱਸ. ਸਕਿਓਰਿਟੀ ਸਰਵਿਸਿਜ਼ ਦੇ ਸਹਿਯੋਗ ਨਾਲ ਰੋਜ਼ਗਾਰ ਕੈਂਪ ਲਾਇਆ ਗਿਆ।ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸਿੱਪੀ ਸਿੰਗਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ 102 ਪ੍ਰਾਰਥੀਆਂ ਨੇ ਹਿੱਸਾ ਲਿਆ ਤੇ ਇੰਟਰਵਿਊ ਦੌਰਾਨ 87 ਪ੍ਰਾਰਥੀਆਂ ਦੀ ਚੋਣ ਕੀਤੀ ਗਈ।ਇਸ ਤੋਂ ਇਲਾਵਾ ਇਸ ਕੈਂਪ ਵਿੱਚ ਹਿੱਸਾ ਲੈਣ ਵਾਲੇ ਪ੍ਰਾਰਥੀਆਂ ਦੀ ਰਜਿਸਟਰੇਸ਼ਨ ਕੀਤੀ ਗਈ ਤੇ ਇਨ੍ਹਾਂ ਪ੍ਰਾਰਥੀਆਂ ਨੂੰ ਇਸ ਦਫਤਰ ਵਿਖੇ ਉਪਲੱਬਧ ਸਹੂਲਤਾਂ, ਨਿੱਜੀ ਤੇ ਸਰਕਾਰੀ ਖੇਤਰ ਦੀਆਂ ਨੌਕਰੀਆਂ ਅਤੇ ਹੁਨਰ ਵਿਕਾਸ ਸਿਖਲਾਈ ਕੋਰਸਾਂ ਸਬੰਧੀ ਜਾਣਕਾਰੀ ਦਿੱਤੀ ਗਈ।

### ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਮਾਮਲੇ 'ਚ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਲੈ ਜਾਣ ਦੇ ਕਥਿਤ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਲੁਧਿਆਣਾ ਦੇ ਇੱਕ ਨੌਜਵਾਨ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਇੱਕ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਮੁਹੱਲੇ ਵਿੱਚ ਲੋਕਾਂ ਦੇ ਘਰ ਕੰਮ ਕਰਨ ਜਾਂਦੀ ਹੈ ਤੇ ਜਦੋਂ ਉਹ ਕੰਮ ਤੋਂ ਘਰ ਵਾਪਸ ਵਰਤੀ ਤਾਂ ਉਸ ਦੀ ਲੜਕੀ, ਜਿਸ ਦੀ ਉਮਰ 17 ਸਾਲ ਦੇ ਕਰੀਬ ਹੈ, ਘਰ ਵਿੱਚ ਨਹੀਂ ਸੀ, ਜਿਸ ਦੀ ਭਾਲ ਕਰਨ 'ਤੇ ਉਹ ਕਿਤੇ ਨਹੀਂ ਮਿਲੀ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਉਸ ਦੀ ਲੜਕੀ ਨੂੰ ਅੰਕਿਤ ਕੁਮਾਰ ਵਾਸੀ ਲੁਧਿਆਣਾ ਵਿਆਹ ਦਾ ਝਾਂਸਾ ਦੇ ਕੇ ਕਿਧਰੇ ਵਰਗਲਾ ਕੇ ਲੈ ਗਿਆ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅੰਕਿਤ ਕੁਮਾਰ ਵਾਸੀ ਲੁਧਿਆਣਾ ਵਿਰੁੱਧ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਚੋਰ ਗਰੋਹ ਦੇ 3 ਮੈਂਬਰ ਚੋਰੀ ਦੇ 10 ਮੋਟਰਸਾਈਕਲਾਂ ਸਮੇਤ ਕਾਬੂ



**ਮੁਕਤਸਰ/ਮਲੋਟ (ਸ਼ਮਿੰਦਰਪਾਲ, ਪੂਜਾ, ਗੁਰਮੀਤ ਸਿੰਘ ਮੱਕੜ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਮੁਖੀ ਤੁਸ਼ਾਰ ਗੁਪਤਾ ਆਈ.ਪੀ.ਐੱਸ. ਦੀ ਅਗਵਾਈ ਹੇਠ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਚੋਰ ਗਰੋਹ ਦੇ 3 ਮੈਂਬਰਾਂ ਨੂੰ ਕਾਬੂ ਕਰਕੇ 10 ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ। ਵੇਰਵਿਆਂ ਦਾ ਖੁਲਾਸਾ ਕਰਦਿਆਂ ਸ੍ਰੀ ਤੁਸ਼ਾਰ ਗੁਪਤਾ ਆਈ.ਪੀ.ਐੱਸ, ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਥਾਣਾ ਸਦਰ ਮਲੋਟ ਪੁਲਸ ਪਾਰਟੀ ਵੱਲੋਂ ਚੈਕਿੰਗ ਦੌਰਾਨ ਬੰਟੀ ਸਿੰਘ ਤੇ ਗੁਰਪ੍ਰੀਤ ਸਿੰਘ ਉਰਫ ਢਾਡਾਂ, ਵਾਸੀ ਤਰਖਾਣਵਾਲਾ ਨੂੰ ਚੋਰੀ ਦੇ 01 ਮੋਟਰਸਾਈਕਲ ਸਮੇਤ ਕਾਬੂ ਕੀਤਾ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਨੰਬਰ 92 ਅ/ਧ 303(3), 317 (2) ਬੀ.ਐਨ.ਐਸ. ਥਾਣਾ ਸਦਰ ਮਲੋਟ ਵਿਖੇ ਦਰਜ ਕੀਤਾ ਗਿਆ। ਮਾਨਯੋਗ ਅਦਾਲਤ ਤੋਂ 03 ਦਿਨ ਦਾ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਦੌਰਾਨ ਉੱਕਤ ਬੰਟੀ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਮੋਟਰਸਾਈਕਲ ਆਪਣੇ ਸਾਥੀ ਯਾਦੀ ਸਿੰਘ ਉਰਫ ਯਾਦਵਿੰਦਰ ਸਿੰਘ, ਵਾਸੀ ਉੜਾਂਗ ਦੇ ਨਾਲ ਮਿਲ ਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਖ ਵੱਖ ਪਿੰਡਾਂ, ਸ਼ਹਿਰਾਂ ਵਿੱਚੋਂ ਮੋਟਰਸਾਈਕਲ ਚੋਰੀ ਕਰਦੇ ਸਨ ਤੇ ਪੁਲਸ ਵੱਲੋਂ ਉਨ੍ਹਾਂ ਦੀ ਨਿਸ਼ਾਨਦੇਹੀ ਤੇ ਚੋਰੀ ਦੇ 9 ਹੋਰ ਮੋਟਰਸਾਈਕਲ ਬਰਾਮਦ ਕਰਵਾਏ ਗਏ, ਜਿਨ੍ਹਾਂ ਨੂੰ ਉੱਕਤ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਯਾਦੀ ਸਿੰਘ ਉਰਫ ਯਾਦਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਹੁਣ ਤੱਕ ਇਨ੍ਹਾਂ ਕੋਲੋਂ ਕੁੱਲ 10 ਚੋਰੀ ਦੇ ਮੋਟਰਸਾਈਕਲ ਬਰਾਮਦ ਕਰਵਾਏ ਗਏ ਹਨ ਤੇ ਮੁਕੱਦਮੇ ਦੀ ਤਫਤੀਸ਼ ਅੱਗੇ ਜਾਰੀ ਹੈ।

# 7 ਲੱਖ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਮਾਨ ਸਰਕਾਰ ਦੇ ਅਜੰਡੇ ਤੋਂ ਬਾਹਰ : ਸਾਂਝਾ ਫਰੰਟ

- ਕੇਂਦਰ ਦੀ ਮੋਦੀ ਸਰਕਾਰ ਵੱਲੋਂ ਨਵੀਂ ਲਿਆਂਦੀ ਯੂ ਪੀ ਐੱਸ ਪੈਨਸ਼ਨ ਸਕੀਮ ਕੀਤੀ ਰੱਦ
- 3 ਨੂੰ ਚੰਡੀਗੜ੍ਹ ਸਾਂਝੇ ਫਰੰਟ ਦੀ ਰੈਲੀ 'ਚ ਭਰਵੀਂ ਸ਼ਮੂਲੀਅਤ ਦਾ ਐਲਾਨ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫਤਰ 1680-22 ਬੀ ਚੰਡੀਗੜ੍ਹ ਦੇ ਸੂਬਾ ਪ੍ਰਧਾਨ ਤੇ ਸਾਂਝੇ ਫਰੰਟ ਦੇ ਕਨਵੀਨਰ ਰਣਜੀਤ ਸਿੰਘ ਰਾਣਵਾਂ, ਐਕ: ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਗੁਰਪ੍ਰੀਤ ਸਿੰਘ ਮੰਗਵਾਲ, ਗੁਰਜੀਤ ਸਿੰਘ ਘੜੇਵਾਹ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ, ਪ੍ਰੇਮ ਚਾਵਲਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਭਗਵੰਤ ਮਾਨ ਸਰਕਾਰ ਦੇ ਅਜੰਡੇ 'ਤੇ ਨਹੀਂ ਹਨ। ਢਾਈ ਸਾਲ ਦੇ ਕਾਰਜਕਾਲ ਦੌਰਾਨ ਇੱਕ ਵੀ ਮੀਟਿੰਗ ਮੰਗਾਂ ਦੇ ਨਿਪਟਾਰੇ ਲਈ ਮੁੱਖ ਮੰਤਰੀ ਵੱਲੋਂ ਨਹੀਂ ਕੀਤੀ ਗਏ, ਜਿਸ ਕਾਰਨ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਗੁੱਸੇ ਦੀ ਲਹਿਰ ਫੈਲ ਗਈ ਹੈ, ਇਸ ਕਰਕੇ ਸੰਘਰਸ਼ ਦੀ ਅਗਲੀ ਕੜੀ ਵਜੋਂ 3 ਸਤੰਬਰ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਅਗਵਾਈ ਵਿੱਚ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਚੰਡੀਗੜ੍ਹ ਰਾਜ ਪੱਧਰੀ ਰੈਲੀ ਕਰਕੇ ਵਿਧਾਨ ਸਭਾ ਵੱਲ ਕੂਚ ਕੀਤਾ ਜਾਵੇਗਾ ਅਤੇ ਅਗਲੇ ਆਰ-ਪਾਰ ਦੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਆਗੂਆਂ ਨੇ ਕਿਹਾ ਕਿ ਪੰਜਾਬ ਸੁਬਾਰਡੀਨੇਟ ਸਰਵਿਸਿਜ਼ (1680) ਨਾਲ ਸਬੰਧਤ/ਸਹਿਯੋਗੀ ਜਥੇਬੰਦੀਆਂ ਵੱਲੋਂ 3 ਸਤੰਬਰ ਦੀ ਚੰਡੀਗੜ੍ਹ ਰਾਜ ਪੱਧਰੀ ਰੈਲੀ ਤੇ ਵਿਧਾਨ ਸਭਾ ਵੱਲ ਰੋਸ ਮਾਰਚ ਵਿੱਚ ਭਾਰੀ ਗਿਣਤੀ ਨਾਲ ਸ਼ਮੂਲੀਅਤ ਕੀਤੀ ਜਾਵੇਗੀ। ਸਾਥੀ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ ਤੇ ਸੁਰਿੰਦਰ ਕੁਮਾਰ ਪੁਆਰੀ ਨੇ ਕਿਹਾ ਕਿ ਬੀਤੇ ਦਿਨੀਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ 1-1-2004 ਤੋਂ ਭਰਤੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨਰ ਲਾਗੂ ਕਰਨ ਦੀ ਬਜਾਏ ਯੂ ਪੀ ਐੱਸ ਲਾਗੂ ਕਰਨ ਦੇ ਫੈਸਲੇ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਐੱਨ ਪੀ ਐੱਸ ਨਾਲ 20 ਸਾਲ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਕਰਨ ਉਪਰੰਤ ਹੁਣ ਨਵੀਂ ਲਿਆਂਦੀ ਯੂ ਪੀ ਐੱਸ ਪੈਨਸ਼ਨ ਸਕੀਮ ਲਾਗੂ ਕਰਕੇ ਅੰਕੜਿਆਂ ਦੀ ਖੇਡ ਖੇਡੀ ਜਾ ਰਹੀ ਹੈ, ਜੋ ਮੁਲਾਜ਼ਮਾਂ ਨੂੰ ਪ੍ਰਵਾਨ ਨਹੀਂ ਹੈ।ਸਾਨੂੰ 1-1-2004 ਤੋਂ ਪਹਿਲਾਂ ਵਾਲੀ ਹੂ-ਬ-ਹੂ ਪੁਰਾਣੀ ਪੈਨਸ਼ਨ ਸਕੀਮ ਤੋਂ ਘੱਟ ਕੁੱਝ ਵੀ ਪ੍ਰਵਾਨ ਨਹੀਂ ਹੈ।

# ਪਾਰਟੀ ਤੇ ਹਲਕੇ ਦੀ ਬਿਹਤਰੀ ਹੀ ਮੇਰਾ ਮੁੱਖ ਟੀਚਾ : ਕਾਂਗੜ

## ਰੁੱਸੇ ਕਾਂਗਰਸੀ ਵਰਕਰਾਂ ਵੱਲੋਂ ਕਾਂਗੜ ਨਾਲ ਰਾਬਤਾ ਸ਼ੁਰੂ

**ਭਗਤਾ ਭਾਈ ਕਾ (ਰਾਜੀਵ ਗੋਇਲ)**



'ਪਾਰਟੀ ਤੇ ਹਲਕੇ ਦੀ ਬਿਹਤਰੀ ਲਈ ਕੰਮ ਕਰਨਾ ਹੀ ਮੇਰਾ ਮੁੱਖ ਟੀਚਾ ਹੈ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਨੇਤਾ ਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਇੱਕ ਵਿਸ਼ੇਸ਼ ਗੱਲਬਾਤ ਦਰਮਿਆਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਏ ਦਿਨ ਪਾਰਟੀ ਦੀ ਬਿਹਤਰੀ ਲਈ ਪਿੰਡਾਂ ਵਿੱਚ ਆਮ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਪਾਰਟੀ ਅੰਦਰ ਸ਼ਾਮਲ ਕਰਨ ਲਈ ਹੰਭਲਾ ਮਾਰਿਆ ਜਾ ਰਿਹਾ ਹੈ। ਉਧਰ ਦੂਜੇ ਪਾਸੇ ਪਾਰਟੀ ਤੋਂ ਕੁਝ ਸਮਾਂ ਪਹਿਲਾਂ ਨਾਰਾਜ਼ ਹੋਏ ਵਰਕਰਾਂ ਵੱਲੋਂ ਵੀ ਕਾਂਗੜ ਨਾਲ ਅੰਦਰੋਂ-ਅੰਦਰੀ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਹਲਕੇ ਵਿੱਚ ਜੇਕਰ ਖੁੰਡ ਚਰਚਾ ਦੀ ਗੱਲ ਕੀਤੀ ਜਾਵੇ ਤਾਂ ਆਮ ਲੋਕਾਂ ਵੱਲੋਂ ਚਰਚਾ ਕੀਤੀ ਜਾ ਰਹੀ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗੜ ਨੂੰ ਸੀਨੀਅਰ ਨੇਤਾ ਵਜੋਂ ਦੇਖਦੇ ਹੋਏ ਮੁੜ ਹਲਕਾ ਰਾਮਪੁਰਾ ਫੂਲ ਦੀ ਵਾਗਡੋਰ ਸੌਂਪੇ ਜਾਣ ਦੀ ਚਰਚਾ ਜ਼ੋਰਾਂ 'ਤੇ ਹੈ।

# ਪ੍ਰੇਮਿਕਾ ਦੇ ਪਿਤਾ ਨੂੰ ਬੇਰਹਿਮੀ ਨਾਲ ਮਾਰਨ ਵਾਲੇ ਗਾਇਕ ਦਾ ਸਾਥੀ ਕਾਬੂ



**ਜਗਰਾਉਂ (ਅਮਿਤ ਖੰਨਾ)**-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸ ਐਸ ਪੀ ਨਵਨੀਤ ਸਿੰਘ ਬੈਂਸ ਵੱਲੋਂ ਇੱਕ ਪੱਤਰਕਾਰ ਮਿਲਣੀ ਵਿੱਚ ਇੱਕ ਕਤਲ ਦੇ ਦੋਸ਼ੀ ਨੂੰ ਪੱਤਰਕਾਰਾਂ ਸਾਹਮਣੇ ਪੇਸ਼ ਕੀਤਾ ਅਤੇ ਜਾਣਕਾਰੀ ਦਿੱਤੀ ਕਿ ਪਿਛਲੇ ਦਿਨੀਂ ਥਾਣਾ ਦਾਖਾ ਦੇ ਇਲਾਕੇ ਅੰਦਰੋਂ ਇੱਕ ਬਜ਼ੁਰਗ ਦੀ ਬੇਰਹਿਮੀ ਨਾਲ ਕਤਲ ਕਰਕੇ ਜੀ ਟੀ ਰੋਡ ਪਿੰਡ ਪੰਡੋਰੀ ਦੇ ਨਜ਼ਦੀਕ ਪਈ ਹੋਈ ਲਾਸ਼ ਬਰਾਮਦ ਹੋਈ ਸੀ, ਜਿਸ ਨੂੰ ਸਿਵਲ ਹਸਪਤਾਲ ਲੁਧਿਆਣਾ ਰਖਵਾ ਦਿੱਤਾ ਗਿਆ ਸੀ।ਇਸ ਖੁਲਾਸੇ ਦੀ ਪੜਤਾਲ ਮਰਨ ਵਾਲੇ ਦੀ ਲੜਕੀ ਨੂੰ ਉਸ ਦੇ ਪ੍ਰੇਮੀ ਵੱਲੋਂ ਫੋਨ ਕਰਕੇ ਆਸਟਰੇਲੀਆ ਜਾਣਕਾਰੀ ਦਿੱਤੀ ਗਈ ਸੀ ਕਿ ਉਸ ਨੇ ਪ੍ਰੇਮਿਕਾ ਦੇ ਪਿਤਾ ਰਵਿੰਦਰ ਸਿੰਘ ਵਾਸੀ ਕਿਲਾ ਰਾਏਪੁਰ ਦਾ ਕਤਲ ਕਰ ਦਿੱਤਾ ਹੈ, ਜਿਸ 'ਤੇ ਲੜਕੀ ਨੇ ਆਪਣੇ ਘਰਦਿਆਂ ਨੂੰ ਫੋਨ ਉੱਪਰ ਜਾਣਕਾਰੀ ਦਿੱਤੀ ਸੀ ਅਤੇ ਦੱਸਿਆ ਸੀ ਕਿ ਉਸ ਦੇ ਰਣਜੀਤ ਸਿੰਘ ਕਾਹਲੋਂ ਉਰਫ ਰਣਜੀਤ ਬਾਠ ਜੋ ਕਿ ਇੱਕ ਗਾਇਕ ਵੀ ਹੈ, ਨਾਲ ਦੋਸਤੀ ਸੀ ਤੇ ਉਹ ਉਸ ਉੱਪਰ ਸ਼ਾਦੀ ਕਰਨ ਦਾ ਪ੍ਰੈਸ਼ਰ ਬਣਾਉਂਦਾ ਸੀ ਅਤੇ ਵਾਰ ਵਾਰ ਕਹਿੰਦਾ ਸੀ ਕਿ ਆਪਣੇ ਪਤੀ ਨੂੰ ਤਲਾਕ ਦੇ ਕੇ ਮੇਰੇ ਨਾਲ ਸ਼ਾਦੀ ਕਰ, ਜਿਸ ਨੂੰ ਆਸਟਰੇਲੀਆ ਤੋਂ ਵੀ ਡਿਪੋਰਟ ਕੀਤਾ ਗਿਆ ਸੀ, ਜਿਸ ਨੇ ਫੋਨ ਕਰਕੇ ਆਪਣੀ ਪ੍ਰੇਮਿਕਾ ਨੂੰ ਦੱਸਿਆ ਸੀ ਕਿ ਉਸ ਨੇ ਉਸ ਦੇ ਪਿਤਾ ਦਾ ਕਤਲ ਕਰ ਦਿੱਤਾ ਹੈ।ਪੁਲਸ ਵੱਲੋਂ ਪੂਰੇ ਮਾਮਲੇ ਦੀ ਬਰੀਕੀ ਨਾਲ ਪੜਤਾਲ ਕੀਤੀ ਗਈ ਤਾਂ ਪਤਾ ਲੱਗਿਆ ਕਿ ਇਹ ਕਤਲ ਰਣਜੀਤ ਨੇ ਆਪਣੇ ਭਤੀਜੇ ਬਲਜਿੰਦਰ ਸਿੰਘ ਉਰਫ ਗੁੱਲੀ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਬਾਠ ਕਲਾਂ ਜ਼ਿਲ੍ਹਾ ਜਲੰਧਰ ਦੇ ਨਾਲ ਮਿਲ ਕੇ ਕੀਤਾ ਹੈ।ਪੁਲਸ ਵੱਲੋਂ ਅੱਜ ਬਲਜਿੰਦਰ ਸਿੰਘ ਉਰਫ ਗੁੱਲੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਕੋਲੋਂ ਇੱਕ ਕਾਰ ਸਕੋਡਾ ਪੀਬੀ 08 ਬੀ ਐੱਨ 0021 ਬਰਾਮਦ ਕੀਤੀ ਗਈ ਹੈ।ਐੱਸ ਐੱਸ ਪੀ ਨੇ ਦੱਸਿਆ ਕਿ ਦੂਸਰੇ ਦੋਸ਼ੀ ਰਣਜੀਤ ਬਾਠ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਤੇ ਗ੍ਰਿਫਤਾਰ ਦੋਸ਼ੀ ਗੁੱਲੀ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਲੋਕਪੱਖੀ ਵਕੀਲਾਂ ਤੇ ਜਮਹੂਰੀ ਕਾਰਕੁਨਾਂ ਦੇ ਘਰਾਂ 'ਚ ਛਾਪੇਮਾਰੀ ਦਾ ਡਟ ਕੇ ਵਿਰੋਧ ਕਰੋ : ਲੋਕ ਸੰਗਰਾਮ ਮੋਰਚਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਦੱਸਿਆ ਕਿ ਐੱਨ ਆਈ ਏ ਵੱਲੋਂ ਚੰਡੀਗੜ੍ਹ ਵਿੱਚ ਲੋਕਪੱਖੀ ਵਕੀਲਾਂ ਐਡਵੋਕੇਟ ਮਨਦੀਪ, ਐਡਵੋਕੇਟ ਆਰਤੀ ਤੇ ਐਡਵੋਕੇਟ ਅਜੇ ਕੁਮਾਰ ਦੇ ਘਰ ਛਾਪੇਮਾਰੀ ਕੀਤੀ ਗਈ। ਪੰਜਾਬ ਵਿੱਚ ਕਿਸਾਨ ਆਗੂ ਸੁਖਵਿੰਦਰ ਕੌਰ ਰਾਮਪੁਰਾ ਦੇ ਘਰ ਵਿੱਚ ਐੱਨ.ਆਈ.ਏ ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਅਗਵਾਈ ਹੇਠ ਕਿਸਾਨਾਂ ਤੇ ਹੋਰ ਜਮਹੂਰੀ ਲੋਕਾਂ ਨੇ ਘਰ ਦੇ ਬਾਹਰ ਇਕੱਠੇ ਹੋ ਕੇ ਇਸ ਤਾਨਾਸ਼ਾਹ ਕਾਰਵਾਈ ਦਾ ਵਿਰੋਧ ਕੀਤਾ। ਇਸੇ ਦੀ ਕੜੀ ਵਜੋਂ ਹਰਿਆਣਾ ਤੋਂ ਉੱਘੇ ਜਮਹੂਰੀ ਕਾਰਕੁਨ ਐਡਵੋਕੇਟ ਪੰਕਜ ਤਿਆਗੀ ਦੇ ਘਰ ਛਾਪੇਮਾਰੀ ਕੀਤੀ ਗਈ ਤੇ ਉਸ ਨੂੰ ਗ੍ਰਿਫਤਾਰ ਕਰਕੇ ਸੋਨੀਪਤ ਦੇ ਥਾਣੇ ਵਿੱਚ ਲਿਜਾਇਆ ਗਿਆ। ਇਲਾਹਾਬਾਦ ਵਿੱਚ ਇਨਕਲਾਬੀ ਛਾਤਰ ਮੋਰਚਾ ਦੇ ਪ੍ਰਧਾਨ ਦਵਿੰਦਰ ਆਜ਼ਾਦ ਦੇ ਕਮਰੇ ਵਿੱਚ ਛਾਪੇਮਾਰੀ ਕੀਤੀ ਗਈ ਹੈ। ਭਾਜਪਾ ਦੀ ਕੇਂਦਰ ਸਰਕਾਰ, ਹਰ ਉਸ ਤਾਕਤ ਨੂੰ ਨਿਸ਼ਾਨਾ ਬਣਾ ਰਹੀ ਹੈ, ਜੋ ਹਕੂਮਤ ਦੀਆਂ ਲੋਕਵਿਰੋਧੀ ਨੀਤੀਆਂ ਦੀ ਆਲੋਚਨਾ ਕਰਦੀ ਹੈ ਜਾਂ ਜਿਹੜੀ ਲੋਕ ਹਿੱਤਾਂ ਤੇ ਹੱਕਾਂ ਲਈ ਅਤੇ ਇਸ ਗ਼ੈਰ-ਜਮਹੂਰੀ, ਤਾਨਾਸ਼ਾਹ ਰਾਜ ਨੂੰ ਬਦਲਣ ਲਈ ਯਤਨਸ਼ੀਲ ਹਨ। ਜਮਹੂਰੀ ਵਿਰੋਧ ਨੂੰ ਦਹਿਸ਼ਤਜ਼ਦਾ ਕਰਨ ਤੇ ਲੋਕਪੱਖੀ ਜਮਹੂਰੀ ਆਵਾਜ਼ਾਂ ਨੂੰ ਕੁਚਲਣ ਲਈ ਐੱਨ.ਆਈ.ਏ. ਨੂੰ ਹਥਿਆਰ ਬਣਾਇਆ ਗਿਆ ਹੈ। ਇਸ ਤਾਨਾਸ਼ਾਹ ਕਾਰਵਾਈ ਦਾ ਗੰਭੀਰ ਨੋਟਿਸ ਲੈਣਾ ਜ਼ਰੂਰੀ ਹੈ। ਆਗੂ ਨੇ ਕਿਹਾ ਕਿ ਆਓ ਮੰਗ ਕਰੀਏ ਕਿ ਮੋਦੀ ਸਰਕਾਰ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ 'ਤੇ ਹਮਲੇ ਬੰਦ ਕਰੇ।

# ਦਿਹਾਤੀ ਮਜ਼ਦੂਰ ਸਭਾ ਜੱਸੇਆਣਾ ਵੱਲੋਂ ਥਾਣਾ ਸਦਰ ਅੱਗੇ ਧਰਨਾ




**ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਦਿਹਾਤੀ ਮਜ਼ਦੂਰ ਸਭਾ ਪਿੰਡ ਇਕਾਈ ਜੱਸਿਆਣਾ ਨੇ ਪਿੰਡ ਦੀ 13 ਸਾਲ ਦੀ ਦਲਿਤ ਨਬਾਲਗ ਲੜਕੀ ਨੂੰ ਪਿੰਡ ਦੇ ਹੰਕਾਰੀ ਅਨਸਰਾਂ ਨੇ ਆਪਣੇ ਘਰੇ ਧੂਹ ਕੇ ਲੈ ਆਂਦਾ ਤੇ ਲੜਕੀ ਦੀ ਕੁੱਟਮਾਰ ਕੀਤੀ ਅਤੇ ਉਸ ਦੇ ਢਿੱਡ ਵਿੱਚ ਲੱਤਾਂ ਮਾਰੀਆਂ, ਜਿਸ ਨੂੰ ਗੁੱਝੀਆਂ ਸੱਟਾਂ ਲੱਗੀਆਂ ਅਤੇ ਇਸ ਨਾਬਾਲਗ ਲੜਕੀ ਨੂੰ ਮੁਕਤਸਰ ਸਾਹਿਬ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਪਰ ਦੁੱਖ ਦੀ ਗੱਲ ਇਹ ਹੋਈ ਕਿ ਪੁਲਸ ਨੇ 7 ਦਿਨ ਬੀਤ ਜਾਣ 'ਤੇ ਵੀ ਮੁੱਢਲਾ ਪਰਚਾ ਨਹੀਂ ਬਣਾਇਆ, ਜਿਸ ਕਰਕੇ ਅੱਜ ਗੁੱਸੇ ਵਿੱਚ ਦਿਹਾਤੀ ਮਜ਼ਦੂਰ ਸਭਾ ਦੀ ਪਿੰਡ ਇਕਾਈ ਜੱਸੇਆਣਾ ਨੂੰ ਥਾਣਾ ਸਦਰ ਮੁਕਤਸਰ ਸਾਹਿਬ ਸਾਹਮਣੇ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ। ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਤਖਤ ਮੁਲਾਣਾ, ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਤੇ ਭੀਮ ਕ੍ਰਾਂਤੀ ਦੇ ਸੀਨੀਅਰ ਆਗੂ ਅਸ਼ੋਕ ਮਹਿੰਦਰਾ ਨੇ ਪੁਲਸ ਦੀ ਇਸ ਇੱਕ ਪਾਸੜ ਕਾਰਵਾਈ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਐੱਸ ਸੀ ਐਕਟ ਤੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ, ਜੇਕਰ ਪੁਲਸ ਨੇ ਮਾਮਲਾ ਦਰਜ ਨਾ ਕੀਤਾ ਤਾਂ ਲੰਮਾ ਤੇ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਤੇ ਦੇਸ਼ ਵਿੱਚ ਦਲਿਤਾਂ 'ਤੇ ਜਬਰ ਵਿੱਚ ਭਾਰੀ ਵਾਧਾ ਹੋਇਆ ਹੈ। ਦੇਸ਼ ਦੇ ਵਿੱਚ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਦਲਿਤਾਂ 'ਤੇ ਆਏ ਰੋਜ਼ ਜਬਰ ਜ਼ੁਲਮ ਵਧ ਰਹੇ ਹਨ। ਮਜ਼ਦੂਰ ਆਗੂਆਂ ਨੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ 'ਕੱਲੇ-'ਕੱਲੇ ਮਾਰ ਨਹੀਂ ਖਾਣੀ ਚਾਹੀਦੀ, ਸਾਰਿਆਂ ਨੂੰ ਇਕੱਠੇ ਹੋ ਕੇ ਅੱਗੇ ਆਉਣਾ ਪਵੇਗਾ ਅਤੇ ਸੰਘਰਸ਼ ਵਿੱਢਣੇ ਪੈਣਗੇ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਜਬਰ ਜ਼ੁਲਮ ਖਿਲਾਫ ਸਾਰੀਆਂ ਸੰਘਰਸ਼ਸ਼ੀਲ ਮਜ਼ਦੂਰ ਜਥੇਬੰਦੀਆਂ ਦਾ ਸਾਂਝਾ ਮੋਰਚਾ ਬਣਾ ਕੇ ਸੰਘਰਸ਼ ਲੜਿਆ ਜਾਵੇਗਾ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਤੇ ਕਿਹਾ ਕਿ ਪਿੰਡ ਪਿੰਡ ਜਥੇਬੰਦੀ ਤਕੜੀ ਕੀਤੀ ਜਾਵੇ ਅਤੇ ਪਿੰਡ ਪਿੰਡ ਦਿਹਾਤੀ ਮਜ਼ਦੂਰ ਸਭਾ ਦੀਆਂ ਇਕਾਈਆਂ ਬਣਾਈਆਂ ਜਾਣ। ਉਨ੍ਹਾਂ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਵੱਡੀ ਪੱਧਰ 'ਤੇ ਮਜ਼ਦੂਰਾਂ ਨੂੰ ਜਥੇਬੰਦ ਕੀਤਾ ਜਾਵੇ।ਇਸ ਸਮੇਂ ਐੱਸ ਐੱਚ ਓ ਥਾਣਾ ਸਦਰ ਮੁਖੀ ਨੇ ਯਕੀਨ ਦਿਵਾਇਆ ਕਿ 323, 324 ਤੇ 751 ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ ਹੈ।ਉਕਤ ਆਗੂਆਂ ਨੇ ਕਿਹਾ ਕਿ ਜਲਦੀ ਹੀ ਐੱਸ ਐੱਸ ਪੀ ਮੁਕਤਸਰ ਸਾਹਿਬ ਤੇ ਡੀ ਐੱਸ ਪੀ ਮੁਕਤਸਰ ਸਾਹਿਬ ਨੂੰ ਮਿਲ ਕੇ ਐੱਸ ਸੀ ਐਕਟ ਦੀ ਧਾਰਾ ਵੀ ਲਵਾਈ ਜਾਵੇਗੀ।

# ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ : ਜ਼ਿਲ੍ਹਾ ਖੇਡ ਅਫਸਰ



**ਭੀਖੀ (ਧਰਮਵੀਰ ਸ਼ਰਮਾ)**-ਵਿੱਦਿਆ ਭਾਰਤੀ ਪੰਜਾਬ ਵੱਲੋਂ ਵਿੱਦਿਆ ਭਾਰਤੀ ਨਾਲ ਸਬੰਧਤ ਨੌਰਥ ਜ਼ੋਨ ਦੀ ਖੇਡਕੁੱਦ ਪ੍ਰਤੀਯੋਗਤਾ-2024 ਦਾ ਆਗਾਜ਼ ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ ਬੀ ਐਸ ਈ ਮੂਲਾ ਸਿੰਘ ਵਾਲਾ ਰੋਡ ਭੀਖੀ ਦੇ ਵਿਹੜੇ ਵਿੱਚ ਧੂਮ-ਧੜੱਕੇ ਹੋ ਗਿਆ। ਜਿਸ ਦਾ ਉਦਘਾਟਨ ਜ਼ਿਲ੍ਹਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਨੇ ਕੀਤਾ। ਸਮਾਗਮ ਦੀ ਪ੍ਰਧਾਨਗੀ ਵਿੱਦਿਆ ਭਾਰਤੀ ਨੌਰਥ ਜ਼ੋਨ ਦੇ ਜਨਰਲ ਸਕੱਤਰ ਦੇਸ ਰਾਜ ਸ਼ਰਮਾ ਅਤੇ ਨੌਰਥ ਜ਼ੋਨ ਦੇ ਸਪੋਰਟਸ ਹੈਡ ਮਲਖਾਣ ਸਿੰਘ ਅਤੇ ਨਵਦੀਪ ਸ਼ੇਖਰ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਵਿੱਦਿਆ ਭਾਰਤੀ ਦੇ ਸਥਾਨਕ ਮੁਖੀ ਮਾ. ਸਤੀਸ਼ ਕੁਮਾਰ, ਤੇਜਿੰਦਰ ਪਾਲ ਜਿੰਦਲ, ਪ੍ਰਸ਼ੋਤਮ ਮੱਤੀ ਅਤੇ ਮਾ. ਅੰਮ੍ਰਿਤਪਾਲ ਜਿੰਦਲ ਨੇ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਅਤੇ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬ ਸਰਕਾਰ ਅਹਿਮ ਯਤਨ ਕਰ ਰਹੀ ਹੈ। ਖੇਡਾਂ ਵਿੱਚ ਜਿੱਥੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਦਾ ਹੈ, ਉੱਥੇ ਉਹ ਸਰੀਰਿਕ ਅਤੇ ਮਾਨਸਿਕ ਤੰਦਰੁਸਤੀ ਵਿੱਚ ਵੀ ਸਹਾਇਕ ਸਿੱਧ ਹੁੰਦੀਆਂ ਹਨ। ਇਸ ਮੌਕੇ ਵਿੱਦਿਆ ਭਾਰਤੀ ਪੰਜਾਬ ਦੇ ਜਨਰਲ ਸਕੱਤਰ ਦੇਸ ਰਾਜ ਸ਼ਰਮਾ ਨੇ ਕਿਹਾ ਕਿ ਵਿੱਦਿਆ ਭਾਰਤੀ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਆਕਰਸ਼ਤ ਕਰਨ ਲਈ ਵੀ ਵਚਨਬੱਧ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਕਿਹਾ ਕਿ ਇਸ ਪ੍ਰਤੀਯੋਗਤਾ ਵਿੱਚ ਵਿੱਦਿਆ ਭਾਰਤੀ ਦੇ ਨੌਰਥ ਜ਼ਨ ਨਾਲ ਸਬੰਧਤ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਜੰਮੂ ਕਸ਼ਮੀਰ ਦੇ ਪੰਜ ਦੇ ਕਰੀਬ ਵਿਦਿਆਰਥੀ ਭਾਗ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮੌਕੇ ਜੂਡੋ, ਤਾਈਕਵਾਂਡੋ, ਕੁਸ਼ਤੀ, ਤਲਵਾਰਬਾਜ਼ੀ ਅਤੇ ਕੁਰਾਸ਼ ਦੇ ਮੁਕਾਬਲੇ ਕਰਵਾਏ ਜਾਣਗੇ।

ਪ੍ਰੋਗਰਾਮ ਦੌਰਾਨ ਸਕੂਲੀ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਮਾ. ਬ੍ਰਿਜ ਲਾਲ, ਐਡਵੋਕੇਟ ਮਨੋਜ ਸਿੰਗਲਾ ਰੌਕੀ, ਪ੍ਰਿੰਸੀਪਲ ਸੰਜੀਵ ਸ਼ਰਮਾ, ਮੱਖਣ ਜਿੰਦਲ, ਰਾਕੇਸ਼ ਕੁਮਾਰ ਕਾਲਾ, ਡੀ ਐਸ ਓ ਦਫਤਰ ਦੇ ਮਨਪ੍ਰੀਤ ਸਿੰਘ ਵੀ ਹਾਜ਼ਰ ਸਨ। ਮੰਚ ਸੰਚਾਲਨ ਵਾਇਸ ਪ੍ਰਿੰਸੀਪਲ ਹਰਸ਼ ਦੇਵ ਨੇ ਕੀਤਾ।

# ਤੱਖਰਾਂ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਮਿਰਜ਼ਾ ਇਰਾਨ ਨੇ ਜਿੱਤੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਤੱਖਰਾਂ ਵਿਖੇ ਬਾਬਾ ਸੁੰਦਰ ਦਾਸ ਦੀ ਯਾਦ ਵਿੱਚ ਸਮੂਹ ਗ੍ਰਾਮ ਪੰਚਾਇਤ, ਪ੍ਰਵਾਸੀ ਵੀਰਾਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦੋ ਰੋਜ਼ਾ ਸਾਲਾਨਾ ਦੰਗਲ ਮੇਲਾ ਪਿੰਡ ਦੇ ਸਟੇਡੀਅਮ ਵਿਖੇ ਕਰਵਾਇਆ ਗਿਆ, ਜਿਸ ਵਿੱਚ ਕਰੀਬ 400 ਨਾਮੀ ਪਹਿਲਵਾਨਾਂ ਨੇ ਭਾਗ ਲਿਆ। ਦੰਗਲ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਗੁਰਮੀਤ ਸਿੰਘ ਪੀਟਰ, ਜਗਦੀਸ਼ ਸਿੰਘ ਤੇ ਗੁਰਜੀਤ ਸਿੰਘ ਸੈਮ ਨੇ ਦੱਸਿਆ ਕਿ ਪਹਿਲੀ ਝੰਡੀ ਦੀ ਕੁਸ਼ਤੀ ਮਿਰਜ਼ਾ ਇਰਾਨ ਤੇ ਭੁਪਿੰਦਰ ਅਜਨਾਲਾ ਵਿਚਕਾਰ ਹੋਈ, ਜਿਸ ਵਿੱਚ ਮਿਰਜ਼ਾ ਇਰਾਨ ਨੇ ਤੇਜਿੰਦਰ ਸਿੰਘ ਯੂ. ਕੇ. ਵੱਲੋਂ ਦਿੱਤਾ ਬੁਲਿਟ ਮੋਟਰਸਾਈਕਲ ਆਪਣੇ ਨਾਮ ਕੀਤਾ। ਦੂਸਰੀ ਝੰਡੀ ਦੀ ਕੁਸ਼ਤੀ ਗੌਰਵ ਮਾਛੀਵਾੜਾ ਤੇ ਦਿਨੇਸ਼ ਗੁਲੀਆ ਵਿਚਕਾਰ ਬਰਾਬਰ ਰਹੀ। ਇਸ ਝੰਡੀ ਦਾ ਇਨਾਮ ਬੁਲਿਟ ਮੋਟਰਸਾਈਕਲ ਕਾਕਾ ਅਭੀਰਾਜ ਨੇ ਦਿੱਤਾ। ਤੀਸਰੀ ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਤੇ ਪ੍ਰਿੰਸ ਕੁਹਾਲੀ ਵਿਚਕਾਰ ਬਰਾਬਰ ਰਹੀ, ਜਿਸ ਵਿੱਚ ਜੇਤੂਆਂ ਨੂੰ ਰਾਜੀਵ ਕੁਮਾਰ ਵਾਸੀ ਢਿੱਲਵਾਂ ਵੱਲੋਂ ਇਨਾਮ ਦਿੱਤਾ ਗਿਆ।

ਪਹਿਲੇ ਦਿਨ ਦੀ ਝੰਡੀ ਦੀ ਕੁਸ਼ਤੀ ਦਾ ਇਨਾਮ ਪਲਟੀਨਾ ਮੋਟਰਸਾਈਕਲ ਜੈਦੀਪ ਸਿੰਘ, ਭਾਗ ਸਿੰਘ ਪੂੰਨੀਆਂ ਦੇ ਪਰਿਵਾਰ ਵੱਲੋਂ ਦਿੱਤਾ ਗਿਆ। ਦੰਗਲ ਮੇਲੇ 'ਚ ਮੁੱਖ ਮਹਿਮਾਨ ਵਜੋਂ ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੁੱਖ ਸੇਵਾਦਰ ਪਰਮਜੀਤ ਸਿੰਘ ਢਿੱਲੋਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਜੇਤੂ ਪਹਿਲਵਾਨਾਂ ਨੂੰ ਇਨਾਮ ਵੰਡੇ। ਪ੍ਰਬੰਧਕਾਂ ਵੱਲੋਂ ਆਏ ਮੁੱਖ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ।

# ਗੈਸਟ ਫੈਕਲਟੀ ਅਧਿਆਪਕਾਂ ਦੀ ਹਮਾਇਤ 'ਚ 5 ਨੂੰ ਗੇਟ ਰੈਲੀਆਂ ਕਰਨ ਦਾ ਫੈਸਲਾ

**ਮੂਣਕ (ਰਾਜਪਾਲ ਸਿੰਗਲਾ)**-ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਵੱਖ-ਵੱਖ ਕਾਲਜਾਂ ਦੇ ਸਰਗਰਮ ਕਾਰਕੁਨਾਂ ਦੀ ਮੀਟਿੰਗ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਹੋਈ। ਮੀਟਿੰਗ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਵਿਦਿਆਰਥੀ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ ਤੇ ਅਮੀਤੋਜ ਮੌੜ ਨੇ ਕਿਹਾ ਕਿ ਮੀਟਿੰਗ 'ਚ ਫੈਸਲਾ ਲਿਆ ਗਿਆ ਕਿ 5 ਸਤੰਬਰ ਅਧਿਆਪਕ ਦਿਵਸ ਮੌਕੇ ਕੰਸਟੀਚੂਐਂਟ ਕਾਲਜਾਂ ਤੇ ਨੇਬਰਹੁੱਡ ਕੈਂਪਸ ਗੈਸਟ ਫੈਕਲਟੀ ਪ੍ਰੋਫ਼ੈਸਰਾਂ ਦੇ ਹੱਕ 'ਚ ਕਾਲਜਾਂ 'ਚ ਗੇਟ ਰੈਲੀਆਂ ਕੀਤੀਆਂ ਜਾਣਗੀਆਂ ਤੇ ਪੰਜਾਬ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ।

1 ਤੋਂ 5 ਸਤੰਬਰ ਤੱਕ ਚੰਡੀਗੜ੍ਹ 'ਚ ਬੀਕੇਯੂ ਏਕਤਾ (ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਪੰਜ ਰੋਜ਼ਾ ਖੇਤੀ ਨੀਤੀ ਮੋਰਚਾ ਲਾਇਆ ਜਾ ਰਿਹਾ ਹੈ ਤੇ 5 ਸਤੰਬਰ ਦੀਆਂ ਰੈਲੀਆਂ ਰਾਹੀਂ ਖੇਤੀ ਨੀਤੀ ਮੋਰਚੇ ਦੀ ਵੀ ਹਮਾਇਤ ਕੀਤੀ ਜਾਵੇਗੀ।

ਮੀਟਿੰਗ 'ਚ ਹੁਸ਼ਿਆਰ ਸਲੇਮਗੜ੍ਹ, ਲਛਮਣ ਬਖਸ਼ੀਵਾਲਾ, ਪ੍ਰਵੀਨ ਕੱਲਰਭੈਣੀ, ਸੰਦੀਪ ਬਣਵਾਲਾ, ਕੌਡੀ ਕੌਰ, ਸੁਨੀਲ ਕੁਮਾਰ, ਬਿੰਦਰ ਬਠਿੰਡਾ, ਗੁਰਦਾਤ ਸਿੰਘ, ਸੁਖਚੈਨ ਪੂੰਨਾਵਾਲ, ਬਿਜੇਂਦਰ ਦਿੜ੍ਹਬਾ, ਜਸਲੀਨ ਕੌਰ ਚੀਮਾ ਤੇ ਮਨਪ੍ਰੀਤ ਕੌਰ ਚੀਮਾ ਹਾਜ਼ਰ ਸਨ।

# ਪ੍ਰੈੱਸ ਕਲੱਬ ਹਲਕਾ ਪਾਇਲ ਦੀ ਸਰਬਸੰਮਤੀ ਨਾਲ ਚੋਣ



**ਦੋਰਾਹਾ (ਹਰਮਿੰਦਰ ਸੇਠ)**-ਹਲਕਾ ਪਾਇਲ ਨਾਲ ਸਬੰਧਤ ਦੋਰਾਹਾ, ਪਾਇਲ, ਰਾੜਾ ਸਾਹਿਬ ਤੇ ਹੋਰ ਸਟੇਸ਼ਨਾਂ 'ਤੇ ਆਪਣੀਆਂ ਸੇਵਾਵਾਂ ਨਿਭਾ ਰਹੇ ਕਰੀਬ ਤਿੰਨ ਦਰਜਨ ਪੱਤਰਕਾਰਾਂ ਦੀ ਮੀਟਿੰਗ ਦੋਰਾਹਾ ਵਿਖੇ ਹੋਈ, ਜਿਸ ਵਿੱਚ ਪਹਿਲਾਂ ਕਲੱਬ ਭੰਗ ਕਰਕੇ ਨਵੇਂ ਕਲੱਬ ਦਾ ਗਠਨ ਕੀਤਾ ਗਿਆ, ਜਿਸ ਨੂੰ ਪ੍ਰੈੱਸ ਕਲੱਬ ਹਲਕਾ ਪਾਇਲ ਦਾ ਨਾਂਅ ਦਿੱਤਾ ਗਿਆ।ਇਸ 'ਚ ਕਾਬਲੀਅਤ ਤੇ ਯੋਗਤਾ ਦੇ ਆਧਾਰ 'ਤੇ ਮੈਂਬਰਾਂ ਸਮੇਤ ਹੋਰਨਾਂ ਅਹੁਦੇਦਾਰਾਂ ਨੇ ਸਰਬਸੰਮਤੀ ਨਾਲ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਰਣਧੀਰ ਸਿੰਘ ਧੀਰਾ ਬਰਮਾਲੀਪੁਰ ਨੂੰ ਦਿੱਤੀ ਗਈ।ਇਸੇ ਤਰ੍ਹਾਂ ਰੋਹਿਤ ਗੁਪਤਾ ਚੇਅਰਮੈਨ, ਜੋਗਿੰਦਰ ਸਿੰਘ ਓਬਰਾਏ ਮੁੱਖ ਸਰਪ੍ਰਸਤ, ਜਸਵੀਰ ਸਿੰਘ ਝੱਜ ਸਰਪ੍ਰਸਤ, ਮੈਡਮ ਲਵਲੀਨ ਬੈਂਸ ਮੁੱਖ ਸਪੋਕਸਪਰਸਨ, ਮਨਜੀਤ ਸਿੰਘ ਗਿੱਲ ਉੱਪ ਚੇਅਰਮੈਨ, ਸੁਖਵੰਤ ਸਿੰਘ ਸ਼ਾਹਪੁਰ ਸੀਨੀਅਰ ਮੀਤ ਪ੍ਰਧਾਨ, ਰਵਿੰਦਰ ਸਿੰਘ ਢਿੱਲੋਂ ਜਨਰਲ ਸਕੱਤਰ, ਅਵਤਾਰ ਸਿੰਘ ਜੰਟੀ ਮਾਨ ਮੀਤ ਪ੍ਰਧਾਨ, ਸੁਖਵੀਰ ਸਿੰਘ ਚਣਕੋਈਆ ਸਕੱਤਰ, ਤਰੁਣ ਅਨੰਦ ਖਜ਼ਾਨਚੀ, ਜੋਗਿੰਦਰ ਸਿੰਘ ਕਿਰਤੀ ਸਕੱਤਰ, ਗੁਰਜੀਤ ਸਿੰਘ ਖਾਲਸਾ ਜਥੇਬੰਦਕ ਸਕੱਤਰ, ਨਰਿੰਦਰ ਸਿੰਘ ਸ਼ਾਹਪੁਰ ਮੁੱਖ ਸਲਾਹਕਾਰ, ਗੁਰਦੀਪ ਸਿੰਘ ਸ਼ਾਹਪੁਰ ਜੂਨੀਅਰ ਮੀਤ ਪ੍ਰਧਾਨ, ਕਰਮਜੀਤ ਮਛਾਲ ਬੁਲਾਰਾ, ਹਰਮਿੰਦਰ ਸੇਠ ਪ੍ਰੈੱਸ ਸਕੱਤਰ ਤੇ ਅਰਵਿੰਦਰ ਸਿੰਘ ਸਵੈਚ ਸਲਾਹਕਾਰ ਚੁਣੇ ਗਏ। ਮੁਦਿੱਤ ਮਹਿੰਦਰਾ, ਕੁਲਦੀਪ ਸਿੰਘ ਬਰਮਾਲੀਪੁਰ, ਮਨਪ੍ਰੀਤ ਸਿੰਘ ਰਣਦਿਓ, ਬਲਜੀਤ ਸਿੰਘ ਜੀਰਖ, ਮਨਪ੍ਰੀਤ ਸਿੰਘ ਮਾਂਗਟ, ਗੁਰਪ੍ਰੀਤ ਸਿੰਘ ਖੱਟੜਾ, ਸਵੇਕ ਸੂਦ, ਧਰਮਜੀਤ ਸਿੰਘ ਹੈਪੀ ਜੱਲਾ, ਪ੍ਰੀਤੀ ਵਰਮਾ, ਪ੍ਰਗਟ ਸਿੰਘ ਸੇਹ, ਜਗਤਾਰ ਸਿੰਘ ਘੁਡਾਣੀ, ਸੁਖਦੇਵ ਸਿੰਘ ਬਿਲਾਸਪੁਰ, ਲਖਵੀਰ ਸਿੰਘ ਲੱਖਾ, ਕੁਲਵੀਰ ਸਰਾਂ ਤੇ ਅਮਰੀਸ਼ ਆਨੰਦ ਕਲੱਬ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਚੁਣੇ ਗਏ।

# ਡੀ ਸੀ ਦਫ਼ਤਰ ਕਰਮਚਾਰੀਆਂ ਵੱਲੋਂ ਸੰਕੇਤਕ ਧਰਨਾ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਡੀ ਸੀ ਦਫ਼ਤਰ ਕਰਮਚਾਰੀ ਯੂਨੀਅਨ ਪੰਜਾਬ ਦੀ ਤੇਜਿੰਦਰ ਸਿੰਘ ਨੰਗਲ ਸੂਬਾ ਪ੍ਰਧਾਨ ਤੇ ਨਰਿੰਦਰ ਸਿੰਘ ਚੀਮਾ ਸੂਬਾ ਜਨਰਲ ਸਕੱਤਰ ਦੀ ਅਗਵਾਈ 'ਚ ਜ਼ਿਲ੍ਹਾ ਮੋਗਾ ਵਿਖੇ ਕੀਤੀ ਗਈ ਸੂਬਾ ਪੱਧਰੀ ਮੀਟਿੰਗ 'ਚ ਸਰਵਸੰਮਤੀ ਨਾਲ ਲਏ ਫ਼ੈਸਲੇ ਅਨੁਸਾਰ ਸਰਕਾਰ ਨੂੰ ਨੋਟਿਸ ਭੇਜ ਕੇ 16-08-2024 ਤੱਕ ਮੰਗਾਂ ਦੀ ਪੂਰਤੀ ਕਰਨ ਲਈ ਲਿਖਿਆ ਗਿਆ ਸੀ ਪਰ ਸਰਕਾਰ ਵੱਲੋਂ ਨਾ ਤਾਂ ਜਥੇਬੰਦੀ ਨੂੰ ਮੀਟਿੰਗ ਕੀਤੀ ਗਈ ਤੇ ਨਾ ਹੀ ਮੰਗਾਂ ਦੀ ਪੂਰਤੀ ਕੀਤੀ ਗਈ।ਇਸ ਸੰਬੰਧੀ ਯੂਨੀਅਨ ਵੱਲੋਂ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ ਵਿਟਾਂਦਰਾ ਕਰਨ ਉਪਰੰਤ ਲਏ ਗਏ ਫ਼ੈਸਲੇ ਅਨੁਸਾਰ ਸਰਕਾਰ ਨੂੰ 4 ਸਤੰਬਰ 2024 ਤੱਕ ਦਾ ਸਮਾਂ ਦਿੰਦੇ ਹੋਏ ਇੱਕ ਹੋਰ ਨੋਟਿਸ ਭੇਜਿਆ ਗਿਆ।ਜਾਣਕਾਰੀ ਦਿੰਦੇ ਸਰਨਵੀਰ ਸਿੰਘ ਜ਼ਿਲ੍ਹਾ ਪ੍ਰਧਾਨ ਤੇ ਸੰਦੀਪ ਸਿੰਘ ਜਨਰਲ ਸਕੱਤਰ ਡੀ ਸੀ ਦਫਤਰ ਕਰਮਚਾਰੀ ਅਸੋਸੀਏਸ਼ਨ ਜ਼ਿਲ੍ਹਾ ਮਾਲੇਰਕੋਟਲਾ ਨੇ ਦੱਸਿਆ ਕਿ ਸੂਬਾ ਬਾਡੀ ਵੱਲੋਂ ਲਏ ਫ਼ੈਸਲੇ ਅਨੁਸਾਰ ਅੱਜ ਡੀ. ਸੀ. ਦਫ਼ਤਰ ਦੇ ਸਮੂਹ ਕਰਮਚਾਰੀਆਂ ਵੱਲੋਂ ਸੰਕੇਤਕ ਧਰਨਾ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਜੇਕਰ 4 ਸਤੰਬਰ 2024 ਤੱਕ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨਾ ਮੰਨੀਆਂ ਗਈਆਂ ਤਾਂ 5 ਸਤੰਬਰ 2024 ਤੋਂ 10 ਸਤੰਬਰ 2024 ਤੱਕ ਸੂਬੇ ਦੇ ਸਾਰੇ ਡੀ ਸੀ ਦਫ਼ਤਰਾਂ, ਐੱਸ.ਡੀ.ਐੱਮ. ਦਫ਼ਤਰਾਂ, ਤਹਿਸੀਲ ਤੇ ਸਬ ਤਹਿਸੀਲ ਦਫ਼ਤਰਾਂ ਵਿੱਚ ਹੜਤਾਲ ਕੀਤੀ ਜਾਵੇਗੀ।

# ਗੁਰਦੁਆਰਾ ਦੂਖਨਿਵਾਰਨ ਸਾਹਿਬ ਦੇ ਮੈਨੇਜਰ ਵਜੋਂ ਰਾਜਿੰਦਰ ਸਿੰਘ ਟੌਹੜਾ ਨੇ ਸੰਭਾਲਿਆ ਕਾਰਜਭਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਨਵ ਨਿਯੁਕਤ ਮੈਨੇਜਰ ਸ੍ਰ. ਰਾਜਿੰਦਰ ਸਿੰਘ ਟੌਹੜਾ ਨੇ ਆਪਣਾ ਕਾਰਜਭਾਰ ਸੰਭਾਲ ਲਿਆ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਨਵ-ਨਿਯੁਕਤ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਨੂੰ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।ਮੈਨੇਜਰ ਦੇ ਅਹੁਦੇ ਦਾ ਕਾਰਜਭਾਰ ਸੰਭਾਲਣ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਉਚੇਚੇ ਤੌਰ 'ਤੇ ਪੁੱਜੇ ਸਨ, ਜਿਨ੍ਹਾਂ ਵੱਲੋਂ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਨੂੰ ਸਿਰੋਪਾਓ ਭੇਟ ਕਰਕੇ ਅਹੁਦੇ 'ਤੇ ਬਿਠਾਇਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ 'ਤੇ ਮੁੱਖ ਪ੍ਰਬੰਧਕ ਵਜੋਂ ਜ਼ਿੰਮੇਵਾਰੀ ਮਿਲੀ ਹੈ ਤੇ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਪ੍ਰਦਾਨ ਕਰਨਗੇ।ਉਨ੍ਹਾ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਵਧੇਰੇ ਸੁਚਾਰੂ ਬਣਾ ਕੇ ਰੱਖਣ ਲਈ ਉਹ ਵਚਨਬੱਧ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈੱਡ ਗ੍ਰੰਥੀ ਭਾਈ ਭੁਪਿੰਦਰਪਾਲ ਸਿੰਘ, ਮੀਤ ਮੈਨੇਜਰ ਭਾਗ ਸਿੰਘ ਚੌਹਾਨ, ਸੁਰਜੀਤ ਸਿੰਘ ਕੌਲੀ, ਆਤਮ ਪ੍ਰਕਾਸ਼ ਸਿੰਘ ਬੇਦੀ, ਅਕਾਊਂਟੈਂਟ ਗੁਰਮੀਤ ਸਿੰਘ, ਭਾਈ ਹਰਵਿੰਦਰ ਸਿੰਘ ਕਾਹਲਵਾਂ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਭਾਈ ਬਲਵਿੰਦਰ ਸਿੰਘ ਨੇਪਰਾ, ਭਾਈ ਸੁਰਿੰਦਰ ਸਿੰਘ ਘੁਮਾਣਾ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਮੌਜੂਦ ਸਨ।

# ਹੱਲੂਵਾਲ 'ਚ ਕਾਜ਼ਵੇਅ ਲਈ ਚੱਬੇਵਾਲ ਵੱਲੋਂ 2 ਕਰੋੜ 25 ਲੱਖ ਰੁਪਏ ਦੀ ਗ੍ਰਾਂਟ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਵਿਕਾਸ ਕਾਰਜਾਂ ਨੂੰ ਪ੍ਰਫੁੱਲਤ ਕਰਨ ਦੇ ਮੰਤਵ ਨਾਲ ਪਿੰਡ ਹੱਲੂਵਾਲ ਦੇ ਵਾਸੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਕਾਜ਼ਵੇਅ ਦੇ ਨਿਰਮਾਣ ਲਈ 2 ਕਰੋੜ 25 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ। ਪੇਂਡੂ ਖੇਤਰਾਂ ਵਿੱਚ ਖੇਡ ਸਟੇਡੀਅਮ ਦੇ ਵਿਕਾਸ ਲਈ 10 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ। ਇਸ ਨਾਲ ਨਾ ਸਿਰਫ਼ ਪੇਂਡੂ ਬੁਨਿਆਦੀ ਢਾਂਚੇ ਵਿੱਚ ਸੁਧਾਰ ਹੋਵੇਗਾ, ਸਗੋਂ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਲਈ ਵੀ ਵਧੀਆ ਸਹੂਲਤਾਂ ਮਿਲਣਗੀਆਂ।ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਇਸ ਮੌਕੇ ਉਨ੍ਹਾਂ ਨਾਲ ਡਾ: ਇਸ਼ਾਂਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਪਿੰਡ 'ਚ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਪਿੰਡ ਦੀਆਂ ਵਿਕਾਸ ਯੋਜਨਾਵਾਂ ਬਾਰੇ ਚਰਚਾ ਕੀਤੀ। ਡਾ: ਰਾਜ ਨੇ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਤਾਂ ਜੋ ਇੱਥੋਂ ਦੇ ਲੋਕ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਪ੍ਰਾਪਤ ਕਰ ਸਕਣ। ਇਸ ਦੇ ਨਾਲ ਹੀ ਸਾਂਸਦ ਨੇ ਪਿੰਡ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਖੇਡ ਸਟੇਡੀਅਮ ਬਣਾਉਣ ਲਈ 10 ਲੱਖ ਰੁਪਏ ਦੀ ਰਾਸ਼ੀ ਵੀ ਦਿੱਤੀ। ਪਿੰਡ ਹੱਲੂਵਾਲ ਦੇ ਵਸਨੀਕਾਂ ਨੇ ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਇਸ ਮੌਕੇ ਦਲਜੀਤ ਸਿੰਘ ਸਰਪੰਚ,



ਗੁਰਦੀਪ ਸਿੰਘ ਪੰਚ, ਸਟੇਟ ਅਵਾਰਡ ਜਗਦੀਸ ਸਿੰਘ, ਸੁਰਜੀਤ ਸਿੰਘ,ਐਸ.ਡੀ.ਓ. ਰਵਿੰਦਰ ਸਿੰਘ, ਨੰਬਰਦਾਰ ਭਗਤ ਰਾਮ, ਪ੍ਰਧਾਨ ਤਰਲੋਕ ਸਿੰਘ,ਏ.ਐਸ.ਆਈ ਅਸ਼ਵਨੀ ਕੁਮਾਰ, ਬੀ.ਡੀ.ਪੀ.ਓ. ਸੈਕਟਰੀ ਜਰਨੈਲ , ਮਹਿੰਦਰ ਸਿੰਘ, ਪ੍ਰਧਾਨ ਕੁਲਵਿੰਦਰ ਸਿੰਘ, ਸੋਹਣ ਲਾਲ, ਮੋਹਣ ਲਾਲ ਰੋਡਵੇਜ਼, ਸੁਖਦੇਵ ਸਿੰਘ ਸੂਬੇਦਾਰ, ਜਸਪਾਲ , ਮਨੀ, ਬਲਕਾਰ ਆਦਿ ਮੌਜੂਦ ਸਨ।

# ਸਬ-ਡਵੀਜ਼ਨ ਪੱਧਰ 'ਤੇ ਨਸ਼ਾ ਛੁਡਾਊ ਕਮੇਟੀ ਦਾ ਗਠਨ

**ਫਿਲੌਰ ( ਨਿਰਮਲ )**- ਐੱਸ.ਡੀ.ਐੱਮ ਫਿਲੌਰ ਅਮਨਪਾਲ ਸਿੰਘ ਨੇ ਸਬ ਡਵੀਜ਼ਨ ਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਪੱਧਰ 'ਤੇ ਨਸ਼ਾ ਛੜਾਊ ਕਮੇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਸਬੰਧਤ ਸਬ ਡਵੀਜ਼ਨ ਦੇ ਐੱਸ.ਡੀ.ਐੱਮ ਤੋਂ ਇਲਾਵਾ ਸਬੰਧਤ ਡਿਪਟੀ ਸੁਪਰਡੰਟ ਆਫ ਪੁਲਸ, ਸਮੂਹ ਐਸ.ਐਮ.ਓਜ਼, ਸਮੂਹ ਬੀ.ਡੀ.ਪੀ.ਓਜ਼, ਈ.ਓ.ਐਮ.ਸੀਜ਼, ਸੀ.ਡੀ.ਪੀ.ਓਜ਼, ਬੀ.ਪੀ.ਈ.ਓਜ਼, ਸਬੰਧਤ ਪ੍ਰਿੰਸੀਪਲਜ਼ ਅਤੇ ਯੂਥ ਕਲੱਬ/ਸ਼ੋਸ਼ਲ ਸਰਵਿਸ ਕਲੱਬ ਆਦਿ ਮੈਂਬਰ ਰੱਖੇ ਗਏ ਹਨ। ਮੀਟਿੰਗ 'ਚ ਹਾਜ਼ਰ ਮੈਂਬਰਾਂ ਨੂੰ ਹਦਾਇਤ ਕੀਤੀ ਗਈ ਕਿ ਸਬ ਡਵੀਜ਼ਨ ਫਿਲੌਰ ਵਿਖੇ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਨਸ਼ੇ ਦੇ ਆਦੀ ਲੋਕਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾਵੇ। ਪ੍ਰਿੰਸੀਪਲ ਡੀ.ਏ.ਵੀ ਕਾਲਜ ਫਿਲੌਰ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਕਾਲਜ ਵਿਚ ਇਸ ਵਿਸ਼ੇ ਸਬੰਧੀ ਸੈਮੀਨਾਰ ਕਰਵਾਏ ਜਾ ਰਹੇ ਹਨ। ਜਿਸ ਵਿੱਚ ਵਿਦਿਆਰਥੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਪੁਲਸ ਵਿਭਾਗ ਦੇ ਹਾਜ਼ਰ ਨੁਮਾਇੰਦਿਆਂ ਵੱਲੋਂ ਦੱਸਿਆ ਗਿਆ ਕਿ ਪੁਲਸ ਵਿਭਾਗ ਵੱਲੋਂ ਵੀ ਨਸ਼ਿਆਂ ਨੂੰ ਰੋਕਣ ਸਬੰਧੀ ਹਦਾਇਤਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਡਿਪਟੀ ਕਮਿਸ਼ਨਰ ਨੇ ਰਸਨਹੇੜੀ 'ਚ ਲਾਏ ਕੈਂਪ 'ਚ ਸ਼ਾਮਲ ਹੋ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਮੋਹਾਲੀ (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡ ਭਾਂਖਰਪੁਰ ਤੋਂ ਸ਼ੁਰੂ ਕੀਤੇ ਕੈਂਪ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ, ਦੀ ਲਗਾਤਾਰਤਾ ਤਹਿਤ ਅੱਜ ਖਰੜ ਬਲਾਕ ਦੇ ਪਿੰਡ ਰਸਨਹੇੜੀ ਵਿਖੇ ਲੋਕ ਸੁਵਿਧਾ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਪਿੰਡ ਗੱਬੇ ਮਾਜਰਾ, ਤੋਲੇਮਾਜਰਾ, ਤ੍ਰਿਪੜੀ, ਮਗਰ, ਰਸਨਹੇੜੀ ਅਤੇ ਨੱਗਲ ਫੈਜ਼ਗੜ੍ਹ ਦੇ ਨਿਵਾਸੀਆਂ ਵੱਲੋਂ ਆਪਣੀਆਂ ਮੁਸ਼ਕਿਲਾਂ/ਸਮੱਸਿਆਵਾਂ ਲੈ ਕੇ ਪਹੁੰਚ ਕੀਤੀ ਗਈ।ਇਹ ਕੈਂਪ ਆਮ ਲੋਕਾਂ ਦੀਆਂ ਮੁਸ਼ਕਲਾਂ ਅਤੇ ਕੰਮਾਂ ਦੇ ਨਿਪਟਾਰੇ ਲਈ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਸਾਬਤ ਹੋਇਆ। ਕੈਂਪ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਪੁੱਜੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੈਂਪ ਵਿੱਚ ਪੁੱਜੇ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪਿੰਡਾਂ, ਵਾਰਡਾਂ/ਸ਼ਹਿਰਾਂ ਵਿੱਚ ਲੱਗਣ ਵਾਲੇ ਕੈਂਪਾਂ



ਸਬੰਧੀ ਆਮ ਲੋਕਾਂ ਨੂੰ ਘੱਟੋ-ਘੱਟ 15 ਦਿਨ ਪਹਿਲਾਂ ਸੂਚਿਤ ਕਰਨਾ ਯਕੀਨੀ ਬਣਾਉਣ ਤਾਂ ਜੋ ਲੋਕ ਆਪਣੇ ਲੰਬਿਤ ਕੰਮਾਂ ਸਬੰਧੀ ਆਪਣੇ ਦਸ਼ਤਾਵੇਜ਼ ਪੂਰੇ ਕਰ ਸਕਣ ਅਤੇ ਕੈਂਪ ਵਿੱਚ ਪਹੁੰਚਣ 'ਤੇ ਉਨ੍ਹਾਂ ਦਾ ਕੰਮ ਸਹੀ ਢੰਗ ਨਾਲ ਨੇਪਰੇ ਚੜ੍ਹ ਸਕੇ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਲੋਕਾਂ ਨੂੰ ਇਹ ਵੀ ਪਤਾ ਹੋਣਾ ਯਕੀਨੀ ਬਣਾਇਆ ਜਾਵੇ ਕਿ ਲੱਗਣ ਵਾਲੇ ਕੈਂਪ ਵਿੱਚ ਕਿਹੜੇ-ਕਿਹੜੇ ਵਿਭਾਗ ਸ਼ਾਮਲ ਹੋ ਰਹੇ ਹਨ ਤਾਂ ਜੋ ਉਸ ਅਨੁਸਾਰ ਲੋਕ ਆਪਣੀਆਂ ਅਰਜ਼ੀਆਂ ਲੈ ਕੇ ਪੁੱਜ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ ਕੰਮ ਵਿੱਚ ਹੋਰ ਵਧੇਰੇ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ।

# 9 ਦੀ ਸ਼ਹੀਦੀ ਕਾਨਫਰੰਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਕਾਲਾ ਸੰਘਿਆਂ (ਮਨਜੀਤ ਮਾਨ)** - ਕਿਰਤੀ ਕਿਸਾਨ ਯੂਨੀਅਨ ਪੰਜਾਬ ਕਾਲਾ ਸੰਘਿਆਂ ਦੀ ਮੀਟਿੰਗ ਗੁਰਦੁਆਰਾ ਬਾਬਾ ਕਾਹਨ ਦਾਸ ਵਿਖੇ ਬਲਵਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ 'ਚ ਹੋਏ ਤੇ ਫੈਸਲਾ ਕੀਤਾ ਕਿ 9 ਸਤੰਬਰ ਦਾ ਸ਼ਹੀਦੀ ਦਿਵਸ ਵੱਡੀ ਗਿਣਤੀ 'ਚ ਇੱਕਠੇ ਹੋ ਕੇ ਮਨਾਇਆ ਜਾਵੇਗਾ।ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਫੌਜਦਾਰੀ ਕਾਨੂੰਨਾਂ ਦੀ ਨਿਖੇਧੀ ਕਰਦਿਆਂ ਇਹਨਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਪੱਛਮੀ ਬੰਗਾਲ ਵਿੱਚ ਮੈਡੀਕਲ ਕਾਲਜ ਵਿੱਚ ਲੇਡੀ ਡਾ. ਨਾਲ਼ ਰੇਪ ਕਰਕੇ ਕਤਲ ਕਰਨ ਦੀ ਜੋਰਦਾਰ ਨਿਖੇਧੀ ਕੀਤੀ ਗਈ ਤੇ ਇਸ ਕਾਤਲ ਖਿਲਾਫ ਲੋਕਾਂ ਦੇ ਘੋਲ ਦੀ ਹਿਮਾਇਤ ਕੀਤੀ ਗਈ। ਮੀਟਿੰਗ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਰਛਪਾਲ ਸਿੰਘ, ਸੂਬਾ ਮੀਤ ਪ੍ਰਧਾਨ ਰਘਬੀਰ ਸਿੰਘ ਮਹਿਰਵਾਲ਼ਾ, ਪਲਵਿੰਦਰ ਸਿੰਘ ਪ੍ਰਧਾਨ ਬਲਾਕ ਕਾਲਾ ਸੰਘਿਆਂ ਅਤੇ ਜਸਵਿੰਦਰ ਸਿੰਘ ਨੇ ਸੰਬੋਧਨ ਕੀਤਾ।

# ਸੇਂਟ ਸੋਲਜਰ ਇੰਟਰ ਕਾਲਜ ਦੇ ਵਿਦਿਆਰਥੀਆਂ ਨੇ ਬਿਜਲੀ ਦੀ ਬੱਚਤ ਲਈ ਕੀਤਾ ਜਾਗਰੂਕ



**ਜਲੰਧਰ (ਇਕਬਾਲ ਉੱਭੀ)**-ਸੇਂਟ ਸੋਲਜਰ ਇੰਟਰ ਕਾਲਜ ਦੇ ਵਿਦਿਆਰਥੀਆਂ ਨੇ ਬਿਜਲੀ ਦੀ ਬੱਚਤ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਗਤੀਵਿਧੀ ਦਾ ਆਯੋਜਨ ਸਕੂਲ ਪ੍ਰਿੰਸੀਪਲ ਮਨਗਿੰਦਰ ਸਿੰਘ ਦੀ ਦੇਖ ਰੇਖ ਹੇਠ ਕੀਤਾ ਗਿਆ।ਵਿਦਿਆਰਥੀਆਂ ਨੇ ਦੱਸਿਆ ਕਿ ਬਿਜਲੀ ਦੀ ਬੱਚਤ, ਸਮੁੱਚੀ ਖਪਤ ਨੂੰ ਘਟਾਉਣ ਲਈ ਜ਼ਰੂਰੀ ਹੈ ਤੇ ਇਹ ਘਰੇਲੂ ਅਤੇ ਉਦਯੋਗਿਕ ਉਦੇਸ਼ਾਂ ਲਈ ਵਰਤਿਆ ਜਾ ਰਿਹਾ ਹੈ ਤੇ ਕਿਹਾ ਕਿ ਇਸ ਨੂੰ ਭਵਿੱਖ ਲਈ ਸੰਭਾਲਣਾ ਬਹੁਤ ਜ਼ਰੂਰੀ ਹੈ। ਵਿਦਿਆਰਥੀਆਂ ਨੇ ਸਮਾਜ ਨੂੰ ਸੰਦੇਸ਼ ਦੇਣ ਲਈ ਵੱਖ ਵੱਖ ਤਰ੍ਹਾਂ ਦੇ ਨਾਅਰੇ ਲਗਾਏ ਤੇ ਪੋਸਟਰ ਬਣਾਏ ਜਿਸ ਵਿੱਚ 'ਅੱਜ ਦੀ ਅਗਿਆਨਤਾ ਕੱਲ੍ਹ ਹਨੇਰਾ ਲਿਆਵੇਗੀ', 'ਤੁਹਾਨੂੰ ਦੁਰਵਿਵਹਾਰ ਨਾ ਕਰਨ ਦੀ ਚੋਣ ਕਰਨੀ ਚਾਹੀਦੀ ਹੈ', 'ਊਰਜਾ ਬਚਾਓ', 'ਬਿਜਲੀ ਦੀ ਬੱਚਤ ਕਰੋ' ਆਦਿ ਸ਼ਾਮਿਲ ਸਨ। ਸਕੂਲ ਦੀ ਇਸ ਪਹਿਲਕਦਮੀ 'ਤੇ ਗਰੁੱਪ ਦੀ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਕਿਹਾ ਕਿ ਹੁਣ ਬਿਜਲੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਅਸੰਭਵ ਹੈ, ਇਸ ਲਈ ਸਾਨੂੰ ਬਿਜਲੀ ਦੀ ਖਪਤ ਨੂੰ ਘੱਟ ਕਰਨਾ ਚਾਹੀਦਾ ਹੈ।

# 'ਰੱਖੜੀ' 'ਤੇ ਅਧਾਰਤ ਵੈੱਬ ਫਿਲਮ ਦੇ ਇੱਕ ਸਾਲ ਪੂਰਾ ਹੋਣ 'ਤੇ ਕੀਤਾ ਸਮਾਗਮ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੱਥੇ ਸੁਹਿਰਦ ਸਾਹਿਤ ਦੇ ਕਹਾਣੀਕਾਰ ਰਮੇਸ਼ ਬੇਧੜਕ ਦੀ ਭੈਣ-ਭਰਾ ਦੀ ਮਹੱਤਤਾ ਦਸਦੀ ਕਹਾਣੀ 'ਰੱਖੜੀ' ਤੇ ਅਧਾਰਤ ਅਸ਼ੋਕ ਪੁਰੀ ਦੀ ਨਿਰਦੇਸ਼ਤ ਵੈੱਬ ਫਿਲਮ ਦੇ ਇੱਕ ਸਾਲ ਪੂਰਾ ਹੋਣ 'ਤੇ ਸ੍ਰੀ ਗਰੇਸਾ ਫਿਲਮਸ ਵੱਲੋਂ ਇੱਕ ਸਮਾਗਮ ਕੀਤਾ ਗਿਆ ਜਿਸ ਵਿੱਚ ਸਮਾਜ ਸੇਵਕ ਡਾ.ਹਰਜਿੰਦਰ ਸਿੰਘ ਓਬਰੋਏ, ਐਡਵੋਕੇਟ ਐਸ.ਪੀ ਰਾਣਾ, ਐਲੀ ਰਮੇਸ਼ ਕੁਮਾਰ ਡਿਸਟ੍ਰਿਕ ਗਵਰਨਰ ਅਲਾਂਇਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਅਮ੍ਰਿਤ ਲਾਲ ਅਤੇ ਕਮਲਜੀਤ ਸਿੰਘ ਬੇਧੜਕ ਸਨ।ਪ੍ਰੋਗਰਾਮ ਦੇ ਸ਼ੁਰੂ ਵਿੱਚ 'ਰੱਖੜੀ' ਦੇ ਨਿਰਦੇਸ਼ਕ ਅਸ਼ੋਕ ਪੁਰੀ ਨੇ ਦੱਸਿਆ ਕਿ ਡੀ.ਡੀ. ਪੰਜਾਬੀ ਵੱਲੋਂ ਪਿਛਲੀ ਰੱਖੜੀ ਦੇ ਮੌਕੇ 'ਤੇ ਰਿਲੀਜ਼ ਕੀਤੀ ਗਈ ਫਿਲਮ ਹੁਣ ਓ.ਟੀ. ਟੀ ਦੇ ਪਲੇਟਫਾਰਮ ਸਿਨੇਬੋਕਸ ਪ੍ਰਾਈਮ ਤੇ ਸਾਰੀ ਦੁਨੀਆ ਵਿਚ ਦਿਖਾਈ ਜਾਵੇਗੀ। ਜਿਸ ਲਈ ਇਸ ਦੀ ਸਾਰੀ ਟੀਮ ਵਧਾਈ ਦੀ ਪਾਤਰ ਹੈ। ਡਾ.ਓਬਰੋਏ ਨੇ ਦੱਸਿਆ ਕਿ ਚੰਗੇ ਸਾਹਿਤ ਦਾ ਫਿਲਮਾਕਨ ਕਰਕੇ ਸਮਾਜ ਨੂੰ ਦਿਖਾਉਣਾ ਇੱਕ ਵੱਡਾ ਉੱਦਮ ਹੈ ਜਿਸ ਤੋਂ ਅੱਜ ਦੀਆਂ ਸਰਕਾਰਾਂ ਵੀ ਹੱਥ ਪਿੱਛੇ ਕਰ ਚੁੱਕੀਆਂ ਹਨ। ਹੁਣ ਸਮਾਜ ਦੀ ਡਿਊਟੀ ਬਣਦੀ ਹੈ ਕਿ ਇਨ੍ਹਾਂ ਉਪਰਾਲਿਆਂ ਨੂੰ ਸਫਲ ਹੋਣ ਲਈ ਨਾਲ ਖੜ੍ਹਾ ਹੋਵੇ।ਫਿਲਮ ਦੇ ਕਲਾਕਾਰ ਗੁਰਮੇਲ ਧਾਲੀਵਾਲ, ਰਮੇਸ਼ ਬੇਧੜਕ ਅਤੇ ਅਸ਼ੋਕ ਪੁਰੀ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ ਵਿਚ ਸ੍ਰੀ ਗਰੇਸਾ ਫਿਲਮਸ ਵੱਲੋਂ ਐਡਵੋਕੇਟ ਐਸ.ਪੀ ਰਾਣਾ ਅਤੇ ਡਾ. ਹਰਜਿੰਦਰ ਸਿੰਘ ਓਬਰੋਏ ਨੇ ਕਹਾਣੀਕਾਰ ਰਮੇਸ਼ ਬੇਧੜਕ ਨੂੰ ਇੱਕ ਦੋਸ਼ਾਲਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਪਲੇਸਮੈਂਟ ਕੈਂਪ 'ਚ 20 ਨੌਜਵਾਨ ਰੋਜ਼ਗਾਰ ਲਈ ਸ਼ਾਰਟਲਿਸਟ

**ਜਲੰਧਰ (ਸੁਰਿੰਦਰ ਕੁਮਾਰ)**- ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਆਪਣੇ ਦਫ਼ਤਰ ਵਿਖੇ ਲਾਏ ਗਏ ਪਲੇਸਮੈਂਟ ਕੈਂਪ ਦੌਰਾਨ 20 ਨੌਜਵਾਨ ਰੋਜ਼ਗਾਰ ਲਈ ਸ਼ਾਰਟਲਿਸਟ ਕੀਤੇ ਗਏ।ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਅਫ਼ਸਰ ਮੁਕੇਸ਼ ਸਰੰਗਲ ਨੇ ਦੱਸਿਆ ਕਿ ਕੈਂਪ ਵਿੱਚ ਆਈ.ਟੀ.ਸੀ., ਐਲ.ਆਈ.ਸੀ. ਅਤੇ ਸਵਿਫਟ ਸਕਿਓਰਿਟੀ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 36 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 20 ਉਮੀਦਵਾਰ ਕੰਪਨੀਆਂ ਵੱਲੋਂ ਵੱਖ-ਵੱਖ ਨੌਕਰੀਆਂ ਲਈ ਸ਼ਾਰਟਲਿਸਟ ਕੀਤੇ ਗਏ।ਸਰੰਗਲ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਜਵਾਨਾਂ ਦੀ ਰੋਜ਼ਗਾਰ ਪ੍ਰਾਪਤੀ ਵਿੱਚ ਮਦਦ ਲਈ ਆਉਣ ਵਾਲੇ ਦਿਨਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਅਜਿਹੇ ਹੋਰ ਪਲੇਸਮੈਂਟ ਕੈਂਪ ਲਗਾਏ ਜਾਣਗੇ। ਉਨ੍ਹਾਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੇਰੇ ਮੌਕਿਆਂ ਲਈ ਇਨ੍ਹਾਂ ਕੈਂਪਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਖੂਨਦਾਨ ਕੈਂਪ ਲਗਾਇਆ



**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਐਨ ਐਸ ਐਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਨੇ ਪਿਮਸ ਹਸਪਤਾਲ ਜਲੰਧਰ ਅਤੇ ਬਲੱਡ ਕਨੈਕਟ ਐਨ ਜੀ ਓ ਦੇ ਸਹਿਯੋਗ ਨਾਲ ਕਾਲਜ ਕੈਂਪਸ 'ਚ ਇੱਕ ਰੋਜ਼ਾ ਖੂਨਦਾਨ ਕੈਂਪ ਲਗਾਇਆ ਗਿਆ।ਕੈਂਪ ਦਾ ਉਦਘਾਟਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕੀਤਾ।ਉਨ੍ਹਾਂ ਆਪਣੇ ਸੰਬੋਧਨ 'ਚ ਦੱਸਿਆ ਕਿ ਭਾਰਤ ਵਿੱਚ ਪ੍ਰਤੀ ਹਜ਼ਾਰ ਲੋਕਾਂ ਪਿੱਛੇ ਸਿਰਫ਼ 8 ਲੋਕ ਹੀ ਖੂਨ ਦਾਨ ਕਰਦੇ ਹਨ।ਉਹਨਾਂ ਨੇ ਕਾਲਜ ਦੇ ਨੌਜਵਾਨ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਆਪਣਾ ਖੂਨਦਾਨ ਕੀਤਾ।ਐਨ ਐਸ ਐਸ ਦੇ ਮੁੱਖ ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਐਨ ਐਸ ਐਸ ਵਲੰਟੀਅਰਾਂ ਨੇ ਵਿਦਿਆਰਥੀਆਂ ਨੂੰ ਪੋਸਟਰ ਅਤੇ ਸਲੋਗਨ ਦੁਆਰਾ ਖੂਨ ਕਰਨ ਲਈ ਪ੍ਰੇਰਿਤ ਕੀਤਾ।ਇਸ ਕੈਂਪ ਲਈ 60 ਤੋਂ ਵੱਧ ਉਮੀਦਵਾਰਾਂ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਦੌਰਾਨ ਪ੍ਰੋਫੈਸਰ ਸੋਮਨ ਗੋਇਲ ਅਤੇ ਪ੍ਰੋ. ਐਨੀ ਗੋਇਲ ਨੇ ਵੀ ਖੂਨਦਾਨ ਕੀਤਾ।ਇਸ ਮੌਕੇ ਡਾ. ਗਗਨਦੀਪ ਕੌਰ, ਮੁਖੀ ਜ਼ੁਆਲੋਜੀ ਵਿਭਾਗ, ਡਾ. ਉਪਮਾ ਅਰੋੜਾ, ਡਾ. ਕਰਨਬੀਰ ਸਿੰਘ, ਪ੍ਰੋ. ਸਰਬਜੀਤ ਸਿੰਘ, ਡਾ. ਅਮਨਦੀਪ ਕੌਰ, ਡਾ. ਹੇਮਿੰਦਰ ਸਿੰਘ ਅਤੇ ਸ੍ਰੀ ਗੁਰਮੇਲ ਚੰਦ ਵੀ ਹਾਜ਼ਰ ਸਨ।

# ਸਿਹਤ ਕਰਮਚਾਰੀਆਂ ਵੱਲੋਂ ਡੇਂਗੂ ਪ੍ਰਤੀ ਕੀਤਾ ਜਾਗਰੂਕ



**ਭੁਲੱਥ (ਮਨਪ੍ਰੀਤ ਸਿੰਘ)** ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਅਤੇ ਸੀਨੀਅਰ ਮੈਡੀਕਲ ਅਫਸਰ ਭੁਲੱਥ ਡਾਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਹਰ ਸ਼ੁਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਦੌਰਾਨ ਨਗਰ ਪੰਚਾਇਤ ਦਫ਼ਤਰ ਭੁਲੱਥ ਵਿਖੇ ਸਿਵਲ ਹਸਪਤਾਲ ਭੁਲੱਥ ਦੇ ਸਿਹਤ ਕਰਮਚਾਰੀਆਂ ਵੱਲੋਂ ਆਮ ਜਨਤਾ ਨੂੰ ਡੇਂਗੂ ਤੇ ਮਲੇਰੀਆ ਤੋਂ ਬਚਾਅ ਸੰਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਸਿਹਤ ਕਰਮਚਾਰੀਆਂ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਦਾ ਮੱਛਰ ਖੜ੍ਹੇ ਸਾਫ਼ ਤੇ ਪੈਦਾ ਹੁੰਦਾ ਹੈ।ਉਹਨਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਕੂਲਰਾਂ, ਗਮਲਿਆਂ 'ਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਤੇ ਕੂਲਰਾਂ, ਗਮਲਿਆਂ ਤੇ ਫਰਿੱਜਾਂ ਦੀਆਂ ਟਰੇਆਂ ਵਿਚਲਾ ਪਾਣੀ 'ਚ 2 ਤੋਂ 3 ਵਾਰੀ ਬਦਲੋਂ। ਇਸ ਦੌਰਾਨ ਹੈਲਥ ਇੰਸਪੈਕਟਰ ਦਿਲਬਾਗ ਸਿੰਘ, ਮੇਲ ਵਰਕਰ ਗੁਰਜੀਤ ਸਿੰਘ, ਆਸ਼ਾ ਵਰਕਰ ਬਲਜਿੰਦਰ ਕੌਰ, ਬ੍ਰੀਡਿੰਗ ਚੈਕਰ ਲਵਪ੍ਰੀਤ, ਨਿਰਮਲ ਸਿੰਘ ਗੁਰਾਇਆ, ਅਨਿਕੇਤ, ਡੈਨੀਅਲ, ਚੰਦਰ ਸ਼ੇਖਰ ਅਤੇ ਸਮੂਹ ਸਟਾਫ਼ ਹਾਜ਼ਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ ਸਟੂਡੀਓ ਟੂਰ



**ਜਲੰਧਰ ( ਇਕਬਾਲ ਸਿੰਘ ਉੱਭੀ )**-ਪੀ. ਸੀ. ਐਮ. ਐਸ. ਡੀ. ਕਾਲਜ ਫ਼ਾਰ ਵੂਮੈਨ ਦੇ ਸੰਗੀਤ ਵਿਭਾਗ (ਇੰਸਟਰੂਮੈਂਟਲ) ਨੇ 'ਸੁਪਰ ਸੋਨਿਕ ਸਟੂਡੀਓਜ਼' ਲਈ ਟੂਰ ਦਾ ਆਯੋਜਨ ਕੀਤਾ। ਵਿਦਿਆਰਥੀਆਂ ਨੂੰ ਸਟੂਡੀਓ ਦੇ ਮਾਲਕ, ਇੰਦਰਜੀਤ ਸਿੰਘ ਨਿੱਕੂ ਇੱਕ ਪੇਸ਼ੇਵਰ ਸਟੂਡੀਓ ਵਾਤਾਵਰਨ ਵਿੱਚ ਸੰਗੀਤ ਟਰੈਕਾਂ ਨੂੰ ਰਿਕਾਰਡ ਕਰਨ ਅਤੇ ਬਣਾਉਣ ਦੀ ਗੁੰਝਲਦਾਰ ਪ੍ਰਕਿਰਿਆ ਬਾਰੇ ਦੱਸਿਆ।ਅਨੁਭਵ ਨੂੰ ਹੋਰ ਜੋੜਦੇ ਹੋਏ, ਰੋਨੀ ਜਾਰਜ, ਇੱਕ ਪ੍ਰਸਿੱਧ ਸੰਗੀਤ ਨਿਰਦੇਸ਼ਕ ਅਤੇ ਸੰਗੀਤਕਾਰ ਨੇ ਸੰਗੀਤ ਨਿਰਮਾਣ ਦੀ ਕਲਾ ਬਾਰੇ ਆਪਣੀ ਸੂਝ ਸਾਂਝੀ ਕੀਤੀ। ਉਸਨੇ ਵਿਸਤ੍ਰਿਤ ਕੀਤਾ ਕਿ ਕਿਵੇਂ ਸੰਗੀਤਕਾਰ ਸਾਵਧਾਨੀ ਨਾਲ ਸੰਗੀਤ ਨੂੰ ਰਿਕਾਰਡ ਕਰਦੇ ਹਨ, ਮਿਕਸ ਕਰਦੇ ਹਨ ਅਤੇ ਤਿਆਰ ਕਰਦੇ ਹਨ, ਲਾਈਵ ਇੰਸਟਰੂਮੈਂਟ ਵਜਾਉਣ, ਸਾਊਂਡ ਇੰਜੀਨੀਅਰਿੰਗ ਸੌਫਟਵੇਅਰ ਅਤੇ ਸਾਥੀ ਕਲਾਕਾਰਾਂ ਦੇ ਨਾਲ ਰਚਨਾਤਮਕ ਸਹਿਯੋਗ ਦੀ ਵਰਤੋਂ ਕਰਦੇ ਹੋਏ ਵਿਦਿਆਰਥੀਆਂ ਨੂੰ ਸੰਗੀਤ ਦੇ ਉਤਪਾਦਨ ਵਿੱਚ ਸ਼ਾਮਲ ਤਕਨੀਕਾਂ ਅਤੇ ਇੱਕ ਸੰਗੀਤਕ ਮਾਸਟਰਪੀਸ ਬਣਾਉਣ ਲਈ ਲੋੜੀਂਦੇ ਸਹਿਯੋਗੀ ਯਤਨਾਂ ਦੀ ਸਮਝ ਪ੍ਰਦਾਨ ਕੀਤੀ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪ੍ਰਿੰਸੀਪਲ ਪ੍ਰੋ: ਡਾ. ਪੂਜਾ ਪਰਾਸ਼ਰ ਨੇ ਸੰਗੀਤ ਵਿਭਾਗ (ਇੰਸਟਰੂਮੈਂਟਲ) ਦੀ ਇਸ ਤਰ੍ਹਾਂ ਦੀ ਵਿਦਿਅਕ ਅਤੇ ਪ੍ਰੇਰਨਾਦਾਇਕ ਗਤੀਵਿਧੀ ਦੇ ਆਯੋਜਨ ਲਈ ਸ਼ਲਾਘਾ ਕਰਦੇ ਹੋਏ ਇਸ ਦੀ ਮਹੱਤਤਾ ਨੂੰ ਸਵੀਕਾਰ ਕੀਤਾ।

# ਲੁੱਟ-ਖੋਹ ਦੀਆਂ ਦਰਜਨਾਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਵਾਲਾ ਗਰੋਹ ਕਾਬੂ

**ਫਿਲੌਰ (ਬੀ ਐੱਸ ਕੈਨੇਡੀ)**— ਸਥਾਨਕ ਪੁਲਸ ਨੇ ਇਲਾਕੇ ਅੰਦਰ ਚੋਰੀਆਂ, ਲੁੱਟਾਂ-ਖੋਹਾਂ ਅਤੇ ਨਸ਼ਾ ਸਪਲਾਈ ਕਰਨ ਵਾਲੇ ਗਰੋਹ ਨੂੰ ਗ੍ਰਿਫਤਾਰ ਕੀਤਾ ਹੈ। ਡੀ ਐਸ ਪੀ ਸਰਵਨ ਸਿੰਘ ਬਲ ਨੇ ਦਸਿਆ ਕਿ ਇੰਸਪੈਕਟਰ ਸੁਖਦੇਵ ਸਿੰਘ ਨੇ ਆਪਣੀ ਟੀਮ ਨਾਲ ਇਲਾਕੇ ਅੰਦਰ ਚਰਸ ਦੀ ਤਸਕਰੀ ਕਰਨ ਵਾਲੇ ਰਾਹੁਲ ਉਰਫ ਮੰਗੀ ਪੁੱਤਰ ਰਾਮ ਕਿਸ਼ਨ ਵਾਸੀ ਮੁਹੱਲਾ ਚੌਧਰੀਆਂ ਅਨਿਲ ਪਾਸਵਾਨ ਪੁੱਤਰ ਜਗਦੀਸ਼ ਪਾਸਵਾਨ ਵਾਸੀ ਖੰਡ ਮੁਹੱਲਾ ਰੇਖਾ ਪਤਨੀ ਸਵ. ਰਤਨ ਪਾਸਵਾਨ ਵਾਸੀ ਜਗਤਪੁਰ ਪੰਜਢੇਰਾ ਨੂੰ ਗ੍ਰਿਫਤਾਰ ਕੀਤਾ ਹੈ ਤੇ ਉਨ੍ਹਾਂ ਕੋਲੋਂ ਇਕ ਕਿੱਲੋ 50 ਗ੍ਰਾਮ ਚਰਸ ਅਤੇ ਇਕ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾ ਹੈ। ਇਸਪੈਕਟਰ ਸੁਖਦੇਵ ਸਿੰਘ ਨੇ ਦੱਸਿਆ ਕਿ ਇਨਾਂ ਖ਼ਿਲਾਫ਼ ਕਾਫੀ ਮੁਕੱਦਮੇ ਦਰਜ ਹਨ। ਇਹ ਲੋਕ ਲੁਧਿਆਣਾ ਤੋਂ ਚਰਸ ਚੋਰੀ ਦੇ ਵਾਹਨ 'ਚ ਲਿਆਉਂਦੇ ਤੇ ਫਿਲੌਰ ਵੇਚਦੇ ਸਨ। ਡੀ ਐਸ ਪੀ ਨੇ ਦਸਿਆ ਕਿ ਸਬ ਡਵੀਜ਼ਨ ਅੰਦਰ ਲੁੱਟਾਂ-ਖੋਹਾਂ ਦੀਆਂ ਅਨੇਕਾਂ ਵਾਰਦਾਤਾਂ ਕਰਨ ਵਾਲੇ ਵਿਕਾਸ ਉਰਫ ਬੋਬੀ ਗੋਰਵ ਉਰਫ ਭਗਤ ਅਤੇ ਸੁਨੀਤਾ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦਾ ਰਿਮਾਂਡ ਲੈਣ ਤੇ ਚੋਰੀ ਦੇ 14 ਮੋਬਾਇਲ ਫੋਨ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ। ਡੀ ਐਸ ਪੀ ਨੇ ਦਸਿਆ ਕਿ ਬੋਬੀ 'ਤੇ ਪਹਿਲਾਂ ਵੀ ਮੁਕੱਦਮੇ ਦਰਜ ਹਨ ਉਹ 307 ਦੇ ਮੁਕੱਦਮੇ 'ਚ ਵੀ ਭਗੌੜਾ ਚਲਿਆ ਆ ਰਿਹਾ ਸੀ।

# ਹੁਕਮਰਾਨਾਂ ਵੱਲੋਂ ਦੇਸ਼ ਨੂੰ ਫ਼ਿਰਕੂ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ : ਢੇਸੀ



**ਫਿਲੌਰ (ਬੀ ਐੱਸ ਕੈਨੇਡੀ, ਨਿਰਮਲ, ਹਰਜਿੰਦਰ ਕੌਰ ਚਾਹਲ)** -ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੀ ਤਹਿਸੀਲ ਪੱਧਰੀ ਮੀਟਿੰਗ ਗੁਰਦੀਪ ਬੇਗਮਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾਈ ਪ੍ਰਧਾਨ ਮਨਜਿੰਦਰ ਢੇਸੀ ਨੇ ਦੇਸ਼ ਦੇ ਮੌਜੂਦਾ ਰਾਜਨੀਤਿਕ ਹਾਲਾਤਾਂ ਉੱਪਰ ਚਾਨਣ ਪਾਇਆ ਅਤੇ ਨੌਜਵਾਨੀ ਦੀ ਮੌਜੂਦਾ ਅਵਾਥਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਹੀ ਫਿਰਕਾਪ੍ਰਸਤੀ, ਸਾਮਰਾਜੀ ਪੂੰਜੀਵਾਦੀ ਢਾਂਚੇ ਦਾ ਮੁਕੰਮਲ ਖਾਤਮਾ ਕਰਕੇ ਹੀ ਬਰਾਬਰਤਾ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਇਸਦੇ ਉਲਟ ਦੇਸ਼ ਦੇ ਹੁਕਮਰਾਨਾ ਵੱਲੋਂ ਦੇਸ਼ ਨੂੰ ਫ਼ਿਰਕੂ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਰਪੋਰੇਟ ਘਰਾਣਿਆਂ ਨਾਲ ਗਲਵਕੜੀ ਪਾ ਕੇ ਬੈਠੀ ਮੋਦੀ ਸਰਕਾਰ ਦੇ ਰਾਜ ਅੰਦਰ ਗਰੀਬੀ ਮਹਿੰਗਾਈ ਅਤੇ ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਮੌਕੇ ਸਭਾ ਦੇ ਤਹਿਸੀਲ ਸਕੱਤਰ ਮੱਖਣ ਸੰਗਰਾਮੀ ਨੇ ਆਉਣ ਵਾਲੇ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿ ਜਥੇਬੰਦੀ ਦੇ ਨਾਅਰੇ 'ਬਰਾਬਰ ਵਿਦਿਆ ਸਿਹਤ ਤੇ ਰੁਜ਼ਗਾਰ, ਸਭ ਦਾ ਹੋਵੇ ਇਹ ਅਧਿਕਾਰ' ਦੀ ਪ੍ਰਾਪਤੀ ਲਈ ਸੰਘਰਸ਼ ਲਾਮਬੰਦੀ ਕਰਦੇ ਹੋਏ ਭਗਤ 28 ਸੰਤਬਰ ਨੂੰ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਫਿਰਕਾਪ੍ਰਤੀ ਅਤੇ ਕਾਰਪੋਰੇਟ ਵਿਰੋਧੀ ਵਿਸ਼ਾਲ ਮੋਟਰਸਾਈਕਲ ਸਕੂਟਰ ਮਾਰਚ ਕੀਤਾ ਜਾਵੇਗਾ, ਜਿਸ ਵਿਚ ਸੈਂਕੜੇ ਨੌਜਵਾਨ ਅਤੇ ਵਿਦਿਆਰਥੀ ਸ਼ਾਮਲ ਹੋਣਗੇ। ਇਸ ਮੌਕੇ ਪ੍ਰਭਾਤ ਕਵੀ, ਅਮਰੀਕ ਰੁੜਕਾ, ਤਲਵਿੰਦਰ ਸਿੰਘ, ਸਨੀ ਜੱਸਲ, ਸੰਦੀਪ ਫਿਲੌਰ, ਪਾਰਸ, ਰਮੇਸ਼ ਕੁਮਾਰ ਜੱਸਾ ਰੁੜਕਾ, ਬਲਦੇਵ ਸਾਹਨੀ, ਉਮੇਸ਼, ਲਖਵੀਰ, ਹਰਜੀਤ ਢੇਸੀ, ਰਮਨਦੀਪ ਕੁਮਾਰ, ਰਸ਼ਪਾਲ ਬਿਰਦੀ ਆਦਿ ਸ਼ਾਮਲ ਹੋਏ।

# ਮੇਹਰ ਚੰਦ ਪੋਲੀਟੈਕਨਿਕ ਦਾ 'ਪਲੈਟੀਨਮ ਜੁਬਲੀ ਲੋਗੋ' ਰਿਲੀਜ਼



**ਜਲੰਧਰ (ਸ਼ੈਲੀ ਐਲਬਰਟ)** -ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੇ 70 ਸਾਲ ਪੂਰੇ ਹੋਣ ਦੀ ਖੁਸ਼ੀ 'ਚ ਨਵੰਬਰ ਮਹੀਨੇ ਵਿੱਚ ਵਿਸ਼ਾਲ 'ਪਲੈਟੀਨਮ ਜੁਬਲੀ ਸਮਾਗਮ' ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਵਿੱਚ 1000 ਤੋਂ ਵੱਧ ਅਲੂਮਨੀ ਮੈਂਬਰ ਸ਼ਿਰਕਤ ਕਰਨਗੇ। ਡੀ ਏ ਵੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਪਦਮ ਡਾ. ਪੂਨਮ ਸੂਰੀ ਨੇ ਡੀ ਏ ਵੀ ਦਫਤਰ ਦਿੱਲੀ ਵਿਖੇ ਮੇਹਰ ਚੰਦ ਪੋਲੀਟੈਕਨਿਕ ਦੇ ਵਿਦਿਆਰਥੀਆਂ ਵੱਲੋਂ ਤਿਆਰ 'ਪਲੈਟੀਨਮ ਜੁਬਲੀ ਲੋਗੋ' ਰਿਲੀਜ਼ ਕੀਤਾ ਅਤੇ ਕਾਲਜ ਨੂੰ ਵਧਾਈ ਦਿੱਤੀ। ਉਹਨਾਂ ਕਿਹਾ ਕਿ ਉਹ ਕਾਲਜ ਦੇ 60 ਸਾਲ ਪੂਰੇ ਹੋਣ 'ਤੇ ਡਾਇਮੰਡ ਜੁਬਲੀ ਸਮਾਗਮ 'ਚ ਵੀ ਆਏ ਸੀ ਤੇ ਹੁਣ ਪਲੈਟੀਨਮ ਜੁਬਲੀ ਸਮਾਗਮ ਵਿੱਚ ਵੀ ਸ਼ਿਰਕਤ ਕਰਨਗੇ।

ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਮੌਕੇ ਉਹਨਾਂ ਨੂੰ ਕਾਲਜ ਦੀਆਂ ਗਤੀਵਿਧੀਆਂ ਅਤੇ ਹੋਰ ਪ੍ਰਾਪਤੀਆਂ ਦੀ ਜਾਣਕਾਰੀ ਦਿੱਤੀ। ਡਾ. ਪੂਨਮ ਸੂਰੀ ਨੇ ਇਸ ਦੇ ਨਾਲ ਹੀ ਕਾਲਜ ਦਾ ਨਵਾਂ ਪ੍ਰੋਸਪੈਕਟਸ ਵੀ ਰਿਲੀਜ਼ ਕੀਤਾ।

# ਰਮਨ ਕੁਮਾਰ ਰਾਣਾ ਬਣੇ ਕਾਨੂੰਗੋ



**ਬਲਾਚੌਰ (ਜਸਵਿੰਦਰ ਬੈਂਸ)**-ਦਫਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਕੁਲੈਕਟਰ ਸ਼ਹੀਦ ਭਗਤ ਸਿੰਘ ਵਲੋਂ ਜਾਰੀ ਪੱਤਰ ਤਹਿਤ ਤਹਿਸੀਲ ਦਫਤਰ ਬਲਾਚੌਰ ਅਧੀਨ ਪਿਛਲੇ ਲੰਮੇ ਸਮੇਂ ਤੋਂ ਬਤੌਰ ਪਟਵਾਰੀ ਦੀ ਸੇਵਾ ਕਰਦੇ ਆ ਰਹੇ ਰਮਨ ਕੁਮਾਰ ਰਾਣਾ ਦੀ ਪਦ ਉਨੱਤੀ ਹੋਣ ਉਪਰੰਤ ਕਾਨੂੰਗੋ ਬਣਾਏ ਗਏ ਹਨ। ਉਨ੍ਹਾਂ ਨੂੰ ਕਾਨੂੰਗੋ ਸਰਕਲ ਕਾਠਗੜ੍ਹ ਤਹਿਸੀਲ ਬਲਾਚੌਰ ਦਾ ਚਾਰਜ ਦਿੱਤਾ ਗਿਆ ਹੈ। ।ਉਨ੍ਹਾਂ ਦੀ ਇਸ ਤਰੱਕੀ 'ਤੇ ਸਮੂਹ ਕਾਨੂੰਗੋਆਂ, ਪਟਵਾਰੀਆਂ ਅਤੇ ਸੇਵਾ ਮੁਕਤ ਪਟਵਾਰ/ਕਾਨੂੰਗੋ ਯੂਨੀਅਨ ਬਲਾਚੌਰ ਵਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਕਾਨੂੰਗੋ ਰਮਨ ਕੁਮਾਰ ਰਾਣਾ ਵਲੋਂ ਦੱਸਿਆ ਕਿ ਉਨ੍ਹਾਂ ਆਪਣਾ ਚਾਰਜ ਸੰਭਾਲਦਿਆਂ ਫੀਲਡ ਅਤੇ ਦਫਤਰ ਦਾ ਕੰਮ ਆਰੰਭ ਕਰ ਦਿੱਤਾ ਹੈ ।

# ਮਨਪ੍ਰੀਤ ਸਿੰਘ ਬੱਲ ਯੂਥ ਪ੍ਰਧਾਨ ਨਿਯੁਕਤ



**ਕਾਲਾ ਸੰਘਿਆਂ (ਮਨਜੀਤ ਮਾਨ)** ਉੱਘੇ ਸਮਾਜ ਸੇਵਕ ਮਨਪ੍ਰੀਤ ਸਿੰਘ ਬੱਲ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਰਾਸ਼ਟਰੀ ਪ੍ਰਧਾਨ ਜਥੇਦਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਜ਼ਿਲ੍ਹਾ ਜਲੰਧਰ ਦਾ ਯੂਥ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਬੱਲ ਨੇ ਕਿਹਾ ਕਿ ਹਾਈਕਮਾਂਡ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਇਮਾਨਦਾਰੀ ਤੇ ਦ੍ਰਿੜ ਇਰਾਦੇ ਨਾਲ ਨਿਭਾਉਣਗੇ ਤੇ ਯੂਥ ਨੂੰ ਲਾਮਬੰਦ ਕਰਕੇ ਪਾਰਟੀ ਨਾਲ ਜੋੜਨਗੇ। ਇਸ ਮੌਕੇ ਡਾਕਟਰ ਹਰਜਿੰਦਰ ਸਿੰਘ ਜੱਖੂ ਪ੍ਰਧਾਨ ਦੋਆਬਾ ਜੋਨ, ਗੋਬਿੰਦ ਸਿੰਘ ਸੰਧੂ, ਸੁਖਜੀਤ ਸਿੰਘ ਡਰੋਲੀ, ਨਰਿੰਦਰ ਸਿੰਘ ਖੁਸਰੋ ਪੁਰ, ਜਥੇਦਾਰ ਸੁਲੱਖਣ ਸਿੰਘ ਸ਼ਾਹਕੋਟ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਹੁਦੇਦਾਰ ਤੇ ਆਗੂ ਹਾਜ਼ਰ ਸਨ।

# ਕੂੜਾ ਇਕੱਠਾ ਕਰਨ ਵਾਲਿਆਂ ਲਈ ਈ-ਸ਼ਰਮ ਕਾਰਡ ਬਣਾਉਣ ਲਈ ਮੁਹਿੰਮ ਦੀ ਹੋਵੇਗੀ ਸ਼ੁਰੂਆਤ

**ਜਲੰਧਰ (ਸੁਰਿੰਦਰ ਕੁਮਾਰ)** ਜ਼ਿਲ੍ਹੇ ਦੇ ਲੋਕਾਂ ਨੂੰ ਝੱਲਣੀਆਂ ਪੈ ਰਹੀਆਂ ਮੁਸ਼ਕਿਲਾਂ ਦਾ ਹੱਲ ਕੱਢਣ ਲਈ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਵਲੋਂ ਕਮਿਸ਼ਨਰ ਨਗਰ ਨਿਗਮ ਜਲੰਧਰ ਗੌਤਮ ਜੈਨ ਦੇ ਨਾਲ ਸ਼ਹਿਰ 'ਚ ਚੱਲ ਰਹੇ ਸਾਲਿਡ ਵੇਸਟ ਪ੍ਰਬੰਧਨ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ।ਡਾ.ਅਗਰਵਾਲ ਵਲੋਂ ਸਬੰਧਿਤ ਵਿਭਾਗਾਂ ਨੂੰ ਸ਼ਹਿਰ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਰੱਖਣ ਲਈ ਕੀਤੇ ਜਾਣ ਵਾਲੇ ਯਤਨਾਂ ਨੂੰ ਹੋਰ ਤੇਜ਼ੀ ਨਾਲ ਜਾਰੀ ਰੱਖਣ ਦੀਆਂ ਹਦਾਇਤਾਂ ਕੀਤੀਆਂ ਗਈਆਂ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵਲੋਂ ਗਦੱਈਪੁਰ ਖੇਤਰ ਵਿਖੇ ਨਵੇਂ ਵਿੰਡੋ ਕੰਪੋਸਟ ਪਲਾਂਟ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਜਿੰਨਾਂ ਦੀ ਰੋਜ਼ਾਨਾ ਗਿੱਲਾ ਕੂੜਾ ਪ੍ਰੋਸੈਸ ਕਰਨ ਦੀ ਸਮਰੱਥਾ 65 ਤੋਂ 70 ਟਨ ਹੋਵੇਗੀ। ਇਹ ਪਲਾਂਟ ਗਿੱਲੇ ਕੂੜੇ ਨੂੰ ਵੱਖ-ਵੱਖ ਵਰਤੋਂ ਲਈ ਖਾਦ ਵਿੱਚ ਤਬਦੀਲ ਕਰਨਗੇ।ਇਸ ਤੋਂ ਇਲਾਵਾ ਫੋਲੜੀਵਾਲ, ਬਸਤੀ ਸ਼ੇਖ, ਦਕੋਹਾ ਅਤੇ ਬੜਿੰਗ ਵਿਖੇ ਚੱਲ ਰਹੇ ਕੰਪੋਸਟ ਟੋਇਆਂ ਦੇ ਸੁੰਦਰੀਕਰਨ ਅਤੇ ਸਮਰੱਥਾ ਵਧਾਉਣ ਦਾ ਕੰਮ ਚੱਲ ਰਿਹਾ ਹੈ।ਇਕ ਹੋਰ ਮਹੱਤਵਪੂਰਨ ਪਹਿਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਨੂੰ ਹਦਾਇਤ ਕੀਤੀ ਕਿ ਈ-ਸ਼ਰਮ ਸਕੀਮ ਅਧੀਨ ਕੂੜਾ ਕਰਕਟ ਇੱਕਠਿਆਂ ਕਰਨ ਵਾਲਿਆਂ ਨੂੰ ਰਜਿਸਟਰਡ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੰਤਵ ਕੂੜਾ ਇਕੱਠਿਆਂ ਕਰਨ ਵਾਲਿਆਂ ਨੂੰ ਵੱਧ ਤੋਂ ਵੱਧ ਵਿੱਤੀ ਲਾਭ ਮੁਹੱਈਆ ਕਰਵਾਉਣਾ ਜਿਸ ਵਿੱਚ 2 ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਗਰਾਂਟ ਸ਼ਾਮਿਲ ਹੈ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਅਤੇ ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ ਵੀ ਮੌਜੂਦ ਸਨ।

# ਬਾਸਮਤੀ ਚੌਲਾਂ ਦੀ ਗੁਣਵੱਤਾ 'ਚ ਸੁਧਾਰ ਲਈ ਕੀਟਨਾਸ਼ਕ ਦਵਾਈਆਂ ਦੀ ਵਰਤੋਂ 'ਤੇ ਪਾਬੰਦੀ : ਮੁੱਖ ਖੇਤੀਬਾੜੀ ਅ.ਫਸਰ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਸਰਕਾਰ ਵੱਲੋਂ ਬਾਸਮਤੀ ਚੌਲਾਂ ਦੀ ਬਰਾਮਦ 'ਚ ਰੁਕਾਵਟ ਪਾਉਣ ਵਾਲੇ ਕੁਝ ਕੀਟਨਾਸ਼ਕਾਂ ਦੀ ਵਿਕਰੀ ਅਤੇ ਵਰਤੋਂ ਉਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।ਇਹ ਨਿਰਦੇਸ਼ ਬਾਸਮਤੀ ਚੌਲਾਂ ਦੀ ਗੁਣਵੱਤਾ ਵਿੱਚ ਸੁਧਾਰ ਲਈ ਕਿਸਾਨਾਂ ਦੇ ਪੱਖ ਵਿੱਚ ਜਾਰੀ ਕੀਤੇ ਗਏ ਹਨ।ਜ਼ਿਲ੍ਹੇ ਦੇ ਸਮੂਹ ਕਿਸਾਨਾਂ ਅਤੇ ਕੀਟਨਾਸ਼ਕ ਡੀਲਰਾਂ/ਵਿਕ੍ਰੇਤਾਵਾਂ ਲਈ ਇਹ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਖੇਤੀਬਾੜੀ ਅਫਸਰ, ਐੱਸ ਏ ਐੱਸ ਨਗਰ ਨੇ ਦੱਸਿਆ ਕਿ ਇਨ੍ਹਾਂ ਕੀਟਨਾਸ਼ਕਾਂ ਵਿੱਚ ਐਸੀਫੇਟ, ਪ੍ਰੋਪੀਕੋਨਾਜ਼ੋਲ, ਥਾਇਆਮਿਥੋਕਸਮ, ਬੁਪਰੋਫੇਜਿਨ, ਪਰੋਫੀਨੋਫੋਸ, ਇਮਿਡਾਕਲੋਪਰੀਡ, ਕਾਰਬੈਂਡਿਜ਼ਮ, ਕਲੋਰਪਾਈਰੀਫਾਸ, ਹੈਕਸਾਕੋਨਾਜ਼ੋਲ, ਟਰਾਈਸਾਈਕਲਾਜ਼ੋਲ ਵਰਗੇ ਕੀਟਨਾਸ਼ਕਾਂ ਦੀ ਵਰਤੋਂ 'ਤੇ ਪਾਬੰਦੀ ਲਗਾਈ ਗਈ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕੀਟਨਾਸ਼ਕਾਂ 'ਤੇ ਪੰਜਾਬ ਵਿੱਚ 60 ਦਿਨਾਂ ਦੀ ਮਿਆਦ ਲਈ ਪਾਬੰਦੀ ਲਗਾਈ ਗਈ ਹੈ ਤਾਂ ਜੋ ਬਿਨਾਂ ਕਿਸੇ ਰਹਿੰਦ-ਖੂੰਹਦ ਦੇ ਵਧੀਆ ਗੁਣਵੱਤਾ ਵਾਲੇ ਬਾਸਮਤੀ ਚੌਲ ਪੈਦਾ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਮਾਹਿਰਾਂ ਅਨੁਸਾਰ ਇਨ੍ਹਾਂ ਖੇਤੀ ਰਸਾਇਣਾਂ ਦੀ ਵਰਤੋਂ ਕਰਨ ਨਾਲ ਬਾਸਮਤੀ ਚੌਲਾਂ ਵਿੱਚ ਨਿਰਧਾਰਿਤ 'ਮੈਕਸੀਮਮ ਰੈਜ਼ੀਡਿਊਲ ਲੈਵਲ' (ਐਮ ਆਰ ਐਲ) ਤੋਂ ਵੱਧ ਕੀਟਨਾਸ਼ਕ ਰਹਿੰਦ-ਖੂੰਹਦ ਹੋਣ ਦਾ ਖਤਰਾ ਹੈ। ਇਸ ਲਈ ਇਹ ਵਿਰਾਸਤੀ ਬਾਸਮਤੀ ਉਪਜ ਨੂੰ ਬਚਾਉਣ ਅਤੇ ਬਾਸਮਤੀ ਚੌਲਾਂ ਦੀ ਦੂਜੇ ਦੇਸ਼ਾਂ ਨੂੰ ਬਰਾਮਦ ਯਕੀਨੀ ਬਣਾਉਣ ਲਈ ਇਨ੍ਹਾਂ ਖੇਤੀ ਰਸਾਇਣਾਂ ਤੇ ਪਾਬੰਦੀ ਲਗਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਦਾ ਵੱਧ ਮੁੱਲ ਮਿਲ ਸਕੇ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇ।

## ਡੇਂਗੂ ਤੋਂ ਬਚਾਅ ਲਈ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰੋ : ਡਾ. ਰਿਚਾ ਭਾਟੀਆ

**ਫਗਵਾੜਾ (ਡਾ. ਰਮਨ)** ਬਰਸਾਤੀ ਮੌਸਮ ਦੌਰਾਨ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਤੋਂ ਬਚਾਅ ਲਈ ਸਿਹਤ ਵਿਭਾਗ ਯਤਨਸ਼ੀਲ ਹੈ। ਇਹ ਸ਼ਬਦ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਪ੍ਰਗਟ ਕੀਤੇ।ਉਹਨਾਂ ਦਸਿਆ ਕਿ ਇਸ ਸੰਬੰਧ 'ਚ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।ਸਿਵਲ ਸਰਜਨ ਡਾਕਟਰ ਰਿਚਾ ਭਾਟੀਆ ਨੇ ਇਹ ਵੀ ਦੱਸਿਆ ਕਿ ਆਸ਼ਾ ਵਰਕਰ ਅਤੇ ਮਲਟੀ ਪਰਪਜ਼ ਹੈਲਥ ਵਰਕਰ ਨੂੰ ਇਹ ਕਿਹਾ ਗਿਆ ਹੈ ਕਿ ਉਹ ਆਪਣੇ ਆਪਣੇ ਖੇਤਰ ਵਿਚ ਉਕਤ ਬਿਮਾਰੀਆ ਤੋਂ ਬਚਾਅ ਲਈ ਜਾਗਰੂਕਤਾ ਗਤੀਵਿਧੀਆਂ ਕਰਨ ਜੇਕਰ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ ਖਿਆਲਾ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**-ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਵਿੱਚ ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਵੱਲੋਂ 'ਰਾਸ਼ਟਰੀ ਖੇਡ ਦਿਵਸ' ਮਨਾਇਆ ਗਿਆ।ਇਸ ਮੌਕੇ ਡਾ. ਵਿਜੈ ਧੀਰ, ਡੀਨ ਅਕਾਦਮਿਕਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ 'ਰਾਸ਼ਟਰੀ ਖੇਡ ਦਿਵਸ' ਹਰ ਸਾਲ 29 ਅਗਸਤ ਨੂੰ ਭਾਰਤ ਵਿਚ ਮਨਾਇਆ ਜਾਂਦਾ ਹੈ।ਇਸ ਦਿਨ ਨੂੰ ਭਾਰਤ ਦੇ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ (ਹਾਕੀ ਦਾ ਜਾਦੂਗਰ) ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।ਉਨ੍ਹਾਂ ਕਿਹਾ 'ਰਾਸ਼ਟਰੀ ਖੇਡ ਦਿਵਸ' ਦਾ ਮੁੱਖ ਮਕਸਦ ਲੋਕਾਂ ਵਿਚ ਸਪੋਰਟਸ ਅਤੇ ਫਿਟਨੈਸ ਲਈ ਜਾਗਰੂਕਤਾ ਪੈਦਾ ਕਰਨਾ ਹੈ।

ਇਸ ਮੌਕੇ ਯੂਨੀਵਰਸਿਟੀ ਵਿੱਚ ਬੈਡਮਿੰਟਨ ਅਤੇ ਕਰਾਸ ਕੰਟਰੀ ਦੀ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ 80 ਤੋਂ ਵੱਧ ਵੱਖ ਵੱਖ ਸੰਸਥਾਵਾਂ ਤੋਂ ਪ੍ਰਤੀਯੋਗੀਆਂ ਨੇ ਭਾਗ ਲਿਆ।ਆਖੀਰ ਵਿੱਚ ਵਿਭਾਗ ਵੱਲੋਂ ਆਏ ਹੋਏ ਪ੍ਰਤੀਯੋਗੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਭੇਟ ਕੀਤੇ ਗਏ।ਇਸ ਮੌਕੇ ਡਾ. ਅਨੀਤ ਕੁਮਾਰ, ਰਜਿਸਟਰਾਰ ਰੂਪ ਸਿੰਘ, ਡਿਪਟੀ ਰਜਿਸਟਰਾਰ ਵੱਖ ਵੱਖ ਵਿਭਾਗਾਂ ਦੇ ਡੀਨ, ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੇ ਡਾਇਰੈਕਟਰ ਡਾ. ਰਣਧੀਰ ਸਿੰਘ, ਪ੍ਰੋਫੈਸਰ ਸਹਿਬਾਨ ਆਦਿ ਹਾਜ਼ਰ ਸਨ।



# ਪਲੇਸਮੈਂਟ ਕੈਂਪ ਲਾਇਆ

**ਨਵਾਂਸ਼ਹਿਰ (ਮਨੋਜ ਲਾਡੀ)** ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਨਵਜੋਤਪਾਲ ਸਿੰਘ ਰੰਧਾਵਾ ਦੀ ਯੋਗ ਅਗਵਾਈ ਹੇਠ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਲੋਂ ਜਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਮਹੁੱਈਆ ਕਰਵਾਉਣ ਲਈ ਬਿਊਰੋ ਵਿੱਚ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਸੰਦੀਪ ਕੁਮਾਰ ਵੱਲੋਂ ਦੱਸਿਆ ਗਿਆ ਕਿ ਪਲੇਸਮੈਂਟ ਕੈਂਪ ਵਿੱਚ ਏਜਾਈਅਲ ਹਰਬਲ ਅਤੇ ਐਲ ਆਈ ਸੀ ਦੇ ਨੁਮਾਇੰਦਿਆਂ ਵਲੋਂ ਮਾਰਕਿਟਿੰਗ ਐਗਜੀਕਿਉਟਿਵ ਅਤੇ ਮਹਿਲਾ ਕਰੀਅਰ ਏਜੰਟ ਦੀ ਅਸਾਮੀਆਂ ਲਈ ਉਮੀਦਵਾਰਾਂ ਦੀ ਇੰਟਰਵਿਊ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪਲੇਸਮੈਂਟ ਕੈਂਪ ਦੌਰਾਨ 23 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ ਜਿਸ ਵਿੱਚੋਂ ਨਿਯੋਜਕਾਂ ਵੱਲੋਂ 15 ਉਮੀਦਵਾਰਾਂ ਨੂੰ ਉਕਤ ਅਸਾਮੀਆਂ ਲਈ ਸ਼ਾਰਟਲਿਸਟ ਕੀਤਾ ਗਿਆ।

# 'ਐਮਰਜੈਂਸੀ' ਨਾ ਲਗਾਉਣ ਸੰਬੰਧੀ ਸਿਨੇਮਾ ਘਰਾਂ ਦੇ ਪ੍ਰਬੰਧਕਾਂ ਨੂੰ ਮਿਲੀਆਂ ਸਿੱਖ ਜਥੇਬੰਦੀਆਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਮੰਡੀ ਤੋਂ ਭਾਜਪਾ ਦੀ ਵਿਵਾਦਤ ਸੰਸਦ ਮੈਂਬਰ ਕੰਗਣਾ ਰਣੌਤ ਦੀ ਵਿਵਾਦਤ ਫਿਲਮ 'ਐਮਰਜੰਸੀ' ਨੂੰ ਆਪਣੇ ਸਿਨੇਮੇ ਘਰਾਂ 'ਚ ਨਾ ਲਗਾਉਣ ਸੰਬਧੀ ਸਿੱਖ ਜਥੇਬੰਦੀਆਂ ਦਾ ਇੱਕ ਵਫਦ ਸਵਰਨ, ਟਾਈਮ ਸੁਕਿਅਰ, ਮਿਰਾਜ ਤੇ ਏ ਜੀ ਸਟਾਰ ਸਿਨੇਮਾ ਸਿਨੇਮਾ ਦੇ ਪ੍ਰਬੰਧਕਾਂ ਨੂੰ ਸਰਬਜੋਤ ਸਿੰਘ ਹਰਿਆਣਾ , ਗੁਰਨਾਮ ਸਿੰਘ ਸਿੰਗੜੀਵਾਲਾ, ਕਰਨੈਲ ਸਿੰਘ ਲਵਲੀ, ਜਗਜੀਤ ਸਿੰਘ ਬਤਰਾ ਪਰਮਜੀਤ ਸਿੰਘ ਜਗਾਧਰੀ ਆਦਿ ਅਗਵਾਈ ਹੇਠ ਮਿਲਿਆ। ਇਸ ਸਮੇਂ ਆਗੂਆਂ ਨੇ ਪ੍ਰਬੰਧਕਾਂ ਨੂੰ ਇਸ ਵਿਵਾਦਤ ਫਿਲਮ ਨੂੰ ਆਪਣੇ ਸਿਨੇਮੇ ਘਰਾਂ ਵਿੱਚ ਨਾ ਲਾਉਣ ਦੀ ਅਪੀਲ ਕੀਤੀ। ਸਮੇਂ ਦਲਜੀਤ ਸਿੰਘ ਕੀਰਤੀ ਨਗਰ, ਅੰਮ੍ਰਿਤਪਾਲ ਸਿੰਘ, ਬਲਜੀਤ ਕੌਰ, ਮਨਦੀਪ ਕੌਰ, ਦਿਲਬਾਗ ਸਿੰਘ ਪਥਰਾਲੀਆਂ, ਸਤਨਾਮ ਸਿੰਘ ਭੁੰਗਾ, ਅਮਰਜੀਤ ਸਿੰਘ ਗੋਕਲ ਨਗਰ, ਹਰਦੀਪ ਸਿੰਘ ਰਾਜੂ, ਸਤਵਿੰਦਰ ਸਿੰਘ ਜਗਤਪੁਰਾ ਰਣਜੀਤ ਸਿੰਘ ਪੀਤਾ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ

# ਰਿਆਤ ਬਾਹਰਾ 'ਵਰਸਿਟੀ ਵਿਖੇ ਰਾਸ਼ਟਰੀ ਖੇਡ ਦਿਵਸ ਮਨਾਇਆ



**ਕੁਰਾਲੀ (ਮੋਹਨ ਅੱਗਰਵਾਲ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਵੱਲੋਂ ਰਾਸ਼ਟਰੀ ਖੇਡ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਹ ਸਮਾਗਮ ਯੂਨੀਵਰਸਿਟੀ ਬਾਸਕਟਬਾਲ ਕੋਰਟ ਵਿੱਚ ਕਰਵਾਇਆ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ ਚਾਂਸਲਰ ਡਾ: ਪਰਵਿੰਦਰ ਸਿੰਘ, ਵਾਈਸ-ਪ੍ਰੈਸੀਡੈਂਟ ਡਾ. ਸਤਬੀਰ ਸਿੰਘ ਸਹਿਗਲ ਰਜਿਸਟਰਾਰ ਡਾ. ਦਿਨੇਸ਼ ਸ਼ਰਮਾ, ਡਾਇਰੈਕਟਰ ਪ੍ਰਸ਼ਾਸਨ ਬੀਰ ਸਿੰਘ ਬੈਂਸ ਹਾਜ਼ਰ ਸਨ।ਇਸ ਮੌਕੇ ਡਾਇਰੈਕਟਰ ਸਪੋਰਟਸ ਡਾ: ਮਹੇਸ਼ ਜੇਟਲੀ ਨੇ ਰਾਸ਼ਟਰੀ ਖੇਡ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਉਹਨਾਂ ਕਿਹਾ ਕਿ ਇਹ ਦਿਨ ਵਿਸ਼ੇਸ਼ ਹੈ ਕਿਉਂਕਿ ਇਹ ਦੁਨੀਆ ਦੇ ਸਭ ਤੋਂ ਮਹਾਨ ਹਾਕੀ ਖਿਡਾਰੀਆਂ ਵਿੱਚੋਂ ਇੱਕ, ਮੇਜਰ ਧਿਆਨ ਚੰਦ ਦੀ ਜਨਮ ਵਰ੍ਹੇਗੰਢ ਮਨਾਉਂਦਾ ਹੈ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਰਾਸ਼ਟਰੀ ਖੇਡ ਦਿਵਸ ਖੇਡਾਂ ਅਤੇ ਸ਼ਰੀਰਕ ਗਤਿਵਿਧੀ ਦੇ ਮਹੱਤਵ ਨੂੰ ਉਤਸ਼ਾਹਿਤ ਕਰਦਾ ਹੈ।ਇਹ ਦਿਨ ਕਈ ਮੁੱਖ ਉਦੇਸ਼ਾਂ ਦੀ ਪੂਰਤੀ ਕਰਦਾ ਹੈ, ਜਿਵੇਂ ਕਿ ਮੇਜਰ ਧਿਆਨ ਚੰਦ ਦੀ ਵਿਰਾਸਤ ਦਾ ਸਨਮਾਨ ਕਰਨਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਖੇਡਾਂ ਵਿੱਚ ਉੱਤਮਤਾ ਲਈ ਉਤਸ਼ਾਹਿਤ ਕਰਨਾ ਹੈ। ਵਾਈਸ ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨਾ ਰਾਸ਼ਟਰੀ ਖੇਡ ਦਿਵਸ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ ਜੋ, ਮਾਨਸਿਕ ਸਿਹਤ ਅਤੇ ਸਰੀਰਕ ਤੰਦਰੁਸਤੀ ਵਿੱਚ ਸੁਧਾਰ ਲਈ ਖੇਡਾਂ ਦੇ ਮੁੱਲ ਨੂੰ ਉਜਾਗਰ ਕਰਦਾ ਹੈ।ਉਨ੍ਹਾਂ ਕਿਹਾ ਕਿ ਇਸ ਦਿਨ ਦਾ ਉਦੇਸ਼ ਸਰੀਰਕ ਗਤੀਵਿਧੀ ਅਤੇ ਖੇਡਾਂ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ, ਖਾਸ ਕਰਕੇ ਨੌਜਵਾਨਾਂ ਵਿੱਚ, ਇੱਕ ਸਿਹਤਮੰਦ ਜੀਵਨ ਸ਼ੈਲੀ ਦਾ ਪ੍ਰਚਾਰ ਕਰਨਾ ਹੀ ਮੁੱਖ ਉਦੇਸ਼ ਹੈ।

# ਕੌਮੀ ਜਾਂਚ ਏਜੰਸੀ ਵੱਲੋਂ ਮਾਰੇ ਜਾ ਰਹੇ ਛਾਪੇ ਨਿੰਦਣਯੋਗ

**ਨਵਾਂਸ਼ਹਿਰ (ਮਨੋਜ ਲਾਡੀ)** ਜਮਹੂਰੀ ਅਧਿਕਾਰ ਸਭਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਯੂ ਪੀ 'ਚ ਲੋਕਪੱਖੀ ਵਕੀਲਾਂ, ਜਮਹੂਰੀ ਜਥੇਬੰਦੀਆਂ ਦੇ ਘਰਾਂ 'ਚ ਕੌਮੀ ਜਾਂਚ ਏਜੰਸੀ ਵੱਲੋਂ ਮਾਰੇ ਗਏ ਛਾਪਿਆਂ ਨੂੰ ਦਮਨਕਾਰੀ ਕਰਾਰ ਦਿੰਦਿਆਂ ਇਸ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ।ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸ਼ਹੀਦ ਭਗਤ ਸਿੰਘ ਦੇ ਸਕੱਤਰ ਜਸਬੀਰ ਦੀਪ, ਜਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਅਤੇ ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਮਹਿਮੂਦ ਪੁਰ ਨੇ ਐਡਵੋਕੇਟ ਮਨਦੀਪ, ਐਡਵੋਕੇਟ ਆਰਤੀ ਤੇ ਐਡਵੋਕੇਟ ਅਜੇ ਕੁਮਾਰ ਦੇ ਘਰਾਂ, ਪੰਜਾਬ ਵਿਚ ਕਿਸਾਨ ਆਗੂ ਸੁਖਵਿੰਦਰ ਕੌਰ ਰਾਮਪੁਰਾ ਦੇ ਘਰ ਵਿਚ ਐੱਨ ਆਈ ਏ ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸੇ ਦੀ ਕੜੀ ਵਜੋਂ ਹਰਿਆਣਾ ਤੋਂ ਉੱਘੇ ਜਮਹੂਰੀ ਕਾਰਕੁੰਨ ਐਡਵੋਕੇਟ ਪੰਕਜ ਤਿਆਗੀ ਦੇ ਘਰ ਛਾਪੇਮਾਰੀ ਕੀਤੀ ਗਈ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਸੋਨੀਪਤ ਦੇ ਥਾਣੇ 'ਚ ਲਿਜਾਇਆ ਗਿਆ ਹੈ। ਇਲਾਹਾਬਾਦ ਵਿਚ ਇਨਕਲਾਬੀ ਛਾਤਰ ਮੋਰਚਾ ਦੇ ਪ੍ਰਧਾਨ ਦਵਿੰਦਰ ਆਜ਼ਾਦ ਦੇ ਕਮਰੇ ਵਿਚ ਛਾਪੇਮਾਰੀ ਕੀਤੀ ਗਈ ਹੈ।ਆਗੂਆਂ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਹਰ ਉਸ ਤਾਕਤ ਨੂੰ ਨਿਸ਼ਾਨਾ ਬਣਾ ਰਹੀ ਹੈ ਜੋ ਹਕੂਮਤ ਦੀਆਂ ਲੋਕਵਿਰੋਧੀ ਨੀਤੀਆਂ ਉੱਤੇ ਸਵਾਲ ਖੜ੍ਹੇ ਕਰਦਾ ਹੈ। ਉਹਨਾਂ ਮੰਗ ਕੀਤੀ ਕਿ ਲੋਕਪੱਖੀ ਬੁੱਧੀਜੀਵੀਆਂ, ਵਕੀਲਾਂ ਅਤੇ ਜਮਹੂਰੀ ਕਾਰਕੁਨਾਂ ਵਿਰੁੱਧ ਐੱਨ ਆਈ ਏ ਨੂੰ ਹਥਿਆਰ ਬਣਾ ਕੇ ਵਰਤਣਾ ਬੰਦ ਕੀਤਾ ਜਾਵੇ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ 1000 ਬੂਟੇ ਲਾਏ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਵਾਤਾਵਰਣ ਨੂੰ ਸ਼ੁੱਧ ਰੱਖਣ ਦੇ ਉਪਰਾਲਿਆਂ ਵਜੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 'ਗ੍ਰੀਨ ਅਰਥ ਕਲੀਨ ਇਨਵਾਇਰਨਮੈਂਟ' ਮੁਹਿੰਮ ਤਹਿਤ ਡੀ ਏ ਵੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਇਕ ਹਜ਼ਾਰ ਬੂਟੇ ਲਾਏ ਗਏ। ਇਥੇ ਯੂਨੀਵਰਸਿਟੀ ਕੈਂਪਸ ਵਿੱਚ ਬੂਟੇ ਲਾਉਣ ਉਪਰੰਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁੱਖ ਵਾਤਾਵਰਣ ਇੰਜੀਨੀਅਰ ਡਾ. ਕਰੁਨੇਸ਼ ਗਰਗ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਤੇ ਸੰਭਾਲ ਲਈ



ਰੁੱਖ ਬਹੁਤ ਜ਼ਰੂਰੀ ਹਨ ਕਿਉਂਕਿ ਇਹ ਆਕਸੀਜ਼ਨ ਦਾ ਸਰੋਤ ਹਨ ਅਤੇ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਵੱਧ ਤੋਂ ਵੱਧ ਰੁੱਖ ਲਾ ਕੇ ਹੀ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਮਾਜ ਵਿੱਚ ਉਦਯੋਗ, ਸੜਕਾਂ ਅਤੇ ਇਮਾਰਤਾਂ ਦਾ ਵਿਕਾਸ ਜ਼ਰੂਰੀ ਹੈ, ਉਸੇ ਤਰ੍ਹਾਂ ਬੂਟੇ ਲਾਉਣਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਵੀ ਜ਼ਰੂਰੀ ਹੈ। ਸ਼ਹਿਰ ਵਾਸੀਆਂ ਨੂੰ ਮਾਨਸੂਨ ਦੇ ਇਸ ਸੀਜ਼ਨ ਦੌਰਾਨ ਘੱਟ ਤੋਂ ਘੱਟ 4 ਬੂਟੇ ਲਾਉਣ ਦੀ ਅਪੀਲ ਕਰਦਿਆਂ ਡਾ. ਗਰਗ ਨੇ ਕਿਹਾ ਕਿ ਬੂਟੇ ਲਾਉਣ ਲਈ ਇਹ ਮੌਸਮ ਸਭ ਤੋਂ ਵੱਧ ਢੁੱਕਵਾਂ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ ਲਈ ਹਰੇਕ ਸ਼ਹਿਰੀ ਨੂੰ ਬੂਟੇ ਲਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖ-ਭਾਲ ਵੀ ਯਕੀਨੀ ਬਣਾਉਣੀ ਚਾਹੀਦੀ ਹੈ।ਇਸ ਮੌਕੇ ਸੀਨੀਅਰ ਵਾਤਾਵਰਣ ਇੰਜੀਨੀਅਰ ਵਿਜੈ ਕੁਮਾਰ, ਵਾਤਾਵਰਣ ਇੰਜੀਨੀਅਰ ਸੰਦੀਪ ਕੁਮਾਰ, ਇੰਜ. ਸੱਤਿਆਜੀਤ ਅੱਤਰੀ, ਡੀ.ਏ.ਵੀ. ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਦਿ ਵੀ ਮੌਜੂਦ ਸਨ।

# ਡਾ. ਰੀਚਾ ਭਾਟੀਆ ਨੂੰ ਮਿਲਿਆ ਸਿਵਲ ਹਸਪਤਾਲ ਫਗਵਾੜਾ ਤੇ ਸੀ ਐਚ ਸੀ ਪਾਂਛਟ ਦਾ ਵ.ਫਦ



**ਫਗਵਾੜਾ ( ਡਾ ਰਮਨ, ਢੱਡਾ)** ਫਗਵਾੜਾ ਸਿਵਲ ਹਸਪਤਾਲ ਅਤੇ ਸੀ ਐਚ ਸੀ ਪਾਂਛਟ ਵਿਖੇ ਤੈਨਾਤ ਸਿਹਤ ਵਿਭਾਗ ਦੇ ਕਰਮਚਾਰੀ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ, ਗੁਰਮੇਜ ਸਿੰਘ, ਬਲਿਹਾਰ ਚੰਦ, ਸੁਖਦੇਵ ਸਿੰਘ ਪਾਂਛਟ, ਨਵ ਨਿਯੁਕਤ ਸਿਵਲ ਸਰਜਨ ਕਪੂਰਥਲਾ ਡਾ. ਰੀਚਾ ਭਾਟੀਆ ਨੂੰ ਗੁਲਦਸਤਾ ਭੇਟ ਕਰ ਸ਼ੁਭ ਕਾਮਨਾਵਾਂ ਦੇਣ ਲਈ ਮਿਲੇ ਇਸ ਮੌਕੇ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ ਨੇ ਯਕੀਨ ਦਿਵਾਇਆ ਕਿ ਉਹ ਸਿਹਤ ਵਿਭਾਗ ਦੀ ਬੇਹਤਰੀ ਲਈ ਵੱਚਨਬੱਧਤਾ ਨਾਲ ਕੰਮ ਕਰਨਗੇ।

# ਪੁਰਾਣਾ ਸਤਨਾਮਪੁਰਾ ਦੇ ਦੁਕਾਨਦਾਰਾਂ ਵੱਲੋਂ ਲਗਾਇਆ ਲੰਗਰ



**ਫਗਵਾੜਾ (ਡਾ ਰਮਨ)** ਜਸਪਾਲ ਸਿੰਘ ਸਰੋਏ ਦੀ ਨਿੱਘੀ ਯਾਦ ਨੂੰ ਸਮਰਪਿਤ ਪੁਰਾਣਾ ਸਤਨਾਮਪੁਰਾ ਦੇ ਸਮੂਹ ਦੁਕਾਨਦਾਰਾਂ ਵਲੋਂ ਲੰਗਰ ਲਗਾਇਆ ਗਿਆ, ਜਿਸ ਵਿੱਚ ਸਾਬਕਾ ਕੌਂਸਲਰ ਪ੍ਰਮਜੀਤ ਕੌਰ ਕੰਬੋਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਪ੍ਰਿੰਸ, ਸੁਖਵਿੰਦਰ ਸਿੰਘ ਕੰਬੋਜ, ਦਲਵੀਰ ਸਰੋਏ, ਵਰਿੰਦਰ ਸਿੰਘ ਕੰਬੋਜ, ਅਸ਼ਵਨੀ ਭਾਰਦਵਾਜ ਤੋਂ ਇਲਾਵਾ ਪੁਰਾਣਾ ਸਤਨਾਮਪੁਰਾ ਦੇ ਵਸਨੀਕ ਮੌਜੂਦ ਸਨ।

# ਚੱਬੇਵਾਲ ਨੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ 1 ਕਰੋੜ 18 ਲੱਖ ਰੁਪਏ ਦੇ ਚੈੱਕ ਵੰਡੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਵੱਖ-ਵੱਖ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਇੱਕ ਅਹਿਮ ਪਹਿਲ ਕੀਤੀ ਹੈ।ਉਨ੍ਹਾਂ ਨੇ ਪਿੰਡ ਫੁਗਲਾਣਾ, ਭੂੰਗਰਨੀ, ਨਡਾਲੋਂ, ਪੰਡੋਰੀ ਗੰਗਾ ਸਿੰਘ, ਮਹਿਰੋਵਾਲ ਵਿਖੇ ਵੱਖ-ਵੱਖ ਕਲੱਬ ਮੈਂਬਰਾਂ ਅਤੇ ਪੰਚਾਇਤ ਮੈਂਬਰਾਂ ਵੱਲੋਂ ਕਰਵਾਏ ਸਮਾਗਮ ਦੌਰਾਨ ਖੇਡ ਸਟੇਡੀਅਮ, ਗਲੀਆਂ-ਨਾਲੀਆਂ, ਲਿੰਕ ਰੋਡ ਅਤੇ ਜਿੰਮ ਦੀ ਉਸਾਰੀ ਲਈ 1.18 ਕਰੋੜ ਰੁਪਏ ਦੀ ਰਾਸ਼ੀ ਦੇ ਚੈੱਕ ਵੰਡੇ।ਉਨ੍ਹਾਂ ਪਿੰਡ ਫੁਗਲਾਣਾ ਤੋਂ ਮੇਹਟੀਆਣਾ ਲਿੰਕ ਸੜਕ ਦੇ ਨਿਰਮਾਣ ਲਈ 52.20 ਲੱਖ ਰੁਪਏ, ਗਲੀਆਂ ਬਣਾਉਣ ਲਈ 7 ਲੱਖ ਰੁਪਏ, ਸਟੇਡੀਅਮ ਲਈ 15 ਲੱਖ ਰੁਪਏ, ਪਿੰਡ ਭੂੰਗਰਨੀ ਦੇ ਸਟੇਡੀਅਮ ਲਈ 7 ਲੱਖ ,ਪਿੰਡ ਨਡਾਲੋਂ ਦੇ ਖੇਡ ਸਟੇਡੀਅਮ ਲਈ 10 ਲੱਖ ਰੁਪਏ, ਪੰਡੋਰੀ ਗੰਗਾ ਸਿੰਘ ਗਲੀਆਂ ਦੀ ਉਸਾਰੀ ਲਈ 10 ਲੱਖ ਰੁਪਏ, ਮਹਰੋਵਾਲ ਦੀਆਂਹਰੋਵਾਲ ਗਲੀਆਂ ਦੀ ਉਸਾਰੀ ਲਈ 7 ਲੱਖ ਰੁਪਏ, ਸਟੇਡੀਅਮ ਲਈ 5 ਲੱਖ ਰੁਪਏ ਅਤੇ ਜਿੰਮ ਲਈ 5 ਲੱਖ ਰੁਪਏ ਦੇ ਚੈੱਕ ਦਿੱਤੇ ਗਏ। ਇਸ ਮੌਕੇ ਉਨ੍ਹਾਂ ਨਾਲ ਡਾ.ਇਸ਼ਾਂਕ ਵਿਸ਼ੇਸ਼ ਤੌਰ 'ਤੇ ਮੌਜੂਦ ਸਨ, ਇਸ ਕਦਮ ਨੂੰ ਪੇਂਡੂ ਖੇਤਰਾਂ ਦੇ ਵਿਕਾਸ ਲਈ ਇੱਕ ਮੀਲ ਪੱਥਰ ਮੰਨਿਆ ਜਾ ਰਿਹਾ ਹੈ, ਜਿਸ ਨਾਲ ਇਨ੍ਹਾਂ ਖੇਤਰਾਂ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ। ਇਸ ਮੌਕੇ ਵਿਪਨ ਠਾਕੁਰ, ਬਖਸ਼ੋ ਦੇਵੀ ਸਰਪੰਚ, ਡਾ. ਬਰਤੂ ਰਾਮ, ਮੋਨੂੰ ਪੰਚ, ਸਖਵੀਰ ਢਿੱਲੋਂ, ਬਿੱਟਾ ਸੈਣੀ, ਜੋਗਿੰਦਰ ਸੈਕਟਰੀ, ਅਵਤਾਰ ਧਾਮੀ, ਗੁਰਮੀਤ ਪੰਚ, ਸਨਾਵਰ ਡਡਵਾਲ, ਪ੍ਰੇਮ ਬੰਗੜ, ਮਦਨ ਕੁਮਾਰ, ਸਰਵਨ ਬੰਗੜ, ਸਰਪੰਚ ਰਾਨੀ, ਨੰਬਰਦਾਰ ਸੁਰਿੰਦਰ ਸਿੰਘ, ਜ਼ਿਲ੍ਹਾ ਪਰਿਸ਼ਦ ਕੁਲਦੀਪ ਕੌਰ, ਡਾ. ਪਰਮਜੀਤ ਸਿੰਘ, ਮੈਂਟਾ, ਲਾਡੀ , ਪ੍ਰੀਤ ਅੱਛਰਜੀਤ ਸਰਪੰਚ, ਹੀਰਾ ਸਿੰਘ, ਅਮਰੀਕ ਸਿੰਘ ਕੈ. ਪਿਆਰਾ ਸਿੰਘ, ਸੁਖਵਿੰਦਰ ਸਿੰਘ, ਓਕਾਰ ਸਿੰਘ, ਮੋਹਣ ਸਿੰਘ, ਬਲਜੀਤ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ, ਹਰਜਿੰਦਰ ਕੌਰ ਆਦਿ ਹਾਜ਼ਰ ਸਨ ।

**ਸ਼ਹੀਦੀ ਸਮਾਗਮ 'ਤੇ ਵਿਸ਼ੇਸ਼**

# ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ



ਅਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚ ਬੱਬਰ ਅਕਾਲੀ ਲਹਿਰ ਦੇ ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ ਵੀ ਇੱਕ ਸਨ, ਜਿਨ੍ਹਾ ਦਾ ਜਨਮ 20 ਮਾਰਚ 1880 ਨੂੰ ਦੁਆਬੇ ਦੇ ਪ੍ਰਸਿੱਧ ਪਿੰਡ ਦੌਲਤਪੁਰ (ਜਲੰਧਰ) ਹੁਣ ਸ਼ਹੀਦ ਭਗਤ ਸਿੰਘ ਨਗਰ ਵਿਖੇ ਪਿਤਾ ਨੱਥਾ ਸਿੰਘ ਅਤੇ ਮਾਤਾ ਦੁੱਲੀ ਦੇ ਘਰ ਹੋਇਆ। ਭਰ ਜਵਾਨੀ ਦੀ 18 ਸਾਲ ਦੀ ਉਮਰ ਵਿੱਚ ਬੱਬਰ ਕਰਮ ਸਿੰਘ ਅੰਗਰੇਜ਼ ਫੌਜ ਵਿੱਚ ਭਰਤੀ ਹੋ ਗਏ, ਪਰ ਅਜ਼ਾਦ ਫਿਜ਼ਾ ਵਿੱਚ ਸਾਹ ਲੈਣ ਦੀ ਚਾਹਤ ਕਾਰਨ ਉਹ 8 ਸਾਲ ਦੀ ਨੌਕਰੀ ਛੱਡ ਆਪਣੇ ਪਿੰਡ ਆ ਗਏ ਅਤੇ ਸੰਤ ਕਰਮ ਸਿੰਘ ਹੋਤੀ ਮਰਦਾਨ ਦੇ ਸੰਪਰਕ ਵਿੱਚ ਆਉਣ ਕਾਰਨ ਉਹ ਭਗਤੀ ਵਿੱਚ ਲੀਨ ਰਹਿਣ ਲੱਗ ਪਏ, ਪਰ ਉਨ੍ਹਾ ਦੇ ਚਾਚਾ ਵਰਿਆਮ ਸਿੰਘ ਨੇ ਉਨ੍ਹਾ ਨੂੰ ਆਪਣੇ ਕੋਲ ਕੈਨੇਡਾ ਸੱਦ ਲਿਆ। ਉਸ ਵੇਲੇ ਭਾਰਤ ਵਿੱਚ ਗਦਰ ਲਹਿਰ ਦੇ ਉਭਾਰ ਤੋਂ ਪ੍ਰਭਾਵਤ ਉਹ ਕੈਨੇਡਾ ਛੱਡ ਦੇਸ਼ ਅਜ਼ਾਦ ਕਰਾਉਣ ਲਈ ਵਾਪਸ ਆ ਗਏ।

ਅਕਾਲੀ ਲਹਿਰ ਦੇ ਪ੍ਰਭਾਵ ਕਾਰਨ ਉਹ ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਅੰਮ੍ਰਿਤ ਛਕ ਕੇ ਨਰੈਣ ਸਿੰਘ ਤੋਂ ਕਰਮ ਸਿੰਘ ਬਣ ਗਏ ਅਤੇ ਬੱਬਰ ਅਕਾਲੀ ਲਹਿਰ ਦੇ ਬਾਨੀਆਂ ਵਿੱਚੋਂ ਬੱਬਰ ਕਿਸ਼ਨ ਸਿੰਘ ਗੜਗੱਜ ਹੁਰਾਂ ਨਾਲ ਮਿਲ ਕੇ ਬੱਬਰ ਅਕਾਲੀ ਲਹਿਰ ਨੂੰ ਸਮਰਪਿਤ ਹੋ ਗਏ। ਸਰਗਰਮੀ ਤੇਜ਼ ਕਰਨ ਲਈ ਉਨ੍ਹਾ ਇੱਕ ਚੱਕਰਵਰਤੀ ਜਥਾ ਬਣਾ ਲਿਆ ਅਤੇ ਲਹਿਰ ਦੇ ਪ੍ਰਚਾਰ ਤੇ ਪਸਾਰ ਲਈ ਉਡਾਰੂ ਪ੍ਰੈੱਸ ਲਾ ਕੇ 2 ਅਗਸਤ 1922 ਤੋਂ ਆਪਣੇ ਪਿੰਡ ਦੌਲਤਪੁਰ ਤੋਂ ਆਪਣੀ ਸੰਪਾਦਨਾ ਹੇਠ 'ਬੱਬਰ ਅਕਾਲੀ ਦੁਆਬਾ' ਨਾਮੀ ਅਖਬਾਰ ਕੱਢਣੀ ਸ਼ੁਰੂ ਕਰ ਦਿੱਤੀ।

ਗੁਰਦਾਸਪੁਰ ਦੇ ਪਿੰਡ ਕੋਠੀਆਂ ਦੇ ਮਹੰਤਾਂ ਵਿਰੁੱਧ 1921 ਦਾ ਮੋਰਚਾ ਹੋਵੇ ਜਾਂ 22 ਅਪ੍ਰੈਲ 1922 ਨੂੰ ਬਲਾਚੌਰ ਤੋਂ ਹੁਸ਼ਿਆਰਪੁਰ ਤੱਕ ਸੜਕ ਦੇ ਨਾਲ-ਨਾਲ ਖੜੇ ਅੰਬਾਂ ਦੀ ਸਰਕਾਰੀ ਬੋਲੀ ਰੋਕਣ ਦੀ ਗੱਲ ਹੋਵੇ ਜਾਂ 23 ਜੁਲਾਈ 1923 ਨੂੰ ਲੰਬੜਦਾਰਾਂ ਤੋਂ ਸਰਕਾਰੀ ਮਾਮਲਾ ਲੁੱਟਣ ਜਾਂ ਅੰਗਰੇਜ਼ਾਂ ਦੇ ਝੋਲੀਚੁੱਕ ਕੌਲਗੜ੍ਹ (ਬਲਾਚੌਰ) ਦੇ ਰਲਾ ਅਤੇ ਦਿੱਤੂ ਨੂੰ ਸੋਧਣ ਦੀ ਕਾਰਵਾਈ ਹੋਵੇ, ਉਨ੍ਹਾ ਹਰ ਇੱਕ ਨੂੰ ਬੜੀ ਸ਼ਿੱਦਤ ਅਤੇ ਸਿਆਣਪ ਨਾਲ ਨੇਪਰੇ ਚਾੜ੍ਹ ਕੇ ਲਹਿਰ ਨੂੰ ਹੋਰ ਪ੍ਰਚੰਡ ਕਰ ਦਿੱਤਾ।

ਇੱਕ ਤਰ੍ਹਾਂ ਨਾਲ ਅੰਗਰੇਜ਼ ਸਰਕਾਰ ਦੇ ਮੁਕਾਬਲੇ ਮੁਤਵਾਜ਼ੀ ਸਰਕਾਰ ਚਲਾ ਕੇ ਅੰਗਰੇਜ਼ਾਂ ਨੂੰ ਸਿੱਧੇ ਤੌਰ 'ਤੇ ਲਲਕਾਰ ਦਿੱਤਾ, ਜਿਸ ਕਾਰਨ ਖੌਫਜ਼ਦਾ ਹੋਏ ਅੰਗਰੇਜ਼ ਹਾਕਮਾਂ ਨੇ ਨਵੰਬਰ 1922 ਵਿਚ ਬੱਬਰਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ।

ਬੱਬਰ ਕਰਮ ਸਿੰਘ ਦੇ ਸਿਰ ਦਾ 1000 ਰੁਪਏ ਰੱਖਿਆ ਇਨਾਮ ਵਧਾ ਕੇ 3000 ਰੁਪਏ ਕਰਨ ਨਾਲ ਉਹ ਰੁਪੋਸ਼ ਹੋ ਕੇ ਹੋਰ ਵੀ ਸਰਗਰਮ ਹੋ ਗਏ। ਇਨਾਮ ਦੇ ਲਾਲਚ ਵਿੱਚ ਪਿੰਡ ਮਾਣਕੋ (ਜਲੰਧਰ) ਦੇ ਉਨ੍ਹਾ ਦੇ ਹੀ ਇੱਕ ਸਾਥੀ ਅਨੂਪ ਸਿੰਘ ਅਤੇ ਉਸ ਦੇ ਚਾਚੇ ਬੋਘ ਸਿੰਘ ਨੇ ਗਦਾਰੀ ਕਰਕੇ ਬੱਬਰ ਕਰਮ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਿੰਡ ਬੰਬੇਲੀ (ਕਪੂਰਥਲਾ) ਬੁਲਾ ਕੇ ਉਨ੍ਹਾ ਦਾ ਅਸਲਾ ਇੱਧਰ-ਉੱਧਰ ਕਰਕੇ ਪੁਲਸ ਕੋਲ ਜਾ ਲੂਤੀ ਲਾਈ। ਮੁਖਬਰੀ ਮਿਲਦੇ ਸਾਰ ਹੀ ਅੰਗਰੇਜ਼ ਪੁਲਸ ਅਤੇ ਫੌਜ ਨੇ ਪਿੰਡ ਨੂੰ ਘੇਰਾ ਪਾ ਲਿਆ, ਜਿਸ 'ਤੇ ਬੱਬਰਾਂ ਨੇ ਪੁਲਸ ਦੇ ਹੱਥ ਆਉਣ ਦੀ ਥਾਂ ਲੜ ਮਰਨ ਨੂੰ ਤਰਜੀਹ ਦਿੰਦਿਆਂ ਹੱਥੋਂਹੱਥੀ ਨਿਪਟਣ ਲਈ ਡਟਵਾਂ ਮੁਕਾਬਲਾ ਕਰਨਾ ਬੇਹਤਰ ਸਮਝਿਆ। ਇਸ ਮੁਕਾਬਲੇ ਵਿੱਚ ਬੱਬਰ ਕਰਮ ਸਿੰਘ, ਬੱਬਰ ਬਿਸ਼ਨ ਸਿੰਘ ਮਾਂਗਟ, ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ 1 ਸਤੰਬਰ 1923 ਨੂੰ ਸ਼ਹਾਦਤ ਦਾ ਜਾਮ ਪੀ ਕੇ ਅਜ਼ਾਦੀ ਜੰਗ ਦੀਆਂ ਨੀਹਾਂ ਨੂੰ ਹੋਰ ਵੀ ਮਜ਼ਬੂਤ ਕਰ ਗਏ।

ਅੱਜ 1 ਸਤੰਬਰ (ਐਤਵਾਰ) ਨੂੰ ਬੱਬਰਾਂ ਦੇ ਸ਼ਹੀਦੀ ਦਿਵਸ ਮੌਕੇ ਉੱਘੇ ਸੁਤੰਤਰਤਾ ਸੰਗਰਾਮੀ ਅਜ਼ਾਦ ਹਿੰਦ ਫੌਜ ਦੇ ਕਮਾਂਡਰ ਮਰਹੂਮ ਬਚਨ ਸਿੰਘ ਥਾਂਦੀ ਹੁਰਾਂ ਵੱਲੋਂ ਸਥਾਪਤ ਕੀਤੇ ਬੱਬਰ ਕਰਮ ਸਿੰਘ ਯਾਦਗਾਰੀ ਟਰੱਸਟ ਦੌਲਤਪੁਰ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਬੱਬਰਾਂ ਦੀ ਸ਼ਹਾਦਤ ਦੇ 101ਵੇਂ ਵਰ੍ਹੇ ਪੂਰੇ ਹੋਣ 'ਤੇ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਬੱਬਰਾਂ ਦੀ ਸੋਚ ਦੇ ਵਾਰਿਸ ਬੱਬਰਾਂ, ਬੱਬਰ ਅਕਾਲੀ ਲਹਿਰ ਅਤੇ ਉਨ੍ਹਾਂ ਦੇ ਮਾਣਮੱਤੇ ਇਤਿਹਾਸ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਦੀ ਗੱਲ ਕਰਨ ਦੇ ਨਾਲ-ਨਾਲ ਸ਼ਰਧਾਂਜਲੀਆਂ ਭੇਟ ਕਰਨਗੇ।

—ਬਲਦੇਵ ਸਿੰਘ ਬੱਲੀ,
*ਮੋਬਾ : 98142-80838*

**ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼**

# ਕਾਮਰੇਡ ਸੁਰਿੰਦਰ ਕੁਮਾਰ ਕੰਡਾ ਨੂੰ ਯਾਦ ਕਰਦਿਆਂ ...



ਕਾਮਰੇਡ ਸੁਰਿੰਦਰ ਕੁਮਾਰ ਕੰਡਾ ਦਾ ਜਨਮ ਪਿਤਾ ਪ੍ਰਕਾਸ਼ ਚੰਦ ਅਤੇ ਮਾਤਾ ਮਾਇਆ ਦੇਵੀ ਦੇ ਘਰ 02 ਸਤੰਬਰ 1947 ਨੂੰ ਪਿੰਡ ਖੋਸਾ ਪਾਂਡੋ ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿਖੇ ਕਿਰਤੀ ਪਰਵਾਰ ਵਿੱਚ ਹੋਇਆ। ਆਪ ਦੇ 5 ਭਾਈ ਸਨ, ਜੋ ਬਹੁਤ ਹੀ ਸਖਤ ਮਿਹਨਤ ਅਤੇ ਕਿਰਤ ਦੇ ਨਾਲ ਜੁੜੇ ਹੋਏ ਹਨ। ਆਪ ਨੇ ਤੀਸਰੀ ਜਮਾਤ ਤੱਕ ਦੀ ਪੜ੍ਹਾਈ ਪਿੰਡ ਖੋਸਾ ਪਾਂਡੋ ਦੇ ਸਕੂਲ ਤੋਂ ਪ੍ਰਾਪਤ ਕਰਕੇ ਆਪਣੇ ਪਰਵਾਰ ਦੇ ਪਾਲਣ-ਪੋਸ਼ਣ ਲਈ ਬਹੁਤ ਸਾਰੇ ਸਥਾਨਾਂ ਉਪਰ ਮਿਹਨਤ-ਮੁਸ਼ੱਕਤ ਕੀਤੀ। 22 ਅਪ੍ਰੈਲ 1970 ਨੂੰ ਉਹਨਾ ਦਾ ਵਿਆਹ ਆਸ਼ਾ ਰਾਣੀ ਪੁੱਤਰੀ ਬੰਤ ਸਿੰਘ ਅਤੇ ਮਾਤਾ ਸ਼ਾਮ ਕੌਰ ਤਲਵੰਡੀ ਦੁਸਾਂਝ (ਮੋਗਾ) ਨਾਲ ਹੋਇਆ। ਇਸੇ ਹੀ ਸਮੇਂ ਦੌਰਾਨ ਮੋਗਾ ਦੀ ਬਹੁਤ ਹੀ ਪੁਰਾਣੀ ਜੈ ਬਜਰੰਗ ਨੇਲ (ਮੇਖਾਂ) ਵਾਲੀ ਫੈਕਟਰੀ ਗਾਂਧੀ ਰੋਡ ਮੋਗਾ ਵਿਖੇ ਕਾਫੀ ਸਮਾਂ ਨੌਕਰੀ ਕੀਤੀ ਅਤੇ ਨੌਕਰੀ ਦੇ ਨਾਲ ਇਹਨਾ ਦਾ ਵਾਸਤਾ ਕਮਿਊਨਿਸਟ ਲਹਿਰ ਦੇ ਆਗੂ ਨਛੱਤਰ ਸਿੰਘ ਧਾਲੀਵਾਲ, ਕਾਮਰੇਡ ਜਗਰੂਪ, ਸੀਨੀਅਰ ਪੱਤਰਕਾਰ ਜਤਿੰਦਰ ਪਨੂੰ, ਰਕਸ਼ਪਾਲ, ਗੁਰਮੇਲ ਮੋਗਾ, ਬਲਵਿੰਦਰ ਸੰਧੂ, ਦਰਸ਼ਨ ਸਿੰਘ ਟੂਟੀ, ਵਰਿੰਦਰ ਕੌੜਾ ਤੇ ਰਣਧੀਰ ਸਿੰਘ ਗਿੱਲ ਦੇ ਨਾਲ ਪਿਆ। ਆਪ ਮਜ਼ਦੂਰ ਲਹਿਰ, ਲੋਕ ਲਹਿਰਾਂ ਸੰਗ ਵਿਚਰਨ ਲੱਗੇ। ਬੇਦੀ ਫ਼ਾਰਮ ਮੋਰਚੇ ਵੇਲੇ ਉਹ ਸਾਥੀਆਂ ਦੇ ਨਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ 32 ਦਿਨ ਨਜ਼ਰਬੰਦ ਰਹੇ। 1984 ਦੇ ਦੌਰ ਵਿੱਚ ਆਪਣੇ ਗੁਜ਼ਰ-ਬਸਰ ਕਰਨ ਲਈ ਸਾਈਕਲ ਰਿਪੇਅਰ ਦੀ ਦੁਕਾਨ ਸ਼ੁਰੂ ਕੀਤੀ। ਅੱਤਵਾਦ ਦੌਰਾਨ ਉਹਨਾ ਮੋਗਾ ਜ਼ਿਲ੍ਹੇ ਵਿੱਚ 'ਨਵਾਂ ਜ਼ਮਾਨਾ' ਦੀ ਏਜੰਸੀ ਸੰਭਾਲਣ ਅਤੇ ਅਖਬਾਰਾਂ ਖੁਦ ਵੰਡਣ ਦਾ ਬੀੜਾ ਚੁੱਕਿਆ। ਭਾਰਤੀ ਕਮਿਊਨਿਸਟ ਪਾਰਟੀ ਅਤੇ ਟਰੇਡ ਯੂਨੀਅਨ ਕੌਂਸਲ ਦੀਆਂ ਸਰਗਰਮੀਆਂ ਵਿੱਚ ਆਪਣੇ ਪਰਵਾਰ ਸਮੇਤ ਹਾਜ਼ਰ ਰਹਿੰਦੇ ਸਨ। ਉਹਨਾ ਦੇ ਬੱਚੇ ਬੇਟੀ ਸੁਨੀਤਾ ਰਾਣੀ ਸੀ ਐੱਚ ਟੀ ਟੀਚਰ ਧਰਮਕੋਟ ਵਿਖੇ ਸਰਵਿਸ ਕਰਦੀ ਹੈ। ਵੱਡਾ ਲੜਕਾ ਰਾਜ ਕੁਮਾਰ ਰਾਜੂ ਆਪਣੀ ਕਿਰਤ ਲਈ ਵੈਲਡਿੰਗ ਵਾਲੀ ਦੁਕਾਨ ਕਰਦਾ ਹੈ, ਛੋਟਾ ਲੜਕਾ ਨਵਜੀਤ ਕੁਮਾਰ ਨਵੀਂ ਸੋਨੇ ਦਾ ਕੰਮ ਕਰਦਾ ਹੈ, ਛੋਟੀਆਂ ਬੇਟੀਆਂ ਵੀਨਾ ਰਾਣੀ ਅਤੇ ਨੀਲਮ ਰਾਣੀ ਆਪਣੇ ਪਰਵਾਰਾਂ ਵਿੱਚ ਵਧੀਆ ਜੀਵਨ ਬਤੀਤ ਕਰ ਰਹੀਆਂ ਹਨ। ਸਾਰੇ ਹੀ ਬੱਚੇ ਵਿਆਹੇ ਹੋਏ ਹਨ ਅਤੇ ਆਪਣੇ ਪਰਵਾਰ ਵਿੱਚ ਸੈਟਲ ਹਨ। ਕਾਮਰੇਡ ਜੀ ਸਾਹਿਤਕ ਰੁਚੀਆਂ ਦੇ ਹੋਣ ਕਰਕੇ ਅਕਸਰ ਹੀ ਧਰਨੇ-ਮੁਜ਼ਾਹਰਿਆਂ ਵਿੱਚ ਆਪਣੀਆਂ ਕਵਿਤਾਵਾਂ ਰਾਹੀਂ ਹਾਜ਼ਰੀ ਲਗਵਾਉਂਦੇ। ਉਹਨਾ ਦੀ ਪਤਨੀ ਆਸ਼ਾ ਰਾਣੀ ਨੇ ਭਰੇ ਮਨ ਅਤੇ ਫ਼ਖਰ ਮਹਿਸੂਸ ਕਰਦਿਆਂ ਦੱਸਿਆ ਕਿ ਉਹ ਜੀਅ-ਜਾਨ ਨਾਲ ਪਾਰਟੀ ਨਾਲ ਜੁੜੇ ਹੋਏ ਸਨ, ਜਿਸ ਦਾ ਅਸਰ ਸਾਡੇ ਸਾਰੇ ਪਰਿਵਾਰ ਉੱਤੇ ਵੀ ਹੈ। ਕਿਸੇ ਵੀ ਚੋਣਾਂ ਦੌਰਾਨ ਉਹ ਪਾਰਟੀ ਵੱਲੋਂ ਮੁਹੱਲੇ ਵਿੱਚ ਤਨਦੇਹੀ ਨਾਲ ਸਰਗਰਮ ਕਰਕੇ ਵੋਟਾਂ ਦੀ ਅਪੀਲ ਕਰਦੇ, ਮਾੜੇ ਸਮਿਆਂ ਵਿੱਚ ਵੀ ਉਹ ਹੌਸਲੇ ਨਾਲ ਆਪਣੀਆਂ ਗਤੀਵਿਧੀਆਂ ਜਾਰੀ ਰੱਖਦੇ। ਪਿਛਲੇ ਸਮੇਂ ਦੌਰਾਨ ਉਹ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ। ਬਿਮਾਰੀ ਦੌਰਾਨ ਉਹਨਾ ਦੀ ਪਤਨੀ, ਬੇਟੀਆਂ ਅਤੇ ਬੇਟਿਆਂ ਨੇ ਅਜੋਕੇ ਯੁੱਗ ਵਿੱਚ ਮਿਸਾਲੀ ਸੇਵਾ ਦਾ ਫਰਜ਼ ਨਿਭਾਇਆ। ਕਾਮਰੇਡ ਸੁਰਿੰਦਰ ਕੁਮਾਰ ਕੰਡਾ ਬਿਮਾਰੀ ਨਾਲ ਜੂਝਦਿਆਂ ਬੀਤੀ 23 ਅਗਸਤ ਨੂੰ ਸਾਡੇ ਤੋਂ ਸਦਾ ਲਈ ਵਿਛੜ ਗਏ। ਭਾਰਤੀ ਕਮਿਊਨਿਸਟ ਪਾਰਟੀ ਆਪਣੇ ਨਿਧੜਕ, ਇਮਾਨਦਾਰ, ਸੁਹਿਰਦ ਅਤੇ ਸਮਰਪਿਤ ਯੋਧੇ ਦੀ ਸਮਾਜ ਪ੍ਰਤੀ ਦੇਣ ਨੂੰ ਸਲਾਮ ਕਰਦੀ ਹੈ।

ਅੱਜ ਪਹਿਲੀ ਸਤੰਬਰ (ਐਤਵਾਰ) ਨੂੰ ਉਹਨਾ ਨਮਿਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਬੀਬੀ ਭਗਵਾਨ ਕੌਰ ਸੂਰਜ ਨਗਰ, ਮੋਗਾ ਵਿਖੇ ਦੁਪਹਿਰ 12.00 ਤੋਂ 1.00 ਵਜੇ ਤੱਕ ਹੋ ਰਿਹਾ ਹੈ।

—ਕੁਲਦੀਪ ਭੋਲ਼ਾ, ਭਾਰਤੀ ਕਮਿਊਨਿਸਟ ਪਾਰਟੀ,
ਜ਼ਿਲ੍ਹਾ ਮੋਗਾ

## 3 ਦੀ ਚੰਡੀਗੜ੍ਹ ਰੈਲੀ 'ਚ ਹੋਵੇਗੀ ਭਰਵੀਂ ਸ਼ਮੂਲੀਅਤ : ਪ ਸ ਸ ਫ

**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ)** -ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਮੁੱਖ ਮੰਤਰੀ ਪੰਜਾਬ ਵਲੋਂ ਮੁਲਾਜ਼ਮਾਂ ਅਤੇ ਪੈਂਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਨ ਦੀ ਥਾਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਰੱਦ ਕਰਨ ਦੇ ਵਿਰੋਧ ਵਿੱਚ ਮੁਲਾਜ਼ਮ-ਪੈਨਸ਼ਨਰ ਵਰਗ ਵਲੋਂ ਸਰਕਾਰ ਵਿਰੁੱਧ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ ਮਿਤੀ 3 ਸਤੰਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਅਤੇ ਵਿਧਾਨ ਸਭਾ ਵੱਲ ਮਾਰਚ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਇਸ ਰੈਲੀ ਵਿਚ ਪ.ਸ.ਸ.ਫ. ਵਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਇਸ ਰੈਲੀ ਮੌਕੇ ਅਗਲੇ ਤਿੱਖੇ ਸੰਘਰਸ਼ਾਂ ਦਾ ਐਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਕਿਸ਼ੋਰ ਚੰਦ ਗਾਜ, ਅਨਿਲ ਕੁਮਾਰਮ ਅਮਰੀਕ ਸਿੰਘ, ਗੁਰਬਿੰਦਰ ਸਿੰਘ, ਗੁਰਦੇਵ ਸਿੰਘ ਸਿੱਧੂ, ਗੁਰਪ੍ਰੀਤ ਰੰਗੀਲਪੁਰ, ਪੂਰਨ ਸਿੰਘ ਸੰਧੂ, ਜਰਨੈਲ ਸਿੰਘ, ਮੋਹਣ ਸਿੰਘ ਪੂਨੀਆ, ਜੱਗਾ ਸਿੰਘ ਅਲੀਸ਼ੇਰ, ਜਸਵਿੰਦਰ ਸਿੰਘ ਸੋਜਾ, ਕਰਮ ਸਿੰਘ, ਨਿਰਭੈ ਸਿੰਘ ਸ਼ੰਕਰ, ਸੁਭਾਸ਼ ਚੰਦਰ, ਬਲਵਿੰਦਰ ਭੁੱਟੋ, ਰਜਿੰਦਰ ਸਿੰਘ ਰਿਆੜ, ਜਤਿੰਦਰ ਸਿੰਘ, ਮਾਲਵਿੰਦਰ ਸਿੰਘ, ਮਨੋਹਰ ਲਾਲ ਸ਼ਰਮਾ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਪੁਸ਼ਪਿੰਦਰ ਸਿੰਘ ਹਰਪਾਲਪਰ, ਰਜੇਸ਼ ਕੁਮਾਰ ਅਮਲੋਹ, ਬੋਬਿੰਦਰ ਸਿੰਘ, ਜਸਵੀਰ ਤਲਵਾੜਾ, ਸਿਮਰਜੀਤ ਸਿੰਘ ਬਰਾੜ, ਜਸਵੀਰ ਸਿੰਘ ਸ਼ੀਰਾ, ਗੁਰਪ੍ਰੀਤ ਕੌਰ, ਸਰਬਜੀਤ ਸਿੰਘ ਪੱਟੀ, ਰਾਣੋ ਖੜੀ ਗਿੱਲਾਂ, ਕੁਲਦੀਪ ਵਾਲੀਆ, ਬਿਮਲਾ ਰਾਣੀ, ਕੁਲਦੀਪ ਪੂਰੋਵਾਲ, ਭੁਮਣ ਸਿੰਘ ਕਾਠਗੜ੍ਹ, ਸ਼ਰਮੀਲਾ ਦੇਵੀ, ਦਵਿੰਦਰ ਸਿੰਘ ਬਿੱਟੂ ਵੀ ਹਾਜ਼ਰ ਸਨ।

## ਪੰਜਾਬ ਨੰਬਰਦਾਰ ਐਸੋਸੀਏਸ਼ਨ ਨੇ ਚੱਬੇਵਾਲ ਨੂੰ ਦਿੱਤਾ ਮੰਗ ਪੱਤਰ

**ਭੁਲੱਥ (ਮਨਪ੍ਰੀਤ ਸਿੰਘ)**-ਪੰਜਾਬ ਨੰਬਰਦਾਰ ਐਸੋਸੀਏਸ਼ਨ (ਗਾਲਿਬ) ਦੇ ਜਨਰਲ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਬਾਜਵਾ ਦੀ ਅਗਵਾਈ ਹੇਠ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੂੰ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਸਬੰਧ ਵਿੱਚ ਦਿੱਤਾ ਗਿਆ। ਚੱਬੇਵਾਲ ਨੇ ਨੰਬਰਦਾਰਾਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਤੇ ਮੰਗ ਪੱਤਰ ਸਵੀਕਾਰ ਕੀਤਾ ।ਉਨ੍ਹਾਂ ਨੇ ਕਿਹਾ ਕਿ ਨੰਬਰਦਾਰਾਂ ਦੀਆਂ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਬਾਰੇ ਜਲਦ ਹੀ ਮੁੱਖ ਮੰਤਰੀ ਪੰਜਾਬ ਨਾਲ ਗੱਲ ਕਰਕੇ ਜਲਦੀ ਹੱਲ ਕਰਵਾਉਣ ਦੀ ਕੋਸ਼ਿਸ਼ ਕਰਾਂਗਾ ਤੇ ਨਾਲ ਹੀ ਮੰਗ ਪੱਤਰ ਪੰਜਾਬ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਕੋਲ ਪਹੁੰਚਾ ਦਿੱਤਾ ਜਾਵੇਗਾ ਤੇ ਉਹਨਾਂ ਨੂੰ ਵੀ ਇਹਨਾਂ ਮੰਗਾਂ ਨੂੰ ਜਲਦੀ ਪੂਰਾ ਕਰਨ ਵਾਸਤੇ ਕਿਹਾ ਜਾਵੇਗਾ। ਪੰਜਾਬ ਨੰਬਰਦਾਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਤੇ ਜ਼ਿਲਾ ਪ੍ਰਧਾਨ ਜਰਨੈਲ ਸਿੰਘ ਬਾਜਵਾ ਨੇ ਡਾਕਟਰ ਰਾਜ ਕੁਮਾਰ ਚੱਬੇਵਾਲ ਦਾ ਧੰਨਵਾਦ ਕੀਤਾ । ਇਸ ਮੌਕੇ ਸੁਰਜੀਤ ਸਿੰਘ ਦੋਲੋਵਾਲ, ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ, ਗੁਰਮੀਤ ਸਿੰਘ ਹਮੀਰਾ, ਕੁੰਦਨ ਸਿੰਘ ਮਾਨ ਤਲਵੰਡੀ ਪ੍ਰੈਸ ਸਕੱਤਰ ਹਾਜ਼ਰ ਸਨ।

## ਦੀ ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਨੇ ਵੁਸ਼ੂ ਮੁਕਾਬਲੇ 'ਚ ਮਾਰੀਆਂ ਮੱਲਾਂ

**ਆਦਮਪੁਰ (ਪਰਮਜੀਤ ਸਿੰਘ)**- ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ ਆਦਮਪੁਰ ਨੇ ਜਲੰਧਰ ਵਿਖੇ ਜ਼ਿਲ੍ਹਾ ਪੱਧਰ 'ਤੇ ਹੋਏ ਖੇਡ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਆਪਣੇ ਮਾਂ- ਬਾਪ ਦਾ ਨਾਂਅ ਰੌਸ਼ਨ ਕੀਤਾ ਹੈ। ਇਹ ਖੇਡਾਂ ਜਲੰਧਰ ਵਿਖੇ ਮੈਰੀਟੋਰੀਅਸ ਸਕੂਲ ਵਿਖੇ ਹੋਈਆ।ਇਹ ਖੇਡਾਂ ਵੁਸ਼ੂ ਐਸੋਸੀਏਸ਼ਨ ਵੱਲੋਂ ਕਰਵਾਈਆਂ ਗਈਆਂ।ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਸੋਢੀ ਜੋ ਆਈ.ਪੀ.ਐਸ ਸੇਵਾਮੁਕਤ, ਓਲੰਪੀਅਕ ਅਰਜੁਨ ਐਵਾਰਡ ਜੇਤੂ ਹਨ ਦੀ ਅਧੀਨਗੀ ਹੇਠ ਕਰਵਾਈਆ ਗਈਆਂ।ਇਸ ਮੁਕਾਬਲੇ ਵਿੱਚ ਵੱਖ- ਵੱਖ ਰਾਜ ਦੀਆਂ 15 ਟੀਮਾਂ ਨੇ ਭਾਗ ਲਿਆ ਸੀ। ਜਿਸ ਵਿਚੋਂ ਇੰਪੀਰੀਅਲ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿੱਚ 11 ਸੋਨ ਤਮਗੇ, 12 ਚਾਂਦੀ ਤਮਗੇ ਅਤੇ 12 ਕਾਂਸੇ ਦੇ ਤਮਗੇ ਜਿੱਤ ਕੇ ਆਪਣੇ ਸਕੂਲ ਅਤੇ ਕੋਚ ਅੰਜਲੀ ਗਿੱਲ ਦਾ ਨਾਂਅ ਰੋਸ਼ਨ ਕੀਤਾ।ਇਸ ਜਿੱਤ ਦੀ ਖੁਸ਼ੀ ਵਿੱਚ ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ, ਡਾਇਰੈਕਟਰ ਜਗਮੋਹਨ ਅਰੋੜਾ, ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਵਿੰਦਰ ਕੌਰ ਮੱਲ੍ਹੀ , ਵਾਇਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਠਾਕੁਰ , ਕੋਆਰਡੀਨੇਟਰ ਸ਼੍ਰੀਮਤੀ ਰੈਨੂੰ ਚਾਹਲ ਅਤੇ ਚੀਫ਼ ਅਕੈਡਮੀ ਅਡਵਾਈਜ਼ਰ ਸ਼੍ਰੀਮਤੀ ਸੁਸ਼ਮਾ ਵਰਮਾ ਅਤੇ ਸਮੂਹ ਸਟਾਫ਼ ਨੇ ਜੇਤੂ ਵਿਦਿਆਰਥੀਆਂ ਅਤੇ ਕੋਚ ਅੰਜਲੀ ਗਿੱਲ ਨੂੰ ਵਧਾਈ ਦਿੱਤੀ।



# ਬੈਚ ਖੁਰਦ ਵਿਖੇ ਬਾਬਾ ਝੰਡਾ ਸਿੰਘ ਦਾ ਬਰਸੀ ਸਮਾਗਮ ਕਰਵਾਇਆ





**ਅੱਡਾ ਸਰਾਂ (ਜਸਵੀਰ ਕਾਜਲ)**-ਨਜ਼ਦੀਕੀ ਪਿੰਡ ਬੈਚ ਖੁਰਦ ਵਿਖੇ ਬਾਬਾ ਝੰਡਾ ਸਿੰਘ ਦੀ ਯਾਦ ਨੂੰ ਸਮਰਪਿਤ ਸਾਲਾਨਾ ਬਰਸੀ ਸਮਾਗਮ ਸ਼ਰਧਾਪੂਰਵਕ ਕਰਵਾਇਆ ਗਿਆ । ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਰਾਏ ਸਿੰਘ ਨੇ ਸਮਾਗਮ ਸੰਪੂਰਨਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਫਿਰ ਕੀਰਤਨ ਦੀਵਾਨ ਦੀ ਆਰੰਭਤਾ ਕੀਤੀ ਗਈ ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜੱਥੇ ਬੀਬੀ ਦਲੇਰ ਕੌਰ ਖਾਲਸਾ ਢਾਡੀ ਜੱਥਾ, ਭਾਈ ਹਰਭਜਨ ਸਿੰਘ ਸੋਤਲਾ ਰਾਗੀ ਜੱਥਾ ,ਭਾਈ ਵਰਿੰਦਰ ਸਿੰਘ ਭਾਈ ਇੰਦਰਜੀਤ ਸਿੰਘ ਕੀਰਤਨੀ ਜੱਥਾ , ਬਾਬਾ ਮੱਖਣ ਸਿੰਘ ਦਰੀਆ ਕਥਾ ਵਾਚਕ , ਪ੍ਰੋਫੈਸਰ ਅਮਰਜੀਤ ਸਿੰਘ ਜੰਡੀ ਅੰਮਿਤਸਰ ਵਾਲੇ ਕਥਾ ਵਾਚਕ, ਸਭ ਨੇ ਗੁਰਬਾਣੀ ਕਥਾ ਵਿਚਾਰ ਅਤੇ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਪ੍ਰਧਾਨ ਸਤਨਾਮ ਸਿੰਘ, ਖਜਾਨਚੀ ਅਵਤਾਰ ਸਿੰਘ, ਜਸਬੀਰ ਸਿੰਘ, ਦਵਿੰਦਰ ਸਿੰਘ, ਜਸਬੰਤ ਸਿੰਘ ਚੋਟਾਲਾ (ਪ੍ਰਧਾਨ ਜੱਟ ਮਹਾਸਭਾ ਅਤੇ ਕਾਂਗਰਸੀ ਆਗੂ), ਜਸਵੀਰ ਸਿੰਘ, ਅਮਨਦੀਪ ਸਿੰਘ, ਲਵਪ੍ਰੀਤ ਸਿੰਘ ,ਮਨਵੀਰ ਸਿੰਘ ,ਰੋਮਨਪ੍ਰੀਤ ਸਿੰਘ ,ਕਰਮਵੀਰ ਸਿੰਘ ,ਇੰਦਰਜੀਤ ਸਿੰਘ, ਤਲਵਿੰਦਰ ਸਿੰਘ, ਹਰਜਿੰਦਰ ਸਿੰਘ, ਜਸ਼ਨਜੀਤ ਸਿੰਘ, ਵਰਿੰਦਰ ਸਿੰਘ ,ਰਣਵੀਰ ਸਿੰਘ, ਹਰਿੰਦਰ ਸਿੰਘ,ਚੰਦਵੀਰ ਸਿੰਘ, ਪ੍ਰਦੀਪ ਸਿੰਘ, ਜਸਕਰਨ ਸਿੰਘ, ਹਰਨੇਕ ਲੰਬੜ ਅਤੇ ਨਗਰ ਦੀਆਂ ਸਰਬੱਤ ਸੰਗਤਾਂ ਹਾਜ਼ਰ ਸਨ।

## ਆਨਲਾਈਨ ਬਦਲੀਆਂ 'ਚ ਪਾਰਦਰਸ਼ਤਾ ਦੀ ਘਾਟ ਕਾਰਨ ਅਧਿਆਪਕ ਹੋਏ ਪ੍ਰੇਸ਼ਾਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**—ਲੰਬੀ ਉਡੀਕ ਤੋਂ ਬਾਅਦ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਨੂੰ ਬਦਲੀਆਂ ਲਈ ਸਟੇਸ਼ਨ ਚੋਣ ਕਰਨ ਦਾ ਮੌਕਾ ਦਿੱਤਾ ਗਿਆ ਸੀ ਜਿਸ ਵਿਚ ਵੱਖ ਵੱਖ ਸਮੇਂ 'ਤੇ ਹੋਈਆਂ ਭਰਤੀਆਂ ਸਮੇਤ 3704 ਮਾਸਟਰ ਕੇਡਰ, 2392 ਮਾਸਟਰ ਕੇਡਰ, 873 ਡੀ.ਪੀ.ਈ, 53 ਡੀ.ਪੀ.ਈ, 3582 ਮਾਸਟਰ ਕੇਡਰ ਵੇਟਿੰਗ, 180 ਈ.ਟੀ.ਟੀ ਅਤੇ 4161 ਮਾਸਟਰ ਕੇਡਰ, ਸਪੈਸ਼ਲ ਕੈਟਾਗਿਰੀ ਅਧਿਆਪਕ ਵਰਗ ਵਿਚੋਂ ਬਦਲੀਆਂ ਦੇ ਚਾਹਵਾਨ ਅਧਿਆਪਕਾਂ ਲਈ ਪਹਿਲੇ ਗੇੜ (ਜ਼ਿਲੇ ਦੇ ਅੰਦਰ) ਲਈ ਸਟੇਸ਼ਨ ਚੋਣ ਦੀ ਆਪਸ਼ਨ ਖੋਲ੍ਹੀ ਗਈ ਪਰ ਇਸ ਆਪਸ਼ਨ ਦੇ ਖੁੱਲ੍ਹਦਿਆਂ ਹੀ ਬਦਲੀਆਂ ਦੀ ਆਸ ਵਿੱਚ ਬੈਠੇ ਵੱਖ ਵੱਖ ਕੈਟਾਗਿਰੀ ਦੇ ਅਧਿਆਪਕਾਂ ਵਿੱਚ ਭਾਰੀ ਨਿਰਾਸ਼ਾ ਅਤੇ ਬੇਚੈਨੀ ਦਾ ਆਲਮ ਪੈਦਾ ਹੋ ਗਿਆ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਤੇ ਸਕੱਤਰ ਸੁਖਵਿੰਦਰ ਸਿੰਘ ਮੱਕੜ ਨੇ ਕਿਹਾ ਕਿ ਜਦੋਂ ਬਦਲੀਆਂ ਲਈ ਸਟੇਸ਼ਨ ਚੋਣ ਪੋਰਟਲ ਖੁੱਲ੍ਹਿਆ ਤਾਂ ਹਜ਼ਾਰਾਂ ਅਧਿਆਪਕਾਂ ਨੂੰ ਡਾਟਾ ਮਿਸਮੈਚ, ਸਰਵਿਸ ਹਿਸਟਰੀ ਮਿਸਮੈਚ, ਰਿਜ਼ਲਟ ਮਿਸਮੈਚ ਆਦਿ ਜਿਹੇ ਇਤਰਾਜ਼ ਲਾ ਕੇ ਬਦਲੀਆਂ ਤੋਂ ਅਯੋਗ ਠਹਿਰਾ ਦਿੱਤਾ ਗਿਆ। ਇਥੋਂ ਤੱਕ ਕਿ ਵਿਸ਼ੇਸ਼ ਰਾਖਵਾਂਕਰਨ ਦੇ ਹੱਕਦਾਰ ਵਿਧਵਾ/ਵਿਧੁਰ, ਅੰਗਹੀਣ ਅਤੇ ਉਹ ਅਧਿਆਪਕਾਵਾਂ ਜਿੰਨ੍ਹਾਂ ਦੇ ਪਤੀ ਸੈਨਾ ਵਿੱਚ ਨੌਕਰੀ ਕਰ ਰਹੇ ਹਨ, ਇਹਨਾਂ ਨੂੰ ਕੋਈ ਸ਼ਰਤ ਨਾ ਹੋਣ ਦੇ ਬਾਵਜੂਦ ਕੋਈ ਨਾ ਕੋਈ ਇਤਰਾਜ਼ ਲਾ ਕੇ ਅਯੋਗ ਘੋਸ਼ਿਤ ਕਰ ਦਿੱਤਾ ਗਿਆ। ਜ਼ਿਲ੍ਹਾ ਪ੍ਰੀਸ਼ਦ ਤੋਂ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤੇ ਗਏ ਅਧਿਆਪਕਾਂ ਦਾ ਡਾਟਾ ਵੱਡੇ ਪੱਧਰ ਤੇ ਮਿਸਮੈਚ ਹੈ ਅਤੇ ਬਹੁਤ ਸਾਰੇ ਅਧਿਆਪਕਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਵੀ ਅਯੋਗ ਠਹਿਰਾਇਆ ਗਿਆ ਹੈ।ਸਿੱਖਿਆ ਵਿਭਾਗ ਦੀ ਲਾਪ੍ਰਵਾਹੀ ਨੇ ਇੱਕ ਵਾਰ ਫਿਰ ਤੋਂ ਹਜ਼ਾਰਾਂ ਅਧਿਆਪਕਾਂ ਨੂੰ ਮਾਨਸਿਕ ਤੌਰ ਤੇ ਬੇਹੱਦ ਪ੍ਰੇਸ਼ਾਨ ਦੇ ਨਿਰਾਸ਼ ਕਰਕੇ ਰੱਖ ਦਿੱਤਾ ਹੈ। ਸਮੂਹ ਪੀੜਤ ਅਧਿਆਪਕ ਵਰਗ ਦੀ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਸਿੱਖਿਆ ਸਕੱਤਰ ਅਤੇ ਡੀ. ਪੀ. ਆਈ (ਸਕੈਂਡਰੀ) ਤੋਂ ਪੁਰਜ਼ੋਰ ਮੰਗ ਹੈ ਕਿ ਸਟੇਸ਼ਨ ਚੋਣ ਬਦਲੀਆਂ ਦੇ ਚਾਹਵਾਨ ਅਧਿਆਪਕਾਂ ਦੇ ਡਾਟੇ ਵਿਚਲੀਆਂ ਖ਼ਾਮੀਆਂ ਨੂੰ ਦੂਰ ਕਰਕੇ ਸਾਰੇ ਯੋਗ ਅਧਿਆਪਕਾਂ ਨੂੰ ਬਦਲੀਆਂ ਲਈ ਤੁਰੰਤ ਵਿਸ਼ੇਸ਼ ਮੌਕਾ ਦਿੱਤਾ ਜਾਵੇ ਤਾਂ ਜੋ ਜ਼ਿਲ੍ਹੇ ਵਿੱਚ ਬਦਲੀਆਂ ਅਤੇ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਸਰੇ ਜ਼ਿਲ੍ਹਿਆਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਨੂੰ ਵੀ ਬਦਲੀ ਦਾ ਮੌਕਾ ਮਿਲ ਸਕੇ।

## ਐੱਸ ਟੀ ਐੱਸ ਵਰਲਡ ਸਕੂਲ 'ਚ ਵਿਸ਼ੇਸ਼ ਪ੍ਰਾਰਥਨਾ ਸਭਾ



**ਗੁਰਾਇਆ (ਬਿੰਦਰ ਸੁਮਨ)**- ਰਾਸ਼ਟਰੀ ਖੇਡ ਦਿਵਸ ਦੇ ਮੌਕੇ 'ਤੇ ਐੱਸ.ਟੀ.ਐੱਸ ਵਰਲਡ ਸਕੂਲ ਵਿਖੇ ਅੱਠਵੀਂ (ਬੀ) ਜਮਾਤ ਦੇ ਵਿਦਿਆਰਥੀਆਂ ਵੱਲੋਂ ਆਪਣੀ ਜਮਾਤ ਇੰਚਾਰਜ ਤਜਿੰਦਰ ਕੌਰ ਦੀ ਦੇਖ-ਰੇਖ ਹੇਠ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਕਰਵਾਈ ਗਈ। ਇਸ ਪ੍ਰਾਰਥਨਾ ਸਭਾ ਦਾ ਸੰਚਾਲਨ ਸੋਮਆ ਅਤੇ ਲਵਲੀਨ ਨੇ ਕੀਤਾ। ਅੱਜ ਦਾ ਵਿਚਾਰ ਅਮਾਨਤ ਬਾਸੀ ਨੇ ਪੇਸ਼ ਕੀਤਾ । ਗੁਰਜਾਨ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਨਵਾਂ ਸ਼ਬਦ ਦੱਸ ਕੇ ਉਨ੍ਹਾਂ ਦੇ ਗਿਆਨ ਭੰਡਾਰ ਵਿੱਚ ਵਾਧਾ ਕੀਤਾ ਗਿਆ। ਇਸ ਮੌਕੇ 'ਤੇ ਸਾਰੇ ਵਿਦਿਆਰਥੀਆਂ ਵੱਲੋਂ ਖੇਡ ਦਿਵਸ ਨੂੰ ਦਰਸਾਉਂਦਾ ਨਾਚ ਪੇਸ਼ ਕੀਤਾ ਗਿਆ। ਖ਼ਬਰਾਂ ਦਾ ਉਚਾਰਨ ਬਰਲੀਨ ਕੌਰ ਵਲੋਂ ਕੀਤਾ ਗਿਆ ਹੈ। ਜਸਮੀਤ ਵਲੋਂ ਕਵਿਤਾ ਪੇਸ਼ ਕੀਤੀ ਗਈ। ਉਪਾਸਨਾ ਵੱਲੋਂ ਰਾਸ਼ਟਰੀ ਖੇਡ ਦਿਵਸ ਬਾਰੇ ਦੱਸਿਆ ਗਿਆ। ਮਨਰੀਤ ਕੌਰ ਵਲੋਂ ਭਾਸ਼ਣ ਦਿੱਤਾ ਗਿਆ। ਗੌਰੀ ਨੇ ਭਾਰਤੀਆਂ ਵਲੋਂ ਉਲੰਪਿਕ ਖੇਡਾਂ ਵਿੱਚ ਕੀਤੀਆਂ ਪ੍ਰਾਪਤੀਆਂ ਬਾਰੇ ਦੱਸਿਆ। ਪ੍ਰਿੰਸੀਪਲ ਮੈਡਮ ਪ੍ਰਭਜੋਤ ਕੌਰ ਗਿੱਲ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਸਵੈ-ਮਾਣ ਅਤੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨ ਦੀ ਪ੍ਰੇਰਨਾ ਦਿੱਤੀ।

## ਬਲਾਕ ਬੰਗਾ ਤੇ ਔੜ 'ਚ ਦਿਵਿਆਂਗਜ਼ਨਾਂ ਨੂੰ ਉਪਕਰਣ ਵੰਡੇ

**ਨਵਾਂਸ਼ਹਿਰ (ਮਨੋਜ ਲਾਡੀ)**-ਦਿਵਿਆਂਗਜ਼ਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਸਰਕਾਰ ਵਲੋਂ ਉਨਾਂ ਦੇ ਕਲਿਆਨ ਅਤੇ ਪੁਨਰਵਾਸ ਦੇ ਲਈ ਕੰਮ ਕੀਤੇ ਜਾ ਰਹੇ ਹਨ ਜਿਸਦੇ ਤਹਿਤ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ, ਮਿਤੀ 27 ਅਗਸਤ ਤੋਂ 31 ਅਗਸਤ ਤੱਕ ਬਲਾਕਵਾਈਜ਼ ਬਲਾਚੌਰ, ਸੜੋਆ, ਬੰਗਾ, ਔੜ, ਬਲਾਕ ਨਵਾਂਸ਼ਹਿਰ ਵਿਚ ਮੁਫ਼ਤ ਦਿਵਯਾਂਗਜਨ ਉਪਕਰਣ ਵੰਡ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸਦੀ ਲੜੀ ਵਿਚ ਤੀਸਰਾ ਕੈਂਪ ਬਲਾਕ ਬੰਗਾ ਵਿਖੇ ਅਤੇ ਚੌਥਾ ਕੈਂਪ ਬਲਾਕ ਔੜ ਦੇ ਧਰਮਗੀਰ ਮੰਦਿਰ ਵਿਖੇ ਲਗਾਇਆ ਗਿਆ।ਇਨ੍ਹਾਂ ਸਮਾਰੋਹਾਂ ਵਿਚ ਕੁਲਜੀਤ ਸਿੰਘ ਸਰਹਾਲ, ਹਲਕਾ ਇੰਚਾਰਜ ਬੰਗਾ ਅਤੇ ਬਲਵੀਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਸਰਕਾਰ ਦੀ ਯੋਜਨਾ ਦੇ ਅੰਤਰਗਤ ਅਲਿਮਕੋ ਵਲੋਂ ਨਿਰਮਿਤ ਕੁਲ ਬਲਾਕ ਬੰਗਾ ਅਤੇ ਬਲਾਕ ਔੜ ਦੇ ਕੁੱਲ 49 ਦਿਵਿਆਂਗਜ਼ਨਾ ਨੂੰ ਸਹਾਇਕ ਉਪਕਰਣ ਵਜੋਂ 08 ਮੋਟਰਾਈਜ਼ਡ ਟਰਾਈਸਾਈਕਲ, 09 ਟਰਾਈਸਾਈਕਲ, 13 ਵ੍ਹੀਲਚੇਅਰ, 10 ਬੈਸਾਖੀਆਂ, 09 ਦਿਵਿਆਂਗਜਨਾਂ ਨੂੰ ਨਕਲੀ ਅੰਗ, ਕੈਲੀਪਰ 08 ਦਿਵਿਆਂਗਜ਼ਨ ਨੂੰ, ਬੀ.ਟੀ.ਈ. 12 ਦਿਵਿਆਂਗਜ਼ਨਾਂ ਨੂੰ, 01 ਛੜੀ ਅਤੇ ਰੋਲੇਟਰ 02 ਦਿਵਿਆਂਗਜ਼ਨਾਂ ਨੂੰ ਦਿੱਤੇ ਗਏ।

## ਸੋਹਾਣਾ ਵਿਖੇ 'ਪਹਿਲਾ ਪ੍ਰਕਾਸ਼ ਪੁਰਬ' 4 ਨੂੰ ਮਨਾਇਆ ਜਾਵੇਗਾ

**ਮੋਹਾਲੀ, (ਗੁਰਜੀਤ ਬਿੱਲਾ)**—ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ 4 ਸਤਬੰਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ ।ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਦਿਨ ਸਵੇਰੇ 9:00 ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ । ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ ।

# ਬੇਸਹਾਰਾ ਨਾਗਰਿਕਾਂ ਦੇ ਹੱਕਾਂ ਲਈ ਜਥੇਬੰਦੀਆਂ ਵੱਲੋਂ 3 ਨੂੰ ਵਿਧਾਨ ਸਭਾ ਅੱਗੇ ਧਰਨੇ ਦਾ ਐਲਾਨ




**ਕੁਰਾਲੀ (ਮੋਹਨ ਅੱਗਰਵਾਲ)**-ਬੇਸਹਾਰਾ ਤੇ ਲਾਵਾਰਿਸ ਨਾਗਰਿਕਾਂ ਦੇ ਹੱਕਾਂ ਤੇ ਸਾਂਭ ਸੰਭਾਲ ਅਤੇ ਪ੍ਰਭ ਆਸਰਾ ਦੇ ਬਿਜਲੀ ਕੁਨੈਕਸ਼ਨ ਨੂੰ ਲੈ ਕੇ ਵੱਖ ਵੱਖ ਜਥੇਬੰਦੀਆਂ ਵੱਲੋਂ ਇਸ ਮੁੱਦੇ ਨੂੰ ਪੰਜਾਬ ਸਰਕਾਰ ਤੱਕ ਲਿਜਾਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਕਿਸਾਨ ਯੂਨੀਅਨ ਕਾਦੀਆਂ ਦੇ ਰੇਸ਼ਮ ਸਿੰਘ ਬਡਾਲੀ, ਕਿਸਾਨ ਯੂਨੀਅਨ ਲੱਖੋਵਾਲ ਦੇ ਗੁਰਚਰਨ ਸਿੰਘ ਢੋਲਣਮਾਜਰਾ, ਕਿਰਤੀ ਕਿਸਾਨ ਮੋਰਚੇ ਦੇ ਜਗਮਨ ਸਿੰਘ, ਲੋਕ ਹਿੱਤ ਮਿਸ਼ਨ ਬੀ ਕੇ ਯੂ ਦੇ ਰਵਿੰਦਰ ਸਿੰਘ ਵਜੀਦਪੁਰ, ਕਿਸਾਨ ਯੂਨੀਅਨ ਰਾਜੇਵਾਲ ਦੇ ਪਰਮਦੀਪ ਸਿੰਘ ਬੈਦਵਾਨ, ਸਮਾਜ ਸੇਵੀ ਦਵਿੰਦਰ ਸਿੰਘ ਬਾਜਵਾ, ਬੁੱਧੀਜੀਵੀ ਪ੍ਰਿੰ: ਸਪਿੰਦਰ ਸਿੰਘ, ਧਾਰਮਿਕ ਵਿੰਗ ਦੇ ਭਾਈ ਹਰਜੀਤ ਸਿੰਘ ਹਰਮਨ ਤੇ ਭਾਈ ਬਲਵੀਰ ਸਿੰਘ ਬਦਨਪੁਰ ਆਦਿ ਨੇ ਇੱਕ ਸਾਂਝੀ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਵਿੱਚ ਹਰ ਲਾਚਾਰ ਤੇ ਬੇਸਹਾਰਾ ਨਾਗਰਿਕ ਦੀ ਸੰਭਾਲ ਲਈ ਕਾਨੂੰਨ ਵਿੱਚ ਹਦਾਇਤ ਹੋਣ ਅਤੇ ਸਰਕਾਰਾਂ ਵੱਲੋਂ ਵੀ ਵਿਸ਼ੇਸ ਵਿਭਾਗ ਬਣਾਏ ਹੋਏ ਹਨ, ਪਰ ਸੜਕਾਂ 'ਤੇ ਰੁੱਲ ਰਹੇ ਨਾਗਰਿਕਾਂ ਦੀ ਸੰਭਾਲ ਕਿਸੇ ਵੀ ਦਫ਼ਤਰ ਜਾਂ ਹਸਪਤਾਲਾਂ ਵਿੱਚ ਨਾ ਹੋਣ ਕਾਰਨ ਉਹ ਆਪਣੇ ਹੱਕਾਂ ਤੋਂ ਵਾਂਝੇ ਹੋ ਕੇ ਰੁਲ ਕੇ ਮਰਨ ਲਈ ਮਜਬੂਰ ਹਨ। ਦੂਜੇ ਪਾਸੇ ਉਨ੍ਹਾਂ ਦੀ ਸੰਭਾਲ ਕਰਨ ਵਾਲੀਆਂ ਸੰਸਥਾਵਾਂ ਨੂੰ ਵੀ ਸਹਾਇਤਾ ਦੀ ਥਾਂ ਉਲਟਾ ਬੰਦਿਸ਼ਾਂ ਲਗਾ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਲਾਵਾਰਿਸਾਂ ਦੀ ਸੇਵਾ ਸੰਭਾਲ ਕਰ ਰਹੀ ਸੰਸਥਾਂ ਪ੍ਰਭ ਆਸਰਾ ਦਾ ਬਿਜਲੀ ਕੁਨੈਕਸ਼ਨ ਕੱਟ ਕੇ ਦਾਖਿਲ ਨਾਗਰਿਕਾਂ ਨੂੰ ਹੋਰ ਵੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਲਈ ਇਨ੍ਹਾਂ ਬੇਸਹਾਰਾ ਨਾਗਰਿਕਾਂ ਦੇ ਹੱਕਾਂ ਲਈ ਸਮੂਹ ਜੱਥੇਬੰਦੀਆਂ ਸਯੁੰਕਤ ਕਿਸਾਨ ਮੋਰਚੇ ਦੇ ਸਹਿਯੋਗ ਨਾਲ ਜਿੱਥੇ ਹਰ ਸਬੰਧਿਤ ਮੰਤਰੀ ਤੇ ਅਫ਼ਸਰਾਂ ਨੂੰ ਮਿਲਕੇ ਇਸ ਮਸਲੇ ਦੇ ਹੱਲ ਬਾਰੇ ਮਿਲਿਆ ਜਾਵੇਗਾ ਉਥੇ 3 ਸਤੰਬਰ ਨੂੰ ਵਿਧਾਨ ਸਭਾ ਅੱਗੇ ਖੜਕੇ ਸਰਕਾਰ ਨੂੰ ਇਨ੍ਹਾਂ ਨਾਗਰਿਕਾਂ ਦੀ ਅਵਾਜ਼ ਸੁਣਾਈ ਜਾਵੇਗੀ। ਇਸ ਮੌਕੇ ਜਰਨੈਲ ਸਿੰਘ ਮਗਰੋੜ, ਜਸਵੀਰ ਸਿੰਘ ਕਾਦੀਮਾਜਰਾ, ਭਗਤ ਸਿੰਘ ਭਗਤਮਾਜਰਾ, ਗੁਰਮੇਲ ਸਿੰਘ ਮੰਡ, ਦਿਲਬਾਗ ਸਿੰਘ ਸੰਗਤਪੁਰਾ, ਬਲਵਿੰਦਰ ਸਿੰਘ ਰੰਗੁਆਣਾ ਤੇ ਜਰਨੈਲ ਸਿੰਘ ਗੋਸਲਾ ਆਦਿ ਮੋਹਤਬਰ ਵੀ ਹਾਜ਼ਰ ਸਨ।

# ਪਿੱਪਲੀਵਾਲ ਪੰਚਾਇਤ ਦੇ ਨਾਂਅ 'ਤੇ ਲੱਗਾ ਤੁਗਲਕੀ ਫਰਮਾਨ ਦਾ ਬੋਰਡ




**ਮਾਹਿਲਪੁਰ (ਸਫ਼ਰੀ )**- ਬੀਤ ਇਲਾਕੇ ਦੇ ਪਿੰਡ ਪਿੱਪਲੀਵਾਲ ਵਿੱਚ ਇੱਕ ਤੁਗਲਕੀ ਫਰਮਾਨ ਵਾਲਾ ਬੋਰਡ ਲਗਾਏ ਜਾਣ ਦੀਆਂ ਖਬਰਾਂ ਹਨ। ਹਾਲਾਂ ਕਿ ਇਸ ਬੋਰਡ ਨੂੰ ਲਗਾਉਣ ਦੀ ਜਿੰਮੇਦਾਰੀ ਤੋਂ ਹਰ ਕੋਈ ਪੱਲਾ ਝਾੜ ਰਿਹਾ ਹੈ। ਪਿੰਡ ਮੈਹਿੰਦਵਾਣੀ ਤੋਂ ਵਾਇਆ ਟਿੱਬੀਆਂ ਅੱਗੇ ਮੇਨ ਰੋਡ ਤੱਕ ਜਾਂਦੀ ਸੜ੍ਹਕ ਤੇ ਪਿੰਡ ਪਿੱਪਲੀਵਾਲ ਲਾਗੇ ਇੱਕ ਦੀਵਾਰ 'ਤੇ ਪੰਜਾਬੀ ਭਾਸ਼ਾ ਵਿੱਚ ਲਿਖ ਕੇ ਲਗਾਏ ਬੋਰਡ 'ਤੇ ਲਿਖਿਆ ਹੈ ਕਿ ਇਸ ਰਸਤੇ ਉਤੋਂ ਬਾਹਰਲੇ ਪਿੰਡਾਂ ਦੀਆਂ ਭਰੀਆਂ ਹੋਈਆਂ ਟਰਾਲੀਆਂ ਲੈ ਕੇ ਜਾਣਾ ਸਖਤ ਮਨ੍ਹਾ ਹੈ। ਉਲੰਘਣਾ ਕਰਨ ਵਾਲੇ ਨੂੰ 5000/-ਰੁਪਏ ਜੁਰਮਾਨਾ ਕੀਤਾ ਜਾਵੇਗਾ, ਬਾ-ਹੁਕਮ ਗਰਾਮ ਪੰਚਾਇਤ ਪਿਪਲੀਵਾਲ। ਇਹ ਬੋਰਡ ਕਿਸ ਦੇ ਹੁਕਮ ਨਾਲ ਲਗਾਇਆ ਗਿਆ ਹੈ ਇਸ ਦੀ ਜਿੰਮੇਦਾਰੀ ਕੋਈ ਨਹੀ ਲੈ ਰਿਹਾ। ਗਰਾਮ ਪੰਚਾਇਤ ਦੇ ਪ੍ਰਬੰਧਕ ਨਰੇਸ਼ ਕੁਮਾਰ ਜੇ ਈ ਅਤੇ ਸਕੱਤਰ ਮੱਖਣ ਸਿੰਘ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਨੋਟਿਸ ਵਿੱਚ ਨਹੀਂ ਹੈ। ਹਾਲਾਂ ਕਿ ਗਰਾਮ ਪੰਚਾਇਤਾਂ 28 ਫਰਵਰੀ ਨੂੰ ਭੰਗ ਹੋ ਚੁੱਕੀਆਂ ਹਨ। ਸਾਬਕਾ ਮਹਿਲਾ ਸਰਪੰਚ ਦੇ ਪਤੀ ਨੇ ਵੀ ਪੱਲਾ ਝਾੜਦਿਆਂ ਇਨਾਂ ਹੀ ਕਿਹਾ ਕਿ ਉਸ ਨੂੰ ਤਾਂ ਪਤਾ ਨਹੀ ਪਰ ਉਸ ਥਾਂ ਤੋਂ ਸੜਕ ਟੁੱਟੀ ਹੋਣ ਕਾਰਨ ਪਿੰਡ ਦੇ ਕੁਝ ਨੌਜਵਾਨ ਇਤਰਾਜ ਕਰ ਰਹੇ ਸਨ। ਇਸ ਸਬੰਧੀ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਗਰਾਮ ਪੰਚਾਇਤ ਨੂੰ ਅਜਿਹਾ ਹੁਕਮ ਪਾਸ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਨਾ ਹੀ ਪੰਚਾਇਤ ਨੂੰ ਕਿਸੇ ਕਿਸਮ ਦਾ ਜੁਰਮਾਨਾ ਕਰਨ ਦਾ ਅਧਿਕਾਰ ਹੈ। ਜੇਕਰ ਪਿੰਡ ਵਾਸੀਆਂ ਨੂੰ ਕੋਈ ਸਮੱਸਿਆ ਹੈ ਤਾਂ ਸਮਰੱਥ ਅਧਿਕਾਰੀ ਦੇ ਨੋਟਿਸ ਵਿੱਚ ਲਿਆ ਕੇ ਹੱਲ ਕੀਤੀ ਜਾ ਸਕਦੀ ਹੈ। ਇਹ ਬੋਰਡ ਕਿਸ ਨੇ ਲਗਾਇਆ ਕਿਸ ਦੀ ਮਨਜ਼ੂਰੀ ਨਾਲ ਲਗਾਇਆ ਕੋਈ ਜਿੰਮੇਦਾਰੀ ਲੈਣ ਲਈ ਤਿਆਰ ਨਹੀ। ਖੈਰ ਇਹ ਬੋਰਡ ਕਿਉਂ ਲਗਾਇਆ ਕਿਸ ਨੇ ਲਗਾਇਆ ਇਹ ਤਾਂ ਸਾਫ ਨਹੀ ਹੋ ਰਿਹਾ ਪਰ ਇਸ ਤੁਗਲਕੀ ਫਰਮਾਨ ਵਾਲੇ ਬੋਰਡ ਦੀ ਲੋਕਾਂ ਵਿੱਚ ਚਰਚਾ ਬਹੁਤ ਹੈ।ਜਦੋਂ ਇਸ ਸਬੰਧ ਵਿੱਚ ਬੀਡੀਪੀਓ ਗੜ੍ਹਸ਼ੰਕਰ ਮੈਡਮ ਮਨਜਿੰਦਰ ਕੌਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਮੇਰੇ ਵਲੋਂ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ।

## ਸੀ ਟੀ 'ਵਰਸਿਟੀ ਨੇ ਕੀਤਾ ਐਵਾਰਡ ਪ੍ਰਾਪਤ



**ਜਲੰਧਰ (ਸ਼ੈਲੀ ਐਲਬਰਟ)** ਸੀ ਟੀ ਯੂਨੀਵਰਸਿਟੀ ਨੇ ਦੈਨਿਕ ਭਾਸਕਰ ਦੁਆਰਾ ਜਵੇਲਜ਼ ਆਫ਼ ਪੰਜਾਬ ਐਵਾਰਡਜ਼ ਸੀਜ਼ਨ 2 ਵਿੱਚ ਦਿੱਤੇ ਗਏ ਆਪਣੇ ਨਵੀਨਤਮ ਪ੍ਰਸ਼ੰਸਾ, ਸਿੱਖਿਆ ਖੇਤਰ ਵਿੱਚ ਸਨਮਾਨਤ ਕੀਤਾ ਗਿਆ ।ਸੀ ਟੀ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ, ਡਾ. ਮਨਬੀਰ ਸਿੰਘ ਨੇ ਭਾਰਤ ਦੇ ਮੰਤਰੀ ਨਿਤਿਨ ਗਡਕਰੀ ਤੋਂ ਐਵਾਰਡ ਪ੍ਰਾਪਤ ਕੀਤਾ। ਡਾ. ਮਨਬੀਰ ਸਿੰਘ ਨੇ ਕਿਹਾ ਇਹ ਐਵਾਰਡ ਇੱਕ ਸ਼ਾਨਦਾਰ ਸਮਾਰੋਹ ਦੌਰਾਨ ਦਿੱਤਾ ਗਿਆ। ਜਿਸ ਵਿੱਚ ਪੰਜਾਬ ਭਰ ਦੇ ਵੱਖ-ਵੱਖ ਖੇਤਰਾਂ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਨੂੰ ਇਕੱਠਾ ਕੀਤਾ ਗਿਆ। ਅਸੀਂ ਇਸ ਅਵਾਰਡ ਲਈ ਬਹੁਤ ਮਾਣ ਮਹਿਸੂਸ ਕਰਦੇ ਹਾਂ। ਇਹ ਸਿੱਖਿਆ ਖੇਤਰ ਨੂੰ ਬਦਲਣ ਅਤੇ ਨੌਜਵਾਨ ਦਿਮਾਗਾਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨ ਲਈ ਸਾਡੇ ਸਮਰਪਣ ਨੂੰ ਹੋਰ ਮਜ਼ਬੂਤ ਕਰਦਾ ਹੈ।

## ਪੁਲਸ ਨੇ ਦੋ ਦਿਨ ਪਹਿਲਾਂ ਹੋਏ ਕਤਲ ਕਾਂਡ ਨੂੰ ਸੁਲਝਾਇਆ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**— ਕਪੂਰਥਲਾ ਪੁਲਸ ਨੇ 28 ਅਗਸਤ ਨੂੰ ਪਿੰਡ ਬਿਸ਼ਨਪੁਰ ਜੱਟਾਂ ਵਿੱਚ ਹੋਏ ਇੱਕ ਵਿਅਕਤੀ ਦੇ ਕਤਲ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕਰਦਿਆਂ ਦੱਸਿਆ ਕਿ 28 ਅਗਸਤ ਦੀ ਦੇਰ ਰਾਤ ਪੁਲਸ ਨੂੰ ਪਿੰਡ ਬਿਸ਼ਨਪੁਰ ਜੱਟਾਂ ਵਿੱਚ ਸੂਚਨਾ ਮਿਲੀ ਸੀ ਕਿ ਇਸੇ ਪਿੰਡ ਦਾ ਰਹਿਣ ਵਾਲਾ ਓਂਕਾਰ ਸਿੰਘ ਜਿਸ ਦੀ ਪਿੰਡ ਦੇ ਬਾਹਰ ਲਾਸ਼ ਖੂਨ ਨਾਲ ਲੱਥਪੱਥ ਪਈ ਸੀ, ਜਿਸ 'ਤੇ ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ ਤੇ ਪਤਾ ਲੱਗਾ ਕਿ ਓਂਕਾਰ ਸਿੰਘ ਦੀ ਉਮਰ ਕਰੀਬ 46 ਸਾਲ ਦੀ ਸੀ ਅਤੇ ਉਸ ਨੇ ਸਾਲ 2015 ਵਿਚ ਦੋਸ਼ੀ ਲਵਪ੍ਰੀਤ ਸਿੰਘ ਦੀ ਨਾਬਾਲਗ ਭੈਣ ਨਾਲ ਬਲਾਤਕਾਰ ਕੀਤਾ ਸੀ, ਜਿਸ ਦੀ ਕੁਝ ਦੇਰ ਬਾਅਦ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਉਸ ਨੂੰ 10 ਸਾਲ ਦੀ ਸਜ਼ਾ ਹੋਈ ਸੀ। ਆਪਣੀ ਭੈਣ ਨਾਲ ਹੋਏ ਬਲਾਤਕਾਰ ਦਾ ਬਦਲਾ ਲੈਣ ਲਈ ਲਵਪ੍ਰੀਤ ਸਿੰਘ ਨੇ ਓਂਕਾਰ ਸਿੰਘ ਦਾ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰ ਕੇ ਕਤਲ ਕਰ ਦਿੱਤਾ। ਇਸ ਮਾਮਲੇ 'ਚ ਪੁਲਸ ਨੇ ਦੋ ਵਿਅਕਤੀਆਂ ਲਵਪ੍ਰੀਤ ਸਿੰਘ ਅਤੇ ਉਸਦੇ ਇੱਕ ਦੋਸਤ ਨੂੰ ਨਾਮਜ਼ਦ ਕੀਤਾ ਹੈ ।ਲਵਪ੍ਰੀਤ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਦੋਸਤ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ।ਇਸ ਮਾਮਲੇ 'ਚ ਵਰਤਿਆ ਹਥਿਆਰ ਅਤੇ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ।

# ਜ਼ਿਲ੍ਹਾ ਬਾਰ ਐਸੋਸੀਏਸ਼ਨ ਨੇ ਜਸਟਿਸ ਮੰਜਰੀ ਨਹਿਰੂ ਕੌਲ ਦਾ ਕੀਤਾ ਭਰਵਾਂ ਸਵਾਗਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ )**- ਜਸਟਿਸ ਮੰਜਰੀ ਨਹਿਰੂ ਕੌਲ ਪ੍ਰਸ਼ਾਸ਼ਕੀ ਜੱਜ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਅਦਾਲਤਾਂ ਦੇ ਕੰਮ ਕਾਜ ਦਾ ਨਰੀਖਣ ਕਰਨ ਬਾਬਤ ਜ਼ਿਲ੍ਹਾ ਕਚਹਿਰੀ ਪਹੁੰਚੇ। ਜੱਜਾਂ, ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਸਟਾਫ ਨਾਲ ਬੈਠਕ ਕਰਨ ਤੋਂ ਬਾਦ ਉਹ ਬਾਰ ਰੂਮ ਵਿਖੇ ਵਕੀਲਾਂ ਦੇ ਰੂਬਰੂ ਹੋਏ।ਪ੍ਰਧਾਨ ਰਣਜੀਤ ਕੁਮਾਰ ਐਡਵੋਕੇਟ ਅਤੇ ਸਮੂਹ ਕਾਰਜਕਾਰਨੀ ਨੇ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਅਤੇ ਕੰਮ ਕਾਰ ਦੌਰਾਨ ਪੇਸ਼ ਆ ਰਹੀਆਂ ਸਮੱਸਿਆਵਾਂ ਜੱਜ ਸਾਹਮਣੇ ਰੱਖੀਆਂ ।ਜਸਟਿਸ ਕੌਲ ਨੇ ਕਿਹਾ ਕੇ ਨਿਆਂ ਵਿਵਸਥਾ ਵਿੱਚ ਵਕੀਲਾਂ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ।ਨਿਆਂਪਾਲਿਕਾ ਅਤੇ ਵਕੀਲ ਭਾਈਚਾਰੇ ਵਿੱਚ ਆਪਸੀ ਤਾਲਮੇਲ ਸਮਝ ਅਤੇ ਸੁਖਾਵਾਂ ਮਹੌਲ ਹੀ ਆਮ ਲੋਕਾਂ ਨੂੰ ਰਾਹਤ ਅਤੇ ਹੱਕ ਦਿਵਾਉਣ ਦੇ ਮਕਸਦ ਨੂੰ ਪੂਰਾ ਕਰ ਸਕਦੇ ਹਨ। ਉਹਨਾਂ ਭਰੋਸਾ ਦਿੱਤਾ ਕਿ ਬਾਰ ਐਸੋਸੀਏਸ਼ਨ ਦੇ ਮੁੱਦੇ ਅਤੇ ਮਸਲਿਆਂ ਨੂੰ ਜਲਦ ਜਲਦ ਹੱਲ ਕੀਤਾ ਜਾਵੇਗਾ। ਸਮਾਗਮ ਦੇ ਅੰਤ ਵਿੱਚ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ,ਨਵਜੋਤ ਮਾਨ ਮੀਤ ਪ੍ਰਧਾਨ, ਰਜਨੀ ਨੰਦਾ ਜਨਰਲ ਸਕੱਤਰ, ਨਿਪੁਨ ਸ਼ਰਮਾ ਸਕੱਤਰ, ਇਸ਼ਾਨ ਕੌਸ਼ਲ ਲਾਈਬ੍ਰੇਰੀ ਸਕੱਤਰ, ਰੋਮਨ ਸੱਭਰਵਾਲ ਖਜਾਨਚੀ, ਅੰਜੂ ਬਾਲਾ, ਜੀਨਤ ਭਾਟੀਆ, ਦਿਨੇਸ਼ ਵਾਲੀਆ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ ਮੈਂਬਰ ਕਾਰਜਕਾਰਨੀ ਜ਼ਿਲ੍ਹਾ ਬਾਰ ਐਸੋਸੀਏਸ਼ਨ ਵਲੋਂ ਜਸਟਿਸ ਮੰਜਰੀ ਨਹਿਰੂ ਕੌਲ ਨੂੰ ਇਕ ਯਾਦਗਾਰੀ ਚਿੰਨ੍ਹ ਭੇਂਟ ਕੀਤਾ ਗਿਆ। ਸਮਾਗਮ ਦੌਰਾਨ ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮੇਨਨ, ਪਲਵਿੰਦਰ ਸਿੰਘ ਘੁੰਮਣ, ਆਰ ਪੀ ਧੀਰ, ਕੁਲਦੀਪ ਸਿੰਘ,ਅਸ਼ੋਕ ਵਾਲਿਆ ਅਤੇ ਸੀਨਿਅਰ ਵਕੀਲ ਏਕੇ ਸੋਨੀ,ਕੇ ਸੀ ਮਹਾਜਨ, ਭੱਜਣਾ ਰਾਮ ਦਾਦਰਾ ਲਸ਼ਕਰ ਸਿੰਘ, ਸਰਬਜੀਤ ਸਹੋਤਾ, ਧਰਮਿੰਦਰ ਦਾਦਰਾ,ਸੁਨੀਲ ਕੁਮਾਰ ਪਾਲਵਿੰਦਰ ਮਾਨਾ, ਰਾਕੇਸ਼ ਮਰਵਾਹਾ, ਲਵਕੇਸ਼ ਓਹਰੀ, ਅਜੈ ਵਾਲੀਆ, ਰਾਕੇਸ਼ ਕੁਮਾਰ, ਪਾਵਨ ਬੱਧਣ, ਵਿਕਰਮ, ਰਾਕੇਸ਼, ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ,ਸ਼ਿਵਾਂਗੀ ਅਤੇ ਸਿਧਾਂਤ ਚੌਧਰੀ, ਨਕੁਲ ਆਦੀ ਵੀ ਹਾਜਰ ਸਨ।

## ਸਤਲੁਜ 'ਚੋਂ ਨਹੀਂ ਰੁਕ ਰਿਹਾ ਗੈਰ-ਕਾਨੂੰਨੀ ਮਾਇਨਿੰਗ ਦਾ ਕੰਮ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਪਿਛਲੇ ਦਿਨੀਂ ਦਰਿਆ ਸਤਲੁਜ ਵਿੱਚੋਂ ਗੈਰ ਕਾਨੂੰਨੀ ਮਾਈਨਿੰਗ ਰੋਕਣ ਲਈ ਉੱਘੇ ਸਮਾਜ ਸੇਵਕ ਤੇ ਐਨ.ਆਰ. ਆਈ. ਬਰਜਿੰਦਰ ਸਿੰਘ ਹੁਸੈਨਪੁਰ ਦੀ ਅਗਵਾਈ ਵਿੱਚ ਸਥਾਨਕ ਲੋਕਾਂ ਦੀ ਮਦਦ ਨਾਲ ਮਾਈਨਿੰਗ ਕਰਨ ਵਾਲਿਆਂ ਨੂੰ ਪੁਲਸ ਦੇ ਹਵਾਲੇ ਕੀਤਾ ਗਿਆ ਪਰ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਬਰਸਾਤੀ ਸੀਜ਼ਨ ਦੇ ਚਲਦਿਆਂ ਦਰਿਆਵਾਂ ਵਿੱਚੋਂ ਰੇਤ ਦੀ ਨਿਕਾਸੀ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ ਇਸ ਦੇ ਬਾਵਜੂਦ ਰੇਤ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ। ਰੇਤ ਮਾਫੀਏ ਵੱਲੋਂ ਦਰਿਆ ਸਤਲੁਜ ਵਿੱਚ ਪਿੰਡ ਮਹਿੰਦੀਪੁਰ ਤੋਂ ਲੈ ਕੇ ਪਿੰਡ ਬੁਰਜ ਟਹਿਲਦਾਸ ਤੱਕ ਹੀ ਪੰਜ ਥਾਵਾਂ ਤੋਂ ਰੇਤਾ ਚੁੱਕਿਆ ਜਾ ਰਿਹਾ ਹੈ। ਜ਼ਮੀਨ ਦੇ ਮਾਲਕ ਗੁਰਮੀਤ ਸਿੰਘ ਕਲੇਰ ਅਤੇ ਅਮਰਜੀਤ ਸਿੰਘ ਨੇ ਦੱਸਿਆ ਕਿ ਉਹਨ੍ਹਾਂ ਦੀ ਪਿੰਡ ਲਾਲੇਵਾਲ ਵਿਖੇ ਦਰਿਆ ਸਤਲੁਜ ਵਿੱਚ ਆਪਣੀ ਮਾਲਕੀ ਹੈ ਤੇ ਇਹਨਾਂ ਖੇਤਾਂ ਵਿੱਚੋਂ ਰੋਜ਼ਾਨਾ ਹੀ ਟਰਾਲੀਆਂ ਭਰੀਆਂ ਜਾਂਦੀਆਂ ਹਨ ਤੇ ਇਸ ਸਬੰਧੀ ਐਸ.ਐਸ.ਪੀ. ਸ਼ਹੀਦ ਭਗਤ ਸਿੰਘ ਨਗਰ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਪਰ ਪੁਲਸ ਵੱਲੋਂ ਵੀ ਉਹਨ੍ਹਾਂ ਦੀਆਂ ਦਰਖਾਸਤਾਂ 'ਤੇ ਕੋਈ ਕਾਰਵਾਈ ਨਹੀਂ ਹੋਈ।

## ਅਵਾਰਾ ਕੁੱਤਿਆਂ ਕਾਰਨ ਦਹਿਸ਼ਤ

**ਫਗਵਾੜਾ (ਡਾ. ਰਮਨ)** ਮੁਹੱਲਾ ਭਗਤਪੁਰਾ ਵਿਖੇ ਜਿਥੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ ਉੱਥੇ ਹੀ ਇਸ ਇਲਾਕੇ 'ਚ ਤਿੰਨ ਅਜਿਹੇ ਅਵਾਰਾ ਕੁੱਤੇ ਘੁੰਮ ਰਹੇ ਹਨ ਜੋ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋਏ ਹਨ। ਇਹ ਅਵਾਰਾ ਕੁੱਤੇ ਬਿਨ ਬੁਲਾਏ ਮਹਿਮਾਨ ਦੀ ਤਰ੍ਹਾਂ ਕਿਸੇ ਦੇ ਵੀ ਘਰ ਵੜ੍ਹ ਜਾਂਦੇ ਹਨ, ਜਿਸ ਕਾਰਨ ਘਰ ਵਿੱਚ ਅਜਿਹੀ ਬਦਬੂ ਆਉਂਦੀ ਹੈ ਕਿ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਇਨ੍ਹਾਂ ਤੋਂ ਬਚਣ ਲਈ ਲੋਕ ਅਪਣੇ ਘਰ ਦੇ ਦਰਵਾਜ਼ੇ ਬੰਦ ਕਰਕੇ ਰੱਖਦੇ ਹਨ। ਕਈ ਵਾਰ ਇਹ ਦੁਕਾਨਾਂ ਅੰਦਰ ਵੀ ਵੜ ਜਾਂਦੇ ਹਨ ਜਿਸ ਕਾਰਨ ਦੁਕਾਨਦਾਰਾਂ ਵੀ ਡਾਢੇ ਪ੍ਰੇਸ਼ਾਨ ਹਨ। ਜਦੋਂ ਇਸ ਸਬੰਧੀ ਸੰਬਧਤ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਪਲਾ ਝਾੜ ਇਸ ਸਬੰਧੀ ਸਰਕਾਰੀ ਵੈਟਰਨਰੀ ਹਸਪਤਾਲ ਨਾਲ ਸੰਪਰਕ ਕਰਨ ਦੀ ਗੱਲ ਆਖੀ ਤਾਂ ਉੱਥੋਂ ਦੇ ਡਾਕਟਰ ਨੇ ਆਖਿਆ ਕਿ ਇਹ ਕੰਮ ਨਗਰ ਨਿਗਮ ਦੇ ਅਧੀਨ ਆਉਂਦਾ ਹੈ ਉਹ ਹੀ ਇਸ ਦਾ ਹੱਲ ਕਰ ਸਕਦਾ ਹੈ। ਇਸ ਸੰਬਧੀ ਸਾਬਕਾ ਕੇਂਦਰੀ ਮੰਤਰੀ ਮੇਨਕਾ ਗਾਂਧੀ ਦੇ ਆਫ਼ਿਸ ਵਿਖੇ ਫੋਨ ਲਗਾ ਕੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਸਾਫ਼ ਤੌਰ ਤੇ ਇਹ ਕਹਿ ਕੇ ਪਲਾ ਛੁੜਾ ਲਿਆ ਕਿ ਇਸ ਵਿੱਚ ਅਸੀਂ ਕੁੱਝ ਵੀ ਨਹੀਂ ਕਰ ਸਕਦੇ ਜਦੋਂ ਸੰਬਧਿਤ ਵਿਭਾਗ ਹੀ ਕੁਝ ਨਹੀਂ ਕਰ ਸਕਦੇ ਤਾਂ ਇਹ ਵਿਭਾਗ ਬਣਾਉਣ ਦੀ ਲੋੜ ਕਿਉਂ ਪਈ।

1-Sep-Sunday.qxd 8/31/2024 10:58 PM Page 1


# ਨਵਾਂ ਜ਼ਮਾਨਾ ਐਤਵਾਰਤਾ




ਕਸ਼ਮੀਰ ਫੇਰੀ

ਆਖਰੀ ਸਫ਼ੇ 'ਤੇ

ਕਿਤਾਬਾਂ, ਮੈਗਜ਼ੀਨ
ਵਾਜਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 1 ਸਤੰਬਰ 2024
www.nawanzamana.in
ਕੀਮਤ 5.00 ਰੁਪਏ

# ਪੂਰਬ ਅਜੇ ਵੀ ਲਾਲ ਹੈ...

## ਸਤੇਂਦਰ ਰੰਜਨ




ਕਾਰਲੋਸ ਮਾਰਤਨੇਜ ਉਨ੍ਹਾ ਨੌਜਵਾਨ ਮਾਰਕਸਵਾਦੀ ਵਿਦਵਾਨਾਂ ਵਿੱਚੋਂ ਹੈ, ਜਿਹੜਾ ਅੱਜ ਦੇ ਦੌਰ ਵਿੱਚ ਸਮਾਜਵਾਦੀ ਵਿਚਾਰ-ਵਟਾਂਦਰੇ ਨੂੰ ਮੁੜ ਤੋਂ ਖੜਾ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਿਹਾ ਹੈ। ਦੋ ਸਾਲ ਪਹਿਲਾਂ ਉਸ ਦੀ ਪੁਸਤਕ 'The End of the Beginning' ਆਈ ਸੀ। ਇਹ ਗੱਲ ਨਿਰਸੰਕੋਚ ਕਹੀ ਜਾ ਸਕਦੀ ਹੈ ਕਿ ਸੋਵੀਅਤ ਸੰਘ ਦੇ 70 ਸਾਲ ਦੇ ਅਨੁਭਵ ਅਤੇ ਉਸ ਦੇ ਢਹਿ-ਢੇਰੀ ਹੋਣ ਦੇ ਕਾਰਨਾਂ ਨੂੰ ਸਮਝਣ ਦੇ ਲਿਹਾਜ ਨਾਲ ਇਹ ਇੱਕ ਬੇਹੱਦ ਉਪਯੋਗੀ ਪ੍ਰਕਾਸ਼ਨ ਹੈ।

ਇਸ ਸਾਲ ਇਨ੍ਹਾਂ ਦੀ ਨਵੀਂ ਪੁਸਤਕ 'The East is Still Red : Chinese socialism in 21st Century' ਆਈ ਹੈ। ਇਸ ਕਿਤਾਬ ਨੂੰ ਮਾਰਤਨੇਜ ਦੀ ਪਹਿਲੀ ਪੁਸਤਕ ਦੀ ਹੀ ਅਗਲੀ ਕੜੀ ਮੰਨਿਆ ਜਾ ਸਕਦਾ ਹੈ। ਨਵੀਂ ਪੁਸਤਕ ਇਹ ਸਥਾਪਤ ਕਰਦੀ ਹੈ ਕਿ ਸੋਵੀਅਤ ਸੰਘ ਦਾ ਪ੍ਰਯੋਗ ਬੇਕਾਰ ਨਹੀਂ ਗਿਆ, ਬਲਕਿ ਉਸ ਤੋਂ ਬਹੁਤ ਜ਼ਰੂਰੀ ਸਬਕ ਲਏ ਗਏ ਹਨ। ਚੀਨ ਨੇ ਉਨ੍ਹਾਂ ਤੋਂ ਹੀ ਸਿੱਖਿਆ ਅਤੇ ਕਿਸ ਤਰ੍ਹਾਂ 21ਵੀਂ ਸਦੀ ਵਿੱਚ ਆਪਣੇ ਵਿਸ਼ੇਸ਼ ਮਾਡਲ ਨਾਲ ਇੱਕ ਵਾਰ ਫਿਰ ਤੋਂ ਸਮਾਜਵਾਦ ਨੂੰ ਇੱਕ ਦਿਲਕਸ਼ ਅਤੇ ਵਿਵਹਾਰਕ ਦੇ ਰੂਪ ਵਿੱਚ ਉਸ ਨੇ ਪ੍ਰਸੰਗਕ ਬਣਾ ਦਿੱਤਾ ਹੈ।

ਚੀਨ ਦੀ ਸਫਲਤਾ ਇਸ ਵੇਲੇ ਦੁਨੀਆ ਦਾ ਸਭ ਤੋਂ ਵੱਧ ਚਰਚਿਤ ਵਿਸ਼ਾ ਹੈ। ਆਰਥਿਕ ਖੇਤਰ ਵਿੱਚ ਆਪਣੀਆਂ ਸਫਲਤਾਵਾਂ ਨਾਲ ਇਸ ਸਮੇਂ ਚੀਨ ਕਿਸ ਤਰ੍ਹਾਂ ਚਮਕ ਰਿਹਾ ਹੈ, ਇਸ ਦਾ ਵੇਰਵਾ ਰੋਜ਼-ਏਥੋਂ ਤੱਕ ਕਿ ਪੱਛਮੀ ਮੀਡੀਆ ਵਿੱਚ ਵੀ ਪੜ੍ਹਨ-ਵੇਖਣ ਨੂੰ ਮਿਲਦਾ ਹੈ। ਮਾਰਟਨ ਜੈਕਸ ਅਤੇ ਕਿਸ਼ੋਰ ਮਹਿਬੂਬਾਨੀ ਵਰਗੇ ਲੇਖਕਾਂ ਨੇ ਇਸ ਸਫਲਤਾ ਦੇ ਵੱਖ-ਵੱਖ ਪਹਿਲੂਆਂ ਦੀ ਵਿਸਥਾਰ ਨਾਲ ਚਰਚਾ ਆਪਣੀਆਂ ਪੁਸਤਕਾਂ ਵਿੱਚ ਕੀਤੀ ਹੈ। ਬਰਤਾਨਵੀ ਲੇਖਕ ਜੈਕਸ ਨੇ ਚੀਨ ਬਾਰੇ 2008 ਵਿੱਚ ਲਿਖੀ ਆਪਣੀ ਪੁਸਤਕ ਦਾ ਸਿਰਲੇਖ 'When China Rules The World' ਰੱਖਿਆ ਸੀ।

ਮਹਿਬੂਬਾਨੀ ਨੇ 2020 ਵਿੱਚ ਆਈ ਆਪਣੀ ਪੁਸਤਕ ਦਾ ਨਾਂਅ 'Has China Won-The Chinese Challenge to American Primacy' ਰੱਖਿਆ ਸੀ। ਅਸਲ ਵਿੱਚ ਅੱਜ ਅਜਿਹੀਆਂ ਪੁਸਤਕਾਂ ਦੀ ਕੋਈ ਕਮੀ ਨਹੀਂ ਹੈ।

ਏਸੇ ਦੌਰਾਨ ਮਾਰਤਨੇਜ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਸ ਨੇ ਇਸ ਤਰਕ ਨੂੰ ਅੱਗੇ ਵਧਾਇਆ ਹੈ ਕਿ ਚੀਨ ਦੀ ਸਫਲਤਾ ਅਸਲ ਵਿੱਚ ਸਮਾਜਵਾਦ ਦੀ ਸਫਲਤਾ ਹੈ। ਇਸ ਰੂਪ ਵਿੱਚ ਉਹ ਬਰਤਾਨਵੀ ਅਰਥ-ਸ਼ਾਸ਼ਤਰੀ ਜਾਨ ਰਾਸ ਦੀ ਸ਼੍ਰੇਣੀ ਵਿੱਚ ਹਨ। ਜਾਨ ਰਾਸ ਨੇ ਵਧੇਰੇ ਗੰਭੀਰ ਵਿਸ਼ਲੇਸ਼ਣਾ ਰਾਹੀਂ ਚੀਨੀ ਮਾਡਲ ਦੇ ਸਮਾਜਵਾਦੀ ਰੂਪ ਦੀ ਵਿਆਖਿਆ ਕੀਤੀ ਹੈ। ਇਸ ਸਿਲਸਿਲੇ ਵਿੱਚ ਉਸ ਦੀ ਪੁਸਤਕ 'China's Great Road : Lessons for Marxist Theory' ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ।

ਚੀਨ ਦੀਆਂ ਸਫਲਤਾਵਾਂ ਨਿਰਵਿਵਾਦ ਹਨ, ਪਰ ਚੀਨ ਦੀ ਵਿਵਸਥਾ ਦਾ ਸਵਰੂਪ ਕੀ ਹੈ, ਇਹ ਸੁਆਲ ਵਿਸ਼ਵ ਵਿੱਚ ਇੱਕ ਤਿੱਖੇ ਵਿਵਾਦ ਦਾ ਮੁੱਦਾ ਹੈ। ਬਹੁਤ ਸਾਰੇ ਲੋਕ ਜਾਂ ਸੰਗਠਨ ਜਿਹੜੇ ਆਪਣੇ ਆਪ ਨੂੰ ਮਾਰਕਸਵਾਦੀ ਦਾ ਸਮਾਜਵਾਦੀ ਕਹਿੰਦੇ ਹਨ, ਚੀਨੀ ਵਿਵਸਥਾ ਦੇ ਸਵਰੂਪ ਦੇ ਸੁਆਲ 'ਤੇ ਅਕਸਰ ਪੱਛਮੀ ਪੂੰਜੀਵਾਦ/ਸਾਮਰਾਜਵਾਦ ਦੀਆਂ ਪੈਰੋਕਾਰ ਸ਼ਕਤੀਆਂ ਨਾਲ ਖੜੇ ਨਜ਼ਰ ਆਉਣ ਲੱਗਦੇ ਹਨ। ਯਾਨੀ ਉਹ ਅਜਿਹੀਆਂ ਦਲੀਲਾਂ ਦੇਣ ਲੱਗ ਪੈਂਦੇ ਹਨ ਕਿ ਉਹ ਪੱਛਮੀ ਰਾਜਨੇਤਾ, ਥਿੰਕ ਟੈਂਕਾਂ ਅਤੇ ਮੀਡੀਆ ਦੇ ਚੀਨ ਖਿਲਾਫ ਸ਼ੁਰੂ ਕੀਤੇ 'ਨਵੇਂ ਸ਼ੀਤ ਯੁੱਧ' ਨੂੰ ਜਾਇਜ਼ ਠਹਿਰਾਉਂਦੇ ਹਨ।

ਇੱਕ ਕਥਨ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਮਾਓ-ਜੇ-ਤੁੰਗ ਦੇ ਯੁੱਗ ਤੋਂ ਬਾਅਦ ਚੀਨ ਭਟਕ ਗਿਆ ਅਤੇ 1980 ਦੇ ਦਹਾਕੇ ਤੋਂ ਚੀਨੀ ਕਮਿਊਨਿਸਟ ਪਾਰਟੀ ( ਸੀ ਪੀ ਸੀ) ਦੀ ਤਾਨਾਸ਼ਾਹੀ ਰਾਹੀਂ ਇੱਕ ਪੂੰਜੀਵਾਦੀ ਦੇਸ਼ ਬਣਿਆ ਹੋਇਆ ਹੈ। ਇਸ ਸਿਲਸਿਲੇ ਵਿੱਚ ਚੀਨ ਨੂੰ ਸਾਮਰਾਜਵਾਦੀ (ਵਲਾਦੀਮੀਰ ਲੈਨਿਨ ਅਨੁਸਾਰ ਸਾਮਰਾਜਵਾਦ ਪੂੰਜੀਵਾਦ ਦੀ ਅੰਤਮ ਅਵਸਥਾ ਹੈ) ਤੱਕ ਕਹਿਣ ਵਿੱਚ ਕੋਈ ਹਿਚਕ ਵਿਖਾਈ ਨਹੀਂ ਜਾਂਦੀ।

ਮਾਰਤਨੇਜ ਦੀ ਪੁਸਤਕ ਨੂੰ ਅੱਜ ਵਿਸ਼ਵ ਵਿੱਚ ਚੱਲ ਰਹੀ ਇਸ ਵੱਡੀ ਬਹਿਸ ਦੇ ਸੰਦਰਭ ਵਿੱਚ ਹੀ ਵੇਖਿਆ ਜਾਣਾ ਚਾਹੀਦਾ ਹੈ। ਅਸਲ ਵਿੱਚ ਇਹ ਉਹ ਸੰਦਰਭ ਹੈ, ਜਿਸ ਵਿੱਚ ਇਹ ਇੱਕ ਮਹੱਤਵਪੂਰਨ ਪੁਸਤਕ ਬਣ ਜਾਂਦੀ ਹੈ। ਹਾਲਾਂਕਿ ਪੁਸਤਕ ਵਿੱਚ ਚੀਨ ਵਿੱਚ ਗਰੀਬੀ ਖਤਮ ਕਰਨ 'ਚ ਵਿਲੱਖਣ ਕਾਮਯਾਬੀ ਅਤੇ ਉਥੇ ਪ੍ਰਸਥਿਤੀ ਸੱਭਿਅਤਾ (ਮਨੁੱਖੀ ਭਾਈਚਾਰੇ, ਸਮੁੱਚੇ ਵਿਕਾਸ ਲਈ ਵਧੇਰੇ ਟਿਕਾਊ ਤੇ ਨਿਆਂਪੂਰਵਕ ਸਮਾਜ ਦੀ ਉਸਾਰੀ ਦੀ ਵਿਵਸਥਾ) 'Ecological Civilization' ਕਾਇਮ ਕਰਨ ਦੇ ਪ੍ਰਯੋਗ ਦੀ ਕਹਾਣੀ ਵੀ ਵਿਸਥਾਰ-ਪੂਰਵਕ ਦੱਸੀ ਗਈ ਹੈ। ਪਹਿਲੀ ਕਥਾ ਯਾਨੀ ਗਰੀਬੀ ਤੋਂ ਦੇਸ਼ ਨੂੰ ਪੂਰੀ ਤਰ੍ਹਾਂ ਮੁਕਤ ਕਰਨ ਵਿੱਚ ਚੀਨ ਨੂੰ ਮਿਲੀ ਸਫਲਤਾ ਨੂੰ ਸਭ ਕੌਮਾਂਤਰੀ ਏਜੰਸੀਆਂ ਸਵੀਕਾਰ ਕਰ ਚੁੱਕੀਆਂ ਹਨ। ਇਹ ਮੁਹਿੰਮ ਕਿਵੇਂ ਚੱਲੀ ਅਤੇ ਕਿਸ ਤਰ੍ਹਾਂ ਚੀਨ ਨੇ ਗਰੀਬੀ 'ਤੇ ਜਿੱਤ ਪ੍ਰਾਪਤ ਕੀਤੀ, ਇਹ ਕਹਾਣੀ ਹੁਣ ਕੋਈ ਨਵੀਂ ਨਹੀਂ ਰਹੀ। ਪ੍ਰਸਥਿਤੀ-ਸੱਭਿਅਤਾ ਦੇ ਨਿਰਮਾਣ ਦੇ ਪ੍ਰਯੋਗ ਤੋਂ ਜ਼ਰੂਰ ਅੱਜ ਦੁਨੀਆ ਅਣਜਾਣ ਹੈ, ਪਰ ਜਿਹੜੇ ਲੋਕ ਕੌਮਾਂਤਰੀ ਘਟਨਾਕ੍ਰਮ 'ਤੇ ਬਰੀਕ ਨਜ਼ਰ ਰੱਖਦੇ ਹਨ, ਉਹ ਇਸ ਤੋਂ ਅਣਜਾਣ ਨਹੀਂ ਹਨ।

ਮਾਰਤਨੇਜ ਨੇ ਕਿਉਂਕਿ ਆਪਣਾ ਧਿਆਨ 21ਵੀਂ ਸਦੀ ਵਿੱਚ ਚੀਨ ਦੇ ਸਮਾਜਵਾਦ 'ਤੇ ਟਿਕਾਈ ਰੱਖਿਆ ਹੈ, ਇਸ ਲਈ ਉਸ ਨੇ ਇਨ੍ਹਾਂ ਦੋਵਾਂ ਸਫਲਤਾਵਾਂ ਅਤੇ ਪ੍ਰਯੋਗਾਂ ਨੂੰ ਸਮਾਜਵਾਦ ਦੀ ਸਫਲਤਾ ਦੇ ਰੂਪ ਵਿੱਚ ਹੀ ਪੇਸ਼ ਕੀਤਾ ਹੈ। ਇਸ ਅਧੀਨ ਉਸ ਨੇ ਚੀਨ ਦੇ ਸਿਸਟਮ ਅਤੇ ਚਰਿੱਤਰ ਨੂੰ ਲੈ ਕੇ ਚੱਲ ਰਹੀ ਬਹਿਸ ਵਿੱਚ ਠੋਸ ਦਖਲ-ਅੰਦਾਜ਼ੀ ਕੀਤੀ ਹੈ। ਇਸ ਤਰਕ ਵਿੱਚ ਦੰਮ ਹੈ ਕਿ ਪੂੰਜੀਵਾਦ ਦਾ ਸੁਭਾਵਕ ਰੂਪ ਗਰੀਬੀ ਨੂੰ ਕਾਇਮ ਰੱਖਣਾ ਹੈ, ਜਿਵੇਂ ਕਿ ਕਾਰਲ ਮਾਰਕਸ ਨੇ ਕਿਹਾ ਸੀ, ਸਮਾਜ ਵਿੱਚ ਬੇਰੁਜ਼ਗਾਰਾਂ ਦੀ ਇੱਕ ਫੌਜ 'Reserve army of Labour' ਹਮੇਸ਼ਾ ਮੌਜੂਦ ਰਹੇ । ਕਿਰਤ ਤੋਂ ਵਾਧੂ ਉਜਰਤ 'Surplus value' ਰਾਹੀਂ ਲੁੱਟ ਲਈ ਇਹ ਇੱਕ ਬੁਨਿਆਦੀ ਸ਼ਰਤ ਹੈ। ਅਜਿਹੇ ਹਾਲਾਤ 'ਚ ਚੀਨ ਨੇ ਗਰੀਬੀ ਖਤਮ ਕਰਨ ਲਈ ਦ੍ਰਿੜ ਮੁਹਿੰਮ ਚਲਾਈ, ਜਿਸ ਵਿੱਚ ਸੀ ਪੀ ਸੀ ਦੇ ਸੈਂਕੜੇ ਕਾਰਕੁਨਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਅਤੇ ਇਹ ਤੱਥ ਹੀ ਚੀਨ ਦੀ ਵਿਵਸਥਾ ਬਾਰੇ ਇੱਕ ਨਵੀਂ ਸਮਝ ਬਣਾਉਣ ਦਾ ਅਧਾਰ ਮੁਹੱਈਆ ਕਰਦਾ ਹੈ।

ਏਸੇ ਤਰ੍ਹਾਂ ਗਰੀਨ ਅਨਰਜੀ ਤੋਂ ਲੈ ਕੇ ਜੰਗਲਾਤ ਤੱਕ ਚੀਨ ਨੇ ਜਿਹੜੀਆਂ ਮਿਸਾਲਾਂ ਕਾਇਮ ਕੀਤੀਆਂ ਹਨ, ਉਹ ਸੁਆਲ ਪੈਦਾ ਕਰਦੀਆਂ ਹਨ ਕਿ ਚੀਨ ਦੇ ਮੁਕਾਬਲੇ ਵਧੇਰੇ ਸਮਰੱਥ ਅਤੇ ਤਕਨੀਕੀ ਰੂਪ ਵਿੱਚ ਵਿਕਸਤ ਪੱਛਮੀ ਦੇਸ਼ਾਂ ਵਿੱਚ ਇਸ ਦਿਸ਼ਾ ਵਿੱਚ ਪ੍ਰਗਤੀ ਕਿਉਂ ਨਹੀਂ ਹੋਈ ? ਅਤੇ ਕੀ ਇਹ ਤੱਥ ਚੀਨੀ ਸਿਸਟਮ ਨੂੰ ਪੱਛਮੀ ਪੂੰਜੀਵਾਦੀ ਸਿਸਟਮ ਤੋਂ ਵੱਖਰਾ ਰੂਪ ਪ੍ਰਦਾਨ ਨਹੀਂ ਕਰਦਾ ?

ਫਿਰ ਮਾਰਤਨੇਜ ਨੇ ਇਨ੍ਹਾਂ ਦੋਹਾਂ ਪਹਿਲੂਆਂ ਦਾ ਵਿਸਥਾਰ ਨਾਲ ਜ਼ਿਕਰ ਜ਼ਰੂਰ ਕੀਤਾ ਹੈ, ਪਰ ਇਹ ਕੇਵਲ ਇਸ ਪੁਸਤਕ ਦਾ ਵਿਸ਼ੇਸ਼ ਯੋਗਦਾਨ ਨਹੀਂ ਹੈ, ਇਸ ਦਾ ਵਿਸ਼ੇਸ਼ ਯੋਗਦਾਨ ਇਸ ਬਹਿਸ ਵਿੱਚ ਇਹ ਦਖਲ-ਅੰਦਾਜ਼ੀ ਹੈ ਕਿ ਚੀਨ ਹੁਣ ਸੋਸ਼ਲਿਸਟ ਰਹਿ ਗਿਆ ਹੈ ਕਿ ਨਹੀਂ ? ਇਸ ਸੁਆਲ 'ਤੇ ਸਪੱਸ਼ਟਤਾ ਦੀ ਕਮੀ ਹੀ ਉਹ ਕਾਰਨ ਹੈ, ਜਿਸ ਕਾਰਨ ਬਹੁਤ ਸਾਰੇ ਭਲੇਮਾਨਸ ਲੋਕ ਵੀ ਪੱਛਮੀ (ਵਿਸ਼ੇਸ਼ ਕਰਕੇ ਅਮਰੀਕਾ) ਵਰਗੇ ਸਾਮਰਾਜਵਾਦੀ ਦੇਸ਼ਾਂ ਵੱਲੋਂ ਚੀਨ ਨੂੰ ਘੇਰਨ (Encirclement) ਅਤੇ ਉਸ ਦੀ ਵਧਦੀ ਹੋਈ ਤਾਕਤ 'ਤੇ ਲਗਾਮ ਲਾਉਣ ਦੇ ਯਤਨਾਂ ਦੇ ਹਿੱਸੇਦਾਰ ਬਣ ਜਾਂਦੇ ਹਨ। ਤਾਂ ਅਜਿਹੀ ਸਪੱਸ਼ਟਤਾ ਬਣਾਉਣ ਦੀਆਂ ਕੋਸ਼ਿਸ਼ਾਂ ਵਿੱਚ ਮਾਰਤਨੇਜ ਨੇ ਵਿਸ਼ੇਸ਼ ਸੁਆਲਾਂ ਨੂੰ ਆਪਣੀਆਂ ਬਹਿਸਾਂ ਵਿੱਚ ਸ਼ਾਮਲ ਕੀਤਾ ਹੈ। ਇਹ ਹਨ :

ਕੀ ਦੇਂਗ ਜਿਆਓਪਿੰਗ ਦੇ ਦੌਰ ਵਿੱਚ ਚੀਨ ਜਿਸ ਰਸਤੇ 'ਤੇ ਚੱਲਿਆ, ਉਸ ਵਿੱਚ ਅਤੇ ਮਾਓ ਦੇ ਦੌਰ ਵਿੱਚ ਕੋਈ ਵੱਡੀ ਦੀਵਾਰ ਖੜੀ ਹੋਈ ਹੈ। ਯਾਨੀ ਕਿ ਦੇਂਗ ਦੇ ਕਾਲ ਵਿੱਚ ਚੀਨ ਮਾਓ ਦੇ ਰਸਤੇ ਤੋਂ ਹਟ ਗਿਆ ਸੀ ਅਤੇ ਕੀ ਹੁਣ ਚੀਨ ਮਾਓ ਦੇ ਵਿਚਾਰਾਂ ਦੇ ਉਲਟ ਖੜਾ ਹੈ ?

ਦੂਜੇ ਜਿਸ ਪ੍ਰਮੁੱਖ ਸੁਆਲ 'ਤੇ ਉਨ੍ਹਾ ਨੇ ਵਿਚਾਰ ਕੀਤਾ ਹੈ, ਉਹ ਇਹ ਹੈ ਕਿ ਕੀ ਮਿਖਾਈਲ ਗੋਰਬਾਚੇਵ ਦੇ ਦੌਰ ਵਿੱਚ ਸਿਸਟਮ ਦੇ ਸੁਧਾਰ/ਵਿਕਾਸ ਦੀਆਂ ਕੋਸ਼ਿਸ਼ਾਂ ਆਖਰ ਕਿਉਂ ਸੋਵੀਅਤ ਯੂਨੀਅਨ ਨੂੰ ਲੈ ਡੁੱਬੀਆਂ, ਜਦੋਂ ਕਿ ਦੇਂਗ ਦੇ ਦੌਰ ਵਿੱਚ ਸ਼ੁਰੂ ਹੋਏ ਯਤਨਾਂ ਨੇ ਚੀਨ ਨੂੰ ਇੱਕ ਮਹਾਂਸ਼ਕਤੀ ਬਣਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾ ਨੇ ਇਸ ਸੁਆਲ ਦਾ ਵੀ ਉੱਤਰ ਦਿੱਤਾ ਹੈ ਕਿ ਚੀਨ ਦਾ ਵੀ ਉਹੀ ਹਾਲ ਹੋਵੇਗਾ, ਜਿਹੜਾ ਤਿੰਨ ਦਹਾਕੇ ਪਹਿਲਾਂ ਸੋਵੀਅਤ ਯੂਨੀਅਨ ਦਾ ਹੋਇਆ ਸੀ।

ਸੀ ਪੀ ਸੀ ਦੇ ਦਸਤਾਵੇਜ਼ਾਂ ਵਿੱਚ ਅਕਸਰ No two denials ਸਿਧਾਂਤ ਦਾ ਜ਼ਿਕਰ ਮਿਲਦਾ ਹੈ, ਜਿਸ ਦਾ ਅਰਥ ਹੈ ਕਿ ਸੀ ਪੀ ਸੀ ਨੇ ਦੇਂਗ ਜਿਆਓਪਿੰਗ ਦੇ ਨਿਰਦੇਸ਼ਨ ਵਿੱਚ ਨਵਾਂ ਰਾਹ ਅਪਣਾਇਆ, ਪਰ ਨਾਲ ਹੀ ਉਸ ਨੇ ਮਾਓ ਦੀ ਵਿਰਾਸਤ ਨੂੰ ਵੀ ਨਹੀਂ ਛੱਡਿਆ। ਦੇਂਗ ਆਪਣੇ ਜੀਵਨ ਦੇ ਆਖਰੀ ਸਮੇਂ ਤੱਕ ਇਹ ਕਹਿੰਦੇ ਰਹੇ ਕਿ ਮਾਓ ਉਹ ਮਹਾਨ ਰਾਹ-ਦਸੇਰਾ ਹੈ, ਜਿਸ ਦੇ ਵਿਚਾਰਾਂ ਦੇ ਦਿਸ਼ਾ-ਨਿਰਦੇਸ਼ ਤੋਂ ਬਿਨਾਂ ਅੱਜ ਦੇ ਚੀਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਸਥਿਤੀ ਵਿੱਚ ਸੀ ਪੀ ਸੀ ਇਨ੍ਹਾਂ ਦੋਵਾਂ ਦੇ ਯੋਗਦਾਨ ਤੋਂ ਇਨਕਾਰ ਨਹੀਂ ਕਰਦੀ, ਸਗੋਂ ਦੋਵਾਂ ਦੇ ਯੋਗਦਾਨ ਨੂੰ ਉਹ ਵਿਚਾਰਧਾਰਕ ਵਿਕਾਸ ਦੀ ਸ਼੍ਰੇਣੀ ਦੇ ਰੂਪ ਵਿੱਚ ਵੇਖਦੀ ਹੈ। ਅਜਿਹਾ ਉਹ ਜਿਨ੍ਹਾਂ ਤਰਕਾਂ ਦੇ ਅਧਾਰ 'ਤੇ ਕਰਦੀ ਹੈ, ਮਾਰਤਨੇਜ ਨੇ ਆਪਣੀ ਪੁਸਤਕ ਵਿੱਚ ਵਿਸਥਾਰ ਨਾਲ ਦਿੱਤਾ ਹੈ। ਇਸ ਚਰਚਾ ਦੇ ਮਾਮਲੇ ਵਿੱਚ ਮਾਓ, ਦੇਂਗ, ਸ਼ੀ ਜਿਨਪਿੰਗ ਅਤੇ ਆਧੁਨਿਕ ਚੀਨ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਦੀਆਂ ਮਿਸਾਲਾਂ ਦਾ ਭਰਪੂਰ ਸੰਦਰਭ ਇਸ ਪੁਸਤਕ ਵਿੱਚ ਦਿੱਤਾ ਗਿਆ ਹੈ। ਦੇਂਗ ਦੀਆਂ ਨੀਤੀਆਂ ਨੂੰ ਸੁਧਾਰ ਅਤੇ ਖੁਲ੍ਹਾਪਨ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਸੁਧਾਰਾਂ ਅਧੀਨ ਕਮਿਊਨਿਸਟ ਪਾਰਟੀ ਦੀ ਨਿਰਦੇਸ਼ਨਾ ਵਿੱਚ ਬਜ਼ਾਰੀ ਅਰਥ ਵਿਵਸਥਾ ਨੂੰ ਚੀਨ ਨੇ ਅਪਣਾਇਆ, ਜਦੋਂ ਕਿ ਖੁੱਲ੍ਹੇਪਨ ਅਧੀਨ ਬਾਕੀ ਦੁਨੀਆ ਨਾਲ ਨਿਵੇਸ਼, ਤਕਨੀਕ ਆਦਿ ਨੂੰ ਸੱਦਾ ਦਿੱਤਾ ਗਿਆ, ਜਿਵੇਂ ਕਿ ਕਿਹਾ ਜਾਂਦਾ ਹੈ ਕਿ ਚੀਨ 'ਵਿਸ਼ਵ ਦਾ ਕਾਰਖਾਨਾ' ਬਣ ਗਿਆ ਹੈ। ਦੋਵਾਂ ਨੀਤੀਆਂ ਦਾ ਚੀਨ ਨੂੰ ਆਰਥਿਕ ਮਹਾਂਸ਼ਕਤੀ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ, ਪਰ ਮੁੱਦਾ ਇਹ ਹੈ ਕਿ ਕੀ ਇਹ ਨੀਤੀਆਂ ਮਾਓਵਾਦ ਵਿਰੋਧੀ ਹਨ ?

ਇਸ ਸਿਲਸਿਲੇ ਵਿੱਚ ਮਾਰਤਨੇਜ ਨੇ ਮਾਓ ਦੀ ਇੱਕ ਵਿਸ਼ੇਸ਼ ਇੰਟਰਵਿਊ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚ ਮਾਓ ਨੇ ਕਿਹਾ ਸੀ, 'ਜਦੋਂ ਚੀਨ ਆਪਣੀ ਅਜ਼ਾਦੀ ਹਾਸਲ ਕਰ ਲਵੇਗਾ, ਉਦੋਂ ਲੋੜੀਂਦੇ ਵਿਦੇਸ਼ੀ ਵਪਾਰਕ ਹਿੱਤਾਂ ਨੂੰ ਚੀਨ ਵਿੱਚ ਪਹਿਲਾਂ ਨਾਲੋਂ ਵਧੇਰੇ ਮੌਕੇ ਮਿਲਣਗੇ। 45 ਕਰੋੜ ਲੋਕਾਂ (ਉਸ ਵੇਲੇ ਚੀਨ ਦੀ ਅਬਾਦੀ) ਲਈ ਉਤਪਾਦਨ ਅਤੇ ਖਪਤ ਦੀ ਸ਼ਕਤੀ ਵਿਕਸਤ ਕਰਨ ਦਾ ਅਜਿਹਾ ਮਸਲਾ ਨਹੀਂ ਹੈ, ਜਿਸ ਨੂੰ ਚੀਨ ਸਭ ਨਾਲੋਂ ਅਲੱਗ-ਥਲੱਗ ਰਹਿੰਦੇ ਹੋਏ ਪ੍ਰਾਪਤ ਕਰ ਲਵੇਗਾ, ਬਲਕਿ ਇਸ ਲਈ ਅਨੇਕਾਂ ਦੇਸ਼ਾਂ ਨਾਲ ਸੰਬੰਧ ਬਣਾਉਣੇ ਹੋਣਗੇ। ਜਦੋਂ ਚੀਨ ਦੇ ਕਰੋੜਾਂ ਲੋਕ ਆਪਣੀ ਸੁਤੀ ਉਤਪਾਦਕ ਸੰਭਾਵਨਾ ਨੂੰ ਹਰ ਖੇਤਰ ਵਿੱਚ ਜਗਾ ਲੈਣਗੇ, ਤਾਂ ਉਹ ਅਰਥਚਾਰੇ ਵਿੱਚ ਸੁਧਾਰ ਅਤੇ ਪੂਰੇ ਵਿਸ਼ਵ ਵਿੱਚ ਸੱਭਿਆਚਾਰਕ ਪੱਧਰ ਨੂੰ ਉੱਚਾ ਕਰਨ ਵਿੱਚ ਰਚਨਾਤਮਕ ਯੋਗਦਾਨ ਪਾਉਣਗੇ।

ਮਾਰਤਨੇਜ ਨੇ ਕਿਹਾ ਹੈ ਕਿ ਮਾਓ ਦੇ ਇਸ ਵਿਚਾਰ ਦੇ ਚਾਰ ਦਹਾਕੇ ਬਾਅਦ ਚੀਨ ਏਨਾ ਸਮਰੱਥ ਹੋ ਗਿਆ, ਜਿਸ ਨਾਲ ਉਹ ਇਸ ਉਦੇਸ਼ ਦੀ ਪੂਰਤੀ ਵੱਲ ਵਧਣ ਦੀ ਸ਼ੁਰੂਆਤ ਕਰ ਸਕੇ। ਇਸ ਤੋਂ ਪਹਿਲਾਂ 1 ਅਕਤੂਬਰ 1949 ਨੂੰ ਪੀਪਲਜ਼ ਰਿਪਬਲਿਕ ਦੀ ਸਥਾਪਨਾ ਤੋਂ ਬਾਅਦ ਮਾਓ ਦੇ ਦੌਰ 'ਚ ਚੀਨ ਨੇ ਕੀ ਹਾਸਲ ਕੀਤਾ, ਉਸ ਦਾ ਜ਼ਿਕਰ ਐਡਗਰ ਸਨੋ ਨੇ ਆਪਣੀ ਪੁਸਤਕ ਵਿੱਚ ਕੀਤਾ ਹੈ। ਉਹ ਲਿਖਦਾ ਹੈ ਕਿ ਜ਼ਮੀਨ ਦੀ ਨਵੇਂ ਸਿਰੇ ਤੋਂ ਵੰਡ ਕੀਤੀ ਗਈ ਅਤੇ ਟੈਕਸਾਂ ਦਾ ਬੋਝ ਘਟਾਇਆ ਗਿਆ। ਵੱਡੀ ਪੱਧਰ 'ਤੇ ਸਾਂਝੇ ਉਦਯੋਗ ਸਥਾਪਤ ਕੀਤੇ ਗਏ। ਬੇਰੁਜ਼ਗਾਰੀ, ਅਫੀਮ, ਵੇਸਵਾਪੁਣਾ, ਬਾਲ ਗੁਲਾਮੀ ਅਤੇ ਜਬਰੀ ਵਿਆਹ ਦਾ ਖਾਤਮਾ ਕੀਤਾ ਗਿਆ। ਸ਼ਾਂਤੀਪੂਰਨ ਖੇਤਰਾਂ ਵਿੱਚ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਵੱਡੇ ਸੁਧਾਰ ਹੋਏ। ਜਿਨ੍ਹਾਂ ਇਲਾਕਿਆਂ ਨੇ ਸਥਿਰਤਾ ਪ੍ਰਾਪਤ ਕਰ ਲਈ ਸੀ, ਉਥੇ ਜਨਤਕ ਸਿੱਖਿਆ ਵਿੱਚ ਕਾਫੀ ਪ੍ਰਾਪਤੀ ਹੋਈ। ਕੁਝ ਕਾਉਂਟੀਜ਼ (ਜ਼ਿਲ੍ਹਿਆਂ) ਵਿੱਚ ਰੈੱਡ ਗਾਰਡ ਨੇ ਤਿੰਨ-ਚਾਰ ਸਾਲਾਂ ਵਿੱਚ ਹੀ ਆਮ ਜਨਤਾ ਵਿੱਚ ਵਿੱਦਿਆ ਦਾ ਉੱਚਾ ਸਥਾਨ ਹਾਸਲ ਕਰ ਲਿਆ ਸੀ, ਜਦੋਂ ਕਿ ਪਹਿਲੇ ਪੇਂਡੂ ਚੀਨ ਦੇ ਕਿਸੇ ਵੀ ਖੇਤਰ ਵਿੱਚ ਇਸ ਕੰਮ 'ਚ ਸਦੀਆਂ ਲੱਗੀਆਂ ਸਨ।

ਜਾਨ ਰਾਸ ਨੇ ਲਿਖਿਆ ਹੈ ਕਿ ਪੀਪਲਜ਼ ਰਿਪਬਲਿਕ ਦੀ ਸਥਾਪਨਾ ਤੋਂ ਮਾਓ ਦੇ ਦੇਹਾਂਤ ਤੱਕ ਦੇ 27 ਸਾਲ ਚੀਨ ਦੇ ਜੀਵਨ ਕਾਲ ਵਿੱਚ 31 ਸਾਲ ਦਾ ਵਾਧਾ ਹੋਇਆ । ਪੂਰੇ ਵਿਸ਼ਵ ਵਿੱਚ ਇਹ ਵਾਧਾ ਸਭ ਤੋਂ ਵੱਧ ਹੈ। ਇਸ ਦੇ ਬਾਵਜੂਦ ਚੀਨ ਕੁੱਲ ਮਿਲਾ ਕੇ ਇੱਕ ਗਰੀਬ ਦੇਸ਼ ਸੀ ਅਤੇ ਆਪਣੇ ਗੁਆਂਢੀ ਪੂਰਬ-ਏਸ਼ੀਆਈ ਦੇਸ਼ਾਂ ਵਿੱਚ ਹੋਈ ਆਰਥਿਕ ਪ੍ਰਗਤੀ ਦੀ ਤੁਲਨਾ ਵਿੱਚ ਬਹੁਤ ਪੱਛੜਿਆ ਹੋਇਆ ਸੀ।

ਮਾਰਤਨੇਜ ਨੇ ਚੀਨੀ ਅਰਥ ਸ਼ਾਸਤਰੀ ਜਿਫੂ ਲਿਨ ਦੇ ਹਵਾਲੇ ਨਾਲ ਕਿਹਾ ਹੈ ਕਿ ਪੀਪਲਜ਼ ਰਿਪਲਿਕ ਦੀ ਸਥਾਪਨਾ ਵੇਲੇ ਚੀਨ ਅਤੇ ਪੂਰਬ ਏਸ਼ੀਆਈ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨੀ ਵਿੱਚ ਬਹੁਤ ਘੱਟ ਅੰਤਰ ਸੀ, ਪਰ ਉਹ 1978 ਤੱਕ ਜਪਾਨ ਤੇ ਅਮਰੀਕਾ ਦੀ ਬਰਾਬਰੀ ਕਰ ਰਿਹਾ ਸੀ, ਹਾਲਾਂਕਿ ਚੀਨ ਇੱਕ ਪੂਰਨ ਉਦਯੋਗਿਕ ਸਿਸਟਮ ਕਾਇਮ ਕਰਨ, ਐਟਮ ਬੰਬ ਬਣਾ ਲੈਣ ਅਤੇ ਉਪ ਗ੍ਰਹਿ ਬਣਾ ਲੈਣ ਵਰਗੇ ਕੰਮ ਕਰ ਸਕਦਾ ਸੀ, ਪਰ ਲੋਕਾਂ ਦਾ ਜੀਵਨ ਪੱਧਰ ਪੱਛਮੀ ਦੇਸ਼ਾਂ ਦੇ ਮੁਕਾਬਲੇ ਕਾਫੀ ਪਿੱਛੇ ਸੀ। ਇਸ ਲਈ ਦੇਂਗ ਨੇ ਸਮਾਜਵਾਦ ਦੇ ਨਿਰਮਾਣ ਲਈ ਉਤਪਾਦਕ ਸ਼ਕਤੀਆਂ ਨੂੰ ਵਿਕਸਤ ਕਰਨ ਦੀ ਹਰ ਸੰਭਵ ਕੋਸ਼ਿਸ਼ ਵੱਲ ਧਿਆਨ ਦਿੱਤਾ, ਤਾਂ ਜੋ ਹੌਲੀ-ਹੌਲੀ ਗਰੀਬੀ ਦਾ ਖਾਤਮਾ ਕੀਤਾ ਜਾ ਸਕਦੇ ਅਤੇ ਲੋਕਾਂ ਦਾ ਜੀਵਨ ਮਿਆਰ ਉੱਚਾ ਕੀਤਾ ਜਾ ਸਕੇ।

ਮਾਰਤਨੇਜ ਨੇ ਇੱਕ ਦਿਲਚਸਪ ਤੱਥ ਬਾਰੇ ਦੱਸਿਆ ਕਿ ਮਾਓ ਨੇ 1949 ਵਿੱਚ ਕਿਹਾ ਸੀ ਕਿ ਜੇਕਰ ਅਸੀਂ ਸਭ ਤੋਂ ਪਹਿਲਾਂ ਮਜ਼ਦੂਰਾਂ ਅਤੇ ਫਿਰ ਆਮ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਨਾ ਲਿਆ ਸਕੇ ਤਾਂ ਅਸੀਂ ਰਾਜਨੀਤਕ ਸੱਤਾ ਕਾਇਮ ਨਹੀਂ ਰੱਖ ਸਕਾਂਗੇ, ਇਸ ਨੂੰ ਗੁਆ ਦਿਆਂਗੇ ਅਤੇ ਨਾਕਾਮ ਸਿਧ ਹੋਵਾਂਗੇ, ਤਾਂ ਦੇਗ ਦੇ ਦੌਰ ਵਿੱਚ ਚੀਨ ਨੇ ਸੁਧਾਰ ਅਤੇ ਖੁੱਲ੍ਹੇਪਨ ਦੀ ਨੀਤੀ ਅਪਣਾਈ। ਇਸ ਨਾਲ ਚੀਨ ਵਿੱਚ ਕਈ ਸਮੱਸਿਆਵਾਂ ਵੀ ਪੈਦਾ ਹੋਈਆਂ, ਜਿਹੜੀਆਂ ਸਮਾਜਵਾਦ ਦੇ ਅਨੁਕੂਲ ਨਹੀਂ ਸਨ। ਮਸਲਨ, ਦੇਸ਼ ਵਿੱਚ ਆਰਥਕ ਗੈਰ-ਬਰਾਬਰੀ ਵਿੱਚ ਭਾਰੀ ਵਾਧਾ ਹੋਇਆ, ਪਰ ਫਿਰ ਵੀ ਮਾਓ ਦੇ ਦੌਰ ਵਿੱਚ ਖੜੀਆਂ ਕੀਤੀਆਂ ਗਈਆਂ ਇਨ੍ਹਾਂ ਨੀਤੀਆਂ ਨੇ ਚੀਨ ਨੂੰ ਇੱਕ ਆਰਥਕ ਅਤੇ ਤਕਨੀਕੀ ਮਹਾਂਸ਼ਕਤੀ ਬਣਾ ਦਿੱਤਾ। ਇਸ ਨਾਲ ਚੀਨ ਗਰੀਬੀ ਖਤਮ ਕਰ ਸਕਿਆ ਅਤੇ ਲੋਕਾਂ ਦਾ ਜੀਵਨ ਪੱਧਰ ਵੀ ਉੱਚਾ ਹੋਇਆ।

ਹੁਣ ਸ਼ੀ ਜਿਨਪਿੰਗ ਦੇ ਦੌਰ ਵਿੱਚ ਆਰਥਕ ਪਾੜੇ ਦਾ ਹੱਲ ਲੱਭਣ ਦੀਆਂ ਨੀਤੀਆਂ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਆਮ ਖੁਸ਼ਹਾਲੀ (Comnon Prosperity) ਦਾ ਵਿਚਾਰ ਸਭ ਤੋਂ ਪਹਿਲਾਂ ਮਾਓ ਨੇ ਹੀ ਲਿਆਂਦਾ ਸੀ। ਹੁਣ ਸ਼ੀ ਦੇ ਦੌਰ ਵਿੱਚ ਇਹ ਸੀ ਪੀ ਸੀ ਦਾ ਮੂਲ ਮੰਤਰ ਬਣਦਾ ਦਿਸ ਰਿਹਾ ਹੈ, ਤਾਂ ਇਸ ਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਾਹਾਂ ਦਾ ਮੰਗਣ ਦਾਨ ਵੇ ਲੋਕਾ !

## ਪਰਮਜੀਤ ਢੀਂਗਰਾ

ਬੱਚੇ ਮਨੁੱਖਤਾ ਦਾ ਸਭ ਤੋਂ ਕੀਮਤੀ ਸਰਮਾਇਆ ਹਨ, ਪਰ ਅੱਜ ਜਿਵੇਂ ਉਨ੍ਹਾਂ ਦਾ ਘਾਣ ਕੀਤਾ ਜਾ ਰਿਹਾ ਹੈ, ਇਹ ਸ਼ਰਮਨਾਕ ਹੈ। ਫਲਸਤੀਨ ਵਿਚ ਛਿੜੇ ਯੁੱਧ ਨੇ ਬੱਚਿਆਂ ਦੀਆਂ ਮੌਤਾਂ 'ਤੇ ਸਵਾਲ ਖੜੇ ਕਰਦਿਆਂ ਉਨ੍ਹਾਂ ਜੰਗਬਾਜ਼ਾਂ ਨੂੰ ਵੰਗਾਰਿਆ ਹੈ, ਜੋ ਮਸੂਮਾਂ ਨੂੰ ਕੋਹ ਰਹੇ ਹਨ। ਯੁੱਧ ਵਿਚ ਮਾਰੇ ਜਾ ਰਹੇ ਆਮ ਲੋਕਾਂ ਤੇ ਵਿਸ਼ੇਸ਼ ਕਰਕੇ ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ ਦੇ ਚੀਥੜਿਆਂ ਦੀਆਂ ਫੋਟੋਆਂ ਹਰ ਮਨ ਵਿਚ ਤ੍ਰਾਸ ਤੇ ਜੰਗ ਲਈ ਨਫਰਤ ਪੈਦਾ ਕਰ ਰਹੀਆਂ ਹਨ। ਦਹਾਕਿਆਂ ਦਾ ਇਹ ਯੁੱਧ ਅੱਜਕੱਲ੍ਹ ਸੁਰਖੀਆਂ ਵਿਚ ਛਾਇਆ ਹੋਇਆ ਹੈ। ਜਿਸ ਗਾਜ਼ਾ ਪੱਟੀ ਨੂੰ ਇਜ਼ਰਾਈਲ ਨੇ ਨਿਸ਼ਾਨਾ ਬਣਾਇਆ ਹੋਇਆ ਹੈ, ਉਹ ਅਸਲ ਵਿਚ ਫਲਸਤੀਨ ਦਾ ਇਕ ਸਮੁੰਦਰੀ ਕੰਢਾ ਹੈ, ਜਿਸ ਨੂੰ ਭੂ-ਮੱਧ ਸਾਗਰ ਦਾ ਤੱਟ ਕਿਹਾ ਜਾ ਸਕਦਾ ਹੈ, ਜਿੱਥੇ ਝੂਮਦੇ ਜੈਤੂਨ ਦੇ ਰੁੱਖ ਤੇ ਕੈਕਟਸ ਇਸ ਦੇ ਨਿਸ਼ਾਨ ਹਨ। ਕੈਕਟਸ ਕੰਡਿਆਂ ਨਾਲ ਭਰਿਆ ਅਜਿਹਾ ਪੌਦਾ ਹੈ, ਜੋ ਹਰ ਮੌਸਮ ਦੀ ਮਾਰ ਝੱਲਣ ਦੇ ਸਮਰੱਥ ਹੈ, ਪਰ ਬਾਰੂਦੀ ਬਾਰਿਸ਼ ਨੇ ਇਸ ਨੂੰ ਵੀ ਤਬਾਹ ਕਰ ਦਿੱਤਾ ਹੈ। ਇਸ ਲਈ ਜਿਹੜਾ ਹਿੱਸਾ ਇਜ਼ਰਾਇਲ ਦੇ ਕਬਜ਼ੇ ਵਿਚ ਹੈ, ਉੱਥੇ ਕੈਕਟਸ ਨੇ ਮੌਤ ਸਮਾਧੀ ਲੈ ਲਈ ਹੈ। ਇਹ ਕੁਦਰਤ ਦਾ ਕਮਾਲ ਹੈ ਕਿ ਮੌਸਮ-ਰੁੱਤਾਂ ਦੇ ਬਦਲਦਿਆਂ ਹੀ ਕੈਕਟਸ ਮੌਤ ਸਮਾਧੀ ਵਿੱਚੋਂ ਜਾਗ ਕੇ ਹਰਾ-ਭਰਾ ਹੋ ਗਿਆ ਤਾਂ ਮੀਡੀਏ ਨੇ ਉਹਦੀ ਫੋਟੋ ਛਾਪਦਿਆਂ ਲਿਖ ਦਿੱਤਾ ਕਿ ਫਲਸਤੀਨੀਆਂ ਵਿਚ ਜਿਊਣ ਦੀ ਆਸ ਅਜੇ ਬਾਕੀ ਹੈ ਤੇ ਇਹ ਕਦੇ ਮਰ ਨਹੀਂ ਸਕਦੀ, ਨਾ ਇਹਨੂੰ ਕੁਚਲਿਆ ਜਾ ਸਕਦੈ।

ਇਸ ਘਟਨਾ ਤੋਂ ਬਾਅਦ 1967 ਵਿਚ ਗੁੱਸੇ ਵਿਚ ਆਈ ਇਜ਼ਰਾਇਲੀ ਫੌਜ ਨੇ 8000 ਜੈਤੂਨ ਦੇ ਦਰੱਖਤਾਂ ਨੂੰ ਜੜ੍ਹੋਂ ਉਖਾੜ ਦਿੱਤਾ। ਇਹ ਉਹੀ ਜੈਤੂਨ ਦਾ ਦਰੱਖਤ ਹੈ, ਜਿਸ ਦੀ ਸ਼ਾਖਾ ਚਿੜੀ ਦੀ ਚੁੰਜ ਵਿਚ ਫਸੀ ਰਹਿੰਦੀ ਹੈ, ਜੋ ਆਸ ਦਾ ਚਿੰਨ੍ਹ ਹੈ। ਪੀ.ਐੱਲ.ਓ. ਦੇ ਨੇਤਾ ਯਾਸਰ ਅਰਾਫ਼ਾਤ ਨੇ ਯੂ ਐੱਨ ਓ ਵਿਚ ਖੜੇ ਹੋ ਕੇ ਆਪਣਾ ਉਹ ਤਾਰੀਖੀ ਫਿਕਰਾ ਕਿਹਾ ਸੀ, ਜਦੋਂ ਉਹਦੇ ਇਕ ਹੱਥ ਵਿਚ ਪਿਸਟਲ ਤੇ ਦੂਜੇ ਵਿਚ ਸ਼ਾਂਤੀ ਦਾ ਸੁਨੇਹਾ ਦੇਂਦੀ ਚੁੰਜ ਵਿਚ ਜੈਤੂਨ ਦੀ ਸ਼ਾਖਾ ਫੜੀ ਚਿੜੀ ਦੀ ਤਸਵੀਰ ਸੀ-'ਯੂ ਵਾਂਟ ਦਿਸ ਆਰ ਯੂ ਵਾਂਟ ਦਿਸ।'

ਇਹ ਉਹੀ ਯਾਸਰ ਅਰਾਫ਼ਾਤ ਹੈ, ਜਿਸ ਦੇ ਸਿਰ 'ਤੇ ਹਮੇਸ਼ਾ ਚਾਰਖਾਨਾ ਰੁਮਾਲ ਬੰਨ੍ਹਿਆ ਨਜ਼ਰ ਆਉਂਦਾ ਹੈ, ਜਿਸ ਦੀ ਇਕ ਨੋਕ ਜਾਂ ਕੋਣਾ ਉਹਦੇ ਮੋਢੇ 'ਤੇ ਲਟਕਿਆ ਰਹਿੰਦਾ ਸੀ, ਜੋ ਸਟਾਈਲ ਨਹੀਂ, ਸਗੋਂ ਫਲਸਤੀਨ ਦਾ ਨਕਸ਼ਾ ਸੀ। ਅੱਜ ਓਸੇ ਰੂਪ ਵਿਚ ਹਜ਼ਾਰਾਂ ਫਲਸਤੀਨੀ ਉਸ ਰੁਮਾਲ ਦੀ ਵਰਤੋਂ ਕਰਦੇ ਹਨ ਜਾਂ ਉਸ ਨੂੰ ਗਲੇ 'ਤੇ ਲਪੇਟੀ ਰੱਖਦੇ ਹਨ। ਇਸ ਰੁਮਾਲ ਦੀ ਡਿਜ਼ਾਇਨਿੰਗ ਦੇ ਵੀ ਡੂੰਘੇ ਅਰਥ ਹਨ। ਇਸ ਰੁਮਾਲ ਨੂੰ ਉਹ ਕੂਫ਼ੀਆ ਕਹਿੰਦੇ ਹਨ, ਜੋ ਉਨ੍ਹਾਂ ਦੀ ਜ਼ੁਬਾਨ ਵਿਚ ਨਾਬਰੀ ਤੇ ਤਾਕਤ ਦਾ ਪ੍ਰਤੀਕ-ਚਿੰਨ੍ਹ ਹੈ। ਇਹਦੇ ਵਿਚ ਚਾਰੇ ਪਾਸੇ ਜਿਹੜੀਆਂ ਚੌੜੀਆਂ ਲਾਈਨਾਂ ਹਨ, ਉਹ ਪ੍ਰਾਚੀਨ ਵਪਾਰਕ ਰੂਟਸ ਦਾ ਚਿੰਨ੍ਹ ਹਨ, ਜੋ ਦਰਸਾਅ ਰਹੀਆਂ ਹਨ ਕਿ ਫਲਸਤੀਨ ਯੂਰਪ ਤੇ ਮੱਧ-ਪੂਰਬੀ ਦੇਸ਼ਾਂ ਨਾਲ ਵਪਾਰ ਕਰਦਾ ਸੀ, ਜਿਹੜਾ ਵਿਚ ਡਿਜ਼ਾਇਨ ਹੈ, ਮਛੇਰਿਆਂ ਦੇ ਜਾਲ ਵਰਗਾ, ਉਹ ਭੂ-ਮੱਧ ਸਾਗਰ ਨਾਲ ਇਸ ਪੇਸ਼ੇ ਦੀ ਵਿਸ਼ਾਲਤਾ ਦਾ ਰੂਪਕ ਹੈ ਤੇ ਇਸ ਡਿਜ਼ਾਇਨ ਵਿਚਲੀਆਂ ਦੋ ਪੱਟੀਆਂ ਵਿਚ ਜੈਤੂਨ ਦੇ ਦਰੱਖਤ ਤੇ ਪੱਤੀਆਂ ਫਲਸਤੀਨ ਦੇ ਸੱਭਿਆਚਾਰ ਤੇ ਵਿਰਸੇ ਦੀਆਂ ਪ੍ਰਤੀਕ ਹਨ। ਜਦੋਂ ਬਾਰੂਦੀ ਧੂੰਆਂ ਉੱਡਦਾ ਹੈ ਤੇ ਬੰਬ ਅੱਗ ਉਗਲਦੇ ਹਨ ਤਾਂ ਆਪਣੀ ਹਿੰਮਤ ਤੇ ਹੌਸਲੇ ਨੂੰ ਬੁਲੰਦ ਰੱਖਣ ਲਈ ਉਹ ਗੀਤ ਗਾਉਂਦੇ ਹਨ-

ਨੱਚੋ ਮੇਰੇ ਨਾਲ ਨੱਚੋ
ਆਜ਼ਾਦੀ ਦੇ ਨਾਚ
ਇਸ ਧਰਤੀ ਦੇ ਨਾਚ !

ਫਲਸਤੀਨ ਦੀ ਸਮੱਸਿਆ ਨੂੰ ਸਮਝਣ ਲਈ ਗਾਜ਼ਾ ਪੱਟੀ ਬਾਰੇ ਜਾਨਣਾ ਜ਼ਰੂਰੀ ਹੈ। ਇਹ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਪਤਲਾ ਸਰਜੀਕਲ ਕੱਪੜਾ, ਜਿਸ ਦੀਆਂ ਮੈਡੀਕਲ ਵਿਚ ਕੰਮ ਆਉਣ ਵਾਲੀਆਂ ਪੱਟੀਆਂ ਬਣਦੀਆਂ ਹਨ। 'ਢਾਕੇ ਦੀ ਮਲਮਲ' ਵਾਂਗ ਇਸ ਕੱਪੜੇ ਤੋਂ ਵੀ ਪੱਟੀਆਂ ਬਣਾਈਆਂ ਜਾਂਦੀਆਂ ਸਨ, ਜੋ ਆਮ ਤੌਰ 'ਤੇ ਫਟੇ-ਪੁਰਾਣੇ ਕੱਪੜਿਆਂ ਤੇ ਪਲਾਸਟਿਕ ਦੀ ਰਹਿੰਦ-ਖੂੰਹਦ ਤੋਂ ਬਣਦਾ ਸੀ। ਜੇ ਗਾਜ਼ਾ ਦਾ ਇਤਿਹਾਸ ਦੇਖੀਏ ਤਾਂ ਇਹ ਚਾਰ ਹਜ਼ਾਰ ਸਾਲ ਪੁਰਾਣਾ ਹੈ। 332 ਈ: ਪੂ: ਵਿਚ ਸਿਕੰਦਰ ਨੇ ਵੀ ਇਸ ਨੂੰ ਫਤਹਿ ਕੀਤਾ ਸੀ, ਕਦੇ ਇਹ ਅਸੀਰੀਅਨ ਸਾਮਰਾਜ ਦਾ ਹਿੱਸਾ ਵੀ ਰਿਹਾ ਹੈ। ਫਿਰ ਰੋਮਨਾਂ ਨੇ ਇਹਦੀ ਮੁੜ ਉਸਾਰੀ ਕੀਤੀ। ਸੱਤਵੀਂ ਸਦੀ ਵਿਚ ਮੁਸਲਮਾਨ ਜਨਰਲ ਮਾਰ-ਇਬਨ-ਅਲ-ਆਸ ਨੇ ਇਹਨੂੰ ਜਿੱਤ ਲਿਆ ਤੇ ਗਾਜ਼ਾ ਦੇ ਨਿਵਾਸੀਆਂ ਨੇ ਵੱਡੀ ਪੱਧਰ 'ਤੇ ਇਸਲਾਮ ਕਬੂਲ ਕਰ ਲਿਆ। ਲੰਮੇ ਅਰਸੇ ਬਾਅਦ ਸੋਲ੍ਹਵੀਂ ਸਦੀ ਵਿਚ ਤੁਰਕ ਆਟੋਮਨ ਐਮਪਾਇਰ ਤੇ ਫਿਰ ਬ੍ਰਿਟਿਸ਼ ਸਾਮਰਾਜ ਤੋਂ ਬਾਅਦ ਯਹੂਦੀਆਂ ਨੇ ਇਸ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਨੇ ਇਸ 'ਤੇ ਜਿੱਤ ਪ੍ਰਾਪਤ ਨਹੀਂ ਕੀਤੀ, ਸਗੋਂ ਧੱਕੇ ਨਾਲ ਫਲਸਤੀਨੀਆਂ ਨੂੰ ਖਦੇੜ ਕੇ ਇਜ਼ਰਾਇਲ ਦੀ ਨੀਂਹ ਰੱਖੀ। ਇੱਥੋਂ ਹੀ ਫਲਸਤੀਨ ਦੀ ਸਮੱਸਿਆ ਆਰੰਭ ਹੁੰਦੀ ਹੈ।

ਫਲਸਤੀਨੀ ਅੱਜ ਦੁੱਖਾਂ ਦੇ ਸਾਗਰ ਵਿਚ ਡੁੱਬੇ ਹੋਏ ਹਨ। ਸਾਮਰਾਜੀ ਧੌਂਸ ਅੱਗੇ ਉਹ ਮਰ ਰਹੇ ਹਨ। ਉਨ੍ਹਾਂ ਦੀ ਕਹਾਣੀ ਇੰਜ ਸੁਣਾਈ ਜਾ ਰਹੀ ਹੈ-ਬੰਬਾਂ ਦੀਆਂ ਆਵਾਜ਼ਾਂ ਤੋਂ ਡਰਦੇ ਅਸੀਂ ਭੈਅ-ਭੀਤ ਹੋਏ ਬੈਠੇ ਸਾਂ। ਤਦੋਂ ਬੇਟੀ ਪੁੱਛਣ ਲੱਗੀ, 'ਯਹੂਦੀਆਂ ਨੂੰ ਕਿਸ ਨੇ ਬਣਾਇਆ ਹੈ ?' ਮਾਂ-ਬਾਪ ਚੁੱਪ ਸਨ, ਕਿਉਂਕਿ ਬੇਟੀ ਦੇ ਸਵਾਲ ਵਿਚ ਇਕ ਸਵਾਲ ਹੋਰ ਸੀ ਕਿ ਖੁਦਾ ਤਾਂ ਰਹਿਮ-ਦਿਲ ਸਭ ਨੂੰ ਪਿਆਰ ਕਰਨ ਵਾਲਾ ਹੈ, ਫਿਰ ਉਹ ਅਜਿਹੇ ਜ਼ਾਲਮਾਂ ਨੂੰ ਕਿਵੇਂ ਪੈਦਾ ਕਰ ਸਕਦਾ ਹੈ ? ਜਦੋਂ ਦੋ ਦਿਨਾਂ ਲਈ ਸੀਜ਼-ਫਾਇਰ ਹੁੰਦਾ ਹੈ ਤਾਂ ਡੈਡ ਉਪਰ ਪਾਣੀ ਵਾਲੀ ਟੈਂਕੀ ਦੇਖਣ ਜਾਂਦਾ ਹੈ, ਤਦੋਂ ਉਹਦੀ ਗਰਦਨ 'ਤੇ ਆ ਕੇ ਗੋਲੀ ਲੱਗਦੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਤੇ ਸਵਾਲਾਂ ਨਾਲ ਭਰੀਆਂ ਅਨੇਕਾਂ ਕਹਾਣੀਆਂ ਬੱਚਿਆਂ ਨੇ ਲਿਖੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਸਾਮਰਾਜੀਆਂ ਲਈ ਮਨ ਗੁੱਸੇ ਤੇ ਨਫਰਤ ਨਾਲ ਭਰ ਜਾਂਦਾ ਹੈ। ਸੰਕਟ ਦੇ ਇਸ ਸਮੇਂ ਫਲਸਤੀਨੀ ਜਨੂੰਨੀ ਹਾਲਤ ਨੂੰ ਸਹਿਜ ਕਰਨ ਲਈ ਦਬਕਾ ਨਾਚ ਨੱਚਦੇ ਗਾਉਣ ਲੱਗ ਜਾਂਦੇ ਹਨ-

ਹੇ ਖ਼ੁਦਾ ! ਫਲਸਤੀਨੀਆਂ ਦੀ ਮਦਦ ਕਰ
ਜਿਨ੍ਹਾਂ ਦਾ ਦਿਲ ਇਮਾਨ ਨਾਲ ਭਰਿਆ ਪਿਆ ਹੈ
ਜੋ ਏਨੀਆਂ ਮੌਤਾਂ ਤੋਂ ਬਾਅਦ, ਫਿਸਲਣ, ਉਦਾਸੀ ਤੇ
ਹੰਝੂਆਂ ਦੇ ਮੁਕਾਬਲੇ ਖੜੇ ਨੇ
ਕੀ ਨਾਚਾਂ ਵਿਚ ਕੋਈ ਫਰਕ ਹੁੰਦੈ ?

ਇਜ਼ਰਾਇਲ ਦੇ ਬੁਲਾਰੇ ਵਜੋਂ ਮਿਸ਼ਾਲ ਮਿਆਨ ਨੂੰ ਜਦੋਂ ਪੁੱਛਿਆ ਗਿਆ ਕਿ ਤੁਸੀਂ ਗਾਜ਼ਾ ਵੱਲ ਜਾਣ ਵਾਲੇ ਲੋਕਾਂ ਦੇ ਅੱਧਮੋਏ ਜਿਸਮਾਂ 'ਤੇ ਗੋਲੀਆਂ ਕਿਉਂ ਚਲਾਉਂਦੇ ਹੋ ? ਤਾਂ ਉਹਦਾ ਜਵਾਬ ਸੀ ਕਿ ਇਨ੍ਹਾਂ ਨੂੰ ਜੇਲ੍ਹਾਂ ਵਿਚ ਰੱਖਣ ਲਈ ਸਾਡੇ ਕੋਲ ਜਗ੍ਹਾ ਨਹੀਂ। ਇਹ ਜਵਾਬ ਓਸੇ ਧਰਤੀ 'ਤੇ ਰਹਿਣ ਵਾਲੀ ਇਜ਼ਰਾਇਲੀ ਜ਼ਿੰਮੇਵਾਰ ਜਵਾਨ ਔਰਤ ਦੇ ਮੂੰਹੋਂ ਨਿਕਲਦਾ ਹੈ, ਜਿਸ ਦੇ ਦਾਦੇ/ਨਾਨੇ ਆਪਣੇ ਪਰਵਾਰਾਂ ਦੀ ਬਦਹਾਲੀ ਨਾਲ ਫਲਸਤੀਨ ਵਿਚ ਪਨਾਹਗੀਰ ਬਣੇ ਸਨ। ਇਕ ਦੌਰ ਅਜਿਹਾ ਵੀ ਸੀ ਜਦੋਂ ਯਹੂਦੀ ਤੇ ਕ੍ਰਿਸਚੀਅਨ ਅਰਬੀ ਤੇ ਹਿਬਰੂ ਦੋਵੇਂ ਜ਼ੁਬਾਨਾਂ ਬੋਲਦੇ ਸਨ ਤੇ ਇਹੀ ਭਾਸ਼ਾਵਾਂ ਅਰਬਾਂ ਤੇ ਤੁਰਕਾਂ ਦੀਆਂ ਸਨ। 1948 ਤੋਂ ਪਹਿਲਾਂ ਇਹ ਨਾਲ-ਨਾਲ ਇਕੱਠੇ ਰਹਿੰਦੇ ਸਨ, ਇਸ ਬਾਰੇ ਡੇਰਿਟ ਸਿਲਵਰ ਮੈਨ ਆਪਣੀ ਕਿਤਾਬ 'ਗੇਟ ਆਫ ਮਰਸੀ' ਵਿਚ ਲਿਖਦਾ ਹੈ-ਦੋਵਾਂ ਭਾਸ਼ਾਵਾਂ ਦੇ ਸ਼ਬਦ ਆਪਸ ਵਿਚ ਕਿੰਨੇ ਮਿਲਦੇ-ਜੁਲਦੇ ਹਨ। ਉਦੋਂ ਨੌਜਵਾਨ ਇਹੀ ਸ਼ਬਦ ਪਿਆਰ ਤੇ ਦੋਸਤੀ ਲਈ ਵਰਤਦੇ ਸਨ, ਪਰ ਅੱਜ 2019 ਵਿਚ ਪੰਜਾਂ ਵਰ੍ਹਿਆਂ ਦੇ ਬੱਚੇ ਨੂੰ ਇਸ ਲਈ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਕਿ ਉਹਨੇ ਪੱਥਰਬਾਜ਼ੀ ਕੀਤੀ ਹੈ। ਉਸ ਬੱਚੇ ਦੇ ਚਿਹਰੇ 'ਤੇ ਅਜੀਬ ਜਿਹੀ ਗੰਭੀਰਤਾ ਭਰੀ ਉਦਾਸੀ ਹੈ। ਉਹਦੇ ਇਕ ਹੱਥ ਵਿਚ ਚਾਕਲੇਟ ਤੇ ਮਿਠਾਈ ਵਾਲਾ ਝੋਲਾ ਹੈ ਤੇ ਦੂਜਾ ਹੱਥ ਬਾਪ ਦੇ ਹੱਥ ਵਿਚ ਹੈ। ਆਪਣੀਆਂ ਅੱਖਾਂ ਤੋਂ ਉਹ ਬੱਚਾ ਉਮਰੋਂ ਪਹਿਲਾਂ ਬੁੱਢਾ ਹੋ ਗਿਆ ਨਜ਼ਰ ਆ ਰਿਹਾ ਹੈ।

2023 ਵਿਚ ਗਾਜ਼ਾ ਵਿਚ 4500 ਬੱਚਿਆਂ ਦੀ ਮੌਤ ਦੇ ਵਿਰੋਧ ਵਿਚ ਕੱਢੇ ਗਏ ਜਲੂਸ ਵਿਚ ਉਹ ਰੱਸੀ ਸਭ ਦਾ ਧਿਆਨ ਖਿੱਚ ਰਹੀ ਸੀ, ਜਿਸ ਨਾਲ 1500 ਬੱਚਿਆਂ ਦੇ ਲਹੂ ਨਾਲ ਸਿੰਨੇ ਕੱਪੜੇ ਖਮੋਸ਼ੀ ਵਿਚ ਸਾਹ ਲੈਣ ਦੀ ਆਗਿਆ ਮੰਗ ਰਹੇ ਜਾਪਦੇ ਸਨ। ਉਹ ਦ੍ਰਿਸ਼ ਦੇਖ ਕੇ ਲੋਕ ਖੜੇ ਖੜੋਤੇ ਰਹਿ ਗਏ ਸਨ। ਦੂਜੇ ਪਾਸੇ ਇਜ਼ਰਾਇਲੀ ਨਾਅਰੇ ਮਾਰ ਰਹੇ ਸਨ- 'ਵੂਈ ਵਿੱਲ ਆਕੂਪਾਈ ਗਾਜ਼ਾ।'

ਗਾਜ਼ਾ 'ਤੇ ਕਬਜ਼ਾ ਕਰਨ ਦਾ ਇਕ ਵੱਡਾ ਕਾਰਨ ਤੇਲ ਤੇ ਗੈਸ ਦੇ ਭੰਡਾਰ ਹਨ, ਜਿਨ੍ਹਾਂ 'ਤੇ ਸਾਮਰਾਜੀਆਂ ਦੀ ਅੱਖ ਹੈ। ਗਾਜ਼ਾ ਵਿਚ ਜਦੋਂ ਦੇ 1.5 ਬਿਲੀਅਨ ਬੈਰਲ ਆਇਲ ਤੇ 1.4 ਟ੍ਰਿਲੀਅਨ ਕਿਊਬਿਕ ਫੁੱਟ ਕੁਦਰਤੀ ਗੈਸ ਦੇ ਭੰਡਾਰ ਮਿਲੇ ਹਨ, ਉਦੋਂ ਤੋਂ ਹੀ ਇਜ਼ਰਾਇਲ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਪਿੱਛੇ ਅਮਰੀਕਾ, ਫਰਾਂਸ, ਜਰਮਨੀ, ਬ੍ਰਿਟੇਨ ਦੀ ਬੈਂਕਿੰਗ ਵੀ ਹੈ। ਏਸੇ ਕਰਕੇ ਇਜ਼ਰਾਇਲ ਸੀਜ਼-ਫਾਇਰ ਕਰਨ ਲਈ ਤਿਆਰ ਨਹੀਂ। ਚਾਰ ਦਿਨ ਦੇ ਸੀਜ਼-ਫਾਇਰ ਤੋਂ ਬਾਅਦ ਅਚਾਨਕ ਉਹ ਫਿਰ ਹਮਲੇ ਸ਼ੁਰੂ ਕਰ ਦੇਂਦਾ ਹੈ। ਇਹੀ ਕਾਰਨ ਹੈ ਕਿ ਚਾਲੀ ਦਿਨਾਂ ਵਿਚ ਸੱਤ ਹਜ਼ਾਰ ਲੋਕ ਮਾਰੇ ਗਏ ਤੇ ਇਸ ਤੋਂ ਜ਼ਿਆਦਾ ਜ਼ਖਮੀ ਹੋਏ। ਮਰਨ ਵਾਲੇ ਵਾਈਟ ਫਾਸਫੋਰਸ ਇਨਸੈਂਡਰੀ ਵੈਪਨ ਦੀ ਮਾਰ ਵਿਚ ਆਏ ਸਨ। ਮਿਊਨਿਸਪਲ ਗਾਜ਼ਾ ਦੀ ਰਿਪੋਰਟ ਅਨੁਸਾਰ ਉੱਤਰੀ ਗਾਜ਼ਾ ਵਿਚ ਧਮਾਕਿਆਂ ਨਾਲ 60,000 ਬਿਲਡਿੰਗਾਂ ਤਬਾਹ ਹੋ ਗਈਆਂ ਹਨ ਤੇ 450 ਹਾਊਸ ਯੂਨਿਟ ਤਬਾਹ ਹੋਏ ਹਨ, ਜਿਨ੍ਹਾਂ ਵਿਚ ਹਸਪਤਾਲ, ਸਕੂਲ, ਕੋਚਿੰਗ ਸੈਂਟਰ ਤੇ ਲਾਇਬ੍ਰੇਰੀਆਂ ਸ਼ਾਮਲ ਹਨ। ਇਕ ਪੁਰਾਣੀ ਲਾਇਬ੍ਰੇਰੀ ਵੀ ਇਸ ਵਿਚ ਸ਼ਾਮਲ ਹੈ, ਜਿਸ ਵਿਚ ਬਹੁਤ ਸਾਰੇ ਇਤਿਹਾਸਕ ਦਸਤਾਵੇਜ਼ ਪਏ ਸਨ। ਅਸਲ ਵਿਚ ਜਦੋਂ ਵੀ ਕਿਸੇ ਦੇਸ਼ ਦਾ ਵਜੂਦ ਮਿਟਾਉਣਾ ਹੋਵੇ ਤਾਂ ਸਭ ਤੋਂ ਪਹਿਲਾਂ ਉਹਦੀ ਭਾਸ਼ਾ, ਕਲਾ, ਸੱਭਿਆਚਾਰ, ਲਾਇਬ੍ਰੇਰੀਆਂ ਤੇ ਇਤਿਹਾਸਕ ਪਛਾਣ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਹੀ ਕੁਝ ਫਲਸਤੀਨ ਵਿਚ ਕੀਤਾ ਜਾ ਰਿਹਾ ਹੈ।

ਫਲਸਤੀਨੀਆਂ ਨੂੰ ਇਸ ਗੱਲ ਦਾ ਇਲਮ ਹੈ ਕਿ ਇਜ਼ਰਾਇਲ ਇਕ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਗਾਜ਼ਾ ਪੱਟੀ ਵਿੱਚੋਂ ਖਦੇੜ ਕੇ ਪੱਛਮੀ ਕੰਢੇ ਵੱਲ ਧੱਕ ਰਿਹਾ ਹੈ ਤੇ ਨਾਲ ਹੀ ਸਕੂਲਾਂ, ਹਸਪਤਾਲਾਂ ਤੇ ਘਰਾਂ 'ਤੇ ਕਬਜ਼ਾ ਕਰ ਰਿਹਾ ਹੈ ਤਾਂ ਕਿ ਯੁੱਧ ਦੀ ਸਮਾਪਤੀ ਤੋਂ ਬਾਅਦ ਨਾ ਉਨ੍ਹਾਂ ਦਾ ਇਲਾਜ ਹੋ ਸਕੇ ਤੇ ਨਾ ਸਿੱਖਿਆ ਮਿਲ ਸਕੇ। ਇਜ਼ਰਾਇਲ ਵਿਚ ਉਹ ਵਰਕ ਪਰਮਿਟ ਵੀ ਨਹੀਂ ਦੇਣਗੇ ਤੇ ਸਿੱਟੇ ਵਜੋਂ ਭੁੱਖ ਤੇ ਬੇਕਾਰੀ ਵਿਚ ਤੜਫਦੇ ਫਲਸਤੀਨੀ ਆਪਸ ਵਿਚ ਹੀ ਲੜ-ਲੜ ਮਰ ਜਾਣਗੇ। ਇਹ ਉਨ੍ਹਾਂ ਦਾ ਸਭ ਤੋਂ ਦੁਖਾਂਤਕ ਅੰਤ ਹੋਵੇਗਾ।

ਉਨ੍ਹਾਂ ਨੂੰ ਪਤਾ ਹੈ ਜੇ ਉਹ ਜੰਗ ਹਾਰ ਗਏ ਤਾਂ ਉਨ੍ਹਾਂ ਦਾ ਵਜੂਦ ਮਿਟ ਜਾਏਗਾ। ਯਾਸਰ ਅਰਾਫ਼ਾਤ ਦੀ ਪੀ.ਐੱਲ.ਓ ਜਦੋਂ ਸ਼ਾਂਤੀ ਵਾਰਤਾ ਦੀ ਦੁਹਾਈ ਦੇ ਰਹੀ ਸੀ ਤਾਂ ਉਹਦੇ ਵਧ ਰਹੇ ਪ੍ਰਭਾਵ ਨੂੰ ਦੇਖਦਿਆਂ ਉਨ੍ਹਾਂ ਵਿਰੁੱਧ 'ਹਮਾਸ' ਦੀ ਨੀਂਹ ਰੱਖੀ ਗਈ। ਅੱਜ ਓਸੇ ਹਮਾਸ ਦੁਆਰਾ ਦਾਗੇ 5000 ਰਾਕੇਟਾਂ ਦੀ ਸ਼ਿਕਾਇਤ ਉੱਚੀ ਆਵਾਜ਼ ਵਿਚ ਗੂੰਜ ਰਹੀ ਹੈ। ਹਮਾਸ ਤਾਂ ਹੁਣ ਇਕ ਬਹਾਨਾ ਹੈ। ਗਾਜ਼ਾ 'ਤੇ ਜਿੰਨੇ ਬੰਬ ਸੁੱਟੇ ਗਏ ਹਨ, ਰਾਕੇਟ ਦਾਗੇ ਗਏ ਹਨ, ਜਿੰਨੀਆਂ ਲਾਸ਼ਾਂ ਵਿਛਾਈਆਂ ਗਈਆਂ ਹਨ, ਜੇ ਉਨ੍ਹਾਂ ਨੂੰ ਦੇਖੀਏ ਤਾਂ ਇਹ ਹਮਾਸ ਦੇ ਬਹਾਨੇ ਗਾਜ਼ਾ ਨੂੰ ਖਾਲੀ ਕਰਾਉਣ ਦੀ ਇਕ ਕਵਾਇਦ ਲੱਗਦੀ ਹੈ।

ਚਾਰ ਦਿਨਾਂ ਦਾ ਸੀਜ਼-ਫਾਇਰ ਬੜਾ ਮਾਨੀਖੇਜ਼ ਹੈ। ਜਿਹੜੇ ਵਿਆਹ ਰੁਕੇ ਹੋਏ ਸਨ, ਉਹ ਹੋ ਗਏ। ਕਈ ਜ਼ਰੂਰੀ ਕੰਮ ਨਿਪਟਾ ਲਏ ਗਏ। ਇਹ ਆਸ ਵੀ ਸੀ ਕਿ ਹੁਣ ਸ਼ਾਂਤੀ ਬਹਾਲ ਹੋ ਜਾਏਗੀ, ਪਰ ਅਚਾਨਕ ਪੰਜਵੇਂ ਦਿਨ ਬਿਨਾਂ ਕਿਸੇ ਵਾਰਨਿੰਗ ਦੇ ਸਵੇਰੇ ਸੱਤ ਵਜੇ ਇਜ਼ਰਾਇਲ ਨੇ ਬੰਬਾਰੀ ਸ਼ੁਰੂ ਕਰ ਦਿੱਤੀ। ਜੰਗੀ ਜਹਾਜ਼ ਬਹੁਤ ਹੇਠਾਂ ਉੱਡ ਰਹੇ ਸਨ ਤੇ ਉੱਤਰ ਤੋਂ ਦੱਖਣ ਸਫੇ ਵੱਲ ਬੰਬਾਰੀ ਕਰ ਰਹੇ ਸਨ। ਯੂਨੀਸੈਫ ਦੇ ਬੁਲਾਰੇ ਜੇਮਸ ਐਡਲਰ ਨੇ ਅੱਖੀਂ ਡਿੱਠੇ ਹਾਲ ਦਾ ਵਰਣਨ ਕਰਦਿਆਂ ਲਿਖਿਆ ਹੈ-ਹਸਪਤਾਲ ਤੋਂ ਥੋੜ੍ਹੀ ਦੂਰ ਬੰਬ ਫਟਿਆ। ਹਸਪਤਾਲ ਵਿਚ ਦੋ ਸੌ ਬੱਚਿਆਂ ਦੀ ਕਪੈਸਟੀ ਹੈ, ਪਰ ਓਥੇ ਵੱਡੀ ਗਿਣਤੀ ਵਿਚ ਜ਼ਖਮੀ, ਰੋਗੀ, ਸੜੇ ਹੋਏ, ਲਾਚਾਰ ਬੱਚੇ ਥਾਂ-ਥਾਂ ਪਏ ਹਨ। ਜਿੱਥੇ ਕਿਸੇ ਨੂੰ ਥਾਂ ਮਿਲਦੀ ਹੈ, ਉੱਥੇ ਢੇਰੀ ਹੋਇਆ ਨਜ਼ਰ ਆ ਰਿਹਾ ਹੈ। ਦਰਅਸਲ ਇਜ਼ਰਾਇਲ ਗਿਣ-ਮਿਥ ਕੇ ਬੱਚਿਆਂ ਦੀ ਨਸਲਕੁਸ਼ੀ ਕਰ ਰਿਹਾ ਹੈ। ਇਸ ਨੂੰ War on Children ਕਿਹਾ ਜਾ ਸਕਦਾ ਹੈ। ਲੱਭ-ਲੱਭ ਕੇ ਉਨ੍ਹਾਂ ਥਾਵਾਂ 'ਤੇ ਬੰਬਾਰੀ ਕੀਤੀ ਜਾ ਰਹੀ ਹੈ, ਜਿੱਥੇ ਸਿਰਫ ਔਰਤਾਂ ਤੇ ਬੱਚੇ ਹਨ। ਮਲਬੇ ਦੇ ਢੇਰਾਂ ਵਿੱਚੋਂ ਆਪਣੇ ਬੱਚਿਆਂ ਨੂੰ ਲੱਭਦੀਆਂ ਮਾਵਾਂ ਵਿਲਕ ਰਹੀਆਂ ਹਨ। ਇਕ ਅੰਦਾਜ਼ੇ ਮੁਤਾਬਕ ਹੁਣ ਤੱਕ ਪੰਦਰਾਂ ਹਜ਼ਾਰ ਤੋਂ ਵਧੇਰੇ ਬੱਚਿਆਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਹੈ।

ਇਜ਼ਰਾਇਲ ਡਿਫੈਂਸ ਫੋਰਸ ਜਿਸ ਤਰ੍ਹਾਂ ਬੱਚਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਇਹ ਸਾਜ਼ਿਸ਼ਨ ਨਸਲਕੁਸ਼ੀ ਹੈ। ਇਸ ਤਰ੍ਹਾਂ ਦੀਆਂ ਦਿਲ ਦਹਿਲਾਅ ਦੇਣ ਵਾਲੀਆਂ ਰਿਪੋਰਟਾਂ ਪੜ੍ਹ ਕੇ ਫਲਸਤੀਨ ਦਾ ਕੌਮੀ ਰੁੱਖ ਜੈਤੂਨ ਯਾਦ ਆਉਂਦਾ ਹੈ। ਇਹ ਵੀਹ ਵਰ੍ਹਿਆਂ ਵਿਚ ਤਿਆਰ ਹੁੰਦਾ ਹੈ ਤੇ ਵੀਹਾਂ ਵਰ੍ਹਿਆਂ ਬਾਅਦ ਫਲ ਦੇਂਦਾ ਹੈ। ਇਹ ਫਲਸਤੀਨੀਆਂ ਦੀ ਵਿਰਾਸਤ ਹੈ, ਜੋ ਇਕ ਨਸਲ ਦੂਜੀ ਨਸਲ ਨੂੰ ਦੇਂਦੀ ਹੈ। ਹਰੇ, ਪੀਲੇ, ਮਾਇਲ ਹਰੇ, ਕਾਲੇ, ਛੋਟੇ ਵੱਡੇ ਅਕਾਰ ਦੇ ਜੈਤੂਨਾਂ ਵਿਚ ਫਲਸਤੀਨੀਆਂ ਦੀ ਜਾਨ ਹੈ। ਗਾਜ਼ਾ ਵਿੱਚੋਂ ਪੈਦਲ ਲੰਘ ਰਹੇ ਸ਼ਰਨਾਰਥੀਆਂ ਨੇ ਜਦੋਂ ਫਲ ਲੱਦੇ ਜੈਤੂਨ ਦੇਖੇ ਤਾਂ ਤੋੜਨ ਲਈ ਗਏ, ਪਰ ਡਿਫੈਂਸ ਆਰਮੀ ਨੇ ਤੋੜਨ ਤੋਂ ਰੋਕ ਦਿੱਤਾ। ਉਸ ਵੇਲੇ ਸ਼ਰਨਾਰਥੀਆਂ ਦੇ ਗੁੱਸੇ ਤੇ ਨਫਰਤ ਨਾਲ ਭੈਅਭੀਤ ਹੋਏ ਚਿਹਰੇ ਦੇਖਣ ਵਾਲਿਆਂ ਦੀ ਸਿਮਰਤੀ ਵਿਚ ਉੱਕਰੇ ਪਏ ਹਨ।

ਸਭ ਤੋਂ ਭਿਆਨਕ ਉਹ ਦ੍ਰਿਸ਼ ਹੈ, ਜਿਸ ਵਿਚ ਜਵਾਨ ਮਾਵਾਂ ਆਪਣੇ ਮੋਏ ਬੱਚਿਆਂ ਦੇ ਜਨਾਜ਼ਿਆਂ ਕੋਲ ਬੈਠੀਆਂ ਰੋਣਾ ਭੁੱਲ ਗਈਆਂ ਹਨ। ਜ਼ੁਲਮ ਦੀ ਇੰਤਹਾ ਉਨ੍ਹਾਂ ਅੰਦਰ ਜੰਮ ਕੇ ਪੱਥਰ ਬਣ ਗਈ ਹੈ। ਉਹ ਖ਼ੁਦਾ ਨੂੰ ਉਲ੍ਹਾਮੇ ਵੀ ਨਹੀਂ ਦੇ ਰਹੀਆਂ, ਸਿਰਫ਼ ਪਥਰਾਈਆਂ ਅੱਖਾਂ ਉਨ੍ਹਾਂ ਬੱਚਿਆਂ ਦੇ ਗੁਆਚੇ ਸਾਹ ਮੰਗ ਰਹੀਆਂ ਹਨ, ਜਿਨ੍ਹਾਂ ਨੂੰ ਜੰਗ ਦੀ ਡਾਇਣ ਖੋਹ ਕੇ ਲੈ ਗਈ ਹੈ। ਉਹ ਦ੍ਰਿਸ਼ ਹੋਰ ਵੀ ਡਰਾਉਣਾ ਹੈ, ਜਿਸ ਵਿਚ ਇਕ ਬਾਪ ਆਪਣੇ ਬੱਚੇ ਦੀ ਸਿਰ ਕੱਟੀ ਲਾਸ਼ ਲੈ ਕੇ ਜਾ ਰਿਹਾ ਹੈ ...

ਬਕੌਲ ਨਾਸਿਰਾ ਸ਼ਰਮਾ-
ਜਿਸ ਸਮੇਂ ਅਸੀਂ ਸਾਹ ਲੈ ਰਹੇ ਹਾਂ
ਉਹ ਕਦੇ ਵੀ ਸੁਲਘ ਸਕਦੈ ਸੁੱਕੇ ਪੱਤਿਆਂ ਵਾਂਗ
ਬੇਗੁਨਾਹ ਬੱਚੇ, ਮਸੂਮ ਬੱਚੇ ਨਹੀਂ ਜਾਣਦੇ ਸਿਆਸਤ
ਨਾ ਜਾਣਦੇ ਨੇ ਕਿ ਕੌਣ ਵਰ੍ਹਾ ਰਿਹੈ ਬੰਬਾਂ ਦਾ ਮੀਂਹ ਉਨ੍ਹਾਂ 'ਤੇ

ਜਦੋਂ ਮੁਰਦਾ ਬੱਚਿਆਂ ਵਿਚ ਜ਼ਖਮੀ ਬੱਚਾ ਜ਼ਖਮਾਂ ਨਾਲ ਚੂਰ
ਭੁੱਖ, ਪਿਆਸ ਤੋਂ ਲਾਚਾਰ, ਚੀਕ ਉਠਦੈ 'ਮਾਂ'
ਤਾਂ ਮਾਂ ਦੀ ਮਿੱਠੀ ਆਵਾਜ਼ 'ਆਈ' ਦੀ ਥਾਂ
ਚੁੱਕ ਲੈਂਦੇ ਨੇ ਦੋ ਅਜਨਬੀ ਹੱਥ, ਪੁਚਕਾਰਦੇ, ਪੂੰਝਦੇ ਨੇ
ਚੇਹਰੇ 'ਤੇ ਜੰਮੀ ਬਰੂਦੀ ਸਵਾਹ,
ਜ਼ਖਮਾਂ 'ਤੇ ਲਾਉਂਦੇ ਨੇ ਮਲ੍ਹਮ,
ਫਿਰ ਬੰਨ੍ਹ ਦੇਂਦੇ ਨੇ ਉਹਦੀ ਦੇਹ ਨੂੰ
ਸਫੈਦ ਕੱਪੜੇ ਵਿਚ...

*ਮੋਬਾ. 94173-58120*

# ਸੁਖਬੀਰ ਬਾਦਲ ਵਾਲੇ ਸੰਕਟ ਵਿੱਚੋਂ ਉੱਠ ਰਹੇ ਕਈ ਤਰ੍ਹਾਂ ਦੇ ਸਵਾਲ

ਬੀਤਿਆ ਤੀਹ ਅਗਸਤ ਦਾ ਦਿਨ ਅਕਾਲੀ ਰਾਜਨੀਤੀ ਵਿੱਚ ਵੀ ਅਤੇ ਸਿੱਖ ਧਾਰਮਿਕ ਖੇਤਰ ਵਿੱਚ ਸਿਖਰ ਛੋਂਹਦੀ ਹਲਚਲ ਨੂੰ ਮੁਕਾਉਣ ਦੀ ਆਸ ਵਾਲਾ ਸਮਝਿਆ ਗਿਆ ਸੀ, ਪਰ ਇਹ ਹਲਚਲ ਮੁਕਾਉਣ ਦੀ ਥਾਂ ਸਿਰ ਚੁੱਕਦੇ ਮੁੱਦਿਆਂ ਦੀ ਭਰਮਾਰ ਅਤੇ ਉੱਠਦੇ ਸਵਾਲਾਂ ਦੀ ਲੜੀ ਲੰਮੀ ਤੋਂ ਲੰਮੀ ਕਰਨ ਵਾਲਾ ਕੰਮ ਕਰ ਗਿਆ ਹੈ। ਸਿੱਖਾਂ ਵਿੱਚ ਧਰਮ ਅਤੇ ਰਾਜਨੀਤੀ ਦੀ ਸਾਂਝ ਬਾਰੇ ਮੂਲ ਜੜ੍ਹਾਂ ਦੇ ਅਸਲ ਪ੍ਰਤੀਕ ਮੰਨੇ ਜਾਂਦੇ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਦਾ ਜੋ ਆਦੇਸ਼ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿੱਚ ਜਾਰੀ ਕੀਤਾ ਗਿਆ ਹੈ, ਉਸ ਆਦੇਸ਼ ਨੇ ਕਈ ਹੋਰਨਾਂ ਨੂੰ ਇਸ ਦੇ ਨਾਲ ਲਪੇਟਣ ਦਾ ਮੁੱਢ ਬੰਨ੍ਹ ਦਿੱਤਾ ਅਤੇ ਕਈਆਂ ਨੂੰ ਇਸ ਤੋਂ ਲਾਂਭੇ ਰੱਖਣ ਬਾਰੇ ਨਵੀਂ ਚਰਚਾ ਵੀ ਛੇੜ ਦਿੱਤੀ ਹੈ।

ਜਿੱਥੋਂ ਤੱਕ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਦਾ ਸੰਬੰਧ ਹੈ, ਜਿੱਦਾਂ ਦੀ ਹੈਂਕੜ ਦਾ ਪ੍ਰਗਟਾਵਾ ਉਹ ਬੀਤੇ ਸਮੇਂ ਵਿੱਚ ਕਰਦਾ ਤੇ ਬਹੁਤ ਸਾਰੇ ਪੁਆੜਿਆਂ ਦਾ ਕਾਰਨ ਬਣਦਾ ਰਿਹਾ ਸੀ, ਉਨ੍ਹਾਂ ਤੋਂ ਬਚਣ ਦਾ ਇੱਕ ਯਤਨ ਉਸ ਨੇ ਉਨੱਤੀ ਅਗਸਤ ਨੂੰ ਕੀਤਾ ਸੀ, ਪਰ ਸਫਲ ਨਹੀਂ ਹੋਇਆ। ਸਲਾਹ ਭਾਵੇਂ ਕਿਸੇ ਨੇ ਦਿੱਤੀ ਹੋਵੇ, ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਤੋਂ ਇੱਕ ਦਿਨ ਪਹਿਲਾਂ ਪਾਰਟੀ ਦੀ ਪ੍ਰਧਾਨਗੀ ਛੱਡਣ ਦਾ ਐਲਾਨ ਕਰਨ ਦੀ ਬਜਾਏ ਉਸ ਨੇ ਪਾਰਟੀ ਵਿਚਲੇ ਸਭ ਤੋਂ ਬਜ਼ੁਰਗ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਸੀ। ਆਖਿਆ ਇਹ ਸੀ ਕਿ ਉਹ ਖੁਦ ਨਿਮਾਣਾ ਸਿੱਖ ਬਣ ਕੇ ਸਿੰਘ ਸਾਹਿਬਾਨ ਦੇ ਹੁਕਮ ਦਾ ਪਾਲਣ ਕਰਨ ਨੂੰ ਤਿਆਰ ਹੈ, ਪਰ ਭੂੰਦੜ ਨੂੰ ਇਹ ਜ਼ਿੰਮੇਵਾਰੀ ਦੇਣ ਲਈ ਪਾਰਟੀ ਦੀ ਕੋਰ ਕਮੇਟੀ ਜਾਂ ਐਗਜ਼ੈਕਟਿਵ ਦੀ ਬੈਠਕ ਕੋਈ ਨਹੀਂ ਸੱਦੀ ਗਈ, ਸੁਖਬੀਰ ਸਿੰਘ ਨੇ ਆਪਣੇ ਆਪ ਐਲਾਨ ਕਰ ਕੇ ਫਿਰ ਇਹ ਜਤਾ ਦਿੱਤਾ ਕਿ ਉਹ ਜੋ ਚਾਹੇ ਅਤੇ ਜਦੋਂ ਚਾਹੇ ਕਰ ਸਕਦਾ ਹੈ, ਪਾਰਟੀ ਕਮੇਟੀਆਂ ਬੇਲੋੜੀਆਂ ਹਨ। ਉਹਦੇ ਵੱਲੋਂ ਜਿਸ ਸਾਬਕਾ ਮੰਤਰੀ ਨੇ ਐਲਾਨ ਕਰਨ ਤੇ ਸੋਸ਼ਲ ਮੀਡੀਆ ਉੱਤੇ ਟਿਪਣੀਆਂ ਵਾਲਾ ਮੋਰਚਾ ਮੱਲ ਰੱਖਿਆ ਹੈ, ਉਹ ਖੁਦ ਕਈ ਤਰ੍ਹਾਂ ਦੇ ਵਿਵਾਦਾਂ ਵਿੱਚ ਫਸਦਾ ਜਾਂਦਾ ਜਾਪਦਾ ਹੈ। ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਅਣ-ਮੰਗੀ ਮੁਆਫੀ ਵਾਲੀ ਹਦਾਇਤ ਦੇਣ ਲਈ ਉਸ ਵੇਲੇ ਦੇ ਪੰਜ ਸਿੰਘ ਸਾਹਿਬਾਨ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਕੋਠੀ ਤੀਕਰ ਲਿਜਾਣ ਵਾਲਾ ਕੰਮ ਵੀ ਏਸੇ ਸਾਬਕਾ ਮੰਤਰੀ ਨੇ ਕੀਤਾ ਦੱਸਿਆ ਜਾਂਦਾ ਹੈ, ਜਿਸ ਕਰ ਕੇ ਕਈ ਤਿਕੜਮਾਂ ਬਾਰੇ ਸਵਾਲਾਂ ਦਾ ਜਵਾਬ ਸਿੱਖ ਸੰਗਤ ਅੱਗੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਮੂਹਰੇ ਖੜੋ ਕੇ ਉਸ ਸਾਬਕਾ ਮੰਤਰੀ ਨੂੰ ਵੀ ਦੇਣਾ ਪੈ ਸਕਦਾ ਹੈ।

ਪੰਜ ਸਿੰਘ ਸਾਹਿਬਾਨ ਨੇ ਆਪਣੇ ਕੋਲ ਪੇਸ਼ ਹੋਏ ਅੱਤ ਦੇ ਗੰਭੀਰ ਮੁੱਦਿਆਂ ਨੂੰ ਏਨੀ ਕੁ ਗੰਭੀਰਤਾ ਨਾਲ ਲਿਆ ਹੈ ਕਿ ਕੁਝ ਹੀ ਮਿੰਟਾਂ ਵਿੱਚ ਵਿਚਾਰ ਵੀ ਕਰ ਲਈ ਤੇ ਪਾਸ ਕੀਤਾ ਗੁਰਮਤਾ ਵੀ ਬਾਹਰ ਆ ਕੇ ਸੁਣਾ ਦਿੱਤਾ, ਪਰ ਸ਼ਾਮ ਪੈਣ ਤੱਕ ਪੱਤਰਕਾਰ ਉਸ ਮਤੇ ਦੀ ਕਾਪੀ ਲੱਭ ਰਹੇ ਸਨ, ਕਿਸੇ ਨੂੰ ਮਿਲੀ ਨਹੀਂ ਸੀ। ਫੈਸਲੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਅਤੇ ਉਸ ਨਾਲ ਦਸ ਸਾਲ ਅਕਾਲੀ-ਭਾਜਪਾ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਬਹੁਤ ਸਾਰੇ ਸਿੱਖ ਆਗੂਆਂ ਦਾ ਸਪੱਸ਼ਟੀਕਰਨ ਵੀ ਨਾਲ ਮੰਗ ਲਿਆ ਅਤੇ ਅਗਲੇ ਕਈ ਦਿਨ ਸਪੱਸ਼ਟੀਕਰਨ ਦੇਣ ਤੇ ਉਨ੍ਹਾਂ ਦੇ ਦਿੱਤੇ ਸਪੱਸ਼ਟੀਕਰਨਾਂ ਦੀ ਗਲੀ-ਗਲੀ ਚਰਚਾ ਦਾ ਮੁੱਢ ਵੀ ਬੰਨ੍ਹ ਦਿੱਤਾ ਹੈ। ਉਨ੍ਹਾਂ ਵਿੱਚ ਬਹੁਤੇ ਮੰਤਰੀਆਂ ਦਾ ਕਹਿਣਾ ਹੈ ਕਿ ਗਲਤੀਆਂ ਅਤੇ ਗੁਨਾਹ ਬਹੁਤ ਹੋਏ ਸਨ, ਪਰ ਉਨ੍ਹਾਂ ਦਾ ਕਸੂਰ ਨਹੀਂ, ਪਾਰਟੀ ਡਿਸਿਪਲਿਨ ਦੇ ਬੱਧੇ ਉਹ ਤਾਂ ਅਮਲ ਕਰਦੇ ਸਨ, ਫੈਸਲੇ ਸਿਰਫ ਪਿਉ-ਪੁੱਤਰ ਕਰਦੇ ਸਨ। ਏਥੋਂ ਤੱਕ ਕਿ ਸੱਚਾ ਸੌਦਾ ਡੇਰੇ ਵਿੱਚ ਵੋਟਾਂ ਮੰਗਣ ਜਾਣ ਬਾਰੇ ਵੀ ਉਹ ਕਹਿੰਦੇ ਹਨ ਕਿ ਮੀਟਿੰਗ ਕਰ ਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਸਾਰਿਆਂ ਨੂੰ ਸਿਰਸੇ ਜਾਣਾ ਪਵੇਗਾ। ਇਹ ਇੱਕ ਕਿਸਮ ਦਾ ਹੁਕਮ ਸੀ, ਜਿਸ ਨੂੰ ਉਨ੍ਹਾਂ ਸਭ ਨੇ ਮੰਨਿਆ ਸੀ, ਆਪਣੀ ਕਿਸੇ ਦੀ ਮਰਜ਼ੀ ਨਹੀਂ ਸੀ। ਏਦਾਂ ਦੀ ਦਲੀਲ ਜਿੰਨੇ ਵੀ ਸਾਬਕਾ ਮੰਤਰੀਆਂ ਨੇ ਦੇਣੀ ਹੈ, ਉਹ ਸੁਖਬੀਰ ਸਿੰਘ ਬਾਦਲ ਦੀ ਬੇੜੀ ਵਿੱਚ ਹੋਰ ਵੱਟੇ ਪਾਉਣਗੇ।

ਇੱਕ ਬਹੁਤ ਗੰਭੀਰ ਮੁੱਦਾ ਹੋਰ ਉੱਠ ਪਿਆ ਹੈ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸਿਰਸਾ ਨਾਲ ਸਮਝੌਤਾ ਜਾਂ ਸੌਦਾ ਮਾਰਨ ਪਿੱਛੋਂ ਉਨ੍ਹਾਂ ਦੇ ਮੁਖੀ ਖਿਲਾਫ ਕੇਸ ਰੱਦ ਕਰਾਉਣ ਵਾਸਤੇ ਅਦਾਲਤ ਵਿੱਚ ਝੂਠ ਬੋਲਿਆ ਗਿਆ ਸੀ। ਸਰਕਾਰ ਵੱਲੋਂ ਇੱਕ ਪੁਲਸ ਅਫਸਰ ਨੇ ਐਫੀਡੇਵਿਟ ਪੇਸ਼ ਕੀਤਾ ਕਿ ਜਿਸ ਦਿਨ ਦਸਵੇਂ ਗੁਰੂ ਸਾਹਿਬ ਵਾਲਾ ਸਾਂਗ ਰਚਣ ਦੀ ਸ਼ਿਕਾਇਤ ਦਰਜ ਹੋਈ ਹੈ, ਉਸ ਦਿਨ ਡੇਰਾ ਮੁਖੀ ਰਾਮ ਰਹੀਮ ਪੰਜਾਬ ਵਿੱਚ ਹੀ ਨਹੀਂ ਸੀ। ਦੂਸਰੇ ਪਾਸੇ ਪੁਲਸ ਦੀ ਜਾਂਚ ਟੀਮ ਕੋਲ ਡੇਰਾ ਮੁਖੀ ਦੇ ਆਪਣੇ ਬਿਆਨ ਅਤੇ ਬਿਆਨਾਂ ਹੇਠ ਦਸਤਖਤ ਮੌਜੂਦ ਹਨ ਕਿ ਉਸ ਦਿਨ ਉਸ ਡੇਰੇ ਵਿੱਚ ਸਮਾਗਮ ਵਿੱਚ ਰਾਮ ਰਹੀਮ ਮੌਜੂਦ ਸੀ ਅਤੇ ਇਹ ਸਭ ਕੁਝ ਓਥੇ ਹੋਇਆ ਸੀ। ਜਿਹੜੇ ਜੱਜ ਕੋਲੋਂ ਉਹ ਕੇਸ ਰੱਦ ਕਰਾਇਆ ਸੀ ਤੇ ਉਸ ਜੱਜ ਨੇ ਕੇਸ ਬਾਰੇ ਲਿਖਣ ਦੀ ਥਾਂ ਸਿਰਸਾ ਡੇਰੇ ਵੱਲੋਂ ਲੋਕ ਸੇਵਾ ਦੇ ਪ੍ਰੋਗਰਾਮਾਂ ਦੀ ਕਹਾਣੀ ਲਿਖ ਕੇ ਮਾਮਲਾ ਮੁਕਾ ਦਿੱਤਾ ਤੇ ਉਸ ਦੀ ਪਤਨੀ ਨੂੰ ਬਿਨਾਂ ਮੈਰਿਟ ਤੋਂ ਪੰਜਾਬ ਸਰਕਾਰ ਦੇ ਇੱਕ ਕਮਿਸ਼ਨ ਦੀ ਮੈਂਬਰੀ ਦੇ ਦਿੱਤੀ ਗਈ ਸੀ। ਇਸ ਨਿਯੁਕਤੀ ਲਈ ਤਿੰਨ ਮੈਂਬਰਾਂ ਦੀ ਸਹਿਮਤੀ ਚਾਹੀਦੀ ਸੀ, ਜਿਨ੍ਹਾਂ ਵਿੱਚ ਮੁੱਖ ਮੰਤਰੀ ਤੇ ਇੱਕ ਮੰਤਰੀ ਹੋਰ ਹੋਣਾ ਚਾਹੀਦਾ ਸੀ ਤੇ ਨਾਲ ਵਿਰੋਧੀ ਧਿਰ ਦਾ ਆਗੂ ਬੈਠਣਾ ਚਾਹੀਦਾ ਸੀ, ਪਰ ਨਿਯੁਕਤੀ ਪੱਤਰ ਉੱਤੇ ਕੁੱਲ ਦੋ ਦਸਤਖਤ ਹਨ, ਇੱਕ ਪ੍ਰਕਾਸ਼ ਸਿੰਘ ਬਾਦਲ ਦੇ ਅਤੇ ਦੂਸਰੇ ਸੁਖਬੀਰ ਸਿੰਘ ਬਾਦਲ ਦੇ, ਤੀਸਰਾ ਮੈਂਬਰ ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ ਹੋਣਾ ਚਾਹੀਦਾ ਸੀ, ਉਹ ਸੱਦਿਆ ਨਹੀਂ ਜਾਂ ਗਿਆ ਨਹੀਂ, ਦਰਜ ਨਹੀਂ ਸੀ ਕੀਤਾ। ਉਸ ਜੱਜ ਦੀ ਪਤਨੀ ਨੂੰ ਇਹ ਨਿਯੁਕਤੀ ਦੇਣ ਲਈ ਬਾਦਲ ਬਾਪ-ਬੇਟੇ ਨੇ ਜਿਹੜਾ ਦਾਅ ਵਰਤਿਆ ਅਤੇ ਅਕਾਲ ਤਖਤ ਦੀ ਅਵੱਗਿਆ ਅਤੇ ਸਿੱਖ ਸੰਗਤ ਨੂੰ ਝਕਾਨੀ ਦਿੱਤੀ ਸੀ, ਉਹ ਮੁੱਦਾ ਵੀ ਚਰਚਾ ਤੋਂ ਲਾਂਭੇ ਨਹੀਂ ਰੱਖਿਆ ਜਾ ਸਕਦਾ।

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਜਿਹੜੇ ਸਾਬਕਾ ਮੰਤਰੀ ਕਹਿੰਦੇ ਹਨ ਕਿ ਉਨ੍ਹਾਂ ਦੀ ਮਰਜ਼ੀ ਨਹੀਂ ਸੀ, ਉਹ ਸਿਰਫ ਹੁਕਮ ਦੇ ਬੱਧੇ ਸਿਰਸਾ ਡੇਰੇ ਵੱਲ ਜਾਂਦੇ ਰਹੇ ਸਨ, ਉਨ੍ਹਾਂ ਨੂੰ ਇਹ ਜਵਾਬ ਦੇਣਾ ਪਵੇਗਾ ਕਿ ਉਨ੍ਹਾਂ ਦੀ ਵਫਾਦਾਰੀ ਪਾਰਟੀ ਨਾਲ ਸੀ, ਪੰਜਾਬ ਨਾਲ ਸੀ, ਸਿੱਖੀ ਅਸੂਲਾਂ ਨਾਲ ਸੀ ਜਾਂ ਇੱਕ ਸਰਦਾਰ, ਸਰਕਾਰ ਤੇ ਪਰਵਾਰ ਤੱਕ ਸੀਮਤ ਸੀ! ਸਾਰਾ ਕੁਝ ਪਤਾ ਹੋਣ ਦੇ ਬਾਵਜੂਦ ਉਹ ਅਗਲੀ ਚੋਣ ਜਿੱਤਣ ਦੀ ਝਾਕ ਵਿੱਚ ਆਪਣੇ ਮੁੱਖ ਮੰਤਰੀ ਅਤੇ ਮੁੱਖ ਮੰਤਰੀ ਵੱਲੋਂ ਆਪਣੀ ਥਾਂ ਪਾਰਟੀ ਪ੍ਰਧਾਨ ਥਾਪੇ ਉਸ ਦੇ ਪੁੱਤਰ ਦੇ ਉਹ ਹੁਕਮ ਕਿਉਂ ਮੰਨਦੇ ਰਹੇ, ਜਿਨ੍ਹਾਂ ਕਾਰਨ ਪੰਜਾਬ ਦਾ ਵੀ, ਉਨ੍ਹਾਂ ਦੀ ਰਾਜਨੀਤੀ ਦੇ ਆਧਾਰ ਸਿੱਖ ਭਾਈਚਾਰੇ ਦੇ ਧਾਰਮਿਕ ਅਕੀਦਿਆਂ ਦਾ ਵੀ ਅਤੇ ਕਈ ਹੋਰਨਾਂ ਦਾ ਵੀ ਨੁਕਸਾਨ ਹੋ ਸਕਦਾ ਸੀ। ਇਸ ਦਾ ਅਰਥ ਸਿਰਫ ਇਹ ਨਿਕਲਦਾ ਹੈ ਕਿ ਉਨ੍ਹਾਂ ਲਈ ਕੁਰਸੀ ਅਹਿਮ ਸੀ, ਉਸ ਲਈ ਕੋਈ ਪਾਪ ਵੀ ਕਰਨਾ ਪਵੇ ਤਾਂ ਕਰਨ ਨੂੰ ਤਿਆਰ ਹੋ ਸਕਦੇ ਸਨ। ਏਦਾਂ ਦੇ ਲੋਕਾਂ ਨੂੰ ਇਤਿਹਾਸ ਦੇ ਕੂੜੇਦਾਨ ਵਿੱਚ ਕਿਉਂ ਨਹੀਂ ਸੁੱਟ ਦੇਣਾ ਚਾਹੀਦਾ?

ਅਗਲਾ ਅਤੇ ਇਨ੍ਹਾਂ ਤੋਂ ਵੀ ਗੰਭੀਰ ਮੁੱਦਾ ਸਿੱਖ ਧਰਮ ਦੀਆਂ 'ਸਰਵਸ੍ਰੇਸ਼ਠ' ਕਹੀਆਂ ਜਾਂਦੀਆਂ ਸਿੱਖ ਧਾਰਮਿਕ ਹਸਤੀਆਂ ਦੇ ਕਿਰਦਾਰ ਅਤੇ ਵਿਹਾਰ ਦਾ ਹੈ। ਇੱਕ ਪਾਸੇ ਉਸ ਡੇਰੇ ਨਾਲ ਕੋਈ ਸੰਬੰਧ ਨਾ ਰੱਖਣ ਲਈ ਸਿੱਖ ਸੰਗਤ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਅਤੇ ਦੂਸਰੇ ਪਾਸੇ ਦੋ ਕਤਲਾਂ ਅਤੇ ਬਲਾਤਕਾਰ ਦੇ ਕੁਝ ਕੇਸਾਂ ਦਾ ਦੋਸ਼ੀ ਗਰਦਾਨੇ ਜਾ ਰਹੇ ਉਸ ਡੇਰਾ ਮੁਖੀ ਨਾਲ ਇਹ ਧਾਰਮਿਕ ਹਸਤੀਆਂ ਇੱਕ ਅਫਸਰ ਦੀ ਸਰਕਾਰੀ ਕੋਠੀ ਵਿੱਚ ਸਾਰਾ ਦਿਨ ਬੈਠ ਕੇ ਕੁਝ ਦਲਾਲ-ਟਾਈਪ ਵਿਚੋਲਿਆਂ ਰਾਹੀਂ ਸੰਪਰਕ ਕਰਦੀਆਂ ਰਹੀਆਂ ਸਨ। ਡੇਰਾ ਮੁਖੀ ਵੱਲੋਂ ਆਈ ਸਪੱਸ਼ਟੀਕਰਨ ਦੀ ਚਿੱਠੀ ਉਸ ਵੇਲੇ ਉਨ੍ਹਾਂ ਨੇ ਮੰਨੀ ਨਹੀਂ ਸੀ ਅਤੇ ਕੁਝ ਸਾਲ ਪਿੱਛੋਂ ਅਕਾਲੀ ਦਲ ਦੀ ਸਿਆਸੀ ਲੋੜ ਖਾਤਰ ਓਸੇ ਸਪੱਸ਼ਟੀਕਰਨ ਵਾਲੀ ਚਿੱਠੀ ਵਿੱਚ ਖਿਮਾਂ ਦਾ ਸ਼ਬਦ ਖੁਦ ਜੋੜ ਕੇ ਉਸ ਨੂੰ ਮੁਆਫੀ ਦੇਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ। ਜਿੰਨਾ ਵੱਡਾ ਬਖੇੜਾ ਪਹਿਲਾਂ ਪਿਆ ਫਿਰਦਾ ਸੀ, ਮੁਆਫੀ ਦੇਣ ਦੀ ਨੌਟੰਕੀ ਨੇ ਉਸ ਤੋਂ ਵੱਡਾ ਅਤੇ ਏਨਾ ਵੱਡਾ ਬਖੇੜਾ ਖੜਾ ਕਰ ਦਿੱਤਾ ਕਿ ਓਦੋਂ ਦੇ ਸਿੰਘ ਸਾਹਿਬਾਨ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਸਨ ਰਹਿ ਗਏ। ਸ੍ਰੀ ਅਕਾਲ ਤਖਤ ਦੇ ਜਿਹੜੇ ਜਥੇਦਾਰ ਨੂੰ ਸੰਸਾਰ ਭਰ ਦੇ ਸਿੱਖ ਜਗਤ ਦੀ ਸਰਬ ਉੱਚ ਧਾਰਮਿਕ ਹਸਤੀ ਕਿਹਾ ਜਾਂਦਾ ਸੀ, ਉਸ ਦੇ ਪੁਤਲੇ ਬਣਾ ਕੇ ਸਿੱਖ ਸੰਗਤਾਂ ਹੀ ਘਸੀਟਣ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸਾੜਨ ਲੱਗ ਪਈਆਂ ਤਾਂ ਰਾਮ ਰਹੀਮ ਨੂੰ ਮੁਆਫੀ ਦਾ ਉਹ ਫੈਸਲਾ ਵਾਪਸ ਲੈਣਾ ਪੈ ਗਿਆ, ਪਰ ਸਿੱਖਾਂ ਵਿੱਚ ਫੈਲ ਚੁੱਕਾ ਰੋਸ ਫਿਰ ਵੀ ਸ਼ਾਂਤ ਨਹੀਂ ਸੀ ਹੋਇਆ। ਉਸ ਵੇਲੇ ਦਾ ਜਥੇਦਾਰ ਤੇ ਉਸ ਦੇ ਸਾਥੀ ਸਿੰਘ ਸਾਹਿਬਾਨ ਕਹਿੰਦੇ ਹਨ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਰਕਾਰੀ ਘਰ ਵਿੱਚ ਸੱਦਿਆ ਗਿਆ ਅਤੇ ਓਥੇ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਉਸ ਦੇ ਪੁੱਤਰ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਨੇ ਹੁਕਮ ਦਾਗਣ ਵਾਂਗ ਕਿਹਾ ਸੀ ਕਿ ਆਹ ਰੁੱਕਾ ਚੁੱਕ ਲਵੋ ਅਤੇ ਜਾਰੀ ਕਰ ਕੇ ਡੇਰਾ ਮੁਖੀ ਨੂੰ ਮੁਆਫੀ ਦੇ ਦਿਉ। ਸਾਰੇ ਜਣੇ ਇਹ ਗੱਲ ਜਾਣਦੇ ਹਨ ਕਿ ਏਦਾਂ ਹੀ ਹੋਇਆ ਸੀ, ਪਰ ਸਵਾਲ ਇਹ ਹੈ ਕਿ ਧਾਰਮਿਕ ਖੇਤਰ ਵਿੱਚ ਆਪਣੇ ਸਿਰਮੌਰ ਹੋਣ ਦਾ ਦਾਅਵਾ ਕਰਨ ਅਤੇ ਸਤਿਕਾਰ ਹਾਸਲ ਕਰਨ ਵਾਲੇ ਸਿੰਘ ਸਾਹਿਬਾਨ ਏਨੇ ਨਿਤਾਣੇ ਕਿਵੇਂ ਹੋ ਗਏ ਕਿ ਓਦੋਂ ਦੀ ਸਰਕਾਰ ਦੇ ਮੁਖੀ ਅਤੇ ਉਸ ਮੁਖੀ ਦੇ ਪੁੱਤਰ ਦੀ ਜੀ-ਹਜ਼ੂਰੀ ਕਰਨ ਉਨ੍ਹਾਂ ਦੀ ਸਰਕਾਰੀ ਕੋਠੀ ਜਾ ਪਹੁੰਚੇ ਸਨ! ਉਨ੍ਹਾਂ ਨੂੰ ਆਪਣੀ ਪਦਵੀ ਅਤੇ ਇਸ ਨਾਲ ਜੁੜੇ ਹੋਏ ਸਤਿਕਾਰ ਦਾ ਚੇਤਾ ਨਹੀਂ ਸੀ ਰਿਹਾ ਤਾਂ ਏਸੇ ਕਾਰਨ ਉਨ੍ਹਾਂ ਨੂੰ ਇਹ ਦਿਨ ਵੇਖਣੇ ਪਏ ਕਿ ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਸਨ ਰਹਿ ਗਏ ਅਤੇ ਅੱਜ ਤੱਕ ਸੰਗਤ ਤੋਂ ਓਹਲਾ ਰੱਖਦੇ ਹਨ।

ਹੈਰਾਨੀ ਦੀ ਗੱਲ ਹੈ ਕਿ ਤੀਹ ਅਗਸਤ ਨੂੰ ਸੁਖਬੀਰ ਸਿੰਘ ਬਾਦਲ ਵਿਰੁੱਧ ਅਵੱਗਿਆ ਤੇ ਗੁਨਾਹਾਂ ਦੀ ਸ਼ਿਕਾਇਤ ਬਾਰੇ ਫੈਸਲਾ ਲੈਣ ਵੇਲੇ ਪੰਜ ਸਿੰਘ ਸਾਹਿਬਾਨ ਨੇ ਇਹ ਜ਼ਿਕਰ ਹੀ ਨਹੀਂ ਕੀਤਾ ਕਿ ਉਸ ਵਕਤ ਦੇ ਜਥੇਦਾਰਾਂ ਨੇ ਕਿਹੜੇ ਗੁਨਾਹ ਨੂੰ ਧਾਰਮਿਕ ਪ੍ਰਵਾਨਗੀ ਦੇਣ ਦੇ ਗੁਨਾਹ ਵਿੱਚ ਭਾਈਵਾਲੀ ਕੀਤੀ ਸੀ! ਕਿਹਾ ਜਾ ਸਕਦਾ ਹੈ ਕਿ ਸਰਕਾਰੀ ਦਬਾਅ ਹੇਠ ਆ ਗਏ ਸਨ ਤੇ ਇਹ ਠੀਕ ਵੀ ਹੈ, ਪਰ ਇਹੋ ਗੱਲ ਇਸ ਦਬਾਅ ਦੇ ਹਾਲਾਤ ਦੀ ਸ਼ੁਰੂਆਤ ਦੀ ਘੋਖ ਅਤੇ ਏਦਾਂ ਦੇ ਹਾਲਾਤ ਪੈਦਾ ਕਰਨ ਦੇ ਦੋਸ਼ੀਆਂ ਦੀ ਨਿਸ਼ਾਨਦੇਹੀ ਤੱਕ ਜਾਣੀ ਚਾਹੀਦੀ ਹੈ। ਸਾਰੇ ਜਾਣਦੇ ਹਨ ਕਿ ਸੰਸਾਰ ਭਰ ਦੇ ਸਿੱਖ ਜਦੋਂ 1999 ਵਿੱਚ ਖਾਲਸੇ ਦੀ ਸਾਜਨਾ ਦੇ ਤਿੰਨ ਸੌ ਸਾਲਾ ਸਮਾਗਮਾਂ ਵੱਲ ਵੇਖ ਰਹੇ ਸਨ, ਓਦੋਂ ਅਕਾਲੀ ਸਫਾਂ ਵਿੱਚ ਦੋ ਵੱਡੇ ਲੀਡਰਾਂ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵਿਚਾਲੇ ਇੱਕ ਖਿੱਚੋਤਾਣ ਚੱਲਦੀ ਪਈ ਸੀ ਅਤੇ ਓਦੋਂ ਦਾ ਸ੍ਰੀ ਅਕਾਲ ਤਖਤ ਦਾ ਜਥੇਦਾਰ ਮੁੱਖ ਮੰਤਰੀ ਬਾਦਲ ਦੇ ਵਿਰੋਧੀਆਂ ਨਾਲ ਖੜਾ ਸੀ। ਇਸ ਦੌਰਾਨ ਪਹਿਲੀ ਵਾਰ ਇਹ ਵਾਪਰਿਆ ਕਿ ਅਕਾਲ ਤਖਤ ਦਾ ਜਥੇਦਾਰ ਬਦਲਣ ਦੀ ਮੀਟਿੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿੱਚ ਕਰਨ ਦੀ ਥਾਂ ਅੰਮ੍ਰਿਤਸਰ ਵਾਲੇ ਸਰਕਿਟ ਹਾਊਸ ਵਿੱਚ ਅੱਧੀ ਰਾਤ ਕੀਤੀ ਗਈ ਸੀ। ਸਿੱਖਾਂ ਦੀਆਂ ਧਾਰਮਿਕ ਹਸਤੀਆਂ ਨੂੰ ਬੇਇੱਜ਼ਤ ਕਰ ਕੇ ਅਹੁਦੇ ਤੋਂ ਲਾਹੁਣ ਤੇ ਸਰਕਾਰੀ ਸਰਕਿਟ ਹਾਊਸ ਵਿੱਚ ਕੀਤੀ ਬੈਠਕ ਵਿੱਚ ਨਵੇਂ ਜਥੇਦਾਰਾਂ ਦੀਆਂ ਨਿਯੁਕਤੀਆਂ ਕਰਨ ਦਾ ਇਹੋ ਅਮਲ ਸਮਾਂ ਪਾ ਕੇ ਪੰਜ ਸਿੰਘ ਸਾਹਿਬਾਨ ਨੂੰ ਕਿਸੇ ਮੁੱਖ ਮੰਤਰੀ ਦੇ ਸਰਕਾਰੀ ਘਰ ਵਿੱਚ ਸੱਦੇ ਜਾਣ ਅਤੇ ਰੁੱਕਾ ਫੜਾ ਕੇ ਹੁਕਮਨਾਮਾ ਬਣਵਾਉਣ ਤੱਕ ਲੈ ਗਿਆ ਸੀ। ਜਦੋਂ ਇਹ ਸਭ ਕੁਝ ਵਾਪਰਦਾ ਪਿਆ ਸੀ, ਕੁਰਸੀਆਂ ਦੇ ਪਾਵਿਆਂ ਨਾਲ ਬੱਝੇ ਅਕਾਲੀ ਆਗੂਆਂ ਵਿੱਚੋਂ ਕਿਸੇ ਦੀ ਜ਼ਮੀਰ ਕਿਉਂ ਨਹੀਂ ਸੀ ਜਾਗੀ?

ਅੱਜ ਹਾਲਾਤ ਏਨੇ ਬਦਲ ਚੁੱਕੇ ਹਨ, ਜਿੰਨੇ ਕਿਸੇ ਵੀ ਵੱਡੇ ਤੋਂ ਵੱਡੇ ਚਿੰਤਕ ਨੇ ਕਦੀ ਨਹੀਂ ਸਨ ਸੋਚੇ। ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ ਦਾਅਵਾ ਕਰਦੇ ਅਕਾਲੀ ਦਲ ਲਈ ਆਪਣੇ ਬਾਪ ਵੱਲੋਂ ਥਾਪੇ ਹੋਏ ਪ੍ਰਧਾਨ ਨੂੰ ਸਿੱਖ ਧਰਮ ਦੇ ਸਭ ਤੋਂ ਉੱਚੇ ਤਖਤ ਤੋਂ ਪੰਜ ਸਿੰਘ ਸਾਹਿਬਾਨ ਨੇ ਤਨਖਾਹੀਆ ਕਰਾਰ ਦੇ ਦਿੱਤਾ ਹੈ। ਇਤਿਹਾਸ ਵਿੱਚ ਪਹਿਲਾਂ ਕਦੇ ਵੀ ਏਦਾਂ ਨਹੀਂ ਹੋਇਆ ਕਿ ਸਿੱਖਾਂ ਦੀ ਪ੍ਰਤੀਨਿਧਤਾ ਦੀ ਸਭ ਤੋਂ ਵੱਡੀ ਦਾਅਵੇਦਾਰ ਪਾਰਟੀ ਦਾ ਮੁਖੀ ਸਿੱਖ ਸਿਧਾਂਤਾਂ ਅਤੇ ਸਿੱਖਾਂ ਦੇ ਸਭ ਤੋਂ ਉੱਚੇ ਤਖਤ ਦੇ ਫੈਸਲਿਆਂ ਦੀ ਅਵੱਗਿਆ ਸਮੇਤ ਕਈ ਗੁਨਾਹਾਂ ਦਾ ਦੋਸ਼ੀ ਐਲਾਨਣ ਦੀ ਨੌਬਤ ਆਈ ਹੋਵੇ ਤੇ ਉਸ ਨਾਲ ਦਸ ਸਾਲ ਸ਼ਾਹੀ ਕੁਰਸੀਆਂ ਦਾ ਨਿੱਘ ਮਾਣ ਚੁੱਕੇ ਸਾਰੇ ਆਗੂ ਦੋਸ਼ੀ ਬਣੇ ਖੜੋਤੇ ਹੋਣ। ਇਸ ਦੇ ਬਾਅਦ ਵੀ ਆਮ ਸਿੱਖਾਂ ਦੀ ਤਸੱਲੀ ਹੋਣ ਦਾ ਪ੍ਰਭਾਵ ਨਹੀਂ ਮਿਲਦਾ, ਲੋਕ ਕਹਿੰਦੇ ਹਨ ਕਿ ਨਿਮਾਣਾ ਬਣ ਕੇ ਅਕਾਲ ਤਖਤ ਸਾਹਿਬ ਮੂਹਰੇ ਖੜੋਣ ਅਤੇ ਲੱਗੀ ਸੇਵਾ ਚਾਰ ਦਿਨ ਨਿਭਾ ਕੇ ਉਹ ਫਿਰ ਓਸੇ ਤਰ੍ਹਾਂ ਦੀ ਸਿਆਸਤ ਕਰਨ ਦਾ ਰਾਹ ਲੱਭਦੇ ਜਾਪਦੇ ਹਨ। ਆਮ ਲੋਕਾਂ ਨੂੰ ਇਸ ਪ੍ਰਧਾਨ ਦੇ ਨਿਮਾਣੇਪਣ ਉੱਤੇ ਯਕੀਨ ਨਹੀਂ ਰਿਹਾ, ਸਗੋਂ ਇਸ ਨੂੰ ਵੇਲਾ ਟਾਲਣ ਲਈ ਅਸਲੋਂ ਮਾਸੂਮ ਬਣ ਕੇ ਪੇਸ਼ ਹੋਣ ਵਰਗਾ ਥਰਡ ਰੇਟ ਨਾਟਕ ਮੰਨ ਰਹੇ ਜਾਪਦੇ ਹਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਦੂਸਰੇ ਸਿੰਘ ਸਾਹਿਬਾਨ ਨੂੰ ਇਹ ਧਿਆਨ ਰੱਖਣਾ ਪੈਣਾ ਹੈ ਕਿ ਅਕਾਲੀ ਦਲ ਦਾ ਤਾਂ ਜੋ ਪ੍ਰਭਾਵ ਹੈ ਸੋ ਹੈ, ਸਰਬ ਉੱਚ ਕਹੇ ਅਤੇ ਮੰਨੇ ਜਾਂਦੇ ਸਤਿਕਾਰਯੋਗ ਤਖਤ ਸਾਹਿਬ ਨੂੰ ਪਿਛਲੇ ਸਮਿਆਂ ਵਾਲੇ ਪ੍ਰਭਾਵ ਤੋਂ ਕਿਸੇ ਵੀ ਤਰ੍ਹਾਂ ਬਚਾ ਲਿਆ ਜਾਵੇ।

# ਜਾਣੋ ਹਿਸਾਬ ਮੰਗਣ ਤੇ ਦੇਣ 'ਚ ਫ਼ਰਕ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਅੱਜ ਤੱਕ ਭਾਜਪਾ ਨੇ ਸੂਬਿਆਂ ਅਤੇ ਸਮੁੱਚੇ ਭਾਰਤ ਵਿੱਚ ਸਰਕਾਰ ਬਣਾਉਣ ਦੇ ਸਫ਼ਰ ਤੱਕ ਉਨ੍ਹਾਂ ਸਾਰੇ ਔਗੁਣਾਂ, ਭ੍ਰਿਸ਼ਟਾਚਾਰਾਂ ਨੂੰ ਬੜੀ ਅਸਾਨੀ ਨਾਲ ਅਪਣਾ ਲਿਆ ਹੈ, ਜਿਨ੍ਹਾਂ ਨੂੰ ਉਹ ਆਮ ਚੋਣਾਂ-ਜਲਸਿਆਂ-ਜਲੂਸਾਂ ਵਿੱਚ ਪਹਿਲੀਆਂ ਸਰਕਾਰਾਂ ਖ਼ਿਲਾਫ਼ ਅਤੇ ਖਾਸ ਕਰ ਕਾਂਗਰਸੀ ਸਰਕਾਰਾਂ ਖ਼ਿਲਾਫ਼ ਬੋਲ ਕੇ, ਧੂਆਂਧਾਰ ਪ੍ਰਚਾਰ ਰਾਹੀਂ ਬਦਨਾਮ ਕਰਦੀ ਆ ਰਹੀ ਹੈ। ਪਰ ਆਪਣੇ ਰਾਜ ਵਿੱਚ ਜਿਹੜਾ ਸਭ ਮਿਲਾ ਕੇ ਇੱਕ ਦਰਜਨ ਸਾਲ ਬਣਦਾ ਹੈ, ਇਹ ਥੋੜ੍ਹੇ ਸਮੇਂ 'ਚ ਹੀ ਕਾਂਗਰਸ ਜਾਂ ਬਾਕੀ ਗੈਰ-ਭਾਜਪਾ ਸਰਕਾਰਾਂ ਤੋਂ ਹਰ ਤਰ੍ਹਾਂ ਅੱਗੇ ਨਿਕਲਦਾ ਦਿਖਾਈ ਦੇ ਰਿਹਾ ਹੈ। ਉਹ ਕਿਹੜਾ ਸਰਕਾਰੀ ਜਾਂ ਗੈਰ ਸਰਕਾਰੀ ਮਹਿਕਮਾ ਹੈ ਜੋ ਸਰਕਾਰ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਜਿਸ ਨੇ ਪਿਛਲੀਆਂ (ਕਾਂਗਰਸੀ) ਸਰਕਾਰਾਂ ਨੂੰ ਮਾਤ ਨਾ ਦਿੱਤੀ ਹੋਵੇ। ਬੁੱਢੇ ਤੇ ਪੁਰਾਣੇ ਜਾਂ ਆਪਣਾ ਸਮਾਂ ਪੂਰਾ ਕਰ ਚੁੱਕੇ ਨਹਿਰਾਂ, ਸੜਕਾਂ ਅਤੇ ਦਰਿਆਵਾਂ ਦੇ ਪੁਲ ਟੁੱਟਦੇ, ਖੁਰਦੇ ਅਤੇ ਰੁੜ੍ਹਦੇ ਤਾਂ ਦੇਖੇ ਹਨ, ਪਰ ਅਜਿਹਾ ਕਦੀ ਨਹੀਂ ਹੋਇਆ ਅਤੇ ਨਾ ਹੀ ਦੇਖਿਆ ਹੈ ਕਿ ਸੰਬੰਧਤ ਸੂਬੇ ਦਾ ਸੰਬੰਧਤ ਵਜ਼ੀਰ ਰੀਬਨ ਕੱਟਣ ਲਈ ਹੈਲੀਕਾਪਟਰ 'ਚ ਬੈਠਣ ਲਈ ਤਿਆਰ ਹੋਵੇ ਤਾਂ ਅੱਗਿਓਂ ਸੁਨੇਹਾ ਮਿਲ ਜਾਵੇ "ਸਾਹਿਬ ਤੁਹਾਨੂੰ ਆਉਣ ਦੀ ਜ਼ਰੂਰਤ ਨਹੀਂ ਕਿਉਂਕਿ ਸੰਬੰਧਤ ਪੁਲ ਤਾਂ ਖੁਦ ਸਮਾਧੀ ਲੈ ਚੁੱਕਾ ਹੈ। ਕਈ ਅਜਿਹੇ ਪੁਲ ਵੀ ਸਨ ਜਿਹੜੇ ਆਪਣੇ ਜਨਮ ਤੋਂ ਬਾਅਦ ਝੱਟ ਬੁਢਾਪੇ ਵੱਲ ਵਧ ਕੇ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਕੀ ਅਜਿਹੇ ਦਰਜਨਾਂ ਪੁਲਾਂ ਦੀ ਕਦੇ ਸਮਾਂ ਬੱਧ, ਸਮੇਂ ਵਿੱਚ ਇਨਕੁਆਰੀ ਹੋਣੀ ਸੰਭਵ ਹੋ ਸਕੇਗੀ? ਜਿੰਨੀ ਛੇਤੀ ਅਜਿਹੇ ਦਰਜਨਾਂ ਪੁਲ ਸਮਾਧੀ ਲੈ ਚੁੱਕੇ ਹਨ ਓਨੀ ਛੇਤੀ ਤਾਂ ਬੱਚਿਆ ਰਾਹੀਂ ਖੇਡਣ ਲਈ ਬਣਾਏ ਘਰ ਵੀ ਨਹੀਂ ਟੁੱਟਦੇ।

ਰੇਲਵੇ ਐਕਸੀਡੈਂਟ ਤੋਂ ਬਾਅਦ ਇਕ ਵਜ਼ੀਰ ਦਾ ਆਪਣੇ ਸਿਰ ਜ਼ਿੰਮੇਵਾਰੀ ਲੈ ਕੇ ਅਸਤੀਫ਼ਾ ਦੇਣਾ ਵੀ ਕਾਂਗਰਸੀ ਵਜ਼ੀਰ ਦੇ ਹਿੱਸੇ ਆਇਆ। ਪਰ ਅੱਜ-ਕੱਲ੍ਹ ਅਜਿਹੇ ਐਕਸੀਡੈਂਟ ਆਮ ਗੱਲ ਬਣ ਗਈ ਹੈ। ਰੇਲਵੇ ਦੀ ਮਹਿੰਗਾਈ ਤਾਂ ਛੱਡੋ, ਸਿਆਣੇ ਲੋਕ ਤਾਂ ਰੇਲਵੇ ਸਫ਼ਰ ਕਰਨੋ ਵੀ ਝਿਜਕਣ ਲੱਗੇ ਹਨ।

ਕਾਂਗਰਸ ਸਰਕਾਰਾਂ 'ਤੇ ਸਵਾਲ ਕਰਨ ਵਾਲੀ ਭਾਜਪਾ ਸਰਕਾਰ ਅੱਜ-ਕੱਲ੍ਹ ਰੇਲਵੇ ਪ੍ਰਾਪਰਟੀ ਵੇਚ ਰਹੀ ਹੈ, ਰੇਲਵੇ ਪ੍ਰਾਈਵੇਟ ਕਰ ਰਹੀ ਹੈ। ਜਿਸ ਗੱਲ ਦਾ ਜਨਤਾ ਦਾ ਦੂਰ ਦਾ ਵੀ ਵਾਸਤਾ ਨਹੀਂ, ਉਹ ਗੱਲਾਂ ਕਰ ਰਹੀ ਹੈ। ਰੇਲਵੇ ਸਟੇਸ਼ਨਾਂ ਦੇ ਨਾਂਅ ਬਦਲਣ ਵਿੱਚ ਹੀ ਆਪਣੀ ਪਿੱਠ ਆਪ ਹੀ ਠੋਕ ਰਹੀ ਹੈ। ਸਟੇਸ਼ਨਾਂ ਦੇ ਨਾਂਅ ਬਦਲਣ ਵਾਲੀ ਗੱਲ ਬੇਲੋੜੀ ਹੈ। ਰੇਲਵੇ ਵੇਚਦੀ-ਵੇਚਦੀ ਸਰਕਾਰ ਨਾਲ ਬੁਲਟ ਪਰੂਫ ਗੱਡੀ (ਟਰੇਨ) ਦੀ ਰੋਜ਼ ਮੁਹਾਰਨੀ ਪੜ੍ਹ ਰਹੀ ਹੈ।

ਭਾਜਪਾ ਸਰਕਾਰ ਰਾਜ ਕਰਦੀ-ਕਰਦੀ ਇਹ ਵੀ ਦੇਖਦੀ ਰਹਿੰਦੀ ਹੈ ਕਿ ਸਰਕਾਰ ਦਾ ਕਿਹੜਾ ਵਿਭਾਗ ਆਮਦਨ ਪੈਦਾ ਕਰਦਾ ਹੈ। ਉਸ ਵਿਭਾਗ ਨੂੰ ਨਿੱਜੀ ਹੱਥਾਂ 'ਚ ਦੇ ਕੇ ਪੈਸਾ ਵੱਟ ਕੇ ਕਮਾਈ ਕਰ ਰਹੀ ਹੈ। ਐਲ ਆਈ ਸੀ ਤੇ ਹੋਰ ਕਮਾਊ ਮਹਿਕਮਿਆਂ ਨਾਲ ਅਜਿਹਾ ਹੀ ਬੀਤਿਆ ਹੈ। ਭਾਜਪਾ ਸ਼ਰ੍ਹੇਆਮ ਈ ਡੀ ਰਾਹੀਂ ਕਰੋੜਾਂ ਫੰਡ ਲੈ ਕੇ ਸਭ ਪਾਰਟੀਆਂ ਤੋਂ ਅੱਗੇ ਲੰਘ ਗਈ ਹੈ। ਜਿਹੜੀ ਪਾਰਟੀ ਪਹਿਲੀ ਸਰਕਾਰ ਤੇ ਪਰਵਾਰਵਾਦ ਦਾ ਦੋਸ਼ ਲਾਉਂਦੀ ਆ ਰਹੀ ਸੀ। ਉਹ ਪਾਰਟੀ ਅੱਜ ਪਰਿਵਾਰਵਾਦ ਵਿੱਚ ਫਸ ਕੇ ਨਿਵਾਣਾਂ ਛੂਹ ਰਹੀ ਹੈ। ਮੈਰਿਟ ਦੇ ਅਧਾਰ 'ਤੇ ਟਿਕਟਾਂ ਦੇਣ ਦਾ ਰੌਲਾ ਪਾਉਣ ਵਾਲੀ ਸਰਕਾਰ ਅੱਜ ਆਪਣਿਆਂ ਦੇ ਹੀ ਰੋਹ ਦਾ ਸਾਹਮਣਾ ਕਰ ਰਹੀ। ਅਜਿਹੇ ਰੋਹ ਨੂੰ ਹਰਿਆਣਾ, ਜੰਮੂ-ਕਸ਼ਮੀਰ ਅਤੇ ਮਹਾਰਾਸ਼ਟਰ ਵਿੱਚ ਆਮ ਦੇਖਿਆ ਜਾਂਦਾ ਹੈ।

ਸਭ ਸੂਬਿਆਂ ਵਿੱਚ ਸਰਕਾਰਾਂ ਨੂੰ ਤੋੜਨ ਲਈ ਹਰ ਸਮੇਂ ਖਰੀਦੋ-ਫਰੋਖਤ ਕਰਨ ਲਈ ਇਹ ਪਾਰਟੀ ਤਿਆਰ ਰਹਿੰਦੀ ਹੈ। ਇਸ ਸਮੇਂ ਇਹ ਵੀ ਸੱਚ ਹੈ ਕਿ ਇੰਡੀਆ ਗੱਠਜੋੜ ਬਣਨ ਤੋਂ ਬਾਅਦ, ਰਾਜ ਕਰਦੀ ਪਾਰਟੀ ਉਸ ਨੌਜਵਾਨ ਰਾਹੁਲ ਤੋਂ ਘਬਰਾਈ ਹੋਈ ਲਗਦੀ ਹੈ, ਜਿਸ ਨੂੰ ਪੱਪੂ-ਪੱਪੂ ਕਹਿ ਕੇ ਪੱਪੂ ਬਣਾਉਣ ਦੀ ਖਾਤਰ ਕਰੋੜਾਂ ਖਰਚ ਕੇ ਪਰਤਾ ਰਹਿ ਰਹੀ ਹੈ। ਤੁਸੀਂ ਦੇਖੋ ਐਨ ਡੀ ਏ ਦੀ ਸਰਕਾਰ ਬਣਨ ਤੋਂ ਬਾਅਦ ਭਾਜਪਾ ਨੇ ਪੱਪੂ ਤੇ ਮੋਦੀ ਗਰੰਟੀ ਕਹਿਣਾ ਇਕਦਮ ਬੰਦ ਕਰ ਦਿੱਤਾ ਹੈ। ਇਹ ਕੋਈ ਛੋਟੀ ਤਬਦੀਲੀ ਨਹੀਂ। ਅੱਜਕੱਲ੍ਹ ਇੰਡੀਆ ਗੱਠਜੋੜ ਚੜ੍ਹਦੀ ਕਲਾ ਵਿੱਚ ਹੈ ਜਦ ਕਿ ਐਨ ਡੀ ਏ ਵਿੱਚ ਕਈ ਮੁੱਦਿਆਂ ਵਿੱਚ ਤਰੇੜਾਂ ਦਿਸ ਰਹੀਆਂ ਹਨ। ਅਜਿਹੀਆਂ ਤਰੇੜਾਂ ਆਉਂਦੇ ਦਿਨਾਂ 'ਚ ਕੁਝ ਸੂਬਿਆਂ ਦੀਆਂ ਚੋਣਾਂ ਵਿੱਚ ਆਪਣਾ ਰੰਗ ਸਪੱਸ਼ਟ ਦਿਖਾਉਣਗੀਆਂ। ਅਜਿਹੀ ਤਬਦੀਲੀ ਨੂੰ ਜੰਮੂ-ਕਸ਼ਮੀਰ, ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਦੇਖਣਯੋਗ ਤੁਸੀਂ ਤਬਦੀਲੀ ਦੇਖੋਗੇ।

ਪਾਠਕੋ, ਜ਼ਰਾ ਨੋਟ ਕਰੋ। ਜਿਹੜੀ ਭਾਜਪਾ ਸਰਕਾਰ ਕਾਂਗਰਸ ਤੋਂ ਪਿਛਲੇ ਸੱਠ ਸਾਲ ਦਾ ਹਿਸਾਬ ਮੰਗ ਰਹੀ ਹੈ, ਉਸ ਤੋਂ ਅੱਜ ਅਯੁੱਧਿਆ ਵਿੱਚ ਰਾਮ-ਮੰਦਰ ਦਾ, ਛਤਰਪਤੀ ਸ਼ਿਵਾ ਜੀ ਦੀ ਮੂਰਤੀ ਜਿਹੜੀ ਵਿਸ਼ਵ ਗੁਰੂ ਰਾਹੀਂ ਉਦਘਾਟਨ ਤੋਂ ਬਾਅਦ ਆਮ ਜਨਤਾ ਲਈ ਰੂਪਮਾਨ ਹੋਈ, ਜਿਸ ਤੇ ਛੱਤੀ ਹਜ਼ਾਰ (3600 ਹਜ਼ਾਰ ਕਰੋੜ) ਖਰਚ ਕੀਤਾ ਗਿਆ। ਜਿਸ ਨੂੰ ਬਣਾਉਣ ਦਾ ਠੇਕਾ ਵੀ ਆਪਣਿਆਂ ਨੂੰ ਦਿੱਤਾ ਗਿਆ। ਜਿਹੜੀ ਆਪਣੇ ਬਚਪਨ ਵਿੱਚ ਹੀ ਅਲਵਿਦਾ ਕਹਿ ਗਈ। ਜਿਹੜੀ ਅੱਠ ਮਹੀਨਿਆਂ 'ਚ ਹੀ ਅਲੋਪ ਹੋ ਗਈ। ਇਹ ਉਸ ਸਰਕਾਰ ਦੇ ਪਵਿੱਤਰ ਰਾਜ ਵਿੱਚ ਵਾਪਰਿਆ ਹੈ, ਜਿਹੜੀ ਕਾਂਗਰਸ ਤੋਂ ਸੱਠ ਸਾਲ ਦਾ ਹਰ ਗੱਲ ਤੇ ਹਿਸਾਬ ਮੰਗ ਰਹੀ ਹੈ। ਕੀ ਪੱਥਰ ਦੀਆਂ ਮੂਰਤੀਆਂ ਵਿੱਚ ਪ੍ਰਾਣ ਪ੍ਰਤਿਸ਼ਠਾ ਰਾਹੀਂ ਜਾਨ ਪਾਉਣ ਵਾਲੇ ਜਨਤਾ ਨੂੰ ਇਸ ਅਭਾਗੇ ਕਾਂਡ ਬਾਰੇ ਸੱਚ-ਸੱਚ ਦੱਸਣ ਦਾ ਹੌਸਲਾ ਕਰਨਗੇ? ਸੱਚ ਜਨਤਾ ਸਾਹਮਣੇ ਜਲਦੀ ਅਤੇ ਸਹੀ-ਸਹੀ ਲਿਆਉਣਗੇ? ਜਿਸ ਬਾਰੇ ਅਜੀਤ ਪਵਾਰ ਇਸ ਬਾਰੇ ਅੰਦੋਲਨ ਕਰਨ ਵਾਲੇ ਹਨ। ਮੁੱਖ ਮੰਤਰੀ ਸ਼ਿਦੇ ਛੱਤਰਪਤੀ ਨੂੰ ਭਗਵਾਨ ਕਹਿ ਰਿਹਾ ਹੈ। ਇਸ ਕਰਕੇ ਰਾਜਨੀਤੀ ਨਾ ਕਰਨ ਦੀ ਗੱਲ ਕਹਿ ਕੇ ਆਮ ਜਨਤਾ ਨੂੰ ਗੁੰਮਰਾਹ ਕਰ ਰਿਹਾ ਹੈ।

ਵਿਰੋਧੀਆਂ ਤੋਂ ਹਰ ਤਰ੍ਹਾਂ ਹਿਸਾਬ ਮੰਗਣ ਵਾਲੀ ਭਾਜਪਾ ਪਾਰਟੀ ਨੂੰ ਹਰ ਫਰੰਟ 'ਤੇ ਦੇਸ਼ ਵਾਸੀਆਂ ਨੂੰ ਹਿਸਾਬ ਦੇਣ ਲੱਗਿਆਂ ਨਮੋਸ਼ੀ ਦੇ ਆਲਮ ਵਿੱਚ ਜਾਣਾ ਪੈਂਦਾ ਹੈ। ਬੰਗਾਲ 'ਚ ਰੇਪ ਤੇ ਮਰਡਰ ਕੇਸ ਨੂੰ ਲੋੜ ਤੋਂ ਜ਼ਿਆਦਾ ਅਹਿਮੀਅਤ ਦੇਣ ਵਾਲੀ ਭਾਜਪਾ ਨੂੰ ਇਸ ਕੇਸ ਤੋਂ ਫੌਰਨ ਬਾਅਦ ਬਦਲਾਪੁਰ ਕਾਂਡ ਬਾਰੇ, ਜਿਥੇ ਦੋ ਬਾਲੜੀਆਂ ਨਾਲ ਬਲਾਤਕਾਰ ਹੋਇਆ, ਯੂ ਪੀ ਵਿੱਚ ਦੋ ਸਹੇਲੀਆਂ ਮੰਦਰ ਗਈਆ ਜਿਹੜੀਆਂ ਦੇਰ ਰਾਤ ਤੱਕ ਘਰ ਨਹੀਂ ਪਹੁੰਚੀਆਂ, ਸਵੇਰੇ ਇੱਕ ਰੱਸੀ ਨਾਲ ਦੋਵੇਂ ਲਟਕਦੀਆਂ ਮਿਲੀਆਂ। ਗੰਭੀਰ ਤੇ ਨਿਰਪੱਖ ਪੜਤਾਲ ਦੀ ਮੰਗ ਕਰਦੀ ਹੈ। ਜਿਸ ਬਾਰੇ ਲੋਕ ਆਖ ਰਹੇ ਹਨ ਕਿ ਇੱਕ ਰੱਸੀ ਨਾਲ ਗਈਆਂ ਦੋ ਜਾਨਾਂ ਫਿਰ ਵੀ ਯੂ ਪੀ ਸੂਬਾ ਮਹਾਨ!" ਅਜਿਹੀ ਸਿਆਹੀ ਅਜੇ ਸੁੱਕੀ ਨਹੀਂ ਸੀ ਕਿ ਗਾਜ਼ੀਆਬਾਦ ਤੋਂ ਇੱਕ ਚੌਦਾਂ ਸਾਲ ਦੀ ਲੜਕੀ ਦੀ ਨੇੜੇ ਦੇ ਨੌਜਵਾਨ ਨੇ ਮਾਰ ਕੁਟਾਈ ਕੀਤੀ ਤੇ ਬਾਅਦ 'ਚ ਬਲਾਤਕਾਰ ਕੀਤਾ। ਜਿਸ 'ਤੇ ਜਨਤਾ ਰਾਹੀਂ ਰੋਹ ਪ੍ਰਗਟ ਕਰਦਿਆਂ ਸਾੜਫੂਕ ਵੀ ਖੂਬ ਕੀਤੀ। ਕੀ ਸੰਬੰਧਤ ਸੂਬੇ ਦੇ ਮੁੱਖ ਮੰਤਰੀ ਇਸ ਘਟਨਾ 'ਤੇ ਅਸਤੀਫ਼ਾ ਦੇ ਕੇ ਨਵੀਂ ਪਿਰਤ ਪਾਵੇਗਾ? ਅਜਿਹੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਕਹਿਣੀ ਅਤੇ ਕਥਨੀ 'ਚ ਕਿੰਨਾ ਫ਼ਰਕ ਹੁੰਦਾ ਹੈ। ਜੇ ਗੌਰ ਨਾਲ ਦੇਖਿਆ ਜਾਵੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਨੇ ਅੱਜ ਤੱਕ ਅਜਿਹੀ ਕੋਈ ਨਵੀਂ ਪਿਰਤ ਨਹੀਂ ਪਾਈ, ਜਿਸ ਨਾਲ ਉਸ ਨੇ ਬਾਕੀ ਸਿਆਸੀ ਪਾਰਟੀਆਂ ਨੂੰ ਪਛਾੜਿਆ ਹੋਵੇ। ਦਰਅਸਲ ਇਸ ਭਾਜਪਾ ਪਾਰਟੀ ਦਾ ਦੁਖਾਂਤ ਇਹ ਹੈ ਕਿ ਇਸ ਪਾਰਟੀ ਦਾ ਜਨਮ ਹੀ ਦੇਸ਼ ਦੀ ਅਜ਼ਾਦੀ ਤੋਂ ਬਾਅਦ ਹੋਇਆ। ਆਪਣੇ ਜਨਮ ਤੋਂ ਹੀ ਦੇਸ਼ ਛੱਡ ਚੁੱਕੇ ਫਰੰਗੀਆਂ ਨਾਲ ਹਮਦਰਦੀ ਕਰਦੀ ਆ ਰਹੀ ਹੈ। ਫਿਰ ਤਰ੍ਹਾਂ ਤਰ੍ਹਾਂ ਯੋਗ ਅਤੇ ਅਯੋਗ ਫੈਸਲਿਆਂ 'ਚ ਕਾਂਗਰਸ ਦੇ ਚੋਣਵੇਂ ਲੀਡਰਾਂ ਨੂੰ ਅਪਨਾ ਕੇ ਆਪਣੇ ਨਾਲ ਜੋੜਨ ਦਾ ਯਤਨ ਕਰ ਰਹੀ ਹੈ। ਜਿਵੇਂ ਅਜ਼ਾਦ ਭਾਰਤ ਦਾ ਪਹਿਲਾ ਹੋਮ ਮਨਿਸਟਰ ਸਰਦਾਰ ਪਟੇਲ ਦਾ ਬੁੱਤ ਬਣਾ ਕੇ ਆਪਣੇ ਵਿਰਸੇ ਨਾਲ ਉਸ ਨਾਲ ਜੋੜ ਰਹੇ ਹਨ। ਉਨ੍ਹਾਂ ਦੇ ਆਪਣੇ ਲੀਡਰਾਂ ਨੂੰ ਸਮੁੱਚੇ ਭਾਰਤੀ ਅਪਨਾ ਨਹੀਂ ਰਹੇ।

ਕੁਝ ਵੀ ਹੋਵੇ, ਸਮੁੱਚੀ ਭਾਜਪਾ ਨੇ ਬਾਕੀ ਪਾਰਟੀਆਂ ਨਾਲੋਂ ਕੁਝ ਵੱਖਰਾ ਨਹੀਂ ਕੀਤਾ। ਅਗਰ ਕਿਸੇ ਨੇ ਕੀਤਾ ਤਾਂ ਅਜਿਹੇ ਲੀਡਰਾਂ ਨੂੰ ਜਿਵੇਂ ਮਹਿਰੂਮ ਅਟੱਲ ਬਿਹਾਰੀ ਵਾਜਪਾਈ ਸਾਹਿਬ ਹਨ, ਉਨ੍ਹਾਂ ਨੂੰ ਅੱਜ ਦੇ ਹੰਕਾਰੀ ਨੇਤਾ ਭੁੱਲ ਬੈਠੇ ਹਨ। ਆਖਰ 'ਚ ਅਸੀਂ ਇਸ ਗੱਲ ਦੀ ਹੀ ਆਸ ਕਰ ਸਕਦੇ ਹਾਂ, ਜੋ ਤੁਸੀਂ ਵਿਰੋਧੀ ਪਾਰਟੀਆਂ ਜਾਂ ਸਾਬਕਾ ਸਰਕਾਰਾਂ ਤੋਂ ਪੁੱਛਣਾ ਚਾਹੁੰਦੇ ਹੋ, ਉਸ ਤੋਂ ਪਹਿਲਾਂ ਆਪ ਸਹੀ ਜਵਾਬ ਦੇਹ ਜਨਤਾ ਅੱਗੇ ਹੋਵੋ। ਕੀ ਅਜਿਹਾ ਆਉਣ ਵਾਲੇ ਸਮੇਂ ਵਿੱਚ ਹੋ ਸਕੇਗਾ? ਇਹ ਸਭ ਭਵਿੱਖ ਦੀ ਕੁੱਖ ਵਿੱਚ ਹੈ।

# ਸੰਪਰਕ : 98721-65741

# ਗਿਆਨ ਦਾ ਮੁਜੱਸਮਾ ਸੁਕਰਾਤ

### ਹਰਨੰਦ ਸਿੰਘ ਬੱਲਿਆਂਵਾਲਾ

ਸਦੀਆਂ ਤੋਂ ਧਰਤੀ ਦੇ ਕਿਸੇ ਨਾ ਕਿਸੇ ਕੋਨੇ ਵਿੱਚ ਮਹਾਨ ਮਨੁੱਖ ਪੈਦਾ ਹੁੰਦੇ ਰਹੇ ਹਨ, ਜਿਨ੍ਹਾਂ ਦੇ ਵਿਚਾਰ ਸਦੀਆਂ ਤੱਕ ਸਮਾਜ ਦਾ ਰਾਹ-ਦਸੇਰਾ ਬਣਦੇ ਰਹੇ। ਇਨ੍ਹਾਂ ਲੋਕਾਂ ਦੇ ਵਿਚਾਰਾਂ ਨੂੰ ਸਮਾਂ ਪਾ ਦੁਨੀਆ ਦੇ ਹਰ ਸਥਾਨ ਦੇ ਲੋਕਾਂ ਨੇ ਅਪਨਾਇਆ। ਗੁਰੂ ਨਾਨਕ ਦੇਵ ਜੀ, ਮਹਾਤਮਾ ਬੁੱਧ, ਕਨਫਿਊਸ਼ਿਸ, ਮਾਰਕਸ ਅਤੇ ਸੁਕਰਾਤ ਅਜਿਹੇ ਮਹਾਨ ਮਨੁੱਖ ਹਨ। ਇਨ੍ਹਾਂ ਪੁਰਖਾਂ ਨੇ ਮੰਦਹਾਲੀ, ਬੁਰਾਈ ਤੇ ਅੰਧ-ਵਿਸ਼ਵਾਸਾਂ ਵਿੱਚ ਗਲਤਾਨ ਮਨੁੱਖਤਾ ਦੀ ਦਸ਼ਾ ਸੁਧਾਰਨ ਲਈ ਉਨ੍ਹਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਸਮੇਂ ਦੇ ਹਾਕਮਾਂ ਵੱਲੋਂ ਲੋਕਾਂ 'ਤੇ ਕੀਤੇ ਜਾ ਰਹੇ ਅੱਤਿਆਚਾਰ ਵਿਰੁੱਧ ਆਵਾਜ਼ ਵੀ ਉਠਾਈ। ਉਨ੍ਹਾਂ ਸਮਾਜਿਕ ਕੁਰੀਤੀਆਂ ਤੇ ਲੋਕਾਂ ਵਿੱਚ ਫੈਲੇ ਅੰਧ-ਵਿਸ਼ਵਾਸਾਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਜੇਕਰ ਸੁਕਰਾਤ ਦੀ ਗੱਲ ਕਰੀਏ ਤਾਂ ਇਸ ਗਿਆਨਵਾਨ ਮਨੁੱਖ ਬਾਰੇ ਵਿਸ਼ਵ ਪੱਧਰ ਦੇ ਲੇਖਕਾਂ ਨੇ ਬਹੁਤ ਕੁਝ ਲਿਖਿਆ।

ਯੂਨਾਨ ਵਿੱਚ ਪੈਦਾ ਹੋਏ ਸੁਕਰਾਤ ਦੇ ਵਿਚਾਰ ਸਮਾਜ ਲਈ ਚਾਨਣ ਮੁਨਾਰਾ ਸਨ/ਹਨ। ਉਸ ਨੇ ਸਮੇਂ ਦੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਵਿਵਸਥਾ ਉਪਰ ਲੋਕਾਂ ਨੂੰ ਸਵਾਲ ਉਠਾਉਣ ਲਈ ਪ੍ਰੇਰਿਤ ਕੀਤਾ। ਉਸ ਨੇ ਨੌਜਵਾਨ ਪੀੜ੍ਹੀ ਨੂੰ ਹਾਕਮਾਂ ਦੀ ਕਾਰਗੁਜ਼ਾਰੀ ਅਤੇ ਧਾਰਮਿਕ ਰਹਿਬਰਾਂ ਵੱਲੋਂ ਸਮਾਜ ਵਿੱਚ ਫੈਲਾਏ ਅੰਧ-ਵਿਸ਼ਵਾਸ ਦੇ ਜਾਲੇ ਨੂੰ ਲੋਕਾਂ ਦੀਆਂ ਅੱਖਾਂ ਤੋਂ ਲਾਹਿਆ। ਸੁਕਰਾਤ ਨੇ ਲੋਕਾਂ ਨੂੰ ਹਾਕਮਾਂ ਤੇ ਧਾਰਮਿਕ ਲੋਕਾਂ ਸਾਹਮਣੇ ਸਵਾਲ ਖੜੇ ਕਰਨ ਲਈ ਕਿਹਾ। ਉਸ ਦਾ ਕਹਿਣਾ ਸੀ ਕਿ 'ਜੀਵਨ ਨੂੰ ਜਾਨਣ ਅਤੇ ਪਰਖਣ ਲਈ ਜ਼ਰੂਰੀ ਹੈ ਕਿ ਸਵਾਲ ਖੜ੍ਹੇ ਕੀਤੇ ਜਾਣ। ਹਰ ਤਰ੍ਹਾਂ ਦੀ ਧਾਰਮਿਕ, ਰਾਜਨੀਤਕ ਜਾਂ ਸਮਾਜਿਕ ਵਿਵਸਥਾ ਉਪਰ ਸਵਾਲ ਕਰਨ ਦਾ ਹੁਨਰ ਸਿੱਖਿਓ। ਇਸ ਜੀਵਨ ਨੂੰ ਪਰਖਦੇ ਰਹਿਣਾ, ਅਣਪਰਖਿਆ ਜੀਵਨ ਪਸ਼ੂ ਦੀ ਨਿਆਈਂ ਹੁੰਦਾ ਹੈ। ਇਸ ਕਰਕੇ ਸਵਾਲ ਕਰਨੇ ਅਤੇ ਆਪਣੀ ਔਲਾਦ ਨੂੰ ਸਵਾਲ ਕਰਨ ਦਾ ਹੁਨਰ ਦੱਸਣਾ। ਕਿਸੇ ਗੱਲ ਨੂੰ ਇਸ ਕਰਕੇ ਨਾ ਮੰਨਣਾ ਹੈ ਕਿ ਇਹ ਕਿਸੇ ਵੱਡੇ ਬੰਦੇ ਨੇ ਕਹੀ ਹੈ, ਬਲਕਿ ਇਸ ਨੂੰ ਆਪਣੇ ਵਿਵੇਕ ਤੇ ਹੁਨਰ ਨਾਲ ਸੱਚ ਦੀ ਕਸਵੱਟੀ 'ਤੇ ਪਰਖਣਾ।'

ਸਮਾਜਿਕ ਵਿਵਸਥਾ ਨੂੰ ਸਮਝਣ ਲਈ ਲੋਕਾਂ ਨਾਲ ਸੰਵਾਦ ਰਚਾਉਣੇ ਪੈਂਦੇ ਹਨ; ਦੂਰ-ਨੇੜੇ ਦੀ ਦੁਨੀਆ ਨੂੰ ਵੇਖਣਾ ਤੇ ਸਮਝਣਾ ਪੈਂਦਾ ਹੈ। ਸੂਝਵਾਨ ਲੋਕ ਲੋਕਾਂ ਵਿੱਚ ਰਹਿ ਕੇ ਹੀ ਸਮਾਜਿਕ ਵਿਵਸਥਾ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਉਸ ਸਮੇਂ ਦੇ ਬਹੁਤ ਸਾਰੇ ਲੋਕ ਧਾਰਮਿਕ ਸਾਂਗ ਰਚ ਕੇ, ਦੁਨੀਆਦਾਰੀ ਤੋਂ ਉਪਰਾਮ ਹੋ ਕੇ, ਰੱਬ ਦੀ ਤਲਾਸ਼ ਕਰਨ ਲਈ ਜੰਗਲਾਂ-ਬੇਲਿਆਂ ਵਿੱਚ ਭੜਕਦੇ ਸਨ। ਉਸ ਨੇ ਘਰ-ਬਾਰ ਛੱਡ ਕੇ ਅਤੇ ਲੋਕਾਂ ਤੋਂ ਦੂਰ ਇਕਾਂਤ ਵਿੱਚ ਜਾ ਕੇ ਰੱਬ ਦੀ ਭਗਤੀ ਕਰਨ ਵਾਲਿਆਂ ਨੂੰ ਦੱਸਿਆ 'ਇਕਾਂਤ ਵਿੱਚ ਬੈਠ ਸਮਾਧੀ ਲਾ ਕੇ ਕੋਈ ਵੀ ਵਿਅਕਤੀ ਢਹਿੰਦੀ ਕਲਾ ਵਿੱਚ ਜਾ ਰਹੇ ਸਮਾਜ ਨੂੰ ਨਹੀਂ ਬਚਾ ਸਕਦਾ।' ਉਹ ਕਹਿੰਦਾ ਹੈ 'ਲੋਕਾਂ ਨਾਲ ਵਾਰਤਾਲਾਪ ਕਰਕੇ ਉਨ੍ਹਾਂ ਦੀਆਂ ਜ਼ਮੀਰਾਂ ਨੂੰ ਜਗਾਇਆ ਜਾ ਸਕਦਾ ਹੈ। ਲੋਕਾਂ ਨਾਲ ਸੰਵਾਦ ਰਚਾਉਣ ਲਈ ਉਨ੍ਹਾਂ ਜਿਹਾ ਹੋਣਾ ਪਵੇਗਾ, ਕਿਸੇ ਤਰ੍ਹਾਂ ਦਾ ਸਾਂਗ ਰਚ ਕੇ ਉਹਨਾਂ ਤੋਂ ਵਿੱਥ ਬਣਾ ਕੇ ਵਾਰਤਾਲਾਪ ਨਹੀਂ ਹੋ ਸਕਦੀ।'

ਸੁਕਰਾਤ ਕੁਦਰਤੀ ਨਿਆਮਤਾਂ ਅਤੇ ਉਸ ਵਿੱਚੋਂ ਮਨੁੱਖ ਦੁਆਰਾ ਬਣਾਈਆਂ ਵਸਤੂਆਂ ਵਿੱਚੋਂ ਜ਼ਿੰਦਗੀ ਦੇ ਤੱਤਾਂ ਨੂੰ ਸਮਝਣ ਤੇ ਸਮਝਾਉਣ ਦੀ ਕੋਸ਼ਿਸ਼ ਕਰਦਾ ਸੀ। ਇੱਕ ਵਾਰ ਉਹ ਆਪਣੀ ਪਤਨੀ, ਜੋ ਬਹੁਤ ਸੁੰਦਰ ਤੇ ਦੁਨੀਆ ਦੀਆਂ ਸਭ ਤੋਂ ਲੜਾਕੀਆਂ ਔਰਤਾਂ ਵਿੱਚੋਂ ਇੱਕ ਮੰਨੀ ਜਾਂਦੀ ਸੀ, ਨਾਲ ਬਾਜ਼ਾਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਇੱਕ ਦੁਕਾਨ 'ਤੇ ਘੜੇ ਦੇਖ ਕੇ ਰੁਕ ਗਿਆ। ਉਹ ਦੁਕਾਨਦਾਰ ਨੂੰ ਕਹਿੰਦਾ, ਇਨ੍ਹਾਂ ਵਿੱਚੋਂ ਸਭ ਤੋਂ ਸੋਹਣਾ ਘੜਾ ਕਿਹੜਾ ਹੈ? ਦੁਕਾਨਦਾਰ ਨੇ ਉਸ ਨੂੰ ਇੱਕ ਸੋਹਣਾ ਘੜਾ ਵਿਖਾ ਦਿੱਤਾ। ਫਿਰ ਉਸ ਨੇ ਪੁੱਛਿਆ ਕਿ ਇਨ੍ਹਾਂ ਵਿੱਚੋਂ ਕੀਮਤੀ ਘੜਾ ਕਿਹੜਾ ਹੈ? ਦੁਕਾਨਦਾਰ ਨੇ ਫਿਰ ਇੱਕ ਚੁਣ ਕੇ ਘੜਾ ਕੱਢਿਆ ਅਤੇ ਸੁਕਰਾਤ ਨੂੰ ਦੇ ਦਿੱਤਾ। ਸੁਕਰਾਤ ਨੇ ਉਸ ਨੂੰ ਫਿਰ ਸਵਾਲ ਕੀਤਾ ਕਿ ਇਸ ਵਿੱਚ ਕੀ ਖਾਸੀਅਤ ਹੈ ਤਾਂ ਦੁਕਾਨਦਾਰ ਨੇ ਉੱਤਰ ਦਿੱਤਾ ਕਿ ਇਸ ਵਿੱਚ ਦੂਸਰਿਆਂ ਨਾਲੋਂ ਵੱਧ ਗੁਣ ਹਨ। ਸੁਕਰਾਤ ਨੇ ਆਪਣੀ ਪਤਨੀ ਵੱਲ ਮੂੰਹ ਘੁਮਾ ਕੇ ਕਿਹਾ, ਸੁਣਿਆ ਤੂੰ, ਕਿ ਸੋਹਣੇ ਹੋਣ ਨਾਲੋਂ ਗੁਣਵਾਨ ਹੋਣਾ ਜ਼ਰੂਰੀ ਹੈ।

ਸੁਕਰਾਤ ਨੇ ਆਪਣੇ ਵਿਚਾਰ ਲੋਕਾਂ ਵਿਚ ਜਾ ਕੇ ਅਤੇ ਉਨ੍ਹਾਂ ਨਾਲ ਸੰਵਾਦ ਰਚ ਕੇ ਰੱਖੇ ਸਨ। ਜਦੋਂ ਉਸ ਨੇ ਲੋਕਾਂ ਵਿੱਚ ਧਾਰਮਿਕ ਤੇ ਰਾਜਨੀਤਕ ਵਿਵਸਥਾ ਨਾਲ ਸੰਬੰਧਤ ਬੁਰਾਈਆਂ ਉੱਪਰ ਸਵਾਲ ਖੜ੍ਹੇ ਕੀਤੇ ਤਾਂ ਸਮੇਂ ਦੀ ਹਕੂਮਤ ਨੂੰ ਸੁਕਰਾਤ ਦੇ ਇਨਕਲਾਬੀ ਵਿਚਾਰ ਰਾਸ ਨਾ ਆਏ। ਜਦੋਂ ਉਸ ਨੇ ਸਪਾਰਟਾ ਤੋਂ ਏਥਨਜ਼ ਦੀ ਹਾਰ ਦਾ ਕਾਰਨ ਰਾਜਨੀਤਕ ਕਮਜ਼ੋਰੀਆਂ ਨੂੰ ਦੱਸਿਆ ਤਾਂ ਹਕੂਮਤ ਨੂੰ ਆਪਣਾ ਸਿੰਘਾਸਨ ਡੋਲਦਾ ਨਜ਼ਰ ਆਉਣ ਲੱਗਾ। ਇਸੇ ਤਰ੍ਹਾਂ ਧਾਰਮਿਕ ਕੱਟੜਪੰਥੀਆਂ ਸੰਬੰਧੀ ਜਦੋਂ ਸੁਕਰਾਤ ਨੇ ਸਵਾਲ ਖੜੇ ਕੀਤੇ ਤਾਂ ਉਨ੍ਹਾਂ ਨੂੰ ਵੀ ਆਪਣਾ ਧਰਮ ਖਤਰੇ ਵਿੱਚ ਲੱਗਿਆ ਅਤੇ ਉਨ੍ਹਾਂ ਦੁਆਰਾ ਬਣਾਈ ਅਖੌਤੀ ਵਿਚਾਰਧਾਰਾ ਲੋਕਾਂ ਸਾਹਮਣੇ ਢਹਿ-ਢੇਰੀ ਹੋਣ ਲੱਗੀ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਮੁਕਤੀ ਸੰਘਰਸ਼ ਦੀ ਸੰਪਾਦਕੀ

# ਆਰਥਿਕ ਵਿਕਾਸ ਦਾ ਭਰਮ

ਭਾਰਤ ਨੂੰ ਵਿਕਸਤ ਦੇਸ਼ ਦੇ ਰੂਪ ਵਿੱਚ ਵੇਖਣ ਦੀ ਸੰਭਾਵਨਾ ਅੱਜ ਇੱਕ ਮਾਰੂਥਲ ਵਿੱਚ ਪਾਣੀ ਵਾਲੀ ਗੱਲ ਵਰਗੀ ਹੈ । ਇਹ ਸੰਭਾਵਨਾ ਅਸਲੀਅਤ ਦਾ ਰੂਪ ਲੈ ਲਵੇ ਇਹ ਕੋਈ ਉਮੀਦ ਨਹੀਂ ਹੈ । ਜੋ ਮਾਂ ਆਪਣਾ ਬੱਚਾ ਦੋ ਦਿਨਾਂ ਤੋਂ ਗੋਦ ਵਿੱਚ ਭੁੱਖੇ ਨੂੰ ਲੈ ਕੇ ਬੈਠੀ ਰਹੇ ਤੇ ਉਹ ਨਾ ਰੋਵੇ ਤੇ ਉਹ ਇਹ ਸਮਝਦੀ ਹੈ ਕਿ ਬੱਚੇ ਨੂੰ ਭੁੱਖੇ ਰਹਿਣ ਦੀ ਆਦਤ ਪੈ ਗਈ ਹੈ । ਮਾਂ ਬੱਚੇ ਦੀ ਭੁੱਖ ਦੀ ਦਰਦ 'ਚੋਂ ਗੁਜ਼ਰ ਰਹੀ ਹੈ, ਪਰ ਯਕੀਨ ਕਿਸ ਤਰ੍ਹਾਂ ਬੱਚੇ ਨੂੰ ਦਿਵਾਏ ਕਿ ਖਾਣਾ ਮਿਲ ਜਾਏਗਾ, ਕਿਉਂਕਿ ਖਾਣਾ ਪ੍ਰਾਪਤ ਕਰਨ ਦੇ ਹਾਲਾਤ ਬਹੁਤ ਮੁਸ਼ਕਲ ਹੈ ਮੁਸ਼ਕਲ ਹੀ ਨਹੀਂ, ਬੇਬੁਨਿਆਦ ਵੀ ਹਨ । ਖ਼ਜ਼ਾਨਾ ਮੰਤਰੀ ਕਾਫੀ ਪ੍ਰਸੰਨਤਾ ਨਾਲ ਘੋਸ਼ਣਾਵਾਂ ਕਰੀ ਜਾਂਦੀ, ਪਰ ਕਸੌਟੀ 'ਤੇ ਕੋਈ ਵੀ ਨਹੀਂ ਉੱਤਰ ਰਹੀ । ਵੱਖ-ਵੱਖ ਜਾਨਲੇਵਾ ਸਮੱਸਿਆਵਾਂ, ਉਦਾਹਰਣ ਦੇ ਤੌਰ 'ਤੇ ਬੇਰੁਜ਼ਗਾਰੀ ਦਾ ਆਲਮ, ਜੋ ਜਵਾਨੀ ਨੂੰ ਨਿਗਲ ਰਿਹਾ ਹੈ। ਦਰਅਸਲ ਹਰ ਨੌਜਵਾਨ ਦਾ ਹਰੇਕ ਕੰਮ ਕਰਨ ਵਿੱਚ ਸਮਰੱਥ ਹੋਣ ਦਾ ਹੀ ਪ੍ਰਸ਼ਨ ਨਹੀਂ ਹੈ, ਬਲਕਿ ਹੁਣ ਤੇ ਨੌਜਵਾਨਾਂ ਅੱਗੇ ਤਬਾਹੀ ਦਾ ਮੰਜ਼ਰ ਹੈ, ਜਿਸ ਦੇ ਰੂਬਰੂ ਹੋਣ ਤੋਂ ਪਹਿਲਾਂ ਉਸ ਨੂੰ ਮੌਤ ਦੀ ਤਲਾਸ਼ ਹੈ । ਵਿੱਤ ਮੰਤਰੀ ਦੀ ਬੜੀ ਸਾਫ ਆਵਾਜ਼ ਗੂੰਜਦੀ ਹੈ ਕਿ ਬੇਰੁਜ਼ਗਾਰੀ ਹੁਣ ਹੌਲੀ-ਹੌਲੀ ਘੱਟ ਹੋ ਰਹੀ ਹੈ।ਵਿੱਤ ਮੰਤਰੀ ਆਪਣੀਆਂ ਦੋ ਸਰਕਾਰੀ ਰਿਪੋਰਟਾਂ ਦੀਆਂ ਘੋਸ਼ਣਾਵਾਂ ਨੂੰ ਸਾਬਤ ਕਰਨ ਵਿੱਚ ਲੱਗੀ ਹੋਈ ਹੈ । ਉਨ੍ਹਾਂ 'ਚੋਂ ਇੱਕ ਤੇ ਪੀਰਿਯੋਡਿਕ ਲੇਬਰ ਫੋਰਸ ਜਾਂ ਪੀ ਐੱਲ ਐੱਫ ਦੇ ਅਨੁਸਾਰ ਬੇਰੁਜ਼ਗਾਰੀ ਵਿੱਚ 3.1% ਦੀ ਕਮੀ ਆਈ ਹੈ ਅਤੇ ਦੂਸਰੀ ਰਿਪੋਰਟ ਐੱਸ ਬੀ ਆਈ ਦੀ ਸੀ ਉਸ ਦੀ ਖੋਜ ਵਿੱਚ ਇਹ ਮਾਲੂਮ ਹੁੰਦਾ ਕਿ 2014 ਤੋਂ 2023 ਦੇ ਵਿਚਕਾਰ 125 ਮਿਲੀਅਨ ਰੁਜ਼ਗਾਰ ਪੈਦਾ ਹੋਏ ਸਨ । ਜਦੋਂ ਕਿ ਇਸ ਸੂਚਨਾ ਦਾ ਵਿਰੋਧ ਇਹ ਆਇਆ ਕਿ ਅੱਜ ਬੇਰੁਜ਼ਗਾਰੀ ਦੀ ਦਰ 9.2 % ਹੈ । ਆਈ ਐੱਲ ਓ ਏਜੰਸੀ ਨੇ ਕਿਹਾ, ਜੋ ਬੇਰੁਜ਼ਗਾਰ ਹਨ, ਉਨ੍ਹਾਂ ਵਿੱਚ 83% ਨੌਜਵਾਨ ਹਨ, ਜਦੋਂ ਕਿ ਇਸ ਉਮਰ ਵਿੱਚ ਨੌਜਵਾਨ ਸਖ਼ਤ ਕੰਮ ਵੀ ਕਰ ਸਕਦੇ ਹਨ । ਪੁਲਸ ਦੇ ਸਿਪਾਹੀਆਂ ਦੀਆਂ 60244 ਦੀ ਭਰਤੀ ਲਈ 48 ਲੱਖ ਦਰਖਾਸਤਾਂ ਨੌਕਰੀ ਮੰਗਣ ਵਾਲਿਆਂ ਦੀਆਂ ਆਈਆਂ, ਜਿਨ੍ਹਾਂ ਵਿੱਚ 16 ਲੱਖ ਔਰਤਾਂ ਦੀਆਂ ਸਨ । ਉੱਤਰ ਪ੍ਰਦੇਸ਼ ਦੇ ਸਟਾਫ ਸਿਲੈਕਸ਼ਨ ਕਮਿਸ਼ਨ ਵਿੱਚ 7500 ਸੀਟਾਂ ਖਾਲੀ ਭਰਨ ਦੇ ਇਸ਼ਤਿਹਾਰ ਤੇ 2474038 ਦਰਖਾਸਤਾਂ ਕੰਮ ਲੈਣ ਵਾਲਿਆਂ ਦੀਆਂ ਆ ਗਈਆਂ ਸਨ । ਉਕਤ ਨੌਕਰੀਆਂ ਮੰਗਣ ਵਾਲਿਆਂ ਦੀਆਂ ਦਰਖ਼ਾਸਤਾਂ ਵਿੱਚ ਅਨੁਪਾਤ 1:80 ਅਤੇ 1:329 ਸੀ।

ਮੌਜੂਦਾ ਸਮੇਂ ਵਿੱਚ ਜੋ ਅੰਕੜਾ ਰਿਕਾਰਡ ਕੁੱਝ ਏਜੰਸੀਆਂ ਨੇ ਲੋਕਾਂ ਅੱਗੇ ਪੇਸ਼ ਕੀਤਾ, ਉਸ ਨੇ ਉਦਯੋਗਿਕ ਅਤੇ ਬੁਨਿਆਦੀ ਸੈਕਟਰਾਂ ਵਿੱਚ ਭਾਜਪਾ ਦੇ ਫਲਾਏ ਝੂਠ ਨੂੰ ਸਾਹਮਣੇ ਲਿਆਂਦਾ। ਬੀਜੇਪੀ ਦੀਆਂ ਏਜੰਸੀਆਂ ਦਾ ਇਹ ਕੋਰਾ ਝੂਠ ਹੈ ਕਿ ਨਰੇਂਦਰ ਮੋਦੀ ਦੇ ਰਾਜ ਵਿੱਚ ਭਾਰਤ ਇੱਕ ਆਰਥਿਕ ਤਾਕਤ ਬਣ ਕੇ ਉੱਭਰ ਚੁੱਕਾ ਹੈ । ਪਰਵੀਜਨਲ ਡਾਟਾ ਜੋ ਕਾਮਰਸ ਅਤੇ ਪ੍ਰੋਉਦਯੋਗੀ ਮੰਤਰਾਲੇ ਦੁਆਰਾ ਜੁਲਾਈ 31 ਨੂੰ ਰਿਲੀਜ਼ ਕੀਤਾ ਗਿਆ ਸੀ, ਉਸ ਦੇ ਅਨੁਸਾਰ ਭਾਰਤ ਦੇ ਬੁਨਿਆਦੀ ਸੈਕਟਰ ਵਿੱਚ ਉਤਪਾਦਨ ਵਿਕਾਸ ਦਰ 4% ਥੱਲੇ ਆ ਚੁੱਕੀ ਹੈ ਅਤੇ ਇਹ ਗਿਰਾਵਟ ਪਿਛਲੇ 20 ਮਹੀਨਿਆਂ ਵਿੱਚ ਸਭ ਨਾਲੋਂ ਤੇਜ਼ ਹੈ।

ਤੱਥਾਂ ਦੇ ਅਨੁਸਾਰ 8 ਬੁਨਿਆਦੀ ਸੈਕਟਰ 2.4% ਤੱਕ ਇਸ ਸਾਲ ਦੇ ਮਈ ਮਹੀਨੇ ਵਿੱਚ ਗਿਰਾਵਟ ਦਾ ਸ਼ਿਕਾਰ ਹੋ ਚੁੱਕੇ ਹਨ। ਕੋਇਲੇ ਨੂੰ ਛੱਡ ਕੇ ਉਤਪਾਦਨ ਦੇ ਸਾਰੇ ਸੈਕਟਰਾਂ ਵਿੱਚ ਗਿਰਾਵਟ ਆਈ ਹੈ, ਵਿਸ਼ੇਸ਼ ਕਰਕੇ ਇਸ ਸਾਲ ਦੇ ਜੂਨ ਮਹੀਨੇ ਤੋਂ। ਲੋਹੇ ਦਾ ਉਤਪਾਦਨ ਅੱਜ ਪਿਛਲੇ 7 ਮਹੀਨਿਆਂ ਵਿੱਚ ਸਭ ਨਾਲੋਂ ਜ਼ਿਆਦਾ ਥੱਲੇ ਆਇਆ ਹੈ।

ਰਿਫਾਇਨਰੀ ਦੇ ਉਤਪਾਦਨ ਵਿੱਚ ਵੀ ਪਿਛਲੇ 5 ਮਹੀਨਿਆਂ ਵਿੱਚ ਸਭ ਤੋਂ ਜ਼ਿਆਦਾ ਗਿਰਾਵਟ ਆਈ ਹੈ। ਇਸੇ ਤਰ੍ਹਾਂ ਬਿਜਲੀ ਦੇ ਉਤਪਾਦਨ ਵਿੱਚ ਵੀ 4 ਮਹੀਨਿਆਂ ਵਿੱਚ ਜੂਨ ਤੱਕ 7.7% ਕਮੀ ਆਈ ਹੈ। ਗਿਣਤੀ ਦੇ ਅੰਕੜੇ ਵਿੱਚ ਇਹ ਦਿੱਸਦਾ ਹੈ ਕਿ ਬੁਨਿਆਦੀ ਉਦਯੋਗਾਂ ਦੀ ਸੂਚੀ ਵਿੱਚ ਜੋ ਉਦਯੋਗ ਦੀ ਉਤਪਾਦਨਯੋਗ ਸੂਚੀ ਦਾ 40% ਹੈ, ਅੱਜ ਮਈ ਦੇ ਜਾਂਦਿਆਂ 3.2% ਥੱਲੇ ਹੈ।

ਇਨਫਰਾਸਟਰਕਚਰ ਦੇ ਕੰਮਾਂ ਨੂੰ ਸੰਬੋਧਨ ਕਰਦੇ ਹੋਏ ਨਿਯਮ (ਰੈਗੂਲੇਟਰੀ) ਬਣਨ ਦੀਆਂ ਘਾਟਾਂ ਤੇ ਸਰਕਾਰੀ ਖਰਚ ਜੋ ਬੁਨਿਆਦੀ ਸੈਕਟਰਾਂ ਵਿੱਚ ਲਗਦਾ ਹੈ, ਉਹ ਬਹੁਤ ਘੱਟ ਹੈ। ਦਰਅਸਲ ਗੁਣਵੱਤਾ ਦੇ ਵਿਕਾਸ ਅਤੇ ਨਵੇਂ ਆਜ਼ਾਦ ਰੁਜ਼ਗਾਰ ਪੈਦਾ ਹੋਣ ਦੇ ਮੌਕਿਆਂ ਨੂੰ ਵਧਾਉਣ ਦੇ ਨਾਲ ਹੀ ਭਾਰਤ ਦੀ ਵਿਸ਼ਵ ਪੱਧਰ 'ਤੇ ਉਦਯੋਗਿਕ ਅਤੇ ਵਿਨਿਰਮਾਣ ਦੇ ਖੇਤਰ ਵਿੱਚ ਪਾਵਰ ਹਾਊਸ ਬਣਨ ਦੀ ਸੰਭਾਵਨਾ ਮਜ਼ਬੂਤ ਹੁੰਦੀ ਹੈ, ਪਰੰਤੂ ਐੱਨ ਡੀ ਏ ਦੇ ਰਾਜ ਦੇ 10 ਸਾਲਾਂ ਵਿੱਚ ਨਾ ਉਦਯੋਗਿਕ ਖੇਤਰ ਵਿੱਚ ਅਤੇ ਨਾ ਹੀ ਵਿਨਿਰਮਾਣ ਦੇ ਖੇਤਰ ਵਿੱਚ ਕੋਈ ਵਿਕਾਸ ਹੋਇਆ ਹੈ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਸਰਕਾਰ ਦੇ ਕੋਲ ਹੁਣ ਤੱਕ ਆਰਥਿਕ ਵਿਕਾਸ ਵੱਲ ਵਧਣ ਦਾ ਕੋਈ ਠੋਸ ਪ੍ਰੋਗਰਾਮ ਨਹੀਂ ਹੈ । ਇੱਥੋਂ ਤੱਕ ਕਿ ਦੇਸ਼ ਦੇ ਅੰਦਰ ਦੇ ਉਤਪਾਦਨ ਵਿੱਚ ਲਾਭ ਲਾਉਣ ਦੇ ਲਈ, ਮੇਕ ਇਨ ਇੰਡੀਆ ਦੇ ਕੰਪੇਨ ਅਤੇ ਉਤਪਾਦਨ ਨਾਲ ਜੁੜੇ ਪ੍ਰੋਤਸਾਹਨ (ਪੀ ਐੱਲ ਆਈ) ਦੀਆਂ ਸਕੀਮਾਂ ਵੀ ਹੁਣ ਤੱਕ ਪੁਰਾਣੀਆਂ ਹੋਈਆਂ ਪਈਆਂ ਹਨ ਤੇ ਉਨ੍ਹਾਂ ਨੂੰ ਹਟਾਇਆ ਵੀ ਨਹੀਂ ਗਿਆ।

ਵਾਧਾ ਇੱਕ ਜ਼ਰੂਰੀ ਅਤੇ ਸੰਭਾਵਕ ਜ਼ਰੂਰਤ ਹੈ, ਜੋ ਗਰੀਬੀ ਨੂੰ ਲੰਬੇ ਸਮੇਂ ਤੱਕ ਦੂਰ ਰੱਖ ਸਕੇ। ਇਸ ਦੀ ਚਾਲ ਮੱਠੀ ਹੋਣ 'ਤੇ ਗਰੀਬੀ ਦੂਰ ਕਰਨ ਦੀ ਗਤੀ ਨੂੰ ਵਧਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਇਹ ਅਹਿਸਾਸ ਭਾਰਤ ਸਰਕਾਰ ਦੇ ਆਪਣੇ ਉਦਾਰੀਕਰਨ ਦੇ ਪਛਤਾਵੇ ਦਾ ਹੈ, ਪਰੰਤੂ ਸਿਰਫ ਵਧਣਾ ਹੀ ਸਭ ਕੁਝ ਨਹੀਂ ਹੈ।

ਵਾਧੇ ਦੇ ਵੇਗ ਨੂੰ ਜ਼ਰੂਰੀ ਹੈ ਕਿ ਵੱਖ-ਵੱਖ ਆਰਥਿਕ ਖੇਤਰਾਂ ਵਿੱਚ ਵੀ ਪ੍ਰਵੇਸ਼ ਕੀਤਾ ਜਾਏ। ਇਸ ਨੂੰ ਸਿਰਫ ਸ਼ਹਿਰੀ ਹਿੱਸਿਆਂ ਵਿੱਚ ਹੀ ਸੀਮਤ ਨਾ ਰੱਖਿਆ ਜਾਵੇ। ਇਸ ਦਾ ਵੇਗ ਸ਼ਹਿਰੀ ਹਿੱਸਿਆਂ ਦੀ ਤੁਲਨਾ ਤੋਂ ਵਧੇਰੇ ਪਿੰਡਾਂ ਵੱਲ ਹੋਵੇ ।

ਆਰਥਿਕ ਵਿਕਾਸ ਦੀ ਲੰਬੀ ਪ੍ਰਕਿਰਿਆ ਵਿੱਚ ਸਿਰਫ ਵਾਧਾ ਹੀ ਨਹੀਂ ਹੁੰਦਾ, ਇਸ ਦੇ ਨਾਲ ਇਨਫਰਾਸਟਰਕਚਰ ਪਰਿਵਰਤਨ ਵੀ ਜੁੜਿਆ ਹੈ, ਜਿਸ ਨਾਲ ਮਜ਼ਦੂਰ ਵੱਖ-ਵੱਖ ਉਤਪਾਦਨ ਖੇਤਰਾਂ ਤੋਂ ਜੁੜਦੇ ਰਹਿੰਦੇ ਹਨ ਖੇਤੀ ਦੇ ਕਾਰਜ ਅਤੇ ਸੇਵਾ ਦੇ ਖੇਤਰ ਤੱਕ।

ਪਬਲਿਕ ਪਾਲਿਸੀ ਦੀ ਇਸ ਵਿੱਚ ਅਹਿਮ ਭੂਮਿਕਾ ਤੇ ਹੈ ਹੀ ਹੈ, ਸਮਾਜਿਕ ਸੁਰੱਖਿਆ ਨੈਟ ਦੀਆਂ ਨੀਤੀਆਂ ਵੀ ਗ਼ਰੀਬੀ ਨੂੰ ਦੂਰ ਕਰ ਸਕਦੀਆਂ ਹਨ । ਨਵੇਂ ਕਾਰਜ ਦਾ ਪ੍ਰਸਾਰ, ਵਧੀਆ ਜਨਤਕ ਸੇਵਾ ਹਾਲਤ ਗਰੀਬਾਂ ਨੂੰ ਵੀ ਮੌਕੇ ਦਾ ਲਾਭ ਉਠਾਉਣ ਵਿੱਚ ਸਹਾਇਤਾ ਕਰਦੀ ਹੈ।

ਜੇਕਰ ਅਸੀਂ ਗਰੀਬੀ ਨੂੰ ਮਾਪਣਾ ਹੋਵੇ ਅਤੇ ਉਸ ਨਾਲ ਮੇਲ ਖਾਂਦੇ ਜੀ ਡੀ ਪੀ ਦੇ ਪ੍ਰਤੀ ਵਿਅਕਤੀ ਸਾਲਾਨਾ ਵਾਧਾ ਦਰ ਤੇ ਉਸ ਨਾਲ ਜੁੜੇ ਐੱਨ ਐੱਸ ਓ ਦੇ ਉਪਭੋਗਕਰਤਾ ਦੇ ਖਰਚ ਦਾ ਸਰਵੇਖਣ ਕਰੋ ਅਤੇ ਵਾਧੇ ਦੇ ਨਾਲ ਜੁੜੇ ਗਰੀਬੀ ਦੇ ਲਚਕੀਲੇਪਣ ਨੂੰ ਜੋੜੋ ਤੇ ਉਹ ਹੈ ਗਰੀਬੀ ਦਰ ਦੇ ਗਿਰਾਵਟ ਦਾ ਪ੍ਰਤੀਸ਼ਤ । ਇਹ ਜੁੜਿਆ ਹੈ ਪ੍ਰਤੀ ਵਿਅਕਤੀ ਆਮਦਨ ਦੇ ਪਰਿਵਰਤਨ ਨਾਲ।

ਗਿਣਾਤਮਕ ਮਾਹਰਾਂ ਦੇ ਰੁਝਾਨਾਂ ਦੇ ਅਨੁਸਾਰ 2004-2012 ਦੇ ਸਮੇਂ ਵਿੱਚ ਪ੍ਰਤੀ ਵਿਅਕਤੀ ਜੀ ਡੀ ਪੀ ਦੀ ਵਾਧਾ ਦਰ ਪ੍ਰਤੀ ਵਿਅਕਤੀ ਜੀ ਡੀ ਪੀ ਵਿੱਚ ਸਰਵਉੱਚ ਸੀ ਅਤੇ ਗਰੀਬੀ ਦਰ ਵਿੱਚ ਗਿਰਾਵਟ ਵੀ ਸਭ ਨਾਲੋਂ ਜ਼ਿਆਦਾ ਸੀ, ਜਿਸ ਨਾਲ ਗਰੀਬੀ ਵਿੱਚ 2012 ਤੱਕ ਸਭ ਨਾਲੋਂ ਜ਼ਿਆਦਾ ਲਚਕੀਲਾਪਣ ਆਇਆ। ਪਿਛਲੇ 10 ਸਾਲਾਂ ਵਿੱਚ ਪ੍ਰਤੀ ਵਿਅਕਤੀ ਜੀ ਡੀ ਪੀ ਵਾਧਾ ਦਰ ਜ਼ਿਆਦਾ ਨਹੀਂ ਹੋਈ, ਲੋਕਾਂ ਨੂੰ ਵਧਦੇ ਹੋਏ ਘਾਟੇ ਦਾ ਸਾਹਮਣਾ ਕਰਨਾ ਪਿਆ।

ਵਾਧਾ ਵਧਣ (ਟਰਾਂਜਿਸ਼ਨ) ਦੀ ਇਸ ਰੂਪ-ਰੇਖਾ ਦੇ ਨਾਲ ਹੀ ਭਾਰਤੀ ਅਰਥਵਿਵਸਥਾ ਦਾ ਲੁਕਵਾਂਪਣ ਸਿਰਫ ਪਿਛਲੇ ਦਸ ਸਾਲਾਂ ਵਿੱਚ ਹੀ ਨਹੀਂ ਸੀ, ਉਸ ਤੋਂ ਪਹਿਲੇ ਦਸ ਸਾਲਾਂ ਵਿੱਚ ਵੀ ਮੌਜੂਦ ਸੀ ਕਿਉਂਕਿ ਗਰੀਬੀ ਦੀ ਗਿਰਾਵਟ ਦਾ ਪ੍ਰਸ਼ਨ ਦੱਸਦਾ ਹੈ, ਸੰਨ 1991 ਦੇ ਉਦਾਰੀਕਰਨ ਦੇ ਕਾਰਜ ਵਿੱਚ ਭਾਰਤ ਜਿੱਥੇ ਪ੍ਰਗਤੀ ਦੇ ਨਵੇਂ ਅਤੇ ਤੇਜ਼ ਗਤੀ ਵਾਲੇ ਸਵਰੂਪ ਦੀ ਸ਼ੁਰੂਆਤ ਕਰ ਰਿਹਾ ਸੀ, ਆਰਥਿਕ ਵਾਧੇ ਦੀ ਦਰ ਨੂੰ ਜਿੱਥੇ ਪਿਛਲੇ 30 ਸਾਲਾਂ ਤੋਂ ਮੱਧਮ ਚਾਲ ਨਾਲ ਚੱਲ ਰਿਹਾ ਸੀ, ਉਸ ਨੂੰ ਤੇਜ਼ ਕਰਨ ਵਿੱਚ ਸਮਰੱਥ ਹੋ ਰਿਹਾ ਸੀ ਉਦੋਂ ਜੀ ਡੀ ਪੀ ਖੇਤਰ ਵਿੱਚ ਨਵੇਂ ਨਿਰਮਾਣ ਦੀ ਹਿੱਸੇਦਾਰੀ ਦੇ ਵਿਕਾਸ ਵਿੱਚ ਕੋਈ ਵਿਸ਼ੇਸ਼ ਪਰਿਵਰਤਨ ਨਹੀਂ ਹੋਇਆ।ਇਹ ਠੀਕ ਹੈ ਕਿ ਸਟਰਕਚਰਲ ਬਦਲਾਅ ਭਾਰਤ ਦੇ ਗਿਆਨ ਦੇ ਖੇਤਰ ਤੋਂ ਹੀ ਅਗਵਾਈ ਲੈਂਦਾ ਰਿਹਾ, ਜਿਸ ਨਾਲ ਜੀ ਡੀ ਪੀ ਦੀ ਹਿੱਸੇਦਾਰੀ ਪਿਛਲੇ ਦਸ ਸਾਲਾਂ ਵਿੱਚ 50% ਵਧ ਗਈ ਸੀ, ਜਦੋਂ ਕਿ ਵਿਨਿਰਮਾਣ ਖੇਤਰ ਦੀ ਗਤੀ ਖੜ੍ਹੀ ਰਹੀ ।

ਇਹ ਖੜੋਤ ਭਾਰਤ ਦੀ ਅਰਥਵਿਵਸਥਾ ਦੇ ਲਈ ਚੰਗੀ ਨਹੀਂ ਹੈ, ਕਿਉਂਕਿ ਇਸ ਖੜੋਤ ਦੇ ਨਾਲ ਗਰੀਬੀ ਵੀ ਵਧਦੀ ਰਹੀ, ਵਾਧਾ ਦਰ ਵਿੱਚ ਵੀ ਗਿਰਾਵਟ ਆਈ ਅਤੇ ਬੇਰੁਜ਼ਗਾਰੀ ਇਤਿਹਾਸ ਵਿੱਚ ਪਹਿਲੀ ਵਾਰ ਇੰਨੇ ਭਿਆਨਕ ਰੂਪ ਥੱਲੇ ਜਾ ਚੁੱਕੀ ਹੈ। ਵਾਧਾ ਦਰ ਵਿੱਚ ਲਗਾਤਾਰ ਘਾਟ ਦਰਜ ਕੀਤੀ ਜਾ ਰਹੀ ਹੈ, ਜਿਸ ਨਾਲ ਬੁਨਿਆਦੀ ਜ਼ਰੂਰਤ ਦੀਆਂ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ ।

*- ਅਨੁ : ਪਿਰਥੀਪਾਲ ਸਿੰਘ ਮਾੜੀਮੇਘਾ*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

1-Sep-Sunday.qxd 8/31/2024 10:59 PM Page 4



# ਸਾਂਝੇ ਪੰਜਾਬ ਦੀ ਤਸਵੀਰ ਪੇਸ਼ ਕਰਦੀ ਪੁਸਤਕ

ਫੋਕਸ

## ਚਰਚਾ ਇਕ ਪੁਸਤਕ ਦੀ

**ਪੂਜਾ ਕੰਬੋਜ**






### ਪੰਜਾਬ ਆਦਿ ਕਾਲ ਤੋਂ 1966 ਤੱਕ

**ਜਗਤਾਰ ਸਿੰਘ ਭੰਗੂ**
**ਸਫੇ : 408, ਮੁੱਲ :499 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਪੰਜਾਬ ਹਜ਼ਾਰਾਂ ਸਾਲ ਪਹਿਲਾਂ ਜਦੋਂ ਤੋਂ ਹੋਂਦ ਵਿਚ ਆਇਆ ਸੀ, ਉਦੋਂ ਤੋਂ 1947 ਤੱਕ ਇਕ ਵੱਖਰਾ ਦੇਸ਼ ਸੀ। ਅੱਜ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ ਇਕ ਪੂਰਬੀ ਪੰਜਾਬ ਅਤੇ ਇਕ ਪੱਛਮੀ ਪੰਜਾਬ। ਜਗਤਾਰ ਸਿੰਘ ਭੰਗੂ ਨੇ ਆਦਿ ਕਾਲ ਤੋਂ ਲੈ ਕੇ 1966 ਈ. ਤੱਕ ਦੇ ਪੰਜਾਬ ਦੇ ਇਤਿਹਾਸ ਨੂੰ ਵੱਖਰੇ ਢੰਗ ਨਾਲ ਪੇਸ਼ ਕੀਤਾ ਹੈ। ਪੰਜਾਬ ਦੇ ਇਤਿਹਾਸ ਦੇ ਨਾਲ-ਨਾਲ ਉਸ ਨੇ ਕਈ ਗੰਭੀਰ ਮਸਲੇ ਵੀ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਦਾ ਜ਼ਿਕਰ ਉਸ ਨੇ ਸ਼ੁਰੂ ਵਿਚ ਕੀਤਾ ਹੈ।ਹੁਣ ਤੱਕ ਪੰਜਾਬ ਦੇ ਇਤਿਹਾਸ ਸੰਬੰਧੀ ਕਈ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ, ਪਰੰਤੂ ਇਸ ਪੁਸਤਕ ਵਿਚ ਪੰਜਾਬ ਸੰਬੰਧਤ ਹਰ ਜਾਣਕਾਰੀ ਨੂੰ ਨਿਵੇਕਲੇ ਢੰਗ ਨਾਲ ਸ਼ਾਮਲ ਕੀਤਾ ਗਿਆ ਹੈ। ਲੇਖਕ ਨੇ ਆਦਿ ਕਾਲ ਤੋਂ ਲੈ ਕੇ 1966 ਵਿਚ ਹੋਈ ਹਰਿਆਣੇ ਦੀ ਵੰਡ ਤੱਕ ਪੰਜਾਬ ਦੀ ਸਥਿਤੀ, ਪੰਜਾਬ ਵਿਚ ਵੱਖਰੇ-ਵੱਖਰੇ ਦੌਰਾਂ, ਜੰਗਾਂ, ਯੁੱਧਾਂ, ਅੰਗਰੇਜ਼ੀ ਰਾਜ ਦੀ ਹਕੂਮਤ, ਪੰਜਾਬ ਦੇ ਲੋਕਾਂ ਦੇ ਜੀਵਨ, ਸੰਘਰਸ਼ ਅਤੇ 1947 ਵਿਚ ਹੋਈ ਦੁਖਦਾਇਕ ਵੰਡ ਨੂੰ ਪੇਸ਼ ਕੀਤਾ ਹੈ। ਜਗਤਾਰ ਸਿੰਘ ਭੰਗੂ ਨੇ ਪੰਜਾਬ ਦੇ ਇਤਿਹਾਸ ਦੀ ਸ਼ੁਰੂਆਤ 'ਪੰਜਾਬ' ਸ਼ਬਦ ਦੇ ਅਰਥਾਂ ਨਾਲ ਕੀਤੀ ਹੈ। ਉਸ ਨੇ 'ਪੰਜਾਬ' ਸ਼ਬਦ ਨੂੰ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਨਾਲ ਪਰਿਭਾਸ਼ਤ ਕੀਤਾ ਹੈ।ਜਿਸ ਵਿਚ ਪਾਕਿਸਤਾਨ ਵਿਚਲਾ 10 ਕਰੋੜ ਦੀ ਆਬਾਦੀ ਵਾਲਾ ਪੰਜਾਬੀ ਬੋਲਦਾ ਵੱਡਾ ਰਕਬਾ ਅਤੇ 3 ਕਰੋੜ ਦੀ ਆਬਾਦੀ ਵਾਲਾ ਭਾਰਤੀ ਪੰਜਾਬ ਸ਼ਾਮਲ ਹੈ। ਸੰਸਾਰ ਭਰ ਵਿਚ ਪੰਜਾਬ ਸਭ ਤੋਂ ਵੱਖਰੀ ਭੂਗੋਲਿਕ ਇਕਾਈ ਵਾਲਾ ਸੂਬਾ ਹੈ। ਲੇਖਕ ਅਨੁਸਾਰ ਇਸ ਦੀ ਵੱਖਰਤਾ ਦਾ ਕਾਰਨ ਰੱਖਿਆ ਲਈ ਕੁਦਰਤ ਵੱਲੋਂ ਦਿੱਤੇ ਗਏ ਵੱਖਰੇ-ਵੱਖਰੇ ਕੁਦਰਤੀ ਵਸੀਲੇ ਹਨ, ਜਿਨ੍ਹਾਂ ਵਿਚ ਉੱਤਰ ਵਾਲੇ ਪਾਸੇ ਹਿਮਾਲਿਆ ਦੀਆਂ ਬਰਫ਼ੀਲੀਆਂ ਚੋਟੀਆਂ, ਉੱਤਰ-ਪੱਛਮ ਵੱਲ ਸਿੰਧ ਦਰਿਆ, ਪੂਰਬ ਵੱਲ ਜਮਨਾ ਅਤੇ ਸ਼ਕਤੀਸ਼ਾਲੀ ਸਤਲੁਜ ਦਰਿਆ, ਦੱਖਣ-ਪੱਛਮ ਵੱਲ ਅਰਾਵਲੀ ਪਹਾੜ, ਥਾਰ ਮਾਰੂਥਲ ਤੇ ਪੰਜਾਬ ਦੇ ਸਾਰੇ ਦਰਿਆ ਇਕੱਠੇ ਹੋ ਕੇ ਪੰਜਨਦ ਦੇ ਰੂਪ ਵਿਚ ਪੰਜਾਬ ਦੀ ਪਹਿਰੇਦਾਰੀ ਕਰਦੇ ਹਨ। ਇਹ ਸੌ ਸਾਲ ਪਹਿਲਾਂ ਦੇ ਪੰਜਾਬ ਦੀਆਂ ਸਰਹੱਦਾਂ ਸਨ। ਲੇਖਕ ਨੇ 'ਪੰਜਾਬ' ਨਾਂਅ ਦੇ ਜਨਮ ਅਤੇ ਉੱਤਪਤੀ ਸੰਬੰਧੀ ਕਾਫ਼ੀ ਵਿਚਾਰ ਚਰਚਾ ਕੀਤੀ ਹੈ।ਵੱਖ-ਵੱਖ ਸਮਿਆਂ ਵਿਚ ਪੰਜਾਬ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਸੀ। ਸੱਤ ਦਰਿਆਵਾਂ ਦੇ ਨਾਂਅ 'ਤੇ ਪਹਿਲਾਂ ਇਸ ਦਾ ਨਾਂਅ 'ਸਪਤ-ਸਿੰਧੂ' ਰੱਖਿਆ ਗਿਆ, ਫਿਰ ਇਰਾਨੀ ਲੋਕਾਂ ਨੇ ਆਪਣੀ ਬੋਲੀ ਵਿਚ ਇਸ ਨੂੰ 'ਪੈਂਟੋਪੋਟੇਮੀਆਂ' ਦਾ ਨਾਂਅ ਦਿੱਤਾ, ਕਾਫ਼ੀ ਸਮੇਂ ਬਾਅਦ ਪੰਜ ਦਰਿਆਵਾਂ ਤੋਂ 'ਪੰਜ-ਆਬ' ਸ਼ਬਦ ਪ੍ਰਚਲਿਤ ਹੋਇਆ। ਪੰਜਾਬੀ ਸ਼ਬਦ ਪੰਜ ਅਤੇ ਫਾਰਸੀ ਸ਼ਬਦ ਆਬ ਨੂੰ ਮਿਲਾ ਕੇ ਪੰਜ-ਆਬ ਕਿਹਾ ਜਾਣ ਲੱਗਾ। ਪੰਜ ਆਬ ਤੋਂ ਇਹ ਉਚਾਰਨ ਹੌਲੀ-ਹੌਲੀ ਪੰਜਾਬ ਬਣ ਗਿਆ। (ਪੰਨਾ-8) ਪੰਜਾਬ ਦੀ ਭੂਗੋਲਿਕਤਾ ਪੰਜ ਦਰਿਆਵਾਂ ਉੱਪਰ ਨਿਰਭਰ ਕਰਦੀ ਹੈ। ਲੇਖਕ ਦਾ ਮੰਨਣਾ ਹੈ ਕਿ ਪੰਜ ਦਰਿਆਵਾਂ ਕਾਰਨ ਪੰਜਾਬ ਵਿਚ ਪੰਜ ਦੀ ਗਿਣਤੀ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਪੰਜ ਉੱਪਰ ਬਹੁਤ ਸਾਰੇ ਮੁਹਾਵਰੇ ਵੀ ਮਿਲਦੇ ਹਨ। ਪੰਜਾਬ ਸਿਰਫ਼ ਪੰਜ ਦਰਿਆਵਾਂ ਦਾ ਦੇਸ਼ ਹੀ ਨਹੀਂ ਹੈ ਜਦਕਿ ਵੱਖ-ਵੱਖ ਦੋਆਬੇ ਵੀ ਸ਼ਾਮਲ ਹਨ। ਦੋ-ਆਬਿਆਂ ਤੋਂ ਭਾਵ ਦੋ ਦਰਿਆਵਾਂ ਵਿਚਕਾਰਲੀ ਭੂਮੀ ਤੋਂ ਹੈ। ਪੰਜਾਬ ਵਿਚ ਵਗਦੇ ਦੋ-ਦੋ ਦਰਿਆਵਾਂ ਦੀ ਵਿਚਕਾਰਲੀ ਭੂਮੀ ਨੂੰ ਵੱਖ-ਵੱਖ ਦੋਆਬਿਆਂ ਦਾ ਨਾਂਅ ਦਿੱਤਾ ਗਿਆ ਹੈ। ਉਸ ਵਿਚਕਾਰਲੇ ਇਲਾਕੇ ਦਾ ਨਾਂਅ ਪਾਸਿਆਂ ਵਾਲੇ ਦਰਿਆਵਾਂ ਦੇ ਨਾਂਅ ਦੇ ਅਗਲੇ ਲਫ਼ਜ਼ਾਂ ਨੂੰ ਜੋੜ ਕੇ ਰੱਖਿਆ ਗਿਆ ਹੈ। ਇਸ ਉਪਰੰਤ ਦੋਆਬਿਆਂ ਦੇ ਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਤਲੁਜ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਨੂੰ ਬਿਸਤ-ਦੁਆਬ, ਬਿਆਸ ਅਤੇ ਰਾਵੀ ਵਿਚਕਾਰਲੇ ਇਲਾਕੇ ਨੂੰ ਬਾਰੀ-ਦੁਆਬ, ਰਾਵੀ ਅਤੇ ਚਨਾਬ ਦਰਿਆ ਵਿਚਲਾ ਇਲਾਕਾ ਰਚਨਾ-ਦੁਆਬ, ਚਨਾਬ ਅਤੇ ਜਿਹਲਮ ਦੇ ਵਿਚਕਾਰਲੇ ਇਲਾਕੇ ਨੂੰ ਚੱਜ-ਦੁਆਬ, ਜਿਹਲਮ ਅਤੇ ਸਿੰਧ ਦਰਿਆ ਦੇ ਵਿਚਕਾਰਲੇ ਇਲਾਕੇ ਨੂੰ ਸਿੰਧ ਸਾਗਰ ਦੁਆਬ ਕਿਹਾ ਜਾਂਦਾ ਹੈ।ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬੋਲੀਆਂ ਜਾਣ ਵਾਲੀਆਂ ਉਪ-ਭਾਸ਼ਾਵਾਂ ਨੂੰ ਲੇਖਕ ਨੇ ਨਕਸ਼ੇ ਰਾਹੀਂ ਦਰਸਾਇਆ ਹੈ, ਜਿਸ ਵਿਚ ਮਾਝੀ, ਮਲਵਈ, ਦੁਆਬੀ, ਪੁਆਧੀ, ਮੁਲਤਾਨੀ, ਪੋਠੋਹਾਰੀ, ਬਾਂਗਰੀ, ਸ਼ਾਹਪੁਰੀ, ਡੋਗਰੀ ਅਤੇ ਕਈ ਹੋਰ ਉਪ-ਭਾਸ਼ਾਵਾਂ ਸ਼ਾਮਲ ਹਨ। ਇਹ ਉਪ- ਭਾਸ਼ਾਵਾਂ ਅੱਜ ਵੀ ਪੱਛਮੀ ਪੰਜਾਬ ਅਤੇ ਪੂਰਬੀ ਪੰਜਾਬ ਵਿਚ ਬੋਲੀਆਂ ਜਾਂਦੀਆਂ ਹਨ। ਹੜੱਪਾ ਦੇ ਖੰਡਰਾਂ ਵਿੱਚੋਂ ਜੋ ਸਿੱਕੇ ਅਤੇ ਮੋਹਰਾਂ ਪ੍ਰਾਪਤ ਹੋਈਆਂ ਸਨ, ਉਨ੍ਹਾਂ ਉਪਰਲੀ ਭਾਸ਼ਾ ਅੱਜ ਤੱਕ ਪੜ੍ਹੀ ਨਹੀਂ ਜਾ ਸਕੀ। ਲੇਖਕ ਦਾ ਮੰਨਣਾ ਹੈ ਕਿ ਜੇ ਉਹ ਭਾਸ਼ਾ ਸੰਸਕ੍ਰਿਤ, ਅਰਬੀ, ਫ਼ਾਰਸੀ ਦੇ ਨਜ਼ਦੀਕ ਨਹੀਂ ਸੀ ਤਾਂ ਨਿਸਚਿਤ ਤੌਰ 'ਤੇ ਉਹ ਭਾਸ਼ਾ ਪੰਜਾਬੀ ਹੀ ਹੈ। ਪੰਜਾਬ ਦੇ ਧਰਾਤਲ ਦੀ ਖੂਬਸੂਰਤੀ ਬਾਰੇ ਲੇਖਕ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਉਪਜਾਊ ਭੂਮੀ ਵਾਲਾ, ਪੱਧਰ ਤੇ ਉੱਤਰ ਵੱਲੋਂ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਤੋਂ ਚੱਲ ਕੇ ਪੱਛਮ ਦੱਖਣ ਵੱਲ ਨੂੰ ਢਲਦਾ ਤਕਰੀਬਨ ਤਿਕੋਣਾ ਖਿੱਤਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਮੌਸਮਾਂ ਦੀ ਵੀ ਨਿਵੇਕਲੀ ਪਹਿਚਾਣ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਅੱਜ ਵੀ ਪੰਜਾਬ ਵਿਚ ਬਿਕਰਮੀ ਸੰਮਤ ਚੱਲਦਾ ਹੈ। ਬਿਕਰਮੀ ਸਾਲ ਦੇ 12 ਮਹੀਨੇ ਚੇਤ, ਵਿਸਾਖ, ਜੇਠ, ਹਾੜ੍ਹ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ ਅਤੇ ਫੱਗਣ ਹਨ। ਪੰਜਾਬ ਵਿਚ ਚਾਰ ਰੁੱਤਾਂ ਪ੍ਰਧਾਨ ਹਨ : ਗਰਮੀ, ਸਰਦੀ ਬਰਸਾਤ ਅਤੇ ਪੱਤਝੜ। ਲੇਖਕ ਨੇ ਰੁੱਤਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਬਿਆਨ ਕੀਤਾ ਹੈ। ਪੰਜਾਬ ਵਿਚ ਫਸਲਾਂ ਵੀ ਇਨ੍ਹਾਂ ਰੁੱਤਾਂ ਉੱਪਰ ਨਿਰਭਰ ਕਰਦੀਆਂ ਹਨ। ਪੰਜਾਬ ਦੀ ਜ਼ਮੀਨ ਵੀ ਬਹੁਤ ਉਪਜਾਊ ਹੈ। ਇੱਥੇ ਵੱਖ-ਵੱਖ ਰੁੱਤਾਂ ਵਿਚ ਹੋਣ ਵਾਲੀਆਂ ਵੱਖ-ਵੱਖ ਫਸਲਾਂ, ਜੰਗਲਾਂ ਵਿਚ ਉੱਗਣ ਵਾਲੇ ਪੌਦਿਆਂ ਅਤੇ ਜੜੀ-ਬੂਟੀਆਂ ਦੇ ਕੁਝ ਨਾਂਅ ਦੱਸੇ ਗਏ ਹਨ। ਪੰਜਾਬ ਗੁਰਪੁਰਬਾਂ, ਮੇਲਿਆਂ ਅਤੇ ਤਿੱਥ-ਤਿਉਹਾਰਾਂ ਦੇ ਮਨਾਉਣ ਦੀ ਧਰਤੀ ਹੈ। ਲੇਖਕ ਨੇ ਇਨ੍ਹਾਂ ਮੇਲਿਆਂ ਤੇ ਤਿਉਹਾਰਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਲੋਕਾਂ ਦੇ ਪਹਿਰਾਵੇ, ਖੁਰਾਕ, ਕਲਾ, ਜੀਵਨ ਸ਼ੈਲੀ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਪੰਜ ਦਰਿਆਵਾਂ ਤੋਂ ਹੀ ਪੰਜਾਬ ਦਾ ਨਾਂਅ 'ਪੰਜ+ਆਬ' ਬਣਿਆ। ਲੇਖਕ ਦਾ ਮੰਨਣਾ ਹੈ ਕਿ ਇਨ੍ਹਾਂ ਪੰਜਾਂ ਦਰਿਆਵਾਂ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਦੇ ਨਾਲ-ਨਾਲ ਸਿੰਧ ਦਰਿਆ ਦੀ ਗੱਲ ਕਰਨੀ ਵੀ ਜ਼ਰੂਰੀ ਹੈ ਕਿਉਂਕਿ ਪੰਜਾਬ ਦੇ ਪੰਜਾਂ ਦਰਿਆਵਾਂ ਦੇ ਪਾਣੀਆਂ ਨੂੰ ਸਿੰਧ ਦਰਿਆ ਹੀ ਹਿੰਦ ਮਹਾਂਸਾਗਰ ਤੱਕ ਲੈ ਕੇ ਜਾਂਦਾ ਹੈ। ਲੇਖਕ ਨੇ ਇਨ੍ਹਾਂ ਦਰਿਆਵਾਂ ਦੇ ਜਨਮ ਸ੍ਰੋਤਾਂ, ਰਸਤਿਆਂ, ਇਲਾਕਿਆਂ, ਸਮੁੰਦਰਾਂ ਵਿਚ ਜਾਂ ਦੂਸਰੇ ਸਾਥੀ ਸਮੁੰਦਰਾਂ ਵਿਚ ਮਿਲਣ ਦੇ ਵੇਰਵਿਆਂ ਉੱਪਰ ਵੀ ਚਾਨਣਾ ਪਾਇਆ ਹੈ। ਪੰਜਾਬ ਦੇ ਦਰਿਆਵਾਂ ਦੇ ਨਾਲ-ਨਾਲ ਪੰਜਾਬ ਦੇ ਪੁਰਾਣੇ ਸ਼ਹਿਰਾਂ ਅਤੇ ਪਿੰਡਾਂ ਦੀ ਸਥਿਤੀ ਨੂੰ ਸੰਖੇਪ ਰੂਪ ਵਿਚ ਬਿਆਨ ਕੀਤਾ ਗਿਆ ਹੈ। ਹਜ਼ਾਰਾਂ ਸਾਲ ਪਹਿਲਾਂ ਆਰੀਅਨ ਲੋਕ ਮੱਧ ਏਸ਼ੀਆ ਵਿੱਚੋਂ ਚੱਲ ਕੇ ਪੰਜਾਬ ਵੱਲ ਆ ਗਏ। ਪੰਜਾਬ ਵਿਚ ਆਰੀਅਨਾਂ ਦੀ ਆਮਦ, ਪੰਜਾਬ ਨੂੰ ਆਰੀਅਨ ਲੋਕਾਂ ਦੀ ਦੇਣ ਬਾਰੇ ਚਰਚਾ ਕਰਦਿਆਂ ਲੇਖਕ ਨੇ ਦੱਸਿਆ ਹੈ ਕਿ ਸਭ ਤੋਂ ਅਹਿਮ ਵਰਨ ਵਿਵਸਥਾ ਹੈ। ਪੰਜਾਬ ਵਿਚ ਵਰਨ ਵਿਵਸਥਾ ਦੀ ਵੰਡ ਆਰੀਆ ਲੋਕਾਂ ਦੁਆਰਾ ਕੀਤੀ ਗਈ ਸੀ। ਮਨੁੱਖੀ ਸ਼ਕਲ ਦੇ ਦੇਵਤੇ, ਕਾਫੀ ਸਾਰੀਆਂ ਰੀਤੀਆਂ ਰਿਵਾਜ ਅਤੇ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਵਰਨ-ਵੰਡ ਪੰਜਾਬ ਵਿਚ ਆਰੀਆ ਲੋਕ ਲੈ ਕੇ ਆਏ। (ਪੰਨਾ-31) ਇਸ ਦੇ ਨਾਲ ਉਨ੍ਹਾਂ ਦੀ ਸਰੀਰਕ ਬਣਤਰ, ਕੰਮ-ਕਾਜ, ਸ਼ੌਕ, ਰੀਤੀ-ਰਿਵਾਜ ਅਤੇ ਧਰਮ ਬਾਰੇ ਕਈ ਵਿਚਾਰ ਦੇਖਣ ਨੂੰ ਮਿਲਦੇ ਹਨ। ਪੰਜਾਬ ਨੂੰ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਨੂੰ ਜਿੱਤਣ ਦੇ ਮਕਸਦ ਨਾਲ ਕਈ ਰਾਜਿਆਂ ਵਿਚਕਾਰ ਯੁੱਧ ਹੋਏ। ਇਸ ਸੰਬੰਧੀ ਸਿਕੰਦਰ ਦੇ ਹਮਲੇ ਦਾ ਜ਼ਿਕਰ ਕੀਤਾ ਮਿਲਦਾ ਹੈ। ਸਿਕੰਦਰ (ਅਲੈਗਜ਼ੈਂਡਰ) ਯੂਨਾਨ ਦੇ ਇਕ ਛੋਟੇ ਜਿਹੇ ਰਾਜ ਮਕਦੂਨੀਆਂ ਦੇ ਰਾਜੇ ਫੈਲਕੂਸ (ਫਿਲਿਪ) ਦਾ ਪੁੱਤਰ ਸੀ। ਉਹ ਆਪਣੇ ਗੁਰੂ ਅਰਸਤੂ ਦੀ ਪ੍ਰੇਰਨਾ ਸਦਕਾ ਦੁਨੀਆ ਜਿੱਤਣ ਲਈ ਨਿਕਲਿਆ। ਉਸ ਨੇ ਇਰਾਨ ਦੇ ਰਾਜਾ ਦਾਰਾ ਨਾਲ ਤਿੰਨ ਯੁੱਧ ਕੀਤੇ ਤੇ ਤਿੰਨੋਂ ਯੁੱਧ ਜਿੱਤਣ ਤੋਂ ਬਾਅਦ ਪੰਜਾਬ ਆ ਗਿਆ। ਇੱਥੇ ਉਸ ਦਾ ਸਾਹਮਣਾ ਪੋਰਸ ਨਾਲ ਹੋਇਆ। ਪੋਰਸ ਦੀ ਬਹਾਦਰੀ ਨਾਲ ਕੀਤੀ ਜੰਗ ਅਤੇ ਉਸ ਨਾਲ ਹੋਈ ਗੱਲਬਾਤ ਤੋਂ ਪ੍ਰਭਾਵਿਤ ਹੋ ਕੇ ਸਿਕੰਦਰ ਨੇ ਪੋਰਸ ਨਾਲ ਦੋਸਤੀ ਕਰਕੇ ਜਿਹਲਮ ਤੋਂ ਬਿਆਸ ਤੱਕ ਦੇ ਇਲਾਕੇ ਉਸ ਨੂੰ ਦੇ ਦਿੱਤੇ। ਲੇਖਕ ਦੇ ਦੱਸਣ ਅਨੁਸਾਰ ਇਹ ਇਤਿਹਾਸ ਸਿਕੰਦਰ ਦੇ ਸਾਥੀ ਯੂਨਾਨੀ ਲੇਖਕਾਂ ਦਾ ਲਿਖਿਆ ਹੋਇਆ ਹੈ। ਅਜਿਹੇ ਇਤਿਹਾਸਾਂ ਉੱਪਰ ਲੇਖਕ ਦੁਆਰਾ ਕੀਤੀ ਗਈ ਟਿੱਪਣੀ ਗੌਲਣਯੋਗ ਹੈ, ਸਾਡੇ ਦੇਸ਼ ਦੀ ਇਹ ਬਦਕਿਸਮਤੀ ਹੀ ਰਹੀ ਹੈ ਕਿ ਇਸ ਦਾ ਇਤਿਹਾਸ ਵੀ ਜੇਤੂ ਹਮਲਾਵਰਾਂ ਨੇ ਆਪਣੇ ਮੁਤਾਬਕ ਹੀ ਲਿਖਿਆ ਹੈ। ਸਾਡੇ ਦੇਸ਼ ਦੇ ਲਿਖਾਰੀ ਰਿਸ਼ੀ-ਮੁਨੀ ਤਾਂ ਝੂਠ ਤੂਫਾਨ ਦੇ ਭਰੇ ਗ੍ਰੰਥ ਲਿਖਣ ਵਿੱਚ ਲੱਗੇ ਹੋਏ ਸਨ ਕਿ ਭੋਲੀ ਜਨਤਾ ਨੂੰ ਬੇਵਕੂਫ ਕਿਵੇਂ ਬਣਾਇਆ ਜਾਏ। ਇਹ ਪੋਰਸ ਸਿਕੰਦਰ ਦਾ ਹਾਲ ਕਿਸੇ ਪੋਰਸ ਵਾਲੇ ਪਾਸੇ ਦੇ ਲੇਖਕ ਦੇ ਲਿਖੇ ਹੋਏ ਨਹੀਂ ਹਨ, ਬਲਕਿ ਇਹਨਾਂ ਹਾਲਾਤਾਂ ਦਾ ਹਾਲ ਸਿਰਫ ਯੂਨਾਨੀ ਲੇਖਕਾਂ ਦੀਆਂ ਲਿਖਤਾਂ ਵਿੱਚੋਂ ਲਿਆ ਗਿਆ ਹੈ। ਇਹ ਕੁਦਰਤੀ ਵਰਤਾਰਾ ਹੈ ਕਿ ਯੂਨਾਨ ਦੇ ਲੇਖਕ ਤਾਂ ਸਿਕੰਦਰ ਦਾ ਪੱਖ ਪੂਰ ਕੇ ਘਟਨਾਵਾਂ ਦਾ ਵਰਨਣ ਕਰਨਗੇ। (ਪੰਨਾ-38) ਸਿਕੰਦਰ ਅਤੇ ਪੋਰਸ ਵਿਚਕਾਰ ਹੋਏ ਯੁੱਧਾਂ ਬਾਰੇ ਲਿਖਾਰੀਆਂ ਦੇ ਵਿਚਾਰਾਂ ਵਿਚ ਮੱਤਭੇਦ ਦੇਖਣ ਨੂੰ ਮਿਲਦਾ ਹੈ। ਇਸ ਸੰਬੰਧੀ ਲੇਖਕ ਨੇ ਕਈ ਇਥੋਪੀਅਨ ਲਿਖਾਰੀਆਂ ਦੇ ਵਿਚਾਰਾਂ ਵੱਲ ਵੀ ਨਿਸ਼ਾਨਦੇਹੀ ਕੀਤੀ ਹੈ। ਸਿਕੰਦਰ ਦੇ ਹਮਲੇ ਤੋਂ ਬਾਅਦ ਲੇਖਕ ਨੇ ਪੰਜਾਬ ਉੱਤੇ 712 ਈ. ਵਿਚ ਮੁਹੰਮਦ ਬਿਨ ਕਾਸਿਮ ਅਤੇ 1175 ਈ. ਮੁਹੰਮਦ ਗੌਰੀ ਦੁਆਰਾ ਕੀਤੇ ਗਏ ਹਮਲਿਆਂ ਦਾ ਸੰਖੇਪ ਵਿਚ ਜ਼ਿਕਰ ਕੀਤਾ ਹੈ। ਪੰਜਾਬ 'ਤੇ ਲਗਾਤਾਰ ਹਮਲਿਆਂ ਤੋਂ ਬਾਅਦ 13ਵੀਂ ਅਤੇ 14ਵੀਂ ਸਦੀ ਵਿਚ ਭਗਤੀ ਲਹਿਰ ਦੀ ਸ਼ੁਰੂਆਤ ਹੁੰਦੀ ਹੈ। ਪੰਜਾਬ ਵਿਚ ਭਗਤੀ ਲਹਿਰ ਦੇ ਉਭਾਰ ਤਹਿਤ ਲੇਖਕ ਨੇ ਭਗਤ ਰਵਿਦਾਸ, ਭਗਤ ਪੀਪਾ, ਸੰਨਿਆਸੀ ਚੈਤੰਨਿਆ, ਰਾਮਾਨੰਦ, ਭਗਤ ਕਬੀਰ, ਭਗਤ ਧੰਨਾ, ਤੁਕਾ ਰਾਮ, ਨਾਮਦੇਵ, ਤ੍ਰਿਲੋਚਨ, ਭਗਤ ਸੈਣ ਅਤੇ ਭਗਤ ਸਧਨਾ ਬਾਰੇ ਜਾਣਕਾਰੀ ਦਿੱਤੀ ਹੈ। ਇਸ ਲਹਿਰ ਨੇ ਭਾਰਤੀ ਸਮਾਜ ਵਿਚ ਕਿਰਤ, ਗ੍ਰਹਿਸਤ ਅਤੇ ਭਗਤੀ ਦੇ ਸੁਮੇਲ ਵਾਲੀ ਇਕ ਨਵੀਂ ਰੌਸ਼ਨੀ ਪੈਦਾ ਕੀਤੀ। ਇਸ ਤੋਂ ਬਾਅਦ ਸੂਫੀ ਮੱਤ ਦੇ ਦੌਰ ਦਾ ਜ਼ਿਕਰ ਕੀਤਾ ਗਿਆ ਹੈ। ਪੰਜਾਬ ਵਿਚ ਸੂਫੀ ਮੱਤ ਦਾ ਮੁੱਢਲਾ ਪ੍ਰਚਾਰਕ 1092 ਈ. ਵਿਚ ਪੈਦਾ ਹੋਏ ਸਯੀਅਦ ਅਲੀ ਮਖ਼ਦੂਮ ਹੁਜ਼ਵੀਰੀ ਨੂੰ ਮੰਨਿਆ ਗਿਆ ਹੈ, ਜਿਸ ਨੂੰ ਧਾਰਮਿਕ ਸੋਚ ਦੀ ਮਹਾਨਤਾ ਕਾਰਨ 'ਦਾਤਾ ਗੰਜ ਬਖ਼ਸ਼' ਵੀ ਕਿਹਾ ਗਿਆ। ਪੰਜਾਬ ਵਿਚ ਭਗਤੀ ਲਹਿਰ ਅਤੇ ਸੂਫੀ ਮੱਤ ਦੇ ਦੌਰ ਤੋਂ ਬਾਅਦ ਸਿੱਖ ਧਰਮ ਦਾ ਜਨਮ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਹੁੰਦਾ ਹੈ। ਲੇਖਕ ਨੇ ਗੁਰੂ ਜੀ ਦੇ ਜਨਮ, ਬਚਪਨ ਅਤੇ ਪੜ੍ਹਾਈ ਬਾਰੇ ਮੁੱਢਲੀ ਜਾਣਕਾਰੀ ਦਰਜ ਕੀਤੀ ਹੈ। ਇਸ ਦੇ ਨਾਲ ਹੀ ਗੁਰੂ ਜੀ ਦੁਆਰਾ ਰਚੀਆਂ ਗਈਆਂ ਬਾਣੀਆਂ ਤੋਂ ਵੀ ਜਾਣੂੰ ਕਰਵਾਇਆ ਹੈ। ਗੁਰੂ ਜੀ ਦੇ ਸਮੇਂ ਹੀ ਬਾਬਰ, ਇਬਰਾਹੀਮ ਲੋਧੀ ਨੂੰ ਹਰਾ ਕੇ ਦਿੱਲੀ ਦੇ ਤਖਤ 'ਤੇ ਬੈਠਦਾ ਹੈ। ਇਸੇ ਦੌਰ ਨਾਲ ਸੰਬੰਧਤ ਗੁਰੂ ਜੀ ਨੇ 'ਬਾਬਰ ਬਾਣੀ' ਦੀ ਰਚਨਾ ਕੀਤੀ। ਲੇਖਕ ਦਾ ਕਹਿਣਾ ਹੈ, ਬਾਬਰ ਦੇ ਹਮਲੇ ਸਮੇਂ ਪੰਜਾਬ ਵਿਚ ਹੋਈ ਬਰਬਾਦੀ ਦਾ ਹਾਲ ਸਿਰਫ਼ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਬਾਬਰ ਬਾਣੀ' ਵਿਚ ਦਰਜ ਕੀਤਾ ਹੈ, ਹੋਰ ਕਿਸੇ ਸ੍ਰੋਤ ਤੋਂ ਬਾਬਰ ਦੇ ਹਮਲੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਮਿਲਦੀ। (ਪੰਨਾ - 63) ਬਾਬਰ ਦੇ ਹਮਲੇ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੱਤੀ ਗਈ ਹੈ। ਮੁਗ਼ਲ ਵੰਸ਼ ਦੇ ਸ਼ਾਸਕਾਂ ਵਿਚੋਂ ਦਿੱਲੀ ਦੇ ਤਖਤ 'ਤੇ ਬੈਠਣ ਵਾਲਾ ਪਹਿਲਾ ਸ਼ਾਸਕ ਬਾਬਰ, ਦੂਜਾ ਹਮਾਯੂੰ ਅਤੇ ਤੀਜਾ ਅਕਬਰ ਹੋਇਆ ਹੈ। ਲੇਖਕ ਨੇ ਬਾਦਸ਼ਾਹ ਅਕਬਰ ਦੁਆਰਾ ਕੀਤੀਆਂ ਗਤੀਵਿਧੀਆਂ ਤੇ ਚਾਨਣਾ ਪਾਇਆ ਹੈ ਅਤੇ ਇਸ ਦੇ ਨਾਲ ਹੀ ਉਸ ਸਮੇਂ ਦੇ ਪੰਜਾਬ ਬਾਰੇ ਵੀ ਜਾਣਕਾਰੀ ਦਿੱਤੀ ਹੈ। ਬਾਦਸ਼ਾਹ ਅਕਬਰ ਤੋਂ ਬਾਅਦ 1605 ਈ. ਵਿਚ ਜਹਾਂਗੀਰ ਦਿੱਲੀ ਦੇ ਤਖਤ 'ਤੇ ਬੈਠਿਆ। ਇਹੀ ਸਮਾਂ ਸਿੱਖਾਂ ਦੀ ਪਹਿਲੀ ਸ਼ਹੀਦੀ ਦਾ ਸੀ। ਪੰਜਵੇਂ ਗੁਰੂ ਸਾਹਿਬਾਨ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਚ ਸ਼ਹੀਦੀ ਪ੍ਰਾਪਤ ਹੁੰਦੀ ਹੈ। ਗੁਰੂ ਜੀ ਦੀ ਸ਼ਹੀਦੀ ਦੇ ਕਾਰਨ ਬਾਰੇ ਲੇਖਕ ਦਾ ਮੰਨਣਾ ਹੈ ਕਿ ਜਹਾਂਗੀਰ ਦੇ ਵੇਲੇ ਤੱਕ ਸਿੱਖ ਗੁਰੂਆਂ ਖਾਸਕਰ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਦੇ ਪ੍ਰਚਾਰ ਲਈ ਵਿਕਸਤ ਕੀਤੀ ਵਿਵਸਥਾ ਮੁਸਲਮਾਨ ਹਾਕਮਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਗਈ ਸੀ। (ਪੰਨਾ - 70) ਇਸ ਤੋਂ ਇਲਾਵਾ ਲੇਖਕ ਜਹਾਂਗੀਰ ਦੁਆਰਾ ਰਚਿਤ 'ਤੁਜ਼ਕ-ਏ-ਜਹਾਂਗੀਰ' ਦਾ ਜ਼ਿਕਰ ਕਰਦਾ ਹੈ, ਨਾਲ ਹੀ ਛੇਵੇਂ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਜੀ ਦੇ ਜੀਵਨ ਬਾਰੇ ਵਿਚਾਰ ਅੰਕਿਤ ਕੀਤੇ ਗਏ ਹਨ। ਸਿੱਖ ਧਰਮ ਵਿਚ ਵਿਸਾਖੀ ਵਾਲੇ ਦਿਨ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਲੇਖਕ ਨੇ ਇਸ ਦਿਨ ਦੀ ਮਹੱਤਤਾ ਤੋਂ ਜਾਣੂੰ ਕਰਵਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਨੰਦਪੁਰ ਵਿਖੇ ਰੱਖੇ ਗਏ ਸ਼ਾਨਦਾਰ ਸਮਾਗਮ ਦੇ ਦ੍ਰਿਸ਼ ਨੂੰ ਬਿਆਨ ਕੀਤਾ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਉਸ ਦੀ ਮਰ ਚੁੱਕੀ ਆਤਮਾ ਨੂੰ ਜਗਾਉਣ ਲਈ ਜੋ ਫਾਰਸੀ ਵਿਚ ਫਤਿਹ ਦੀ ਚਿੱਠੀ ਲਿਖੀ ਸੀ, ਜਿਸ ਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ। ਇਸ ਸੰਬੰਧੀ ਇਸ ਪੁਸਤਕ ਵਿਚ ਵਿਸਥਾਰ ਸਹਿਤ ਚਰਚਾ ਦੇਖਣ ਨੂੰ ਮਿਲਦੀ ਹੈ। ਸਿੱਖ ਧਰਮ ਵਿਚ ਦਸਵੇਂ ਗੁਰੂ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਪੰਜਾਬ ਵਿਚ ਸਥਾਪਤ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਅਸਲ ਨਾਂਅ ਮਾਧੋ ਦਾਸ ਸੀ। ਉਹ ਤਕਰੀਬਨ 18 ਸਾਲ ਦੀ ਮਿਹਨਤ ਤੋਂ ਬਾਅਦ ਆਪਣੇ ਇਲਾਕੇ ਵਿਚ ਸਿੱਧ ਜੋਗੀ ਵਜੋਂ ਪ੍ਰਸਿੱਧ ਹੋਇਆ। ਉਸ ਇਲਾਕੇ ਦੇ ਲੋਕ ਆਪਣੀਆਂ ਮੰਨਤਾਂ ਪੂਰੀਆਂ ਕਰਵਾਉਣ ਮਾਧੋ ਦਾਸ ਦੇ ਡੇਰੇ ਵਿਚ ਜਾਂਦੇ, ਜੋ ਕਿ ਗੋਦਾਵਰੀ ਨਦੀ ਦੇ ਕੰਢੇ ਸਥਿਤ ਸੀ। ਇਸੇ ਡੇਰੇ ਵਿਚ ਗੁਰੂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਵਿਦਿਆਰਥੀਆਂ ਅੰਦਰ ਨਵੀਂ ਸਮਝ ਦੀ ਜਾਗ ਲਾਉਂਦੇ ਨਿਬੰਧ

**ਡਾ. ਸਰਬਜੀਤ ਸਿੰਘ**

### ਚੋਣਵੇਂ ਪੰਜਾਬੀ ਨਿਬੰਧ

**ਸੰਪਾਦਕ : ਡਾ. ਜੋਗਿੰਦਰ ਸਿੰਘ ਪੁਆਰ,**
**ਡਾ. ਪਰਮਜੀਤ ਸਿੰਘ ਸਿੱਧੂ**
**ਕੁੱਲ ਪੰਨੇ : 88, ਮੁੱਲ : 60 ਰੁਪਏ**
**ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਚੋਣਵੇਂ ਪੰਜਾਬੀ ਨਿਬੰਧ ਪਾਠ-ਪੁਸਤਕ ਵਾਰਤਕ ਰੂਪ ਵਿਚ 15 ਨਿਬੰਧ ਰਚਨਾਵਾਂ ਦਾ ਸੰਗ੍ਰਹਿ ਹੈ। ਵਿਦਿਆਰਥੀ, ਅੱਜ ਦੇ ਸਮੇਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਵੱਖ-ਵੱਖ ਵਰਤਾਰਿਆਂ ਪ੍ਰਤੀ ਸਾਹਿਤਕ ਤੌਰ ਉੱਤੇ ਵੀ ਚੇਤੰਨ ਹੋ ਸਕਣ, ਇਸ ਲਈ ਇਸ ਪਾਠ ਪੁਸਤਕ ਵਿੱਚ ਸ਼ਾਮਲ ਸਾਰੀਆਂ ਰਚਨਾਵਾਂ ਸਮੇਂ ਦੀਆਂ ਹਾਣੀ ਹੋਣ ਦੇ ਨਾਲ-ਨਾਲ ਸਮਾਜ ਦੇ ਪ੍ਰਤੀ ਵਿਦਿਆਰਥੀਆਂ ਅੰਦਰ ਨਵੀਂ ਸਮਝ ਪੇਸ਼ ਕਰਨ ਲਈ ਸਮਰੱਥ ਹੋਈਆਂ ਹਨ। ਪੰਜਾਬੀ ਜਨ ਜੀਵਨ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਆਧਾਰ ਬਣਾ ਕੇ ਪੰਜਾਬੀ ਸਾਹਿਤ ਦੇ ਪ੍ਰਸਿੱਧ ਲੇਖਕਾਂ ਦੀਆਂ ਲਿਖਤਾਂ ਇਸ ਪਾਠ-ਪੁਸਤਕ 'ਚ ਸ਼ਾਮਲ ਹਨ। ਇਸ ਪੁਸਤਕ ਦੇ ਸੰਪਾਦਕ ਵਜੋਂ ਡਾ. ਜੋਗਿੰਦਰ ਸਿੰਘ ਪੁਆਰ ਅਤੇ ਡਾ.ਪਰਮਜੀਤ ਸਿੰਘ ਸਿੱਧੂ ਨੇ ਇਹਨਾਂ ਲਿਖਤਾਂ ਬਾਰੇ ਜੋ ਭੂਮਿਕਾ ਘੜੀ ਹੈ, ਉਹ ਬਹੁਤ ਹੀ ਡੂੰਘੇ ਅਰਥ ਬਿਆਨ ਕਰਦੀ ਹੈ। ਅਸੀਂ ਇਸ ਪੁਸਤਕ ਚਰਚਾ ਵਿਚ ਉਸ ਭੂਮਿਕਾ ਦੇ ਕੁੱਝ ਅੰਸ਼ ਆਪ ਦੇ ਸਾਹਮਣੇ ਰੱਖ ਰਹੇ ਰਹੇ ਹਾਂ। ਵਿਦਿਆਰਥੀਆਂ ਨੂੰ ਇਸ ਸਮੇਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹੋ ਰਹੀਆਂ ਹਨ, ਉਨ੍ਹਾਂ ਪ੍ਰਤੀ ਸੂਖਮ ਨਜ਼ਰੀਆ ਅਤੇ ਸਮਝ ਉਹਨਾਂ ਵਿਚ ਪੈਦਾ ਹੋ ਸਕੇ, ਅਜਿਹੀ ਕੋਸ਼ਿਸ਼ ਇਨ੍ਹਾਂ ਰਚਨਾਵਾਂ ਵਿਚ ਨਜ਼ਰ ਆਉਂਦੀ ਹੈ। ਇਸ ਪਾਠ-ਪੁਸਤਕ ਵਿਚ ਸਭ ਤੋਂ ਪਹਿਲੀ ਲਿਖਤ 'ਕਿਰਤ' ਪੂਰਨ ਸਿੰਘ ਦੀ ਹੈ, ਜਿਸ ਵਿਚ ਉਹ ਵਿਦਿਆਰਥੀਆਂ ਨੂੰ ਸਮਝਾਉਂਦੇ ਹਨ ਕਿ ਜ਼ਿੰਦਗੀ 'ਚ ਮਿਹਨਤ ਕਿੰਨੀ ਜ਼ਰੂਰੀ ਹੈ ਅਤੇ ਹਮੇਸ਼ਾ ਸੱਚੀ-ਸੁੱਚੀ ਕਿਰਤ ਕਰਨਾ ਹੀ ਜ਼ਿੰਦਗੀ ਦੀ ਖੂਬਸੂਰਤੀ ਹੈ। ਪੂਰਨ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕੇ ਜੀਵਨ ਦਾ ਸੱਚ ਕਿਰਤ ਵਿੱਚ ਹੈ ਅਤੇ ਸਾਨੂੰ ਲਗਾਤਾਰ ਜ਼ਿੰਦਗੀ ਵਿਚ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਦੂਜੀ ਲਿਖਤ 'ਘਰ ਦਾ ਪਿਆਰ' ਤੇਜਾ ਸਿੰਘ ਦੀ ਹੈ, ਜਿਸ ਵਿਚ ਉਹ ਲੋਕਾਂ ਨੂੰ ਕਹਿੰਦੇ ਹਨ ਕਿ ਤੁਸੀਂ ਇਸ ਸੰਸਾਰ ਵਿਚ ਰਹਿ ਕੇ ਆਪਣੇ ਘਰ ਦੀ ਅਹਿਮੀਅਤ ਅਤੇ ਪਿਆਰ ਸਦਕਾ ਆਪਣਾ ਮੁੱਲ ਅਤੇ ਕਦਰ ਵਧਾ ਸਕਦੇ ਹੋ। ਤੁਸੀਂ ਘਰ, ਸਮਾਜ ਅਤੇ ਦੇਸ਼ ਪ੍ਰਤੀ ਸਕਾਰਾਤਮਕ ਸੋਚ ਰੱਖ ਕੇ ਅਪਣੇ ਟੀਚੇ ਵੱਲ ਵਧ ਸਕਦੇ ਹੋ। ਲੇਖਕ ਇਸ ਰਚਨਾ ਵਿੱਚ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਕਰਦਾ ਹੋਇਆ ਪ੍ਰੇਰਨਾਤਮਕ ਅਤੇ ਸੁਹਜਮਈ ਭਾਸ਼ਾ ਦੀ ਵਰਤੋਂ ਕਰਦਾ ਹੈ। ਤੀਜੀ ਰਚਨਾ 'ਉਮਰ ਲੰਮੀ ਹੋ ਸਕਦੀ ਹੈ' ਬਾਵਾ ਬਲਵੰਤ ਦੀ ਹੈ। ਉਹ ਮਨੁੱਖ ਨੂੰ ਸੱਚੇ ਆਦਰਸ਼ ਦੀ ਪ੍ਰਾਪਤੀ ਲਈ ਵਿਗਿਆਨਕ ਵਿੱਦਿਆ ਦਾ ਸਹਾਰਾ ਲੈਣ ਅਤੇ ਆਪਣੇ ਆਲੇ-ਦੁਆਲੇ ਝਾਤ ਮਾਰ ਕੇ ਦੇਖਣ ਲਈ ਕਹਿ ਰਹੇ ਹਨ। ਬੱਚਿਆਂ ਨੂੰ ਨਵੀਂਆਂ ਲੀਹਾਂ ਵੱਲ ਤੋਰਨਾ ਪਵੇਗਾ, ਤਾਂ ਜੋ ਉਹ ਕੁਦਰਤ ਅਨੁਸਾਰ ਜੀਵਨ ਜੀ ਸਕਣ। ਲੇਖਕ ਮਨੁੱਖ ਦੀ ਆਤਮਾ ਨੂੰ ਜਾਗਣ ਦੀ ਗੱਲ ਕਰਦਾ ਹੋਇਆ ਉਸ ਅੰਦਰ ਮਿਹਨਤ ਦੀ ਜਾਗ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਚੌਥੀ ਲਿਖਤ 'ਮਨ ਦੀ ਮੌਜ' ਲਾਲ ਸਿੰਘ 'ਕਮਲਾ ਅਕਾਲੀ' ਦੀ ਹੈ, ਜਿਸ ਵਿਚ ਲੇਖਕ ਮਨ ਦੇ ਵਲਵਲਿਆਂ ਦੀ ਗੱਲ ਕਰਦਾ ਹੋਇਆ ਸਮਾਜ ਵਿਚ ਸੱਚੇ-ਸੁੱਚੇ ਅਤੇ ਸਦੀਵੀ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਦੱਸਦਾ ਹੈ। ਲੇਖਕ ਦੱਸਦਾ ਹੈ ਵਿਅਕਤੀ ਮਨ ਦੀ ਕੈਦ ਵਿਚ ਹੈ ਅਤੇ ਸਾਰੀ ਜ਼ਿੰਦਗੀ ਸਰੀਰ ਮਨ ਦੀ ਗੁਲਾਮੀ ਕਰਦਾ ਹੈ। ਲਿਖਤ ਦੀ ਭਾਸ਼ਾ ਸੱਚਮੁੱਚ ਭਾਵਾਂ ਦੀ ਤਰਜਮਾਨੀ ਕਰਦੀ ਹੋਈ ਇਕ ਵੱਖਰਾ ਮਾਹੌਲ ਸਿਰਜਦੀ ਹੈ। ਪੰਜਵੀਂ ਰਚਨਾ 'ਭਾਰਤ ਵਿਚ ਕਲਾ' ਸ ਸ ਅਮੋਲ ਦੀ ਲਿਖੀ ਹੋਈ ਹੈ। ਇਸ ਵਿੱਚ ਲੇਖਕ ਦੱਸਦਾ ਹੈ ਕਿ ਕਲਾ ਅਜਿਹੀ ਮੂਰਤ ਹੈ, ਜੋ ਇਤਿਹਾਸ ਦੇ ਪੰਨਿਆਂ ਵਿਚ ਸਮੋਈ ਹੋਈ ਹੈ। ਇਸ ਲਿਖਤ ਰਾਹੀਂ ਲੇਖਕ ਵੱਖ-ਵੱਖ ਸਮੇਂ ਦੇ ਅਨੁਭਵ ਰਾਹੀ ਭਾਰਤ ਵਿਚ ਕਲਾ ਦੇ ਪਹਿਲੂਆਂ ਦੀ ਮਹੱਤਤਾ ਬਾਰੇ ਦੱਸਦਾ ਹੈ ਕਿ ਸਭਿਅਤਾ ਸਮੇਂ ਦੀ ਪ੍ਰਤੀਨਿਧਤਾ ਕਰਦੀ ਹੈ। ਛੇਵੀਂ ਰਚਨਾ 'ਅੱਥਰੂ', ਬਲਰਾਜ ਸਾਹਨੀ ਦੀ ਹੈ, ਜਿਸ ਵਿੱਚ ਲੇਖਕ ਆਪਣੀ ਜ਼ਿੰਦਗੀ ਵਿਚ ਵਾਪਰੇ ਇੱਕ ਅਜਿਹੇ ਵਰਤਾਰੇ ਦੀ ਗੱਲ ਕਰਦਾ ਹੈ, ਜਿਸ ਵਿਚ ਇੱਕ ਲੜਕਾ ਜਦੋਂ ਉਸ ਨੂੰ ਮਿਲਦਾ ਹੈ ਤਾਂ ਅੱਥਰੂ ਇੱਕ ਅਜਿਹੀ ਸਾਂਝ ਪਾਉਂਦੇ ਹਨ, ਜਿਸ ਨਾਲ ਲੇਖਕ ਦੇ ਸੋਚਣ ਦਾ ਨਜ਼ਰੀਆਂ ਹੀ ਬਦਲ ਜਾਂਦਾ ਹੈ। ਲੇਖਕ ਸਮਾਜ ਵਿਚ ਵਾਪਰ ਰਹੀਆਂ ਹਕੀਕਤਾਂ ਦੇ ਰੂਬਰੂ ਹੰਦਾ ਹੋਇਆ ਜ਼ਿੰਦਗੀ ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਸੱਤਵੀਂ ਲਿਖਤ 'ਪੁਰਾਣਾ ਪੰਜਾਬ' ਡਾ. ਗਿਆਨੀ ਗੁਰਦਿੱਤ ਸਿੰਘ ਦੀ ਹੈ। ਲੇਖਕ ਪੁਰਾਣੇ ਵੇਲੇ ਦੇ ਕੁਝ ਹਵਾਲੇ ਦਿੰਦੇ ਹੋਏ ਆਧੁਨਿਕ ਦੌਰ ਦਾ ਜ਼ਿਕਰ ਕਰਦਾ ਹੈ। ਸਾਰੀ ਲਿਖਤ ਵਿਚਾਰਾਂ ਦੀ ਲੜੀ ਵਿੱਚ ਵੱਖ-ਵੱਖ ਦ੍ਰਿਸ਼ ਸਿਰਜਦੀ ਹੋਈ ਇੱਕ ਨਵੀਂ ਸਭਿਅਤਾ ਵਿਚ ਬਦਲਦੀ ਹੋਈ ਨਜ਼ਰ ਆ ਰਹੀ ਹੈ। ਲੇਖਕ ਨੇ ਬਹੁਤ ਹੀ ਸਰਲ ਤਰੀਕੇ ਨਾਲ ਬਦਲ ਰਹੇ ਵਰਤਾਰਿਆਂ ਦੀ ਚਾਲ ਪੇਸ਼ ਕੀਤੀ ਹੈ। ਅੱਠਵੀਂ ਰਚਨਾ 'ਮੇਰਾ ਕਮਰਾ-ਪਿੱਤਲ ਦੀ ਕੜਾਹੀ' ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਹੈ। ਇਸ ਵਿਚ ਲੇਖਕ ਨੇ ਆਪਣੇ ਨਾਲ ਜੁੜੀ ਹਰ ਇੱਕ ਵਸਤੂ ਦੀ ਮਹੱਤਤਾ ਬਾਰੇ ਦੱਸਿਆ ਹੈ। ਲੇਖਕ ਲਿਖਦਾ ਹੈ ਕਿ ਜ਼ਿੰਦਗੀ ਵਿਚ ਵਿਅਕਤੀ ਆਪਣੀ ਸਪੇਸ ਲਈ ਸੰਘਰਸ਼ ਕਰਦਾ ਹੈ ਅਤੇ ਨਿੱਕੀਆਂ-ਨਿੱਕੀਆ ਚੀਜ਼ਾਂ ਦੀ ਉਸ ਦੀ ਜ਼ਿੰਦਗੀ ਵਿਚ ਵੱਡੀ ਅਹਿਮੀਅਤ ਹੁੰਦੀ ਹੈ। ਰਚਨਾ ਸਧਾਰਨ ਭਾਸ਼ਾ ਸ਼ੈਲੀ ਵਿੱਚ ਲਿਖੀ ਹੋਈ ਹੈ। ਨੌਵੀਂ ਰਚਨਾ 'ਦਾਸ ਮਲੂਕਾ ਯੂੰ ਕਹੇ' ਸੂਬਾ ਸਿੰਘ ਦੀ ਹੈ। ਇਸ ਵਿੱਚ ਲੇਖਕ ਜ਼ਿੰਦਗੀ ਵਿਚ ਆਪਣੇ ਨਾਲ ਵਾਪਰੇ ਹੋਏ ਵਰਤਾਰਿਆਂ ਦਾ ਜ਼ਿਕਰ ਕਰਦਾ ਹੈ। ਮਕਾਨਕੀ ਜ਼ਿੰਦਗੀ ਵਿਚ ਸਿਰਫ ਆਪਣੇ ਤੱਕ ਸੀਮਤ ਅਤੇ ਆਪਣੀ ਸੋਚ ਅਤੇ ਨਜ਼ਰੀਏ ਨੂੰ ਸਭ ਤੋਂ ਸਹੀ ਮੰਨਣਾ ਆਧਨਿਕ ਵਿਅਕਤੀ ਦੀ ਵੱਡੀ ਪ੍ਰਾਪਤੀ ਹੈ। ਲੇਖਕ ਇਸ ਲਿਖਤ ਵਿਚ ਜ਼ਿੰਦਗੀ ਦੀ ਅਹਿਮੀਅਤ ਦੇ ਨਵੇਂ ਅਰਥਾਂ ਦੀ ਤਲਾਸ਼ ਕਰਨ ਦੀ ਕਲਪਨਾ ਕਰਦਾ ਹੈ। ਦਸਵੀਂ ਲਿਖਤ 'ਇੰਗਲੈਂਡ ਦਾ ਸੋਗੀ ਸੋਮਵਾਰ' ਪ੍ਰੀਤਮ ਸਿੱਧੂ ਦੀ ਹੈ, ਜਿਸ ਵਿੱਚ ਲੇਖਕ ਪਰਵਾਸ ਵਿੱਚ ਰਹਿ ਰਹੇ ਨੌਜਵਾਨਾਂ ਦੀ ਮਨੋਸਥਿਤੀ ਅਤੇ ਕੰਮ ਦੇ ਬੋਝਲ ਹੋਣ ਦਾ ਜ਼ਿਕਰ ਕਰਦਾ ਹੈ। ਲੇਖਕ ਹਫਤੇ ਦੇ ਪਹਿਲੇ ਦਿਨ (ਸੋਮਵਾਰ) ਮਸ਼ੀਨ ਬਣੇ ਮਨੁੱਖ ਦੀ ਹਾਲਤ ਅਤੇ ਤਰਾਸਦੀ ਦਾ ਖੁੱਲ੍ਹ ਕੇ ਜ਼ਿਕਰ ਕਰਦਾ ਹੈ। ਨਿਬੰਧ ਦੀ ਭਾਸ਼ਾ ਰੌਚਕ ਹੈ ਅਤੇ ਇਸ ਵਿਚ ਇਕ ਅਜਿਹੇ ਸੰਕਟ ਦੀ ਸਚਾਈ ਬਿਆਨ ਕੀਤੀ ਗਈ ਹੈ, ਜਿਸ ਤੋਂ ਕੋਈ ਵੀ ਕਿਰਤੀ ਮੁਨਕਰ ਨਹੀਂ ਹੋ ਸਕਦਾ। ਗਿਆਰਵੀਂ ਲਿਖਤ 'ਸੜਕ ਪਾਰ ਕਰਦਾ ਬੁਢੇਪਾ' ਕੁਲਬੀਰ ਸਿੰਘ ਕਾਂਗ ਦੀ ਹੈ, ਜਿਸ ਵਿਚ ਲੇਖਕ ਜ਼ਿੰਦਗੀ ਦੇ ਅੰਤਮ ਪੜਾਅ 'ਤੇ ਪਹੁੰਚੇ ਵਿਅਕਤੀ ਦੇ ਨਜ਼ਰੀਏ ਤੋਂ ਆਪਣੀ ਜ਼ਿੰਦਗੀ ਦੀ ਕਲਪਨਾ ਕਰਦਾ ਹੈ। ਬੁਢੇਪੇ ਦੇ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਲੇਖਕ ਆਪਣੀ ਵਾਰੀ ਦੀ ਉਡੀਕ ਕਰਦਾ ਹੋਇਆ ਵਰਤਮਾਨ ਵਿੱਚ ਵਾਪਰ ਰਹੇ ਘਟਨਾਕ੍ਰਮ ਬਾਰੇ ਕਲਪਨਾ ਕਰਦਾ ਹੈ। ਬਾਰ੍ਹਵੀਂ ਰਚਨਾ 'ਅੰਡੇਮਾਨ ਨਿਕੋਬਾਰ ਦੀ ਧਰਤੀ 'ਤੇ' ਬਰਜਿੰਦਰ ਸਿੰਘ ਦੀ ਹੈ। ਇਸ ਲਿਖਤ ਵਿਚ ਲੇਖਕ ਅਜਿਹੀ ਧਰਤੀ ਦੀ ਗੱਲ ਕਰਦਾ ਹੈ, ਜੋ ਕਿ ਬੁਰੇ ਅਤੇ ਕਾਲੇਪਾਣੀ ਵਰਗੇ ਮੈਟਾਫਰ ਅਪਣਾ ਕੇ ਕੁਦਰਤ ਦੇ ਸਭ ਤੋਂ ਵਧੀਆ ਮਾਹੌਲ ਅਤੇ ਅਸਲੀਅਤ ਦੇ ਨੇੜੇ ਹੈ। ਲੇਖਕ ਅੰਗਰੇਜ਼ ਬਸਤੀਵਾਦੀ ਸੋਚ ਅਧੀਨ ਇਸ ਧਰਤੀ ਦੇ ਕੁਦਰਤੀਪਣ ਦੇ ਅਕਸ ਨੂੰ ਖਰਾਬ ਕਰਨ ਵਾਲੀ ਸੋਚ ਦਾ ਪਰਦਾ ਫਾਸ਼ ਕਰਦਾ ਹੈ। ਤੇਰ੍ਹਵੀਂ ਲਿਖਤ 'ਚਿੱਟੀਆਂ ਰਾਤਾਂ ਦੇ ਸ਼ਹਿਰ ਵਿਚ' ਹਰਭਜਨ ਸਿੰਘ ਹਲਵਾਰਵੀ ਦੀ ਹੈ। ਇਸ ਵਿੱਚ ਲੇਖਕ ਵਿਦੇਸ਼ੀ ਧਰਤੀ ਬਾਰੇ ਆਪਣੀ ਯਾਤਰਾ ਦੇ ਰੂਪ ਵਿਚ ਰੂਸ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਦੀ ਰੰਗੀਨ ਜ਼ਿੰਦਗੀ ਬਾਰੇ ਦੱਸਦਾ ਹੈ। ਲੇਖਕ ਨੇ ਆਪਣੀ ਧਰਤੀ ਪ੍ਰਤੀ ਅਥਾਹ ਪ੍ਰੇਮ ਦੇ ਬਾਵਜੂਦ ਵਿਦੇਸ਼ੀ ਧਰਤੀ ਦੀ ਮਹਿਮਾਨ-ਨਿਵਾਜ਼ੀ ਅਤੇ ਦਿਲਕਸ਼ ਨਜ਼ਾਰਿਆਂ ਦੀ ਖਿੱਚ ਨੂੰ ਸ਼ਬਦਾਂ ਦਾ ਰੂਪ ਦਿੱਤਾ ਹੈ। ਚੌਦਵੀਂ ਰਚਨਾ 'ਦੋਸਤੀ ਦੀ ਮਹਿਕ' ਸਾਥੀ ਲੁਧਿਆਣਵੀ ਦੀ ਹੈ, ਜਿਸ ਵਿੱਚ ਲੇਖਕ ਅਜਿਹੇ ਲੋਕਾਂ ਦੀ ਰੂਹਦਾਰੀ ਪੇਸ਼ ਕਰ ਰਿਹਾ ਹੈ, ਜੋ ਇਨਸਾਨੀਅਤ ਕਰਕੇ ਇੱਕ ਵਿਦੇਸ਼ੀ ਧਰਤੀ 'ਤੇ ਲੇਖਕ ਦੀ ਮਦਦ ਕਰਦੇ ਹਨ। ਲੇਖਕ ਉਹਨਾਂ ਲੋਕਾਂ ਦੀ ਦਰਿਆਦਿਲੀ ਤੋਂ ਬਹੁਤ ਪ੍ਰਭਾਵਤ ਹੁੰਦਾ ਹੈ ਅਤੇ ਚੰਗੀਆਂ ਯਾਦਾਂ ਦੇ ਰੂਪ ਵਿਚ ਹਮੇਸ਼ਾ ਆਪਣੇ ਦਿਲ 'ਚ ਸਮੋ ਕੇ ਰੱਖਦਾ ਹੈ। ਆਖਰੀ ਰਚਨਾ 'ਖਿਡਾਰੀਆਂ ਦੇ ਵਹਿਮ' ਸਰਵਣ ਸਿੰਘ ਦੀ ਹੈ। ਇਸ ਵਿਚ ਲੇਖਕ ਵੱਖ-ਵੱਖ ਦੇਸ਼ਾਂ ਦੇ ਖਿਡਾਰੀਆਂ ਦੇ ਵੱਖ-ਵੱਖ ਵਹਿਮਾਂ ਦਾ ਜ਼ਿਕਰ ਕਰਦਾ ਹੈ। ਲੇਖਕ ਦੱਸਦਾ ਹੈ ਬਹੁਤ ਸਾਰੇ ਖਿਡਾਰੀ ਆਪਣੀ ਸਫਲਤਾ ਪਿੱਛੇ ਕੁਝ ਵਹਿਮ ਅਤੇ ਵਿਸ਼ਵਾਸ ਮੰਨਦੇ ਹਨ ਅਤੇ ਵਾਰ-ਵਾਰ ਅਜਿਹੀ ਮਨੋਸਥਿਤੀ ਵਿਚ ਵਿਚਰਦੇ ਹਨ। ਅੱਜ ਦੇ ਸਮੇਂ ਵਿਚ ਖਿਡਾਰੀਆਂ 'ਚ ਅਜਿਹੀ ਮਾਨਸਿਕਤਾ ਦੀ ਨਵੀਂ ਵਿਆਖਿਆ ਦੇ ਪ੍ਰਤੀ ਇਸ ਲੇਖ ਵਿਚ ਫਿਕਰਮੰਦੀ ਜ਼ਾਹਰ ਕੀਤੀ ਗਈ ਹੈ। ਉਪਰੋਕਤ ਲੇਖਕਾਂ ਦੀਆਂ ਲਿਖਤਾਂ ਵੱਖ-ਵੱਖ ਵਿਸ਼ਿਆਂ ਨੂੰ ਛੂੰਹਦੀਆਂ ਹੋਈਆਂ ਸਮਾਜਕ ਵਰਤਾਰਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਰਚਨਾਵਾਂ ਵਿਦਿਆਰਥੀਆਂ ਅੱਗੇ ਅਜਿਹੇ ਵੱਡੇ ਵਿਸ਼ੇ ਰੱਖਦੀਆਂ ਹਨ, ਜਿਨ੍ਹਾਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

ਪੁਸਤਕ ਦੇ ਅਖੀਰ ਵਿਚ ਅਭਿਆਸ ਲਈ ਲੇਖਕ ਬਾਰੇ ਅਤੇ ਲੇਖ ਬਾਰੇ ਬਹੁਤ ਹੀ ਢੁਕਵੀਂ ਜਾਣਕਾਰੀ ਦਿੱਤੀ ਗਈ ਹੈ। ਇਸ ਪੁਸਤਕ ਦੇ ਸੰਪਾਦਕਾਂ ਨੇ ਬਹੁਤ ਹੀ ਮਹੱਤਵਪੂਰਨ ਕਾਰਜ ਕਰਕੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਤ ਵੱਖ-ਵੱਖ ਲਿਖਤਾਂ ਨੂੰ ਇਕੱਤਰ ਕਰਕੇ ਵਿਦਿਆਰਥੀਆਂ ਦੇ ਸਨਮੁੱਖ ਪੇਸ਼ ਕੀਤਾ ਹੈ।

# ਸੱਜਰਾ ਸਾਹਿਤ

### ਲੇਲ੍ਹੜੀਆਂ

**(ਮਿੰਨੀ ਹਾਸ-ਵਿਅੰਗ)**
**ਮਾਲਵਿੰਦਰ ਸ਼ਾਇਰ**
**ਪੰਨੇ : 88, ਕੀਮਤ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਮਿੰਨੀ ਹਾਸ-ਵਿਅੰਗ ਸੰਗ੍ਰਹਿ 'ਲੇਲ੍ਹੜੀਆਂ' ਦਾ ਖਰੜਾ ਪੜ੍ਹਦਿਆਂ ਮੈਨੂੰ ਉਸ ਦੀਆਂ ਨਿੱਕੀਆਂ ਪਰ ਤਿੱਖੀਆਂ ਹਾਸ-ਵਿਅੰਗ ਲਿਖਤਾਂ ਖੰਡ ਦੀ ਚਾਸ਼ਨੀ ਵਿੱਚ ਲੁਕੋਈਆਂ ਅਜਿਹੀਆਂ ਕੌੜੀਆਂ ਗੋਲੀਆਂ ਵਰਗੀਆਂ ਲੱਗਦੀਆਂ ਹਨ, ਜੋ ਅੰਦਰੋਂ ਕੌੜੀਆਂ ਹੋਣ 'ਤੇ ਵੀ ਮਨੁੱਖੀ ਸਿਹਤ ਲਈ ਬਹੁਤ ਗੁਣਕਾਰੀ ਹੁੰਦੀਆਂ ਹਨ।

ਲੇਖਕ ਮਿੱਠੀਆਂ ਵਿਅੰਗ ਚੋਭਾਂ ਦੇ ਨਸ਼ਤਰ ਨਾਲ ਸਮਾਜਿਕ ਬੁਰਾਈਆਂ ਦਾ ਅਪਰੇਸ਼ਨ ਕਰਨ ਦੇ ਸੰਬੰਧ ਵਿੱਚ ਚੰਗੀ ਮੁਹਾਰਤ ਰੱਖਦਾ ਲੱਗਦਾ ਹੈ। ਉਸ ਕੋਲ ਕੌੜੀ ਗੱਲ ਨੂੰ ਹਾਸੇ ਵਿੱਚ ਪਾ ਕੇ ਉਸ ਦੀ ਕੜਵਾਹਟ ਘਟਾਉਣ ਤੇ ਹਸਾਉਣ ਦੀ ਕਲਾ ਹੈ। ਜੇ ਉਸ ਵੱਲੋਂ ਵਰਤੀਆਂ ਵਿਅੰਗੀ ਚੋਭਾਂ ਸਮਕਾਲੀ ਵਰਤਾਰਿਆਂ ਪ੍ਰਤੀ ਉਸ ਦੀ ਅਸਹਿਮਤੀ ਦਾ ਪ੍ਰਗਟਾਵਾ ਕਰਦੀਆਂ ਹਨ ਤਾਂ ਇਨ੍ਹਾਂ ਨਾਲ ਜੁੜਿਆ ਹਾਸਾ ਇਸ ਅਸਹਿਮਤੀ ਦੀ ਸੁਰ ਨੂੰ ਏਨਾ ਤਿੱਖਾ ਨਹੀਂ ਹੋਣ ਦਿੰਦਾ ਕਿ ਸਥਿਤੀ ਤਣਾਓ ਵਾਲੀ ਬਣ ਜਾਵੇ।

ਉਸ ਦੀਆਂ ਵਿਅੰਗੀ ਚੋਭਾਂ ਛਿਲਤਰ ਵਾਂਗ ਪਾਠਕਾਂ ਦੀ ਮਾਨਸਿਕਤਾ ਵਿੱਚ ਪੁੜਦੀਆਂ ਜ਼ਰੂਰ ਹਨ, ਪਰ ਮੱਠੀ ਤੇ ਮਿੱਠੀ ਚੀਸ ਦੇ ਨਾਲ ਉਨ੍ਹਾਂ ਨੂੰ ਇਹ ਅਹਿਸਾਸ ਵੀ ਕਰਵਾਉਂਦੀਆਂ ਹਨ ਕਿ ਲੇਖਕ ਦੀ ਕਿਸੇ ਨਾਲ ਨਿੱਜੀ ਰੰਜਿਸ਼ ਨਹੀਂ ਹੈ, ਸਗੋਂ ਉਹ ਬਿਨਾਂ ਵੱਡੀ ਚੀਰ-ਫਾੜ ਤੋਂ ਇਨ੍ਹਾਂ ਸਮਾਜਿਕ ਬੁਰਾਈਆਂ ਦਾ ਅਪਰੇਸ਼ਨ ਕਰਨਾ ਚਾਹੁੰਦਾ ਹੈ।

-ਭੂਮਿਕਾ 'ਚੋਂ

### ਭੁਲਿਓ ਨਾ ਕੁਰਬਾਨੀ

**(ਧਾਰਮਿਕ ਗੀਤ ਅਤੇ ਵਾਰਾਂ)**
**ਰਤਨ ਟਾਹਲਵੀ**
**ਸਫੇ : 160, ਮੁੱਲ : 200 ਰੁਪਏ**
**ਮਿ. ਸਿੰਘ ਪਬਲੀਕੇਸ਼ਨ, ਬਠਿੰਡਾ**




ਇਸ ਸੰਗ੍ਰਹਿ ਵਿੱਚ ਸ਼ਾਮਲ ਮੱਖਣ ਸ਼ਾਹ ਲੁਬਾਣਾ, ਨੌਂਵਾਂ ਨਾਨਕ, ਸ਼ਹੀਦ ਭਾਈ ਤਾਰੂ ਸਿੰਘ, ਸ਼ਹੀਦ ਮਤੀ ਦਾਸ, ਸ਼ਹੀਦ ਭਾਈ ਦਿਆਲਾ ਜੀ, ਭਾਈ ਜੈਤਾ ਜੀ, ਲੱਖੀ ਸ਼ਾਹ ਵਣਜਾਰਾ, ਛੋਟੇ ਸਾਹਿਬਜ਼ਾਦੇ, ਹਰੀ ਸਿੰਘ ਨਲੂਆ, ਸਾਕਾ ਨਨਕਾਣਾ ਸਾਹਿਬ ਅਤੇ ਧਰਤੀ ਪੰਜਾਬ ਦੀ ਵਰਗੀਆਂ ਰਚਨਾਵਾਂ ਦਾ ਪਾਠ ਕਰਦਿਆਂ ਬਿੰਬਾਂ ਅਤੇ ਤਸਬੀਹਾਂ ਸੰਗ ਲਬਰੇਜ਼ ਸ਼ਾਇਰੀ ਵੀ ਸ਼ਬਦ ਜੜਤ ਅਤੇ ਸੁਹਜ-ਸਵਾਦ ਪੱਖੋਂ ਕਲਮਕਾਰ ਦੀ ਵਿਦਵਤਾ ਦੀ ਕਾਇਲ ਹੋਈ ਜਾਪਦੀ ਹੈ। ਉਹ ਪਲ ਲੇਖਕ ਵਾਸਤੇ ਬੇਸ਼ਕੀਮਤੀ ਹੁੰਦੇ ਹਨ ਜਦੋਂ ਰਚਨਾ ਪਾਠਕ ਜਾਂ ਸਰੋਤੇ ਨੂੰ ਆਪਣੇ ਨਾਲ ਲੈ ਤੁਰੇ। ਇਨ੍ਹਾਂ ਰਚਨਾਵਾਂ ਦੇ ਪਾਠ ਦੌਰਾਨ ਮੈਂ ਵੀ ਕੁਝ ਅਜਿਹੇ ਹੀ ਵੱਖਰੇ ਅਨੁਭਵ ਵਿੱਚੋਂ ਲੰਘਿਆ।

-ਪੁਸਤਕ 'ਚੋਂ

### ਬੋਲ ਰਹੀ ਚੁੱਪ

**(ਕਵਿਤਾਵਾਂ)**
**ਰਾਜਵਿੰਦਰ ਵਿਰਕ**
**ਸਫੇ : 80, ਮੁੱਲ : 160 ਰੁਪਏ**
**ਆਜ਼ਾਦ ਪਬਲੀਕੇਸ਼ਨਜ਼, ਪਟਿਆਲਾ**




ਸਾਹਿਤ ਦੀ ਹਰ ਵਿਧਾ-ਵੰਨਗੀ ਵਿੱਚ ਬੇਸ਼ੱਕ 'ਸੰਪੂਰਨਤਾ' ਦੀ ਗੁੰਜਾਇਸ਼ ਬਣੀ ਹੀ ਰਹਿੰਦੀ ਹੈ, ਫਿਰ ਵੀ ਸਾਡੇ ਅਜ਼ੀਜ਼ ਨੌਜਵਾਨ ਸ਼ਾਇਰ ਵਿਰਕ ਨੇ 'ਬੋਲ ਰਹੀ ਚੁੱਪ' ਜ਼ਰੀਏ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਵਿੱਚ ਸਕਾਰਾਤਮਕ ਉਪਰਾਲਾ ਜਾਂ ਉੱਦਮ ਕੀਤਾ ਹੈ। ਖਰੜੇ ਦੇ ਰੂਪ ਵਿੱਚ ਮੈਂ ਸਾਰੀਆਂ ਕਵਿਤਾਵਾਂ ਪੜ੍ਹੀਆਂ-ਵਾਚੀਆਂ ਹਨ। ਮੈਨੂੰ ਇਸ ਸੰਵੇਦਨਸ਼ੀਲ ਕਵੀ ਅੰਦਰ ਛੁਪੀਆਂ ਕਾਫ਼ੀ ਤਸੱਲੀਬਖਸ਼ ਸੰਭਾਵਨਾਵਾਂ ਨਜ਼ਰ ਆਈਆਂ ਹਨ। ਵਿਰਕ ਮਾਂ ਬੋਲੀ ਪੰਜਾਬੀ ਦੇ ਨਾਲ ਨਾਲ ਇਤਿਹਾਸ-ਮਿਥਿਹਾਸ, ਰਾਜਨੀਤੀ, ਆਪਣੇ ਅਮੀਰ ਸੱਭਿਆਚਾਰ ਤੋਂ ਵੀ ਨਾ ਵਾਕਿਫ ਨਹੀਂ। ਉਸ ਨੇ ਤਾਂ ਅੰਗਰੇਜ਼ੀ ਸਾਹਿਤ ਦਾ ਵੀ ਗਹਿਨ ਅਧਿਐਨ ਕੀਤਾ ਹੋਇਆ ਹੈ। ਇਉਂ ਕਵਿਤਾਵਾਂ ਵਿੱਚ ਵੰਨ ਸੁਵੰਨਤਾ ਆਉਣੀ ਸੁਭਾਵਿਕ ਹੋ ਨਿੱਬੜਦੀ ਹੈ।

-ਬੈਕ ਕਵਰ ਤੋਂ

# ਪੁਸਤਕ ਰੀਵਿਊ

### ਰੂਹ ਦਾ ਸਾਲਣੁ

**(ਵਾਰਤਕ)**
**ਮੋਹਨ ਗਿੱਲ**
**ਪੰਨੇ: 232, ਮੁੱਲ: 395 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਕੈਨੇਡਾ ਵਾਸੀ ਮੋਹਨ ਗਿੱਲ ਮੂਲ ਰੂਪ ਵਿੱਚ ਕਵੀ ਹੈ। ਰੂਹ ਦਾ ਸਾਲਣੁ (ਵਾਰਤਕ) ਤੋਂ ਪਹਿਲਾਂ ਉਸ ਨੇ ਗਿਰਝਾਂ ਦੀ ਹੜਤਾਲ, ਬਣਵਾਸ ਤੋਂ ਬਾਅਦ, ਮੋਕਸ਼, ਸੈਲਫੀ, ਇੱਕ ਹੋਰ ਮਹਾਂਭਾਰਤ (ਕਾਵਿ ਸੰਗ੍ਰਹਿ), ਨਮਕੀਨ ਰਸਗੁੱਲੇ, ਕੁੱਤੇ ਦੀ ਤੀਰਥ ਯਾਤਰਾ, ਰੱਬ ਦੌਰੇ 'ਤੇ ਗਿਆ (ਵਿਅੰਗ ਸੰਗ੍ਰਹਿ), ਤ੍ਰੇਲ਼ ਤੁਪਕੇ, ਪਵਣੁ (ਹਾਇਕੂ), ਪਰਵਾਸੀ ਸਾਹਿਤ ਵਿਸ਼ਲੇਸ਼ਣ (ਸੰਪਾਦਤ ਆਲੋਚਨਾ) ਅਤੇ ਕੁਝ ਸੰਪਾਦਤ ਕਾਵਿ ਸੰਗ੍ਰਹਿ ਪੁਸਤਕਾਂ ਸਾਹਿਤ ਜਗਤ ਨੂੰ ਦਿੱਤੀਆਂ ਹਨ। ਵਰਨਣਯੋਗ ਹੈ ਕਿ ਉਸ ਦਾ ਕਾਵਿ ਸੰਗ੍ਰਹਿ 'ਮੋਕਸ਼' ਹਿੰਦੀ ਵਿੱਚ ਵੀ ਛਪ ਚੁੱਕਾ ਹੈ।

'ਰੂਹ ਦਾ ਸਾਲਣੁ' ਵਾਰਤਕ ਪੁਸਤਕ ਦੇ ਸਮਰਪਣ ਵਿੱਚ ਮੋਹਨ ਗਿੱਲ ਨੇ ਲਿਖਿਆ ਹੈ, 'ਉਨ੍ਹਾਂ ਸਭ ਸਿਆਣਿਆਂ ਦੇ ਨਾਂਅ, ਜਿਨ੍ਹਾਂ ਪਾਸੋਂ ਗਿਆਨ ਹਾਸਲ ਕਰਕੇ ਮੈਂ ਇਸ ਪੁਸਤਕ ਵਿੱਚ ਕਲਮਬੰਦ ਕੀਤਾ ਹੈ।'

ਲੇਖਕ ਦੇ ਉਕਤ ਦਰਜ ਕਥਨ ਅਨੁਸਾਰ ਇਸ ਪੁਸਤਕ ਵਿੱਚ ਦਰਜ ਵਾਰਤਕ ਸਿਆਣਿਆਂ ਪਾਸੋਂ ਗ੍ਰਹਿਣ ਕੀਤਾ ਗਿਆਨ ਹੈ। ਉਸ ਦੀ ਵਾਰਤਕ ਸ਼ੁਰੂ ਹੋਣ ਦੇ ਨਾਲ਼ ਹੀ ਪਲਕ ਝਲਕਾਰੇ ਵਿੱਚ ਆਪਣੀ ਗੱਲ ਕਹਿ ਕੇ ਖ਼ਤਮ ਹੋ ਜਾਂਦੀ ਹੈ। ਇੱਕ-ਦੋ ਜਾਂ ਦੋ-ਚਾਰਾਂ ਵਾਕਾਂ ਵਿੱਚ ਹੀ, ਜਿਵੇਂ; 'ਜਣੇ-ਖਣੇ ਦਾ ਦੋਸਤ ਕਿਸੇ ਦਾ ਵੀ ਦੋਸਤ ਨਹੀਂ ਹੁੰਦਾ' ਤੇ 'ਲੋਕਾਂ ਨੇ ਮੇਰੇ ਪੈਰਾਂ ਥੱਲਿਓਂ ਜ਼ਮੀਨ ਕੀ ਖਿੱਚੀ ਮੈਂ ਹਵਾ ਵਿੱਚ ਉੱਡਣ ਲੱਗਿਆ। ਨਿਰਾਸ਼ ਨਹੀਂ ਹੋਣਾ, ਇਹ ਸਭ ਨਾਲ਼ ਹੋ ਸਕਦਾ ਹੈ, ਤੁਹਾਡੇ ਨਾਲ਼ ਵੀ।' ਇਸੇ ਤਰ੍ਹਾਂ, ' ਜੀਵਨ ਵਿੱਚ ਆਮ ਲੋਕ ਵੱਧ ਬੋਲਦੇ ਹਨ, ਖਾਸ ਲੋਕ ਘੱਟ' ਤੇ 'ਆਪਣੇ ਮਨ ਦੇ ਕੰਪਿਊਟਰ ਵਿੱਚੋਂ ਅੱਗੇ ਵਧਣ ਤੋਂ ਰੋਕਣ ਵਾਲ਼ੇ ਸਾਰੇ ਐਪਾਂ ਨੂੰ ਡਲੀਟ ਕਰ ਦਿਓ।'

ਇਸ ਤਰ੍ਹਾਂ ਇਹ ਵਾਰਤਕ ਬਿਰਤਾਂਤ ਨਹੀਂ ਸਿਰਜਦੀ। ਵਿਚਾਰ ਦੀ ਗਹਿਰਾਈ ਤੱਕ ਉਤਰ ਕੇ ਲੁਪਤ ਹੋ ਜਾਂਦੀ ਹੈ। ਮੋਹਨ ਗਿੱਲ ਦੀ ਇਹ ਵਾਰਤਕ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਪਹਾੜ ਦੀ ਉੱਚੀ ਚੋਟੀ ਤੋਂ ਸਾਫ, ਸਵੱਛ ਤੇ ਨਿਰਮਲ ਪਾਣੀ ਦੀ ਵੇਗਮਈ ਵਹਿੰਦੀ ਧਾਰਾ ਹੇਠ ਆਉਂਦਿਆਂ ਹੀ ਚਸ਼ਮੇ ਵਿੱਚ ਸਮਾ ਗਈ ਹੋਵੇ। ਇਸ ਪੁਸਤਕ ਦੇ ਹਰੇਕ ਪੰਨੇ 'ਤੇ ਛਪੇ ਚਿੱਤਰ ਵੀ ਬਹੁਤ ਕੁਝ ਕਹਿੰਦੇ ਜਾਪਦੇ ਹਨ।

ਪੁਸਤਕ ਦਾ ਸਿਰਲੇਖ 'ਰੂਹ ਦਾ ਸਾਲਣੁ' ਪੜ੍ਹਦਿਆਂ ਸੂਫੀ ਸੰਤ ਸ਼ਾਹ ਹੁਸੈਨ ਦੀ ਰਚਨਾ 'ਦੁੱਖਾਂ ਦੀ ਰੋਟੀ, ਸੂਲ਼ਾਂ ਦਾ ਸਾਲਨ' ਝੱਟ ਚੇਤੇ ਦੀ ਚੰਗੇਰ ਵਿੱਚ ਆ ਪ੍ਰਗਟ ਹੋਈ। ਪੱਛਮੀ ਪੰਜਾਬ ਵਿੱਚ ਵਸਦੇ ਸਾਡੇ ਪੰਜਾਬੀ ਲੋਕ ਆਪਣੀ ਗੱਲਬਾਤ ਵਿੱਚ ਖਾਣ-ਪੀਣ ਦਾ ਜ਼ਿਕਰ ਕਰਦਿਆਂ ਅਕਸਰ 'ਸਾਲਣ' ਸ਼ਬਦ ਇਸਤੇਮਾਲ ਕਰਦੇ ਹਨ। ਲੇਖਕ ਵੱਲੋਂ ਸਾਲਣ ਸ਼ਬਦ ਲਿਖਦਿਆਂ ਲੱਲੇ ਦੇ ਪੈਰ ਵਿੱਚ ਬਿੰਦੀ ਪਾਈ ਗਈ ਹੈ, ਜੋ ਭਾਸ਼ਾ ਦੀ ਸ਼ੁੱਧਤਾ ਦੇ ਵਿਸ਼ੇ ਪੱਖੋਂ ਵਿਚਾਰਨਯੋਗ ਨੁਕਤਾ ਹੈ। ਮੋਹਨ ਗਿੱਲ ਦੀ ਇਹ ਵਾਰਤਕ ਪੁਸਤਕ ਉਸ ਸਮੁੰਦਰ ਵਰਗੀ ਹੈ, ਜਿਸ ਨੇ ਆਪਣੇ ਗਰਭ ਵਿੱਚ ਅਸੰਖ ਹੀਰੇ, ਪੰਨੇ, ਲਾਲ ਤੇ ਮੋਤੀ ਸੰਭਾਲ਼ੇ ਹੋਏ ਹੋਣ।

**— ਸੁਰਜੀਤ ਸੁਮਨ**

### ਨਾਨਕ ਦਰਸ਼ਨ ਤੇ ਸਹਿਜ ਸੁਭਾਅ

**(ਕਾਵਿ ਨਾਟਕ)**
**ਸ਼ਾਇਰ-ਚਰਨ ਸਿੰਘ**
**ਪੰਨੇ-139, ਮੁੱਲ-350 ਰੁਪਏ**
**ਕਾਵਿ ਸ਼ਾਸਤਰ ਪਰਵਾਸੀ ਖੋਜ ਕੇਂਦਰ ਫਗਵਾੜਾ**

ਚਰਨ ਸਿੰਘ ਪਰਵਾਸੀ ਸ਼ਾਇਰ ਹੈ ।ਉਹ 1980 ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ।ਇਧਰ ਪੰਜਾਬ ਵਿਚ ਉਸ ਦਾ ਜੱਦੀ ਪਿੰਡ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਹੈ । ਉਹ ਪੰਜਾਬੀ ਸ਼ਾਇਰੀ ਲੰਮੇ ਸਮੇਂ ਤੋਂ ਕਰ ਰਿਹਾ ਹੈ । ਇਹ ਪੁਸਤਕ ਦੋ ਕਾਵਿ ਨਾਟਕਾਂ ਦੀ ਹੈ । ਦੋਨੋਂ ਕਾਵਿ ਨਾਟਕ ਵੱਖ-ਵੱਖ ਪ੍ਰਵਿਰਤੀਆਂ ਦੇ ਹਨ । ਨਾਨਕ ਦਰਸ਼ਨ ਕਾਵਿ ਨਾਟਕ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਤੇ ਗੁਰਬਾਣੀ ਸਿਧਾਂਤ ਦਾ ਜ਼ਿਕਰ ਦੋ ਪਾਤਰਾਂ ਦੀ ਜ਼ੁਬਾਨੀ ਹੈ। ਚਰਨ ਸਿੰਘ ਦੀਆਂ ਲਿਖੀਆਂ ਕਿਤਾਬਾਂ ਦੀ ਲੰਮੀ ਸੂਚੀ ਇਸ ਕਿਤਾਬ ਵਿਚ ਹੈ । ਸ਼ਾਇਰ ਦੀਆਂ ਕਾਵਿ ਕਿਤਾਬਾਂ ਦੀ ਵੰਨਗੀ ਵੀ ਵੱਖੋ-ਵੱਖਰੀ ਹੈ। ਇਸ ਵਿਚ ਲੰਮੀ ਕਵਿਤਾ, ਪ੍ਰਗੀਤਕ ਕਵਿਤਾ, ਲੋਕ ਟੱਪੇ ਹਨ । ਬੋਲ-ਕਬੋਲ ਕਿਤਾਬ ਦੇ ਪੰਜ ਉਪਭਾਗ ਹਨ । ਸ਼ਾਇਰ ਦੀਆਂ 4 ਕਿਤਾਬਾਂ ਛਪਾਈ ਅਧੀਨ ਹਨ ।ਉੱਤਰ-ਆਧੁਨਿਕਤਾ, ਰਹੱਸਵਾਦ, ਸਿਲਸਿਲੇ (ਨਾਵਲ) ਤੇ ਪ੍ਰਵਚਨ (ਕਾਵਿ ਸੰਗ੍ਰਹਿ) ਹਨ । ਚਰਨ ਸਿੰਘ ਦੀਆਂ ਕਾਵਿ ਕਿਤਾਬਾਂ ਤੇ ਆਲੋਚਨਾਤਮਕ ਪੁਸਤਕਾਂ ਦੀ ਗਿਣਤੀ ਵੀ ਅੱਧੀ ਕੁ ਦਰਜਨ ਹੈ। ਇਨ੍ਹਾਂ ਕਿਤਾਬਾਂ ਦੇ ਲੇਖਕ ਨਾਮਵਰ ਆਲੋਚਕ ਬ੍ਰਹਮਜਗਦੀਸ਼ ਸਿੰਘ ਤੇ ਡਾ. ਜੋਗਿੰਦਰ ਕੈਰੋਂ ਹਨ। ਚਰਨ ਸਿੰਘ ਨੂੰ ਦਰਜਨ ਕੁ ਸੰਸਥਾਵਾਂ ਨੇ ਪੁਰਸਕਾਰ ਦੇ ਕੇ ਨਿਵਾਜਿਆ ਹੈ ।

ਚਰਨ ਸਿੰਘ ਦੀਆਂ ਕੁਝ ਕਿਤਾਬਾਂ ਯੂਨੀਵਰਸਿਟੀ ਪਾਠਕਰਮ ਵਿਚ ਹਨ । ਇਸ ਤਰ੍ਹਾਂ ਚਰਨ ਸਿੰਘ ਦਾ ਕਾਵਿ ਸਿਰਜਤ ਦਾਇਰਾ ਲੰਮਾ ਚੌੜਾ ਹੈ । ਇਹ ਹਥਲੀ ਕਿਤਾਬ ਸ਼ਾਇਰ ਨੇ ਗੁਰੂ ਨਾਨਕ ਸਾਹਿਬ ਦੇ ਸ਼ਬਦ ਦਰਸ਼ਨ ਨੂੰ ਸਮਰਪਿਤ ਕੀਤੀ ਹੈ । ਚਾਹੀਦਾ ਇਹ ਸੀ ਕਿ ਸਾਰੀ ਕਿਤਾਬ ਗੁਰੂ ਨਾਨਕ ਦੀ ਅਜ਼ਮਤ ਬਾਰੇ ਚਰਚਾ ਕਰਦੀ, ਪਰ ਦੂਸਰਾ ਕਾਵਿ ਨਾਟਕ ਤਾਂ ਔਰਤ-ਮਰਦ ਦੇ ਸੰਬੰਧਾਂ ਬਾਰੇ ਹੈ, ਜਿਸ ਨੂੰ ਹੋਰ ਥਾਂ ਛਾਪਣਾ ਬਣਦਾ ਸੀ। ਹਾਂ ਪੰਜਾਬੀ ਕਾਵਿ ਵਿਚ ਗੁਰੂ ਨਾਨਕ ਸਾਹਿਬ ਦੇ ਮਹਾਂ ਕਾਵਿ ਦੀ ਰਵਾਇਤ ਪਹਿਲਾਂ ਤੋਂ ਚੱਲ ਰਹੀ ਹੈ। ਸ਼ਾਇਰ ਚਰਨ ਸਿੰਘ ਗੁਰੂ ਨਾਨਕ ਬਾਰੇ ਮਹਾਂਕਾਵਿ ਵੀ ਆਸਾਨੀ ਨਾਲ ਲਿਖ ਸਕਦੇ ਹਨ। ਇਹ ਮੇਰਾ ਸੁਝਾਅ ਹੈ। ਉਂਜ ਵੀ ਕਾਵਿ ਨਾਟਕ ਪੰਜਾਬੀ ਦਰਸ਼ਕਾਂ ਦੀ ਮਨਪਸੰਦ ਸਟੇਜੀ ਵਿਧਾ ਨਹੀਂ ਹੈ । ਪੰਜਾਬੀ ਦਰਸ਼ਕ ਗਲਪੀ ਸੰਵਾਦ ਰੀਝ ਨਾਲ ਵੇਖਦਾ ਹੈ । ਖੈਰ ! ਛੇ ਦ੍ਰਿਸ਼ਾਂ ਵਾਲੇ ਪਹਿਲੇ ਕਾਵਿ ਨਾਟਕ ਵਿਚ ਲੇਖਕ ਪਾਤਰਾਂ ਦੀ ਜਾਣ-ਪਛਾਣ, ਨਿਰਦੇਸ਼ਕ ਲਈ ਹਦਾਇਤਾਂ, ਸਟੇਜ ਤਿਆਰੀ ਬਾਰੇ ਹਨ। ਨਾਨਕ ਦਰਸ਼ਨ ਕਾਵਿ ਨਾਟਕ ਵਿਚ ਪਾਤਰ ਤ੍ਰਿਸ਼ਨਾ ਤੇ ਸਮਾਂ ਹਨ । ਜੋ ਵਾਰੀ ਸਿਰ ਕਾਵਿ ਰੂਪ ਵਿਚ ਤੁਕਾਂ ਬੋਲਦੇ ਹਨ। ਤੁਕਾਂ ਵਿਚ ਗੁਰੂ ਨਾਨਕ ਦਰਸ਼ਨ, ਮਾਨਵਤਾ, ਵਿਸ਼ਵ ਸੋਚ, ਅਨੁਭਵ ਭਾਸ਼ਾ, ਮਾਨਵੀ ਭਾਸ਼ਾ, ਮਾਇਆ, ਸੰਸਾਰ, ਗੁਰਬਾਣੀ ਸੁਹਜ, ਸੰਗੀਤ, ਕਲਾ ਪੰਜਾਬੀ ਭਾਸ਼ਾ ਬਾਰੇ ਕਾਵਿ ਰੰਗ ਵਿਚ ਬੋਲਦੇ ਹਨ। ਦਰਸ਼ਕ ਕਾਵਿਕ ਸ਼ਬਦਾਂ ਦੀ ਬੌਧਿਕਤਾ ਵੱਲ ਧਿਆਨ ਦਿੰਦੇ ਹਨ । ਇਹ ਦਰਸ਼ਕ ਵਿਸ਼ੇਸ਼ ਹਨ। ਆਮ ਲੋਕ ਨਹੀਂ ਹਨ। ਨਾਟਕ ਵਿਚ ਆਵਾਜ਼ਾਂ ਦਾ ਵਿਸ਼ੇਸ਼ ਰੋਲ ਹੈ । ਵਿਚ ਗੁਰੂ ਸਾਹਿਬ ਦੀ ਬਖਸ਼ਿਸ਼ ਬਾਣੀ ਆਸਾ ਦੀ ਵਾਰ ਦੀ ਗੱਲ ਵੀ ਹੈ । ਕਵਿਤਾ ਖੁੱਲ੍ਹੇ ਰੂਪ ਵਿਚ ਹੈ। ਛੰਦ ਰਹਿਤ ਹੈ ।

ਦੂਸਰਾ ਕਾਵਿ ਨਾਟਕ ਮਰਦ-ਔਰਤ ਰਿਸ਼ਤੇ ਦੁਆਲੇ ਹੈ । ਪੱਛਮੀ ਸੱਭਿਆਚਾਰ ਦੀ ਰੰਗਤ ਹੈ । ਇਸ ਕਾਵਿ ਨਾਟਕ ਦੇ 4 ਦ੍ਰਿਸ਼ ਹਨ । ਕਾਵਿ ਨਾਟਕ ਦੇ ਪਾਤਰ ਕੈਥੀ ਕੁੜੀ ਹੈ। ਵਿਆਹੀ ਹੋਈ ਹੈ। ਜਾਰਜ ਉਸ ਦਾ ਪਤੀ ਹੈ ।ਪਰ ਘਰ ਵਿਚ ਆਏ ਰਿਚਰਡ ਨੂੰ ਉਹ ਪਸੰਦ ਕਰਦੀ ਹੈ ।ਰਿਚਰਡ ਜਵਾਨ ਮਰਦ ਹੈ । ਕੈਥੀ ਉਸ 'ਤੇ ਡੁੱਲ੍ਹਦੀ ਹੈ । ਉਸ ਦੇ ਗੁਣਾ ਤੋਂ ਪ੍ਰਭਾਵਿਤ ਹੈ, ਪਰ ਜਦੋਂ ਗੱਲ ਅੱਗੇ ਤੁਰਦੀ ਹੈ ਇਕ ਹੋਰ ਪਾਤਰ ਵਿਚ ਆਉਂਦਾ ਹੈ । ਉਸ ਕੋਲੋਂ ਪਤਾ ਲੱਗਦਾ ਹੈ ਕਿ ਰਿਚਰਡ ਦੇ ਰਿਸ਼ਤੇ ਦੀ ਗੱਲ ਜੈਕੀ ਨਾਲ ਚੱਲ ਰਹੀ ਹੈ । ਕੈਥੀ ਨੂੰ ਜਦੋਂ ਇਹ ਪਤਾ ਲਗਦਾ ਹੈ ਤਾਂ ਉਸ ਦੀ ਮਾਨਸਿਕਤਾ ਡੋਲਦੀ ਹੈ। ਬਿਨਾਂ ਸ਼ੱਕ ਇਹ ਸਾਰੇ ਕਾਵਿਕ ਦ੍ਰਿਸ਼ ਨਾਟਕੀ ਰੰਗਤ ਵਾਲੇ ਹਨ। ਇਕ ਪਾਤਰ ਮਾਈਕ ਸਾਰੀ ਸਥਿਤੀ 'ਤੇ ਧਿਆਨ ਰੱਖਦਾ ਹੈ ਤੇ ਸੰਬੰਧਾਂ ਬਾਰੇ ਟਿੱਪਣੀ ਕਰਦਾ ਹੈ । ਇਸ ਕਾਵਿ ਨਾਟਕ ਵਿਚ ਪਿਛੋਕੜ ਵਿਚ ਭੈਣ-ਭਰਾ ਦੇ ਰਿਸ਼ਤੇ ਦੀ ਵੀ ਗੱਲ ਹੈ । ਨਾਟਕ ਪਤੀ-ਪਤਨੀ ਦੇ ਅਸੰਤੁਸ਼ਟ ਸੰਬੰਧਾਂ ਬਾਰੇ ਹੈ। ਵਿਆਹ ਬਾਹਰੇ ਸੰਬੰਧਾਂ ਦੀ ਝਾਕਾ ਦਾ ਅਕਸ ਉੱਭਰਦਾ ਹੈ।

ਦੋਨੋਂ ਕਾਵਿ ਨਾਟਕਾਂ ਵਿਚ ਪਾਤਰਾਂ ਦੀ ਗਿਣਤੀ ਸੀਮਤ ਹੈ, ਪਰ ਛੋਟੇ-ਛੋਟੇ ਕਾਵਿ ਟੁਕੜੇ ਬੌਧਿਕ ਪੱਧਰ ਦੇ ਹਨ । ਕਾਵਿ ਨਾਟਕ ਸ਼ਾਇਰੀ ਵਿਚ ਨਵਾਂ ਤਜਰਬਾ ਹੈ । ਇਨ੍ਹਾਂ ਕਾਵਿ ਨਾਟਕਾਂ ਨੂੰ ਸਟੇਜ ਦੀ ਸ਼ਾਨ ਬਣਾਉਣਾ ਰੰਗਮੰਚ ਦੇ ਕਲਾਕਾਰਾਂ ਲਈ ਇਕ ਚੈਲਿੰਜ ਹੈ । ਪੱਛਮੀ ਤਕਨੀਕ ਨਾਲ ਇਹ ਸੰਭਵ ਹੋ ਸਕਦੀ ਹੈ । ਪੰਜਾਬੀ ਰੰਗਮੰਚ ਲਈ ਇਹ ਕਾਵਿ ਨਾਟਕ ਸਟੇਜ 'ਤੇ ਖੇਡਣਾ ਦਿੱਲੀ ਦੂਰ ਵਾਲੀ ਗੱਲ ਹੈ ।

**— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

# ‘ਮਿੱਟੀ ਦੀ ਕਸਕ’ ’ਤੇ ਵਿਚਾਰ-ਚਰਚਾ




**ਬਠਿੰਡਾ**-ਪੰਜਾਬੀ ਸਾਹਿਤ ਸਭਾ (ਰਜਿ:) ਬਠਿੰਡਾ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ ਗੋਪਾਲ ਸਿੰਘ ਕੋਟ ਫੱਤਾ ਸੇਵਾਮੁਕਤ ਪੀ ਸੀ ਐੱਸ ਦੀ ਕਾਵਿ ਪੁਸਤਕ ‘ਮਿੱਟੀ ਦੀ ਕਸਕ’ ’ਤੇ ਵਿਚਾਰ-ਚਰਚਾ ਕਰਵਾਈ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਉੱਘੇ ਵਾਰਤਾਕਾਰ ਰਾਮ ਸਿੰਘ ਸੇਵਾਮੁਕਤ ਅਧਿਕਾਰੀ, ਅਜਾਇਬ ਸਿੰਘ ਭੱਟੀ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ, ਅਮਰ ਸਿੰਘ ਸਿੱਧੂ ਲੇਖਕ ਤੇ ਫਿਲਮ ਮੇਕਰ ਅਤੇ ਟਹਿਲ ਸਿੰਘ ਸਾਬਕਾ ਡਾਇਰੈਕਟਰ ਪਨਗਰੇਨ ਹਾਜ਼ਰ ਸਨ।

ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਭਨਾਂ ਨੂੰ ਜੀ ਆਇਆਂ ਕਹਿਣ ਉਪਰੰਤ ਗੋਪਾਲ ਸਿੰਘ ਦੀਆਂ ਜੀਵਨ ਪ੍ਰਾਪਤੀਆਂ ਅਤੇ ਸਾਹਿਤਕ ਕਾਰਜ ਬਾਰੇ ਜਾਣਕਾਰੀ ਦਿੱਤੀ। ਹਰਵਿੰਦਰ ਸਿੰਘ ਸਿਰਸਾ ਨੇ ਪੁਸਤਕ ਉਪਰ ਪਰਚਾ ਪੜ੍ਹਦਿਆਂ ਕਿਹਾ ਕਿ ਲੋਕਾਂ ਨੂੰ ਰਾਸ਼ਟਰਵਾਦ ਬਾਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਪ੍ਰਵਾਸ ਤੇ ਖੁਦਕਸ਼ੀਆਂ ਬਾਰੇ ਸੋਚਣਾ ਵੀ ਅਤੀ ਜ਼ਰੂਰੀ ਹੈ। ਉਹਨਾ ਕਿਹਾ ਕਿ ਲੋਕਾਂ ਦੀ ਤਰਜਮਾਨੀ ਕਰਦਾ ਸਾਹਿਤ ਰਚਣ ਦੀ ਜ਼ਰੂਰਤ ਹੈ। ਕਵਿਤਾਵਾਂ ਵਿੱਚ ਤੱਤ ਸਾਰ ਤੇ ਉਦੇਸ਼ ਵੱਡਾ ਹੁੰਦਾ ਹੈ, ਜੋ ਇਸ ਪੁਸਤਕ ਦੀਆਂ ਕਵਿਤਾਵਾਂ ਵਿੱਚ ਪਰਤੱਖ ਦਿਖਾਈ ਦਿੰਦਾ ਹੈ। ਕਵਿਤਾਵਾਂ ਸੰਵੇਦਨਾ ਭਰਪੂਰ ਹਨ ਤੇ ਉਹ ਪੀੜਾਂ, ਕਸਕਾਂ, ਦੁਸ਼ਵਾਰੀਆਂ ’ਤੇ ਕੇਂਦਰਤ ਹੋਣ ਦੇ ਨਾਲ-ਨਾਲ ਮਨੁੱਖੀ ਫਿਕਰਾਂ ਦੀ ਬਾਤ ਪਾਉਂਦੀਆਂ ਹਨ। ਨਾਵਲਕਾਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਟੁੱਟੀਆਂ ਹਸਰਤਾਂ ਵਾਲੇ ਹੀ ਬੁੱਤਕਾਰ, ਚਿੱਤਰਕਾਰ ਤੇ ਕਵਿਤਾਕਾਰ ਹੁੰਦੇ ਹਨ। ਉਹਨਾ ਕਿਹਾ ਕਿ ਪੁਸਤਕ ਵਿਚਲੀਆਂ ਕਵਿਤਾਵਾਂ ਉਸ ਸਮੇਂ ਦੀ ਯਾਦ ਦਿਵਾਉਂਦੀਆਂ ਹਨ, ਜਦ ਰਿਸ਼ਤਿਆਂ ਦਾ ਤਾਰਾ ਮੰਡਲ ਸਾਰੇ ਸਿਰਾਂ ’ਤੇ ਹੁੰਦਾ ਸੀ। ਰਚਨਾਵਾਂ ਸੰਵਾਦ ਰਚਾਉਂਦੀਆਂ ਹਨ। ਅਜਾਇਬ ਸਿੰਘ ਭੱਟੀ ਨੇ ਕਿਹਾ ਕਿ ਪੁਸਤਕ ਜੀਵਨ ਦੇ ਸਫ਼ਰ ਦੀ ਕਿਰਤ ਬਿਆਨ ਕਰਦੀ ਹੈ।ਸਮਾਗਮ ਨੂੰ ਸੀ ਮਾਰਕੰਡਾ, ਅਮਰ ਸਿੰਘ ਸਿੱਧੂ, ਟਹਿਲ ਸਿੰਘ ਬੁੱਟਰ ਨੇ ਵੀ ਸੰਬੋਧਨ ਕੀਤਾ। ਅਮਰਜੀਤ ਸਿੰਘ ਸਿੱਧੂ, ਅਮਨ ਦਾਤੇਵਾਸੀਆ, ਸੁਰਜੀਤ ਸਿਰੜੀ, ਨਨਪਾਲ ਤੇ ਅਮਰਜੀਤ ਸਿੰਘ ਹਰਿਆਣਾ ਨੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ ਨੇ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਰਣਜੀਤ ਗੌਰਵ ਜਨਰਲ ਸਕੱਤਰ ਨੇ ਨਿਭਾਈ। ਸਮਾਗਮ ਦੌਰਾਨ ਮਹਿਮਾਨਾਂ ਨੂੰ ਕਿਤਾਬਾਂ ਦੇ ਸੈੱਟ ਭੇਂਟ ਕਰਕੇ ਸਨਮਾਨਤ ਕੀਤਾ। ਸਮਾਗਮ ’ਚ ਹੋਰਨਾਂ ਤੋਂ ਇਲਾਵਾ ਅਤਰਜੀਤ ਕਹਾਣੀਕਾਰ, ਰਣਬੀਰ ਰਾਣਾ, ਪੋਰਿੰਦਰ ਸਿੰਗਲਾ, ਭੋਲਾ ਸਿੰਘ ਗਿੱਲ ਪੱਤੀ, ਭੁਪਿੰਦਰ ਮਾਨ, ਬੀਬਾ ਅੰਮ੍ਰਿਤ ਕਲੇਰ ਤੇ ਕਮਲ ਬਠਿੰਡਾ ਵੀ ਹਾਜ਼ਰ ਸਨ।

# ਪੁਸਤਕ ‘ਮੋਹ ਵਿਹੂਣੇ ਲੋਕ’ ਤੇ ਹੋਰ ਕਿਤਾਬਾਂ ਦੀ ਸਮੀਖਿਆ



**ਬਹਿਰਾਮਪੁਰ ਬੇਟ** : ਸਾਹਿਤ ਸਭਾ ਰਜਿ: ਬਹਿਰਾਮਪੁਰ ਬੇਟ ਦੀ ਮਾਸਿਕ ਇਕੱਤਰਤਾ ਕੁਲਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਸਭਾ ਦੇ ਦਫ਼ਤਰ ਕੰਪਲੈਕਸ ਵਿੱਚ ਹੋਈ।ਪਿਛਲੇ ਮਹੀਨੇ ਦੌਰਾਨ ਪੜ੍ਹੀਆਂ ਗਈਆਂ ਪੁਸਤਕਾਂ ਵਿੱਚ ਹਰਨਾਮ ਸਿੰਘ ਡੱਲਾ ਨੇ ਨਰਿੰਦਰ ਮਣਕੂ ਦੇ ਕਾਵਿ ਸੰਗ੍ਰਹਿ ‘ਮੋਹ ਵਿਹੂਣੇ ਲੋਕ’ ਉੱਤੇ ਵਿਸਤਰਿਤ ਪੇਪਰ ਸਰੋਤਿਆਂ ਦੀ ਨਜ਼ਰ ਕੀਤਾ। ਕੁਲਵਿੰਦਰ ਸਿੰਘ ਨੇ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਦੀ ਪੁਸਤਕ ‘ਸਮੇਂ ਨਾਲ ਗੱਲਾਂ’ ਨਾਵਲਕਾਰ ਸੰਤਵੀਰ ਨੇ ਨੀਲਮ ਮਹਿਰਾ ਦੀ ਪੁਸਤਕ ‘ਜ਼ਿੰਦਗੀਨਾਮਾ’, ਗੁਰਦੀਪ ਸਿੰਘ ਵੜੈਚ ਨੇ ਮਨਦੀਪ ਰਿੰਪੀ ਦੇ ਨਾਵਲ ‘ਜ਼ਿੰਦਗੀ ਪਰਤ ਆਈ’, ਖੁਸ਼ਪਰੀਤ ਸਿੰਘ ਨੇ ‘ਕੌਣ ਬਣੇਗਾ ਪਿਆਰੇ ਦਾ ਪਿਆਰਾ’, ਡਾ. ਰਾਜਪਾਲ ਸਿੰਘ ਨੇ ‘ਪੰਜਾਬ ਆਦਿ ਤੋਂ ਆਧੁਨਿਕ ਕਾਲ ਤੱਕ’ ਭਾਗ ਪਹਿਲਾ ’ਤੇ ਆਪਣੇ ਵਿਚਾਰ ਰੱਖੇ। ਸਾਹਿਤਕ ਦੌਰ ਦੌਰਾਨ ਸ੍ਰੀ ਸੰਤਵੀਰ ਨੇ ਮੋਬਾਇਲ ਫੋਨ ਦੀ ਵਰਤੋਂ ਅਤੇ ਇਸ ਦੇ ਮਨੁੱਖੀ ਜੀਵਨ ਉੱਤੇ ਪਏ ਚੰਗੇ-ਮਾੜੇ ਪ੍ਰਭਾਵਾਂ ਬਾਰੇ ਪ੍ਰਭਾਵਸ਼ਾਲੀ ਲੇਖ ਪੜ੍ਹਿਆ। ਡਾ. ਰਾਜਪਾਲ ਸਿੰਘ ਨੇ ਮਹਿਮਾਨ ਗੀਤ ‘ਜੋ ਤੁਮ ਬਡ ਗਏ ਕੋ ਹੈ ਪਸੰਦ ਵੋਹੀ ਬਾਤ ਕਰੇਂਗੇ’ ਤੁਰੰਨਮ ਵਿੱਚ ਪੇਸ਼ ਕੀਤਾ। ਗੁਰਦੀਪ ਸਿੰਘ ਵੜੈਚ ਨੇ ਕਹਾਣੀ ‘ਬੱਸ ਕੰਡਕਟਰ’, ਰਘਬੀਰ ਸਿੰਘ ਨੇ ‘ਸੂਲੀ’ ਅਤੇ ‘ਲਹੂ’ ਦੋ ਕਵਿਤਾਵਾਂ ਪੜ੍ਹੀਆਂ।

# ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਬਾਰੇ ਸਮਾਗਮ

**ਭਗਤਾ**- ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਕਸਬਾ ਭਗਤਾ ਵਿਖੇ ਸਾਹਿਤਕ ਮੰਚ ਭਗਤਾ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ, ਨੇੜੇ ਅਨਾਜ ਮੰਡੀ ਭਗਤਾ ਵਿਖੇ ਕਹਾਣੀਕਾਰ ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਬਾਰੇ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵੇਲੇ ਮੰਚ ਦੀ ਜਨਰਲ ਸਕੱਤਰ ਕਹਾਣੀਕਾਰ ਅੰਮ੍ਰਿਤਪਾਲ ਕਲੇਰ ਨੇ ਲੇਖਕਾਂ ਨੂੰ ਜੀ ਆਇਆਂ ਕਿਹਾ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਹਾਣੀਕਾਰ ਭਗਵੰਤ ਰਸੂਲਪੁਰੀ ਨੇ ਕਿਹਾ ਕਿ ਭੂਰਾ ਸਿੰਘ ਕਲੇਰ ਨੇ ਆਪਣੀਆਂ ਕਹਾਣੀਆਂ ਵਿਚ ਮਾਲਵੇ ਦੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਾਤਰਾਂ ਬਾਰੇ ਕਹਾਣੀਆਂ ਲਿਖੀਆਂ, ਜੋ ਪੰਜਾਬੀ ਕਹਾਣੀ ਦਾ ਅੰਗ ਪਹਿਲਾਂ ਨਹੀਂ ਸੀ ਬਣੇ। ਸੀਰੀ, ਖੇਤ ਮਜ਼ਦੂਰ, ਜੁੱਤੀਆਂ ਬਣਾਉਣ ਵਾਲੇ, ਘਾਹ ਖੋਤਣ ਵਾਲੀਆਂ ਔਰਤਾਂ ਦੀ ਮਨੋਦਿਸ਼ਾ ਨੂੰ ਉਨ੍ਹਾ ਮਨੋਵਿਗਿਆਨਕ ਢੰਗ ਨਾਲ ਉਭਾਰਿਆ।ਮੁੱਖ ਮਹਿਮਾਨ ਨਾਵਲਕਾਰ ਅਤੇ ਕਹਾਣੀਕਾਰ ਕੁਲਦੀਪ ਸਿੰਘ ਬੇਦੀ ਨੇ ਕਿਹਾ ਕਿ ਕਲੇਰ ਨੇ ਆਪਣੀਆਂ ਕਹਾਣੀਆਂ ਵਿਚ ਹਾਸ਼ੀਆਗਤ ਲੋਕਾਂ ਦੀ ਬਾਤ ਪਾਈ ਹੈ। ਅਜਿਹੇ ਲੋਕਾਂ ਦੀ ਗੱਲ ਕਰਦਿਆਂ ਉਹ ਉਨ੍ਹਾਂ ਦੀਆਂ ਦੁਸ਼ਵਾਰੀਆਂ ਦੀ ਗੱਲ ਤਾਂ ਕਰਦਾ ਹੈ।




ਅਕੈਡਮੀ ਦੇ ਸਲਾਹਕਾਰ ਬੋਰਡ ਦੇ ਮੈਂਬਰ ਅਤੇ ਲੇਖਕ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਕਲੇਰ ਨੇ ਜ਼ਿੰਦਗੀ ਮਾਣਦੇ ਲੋਕਾਂ ਦੀ ਬਜਾਏ ਪਸ਼ੂਆਂ ਵਰਗਾ ਜੀਵਨ ਜਿਉਂਦੇ ਲੋਕਾਂ ਦੇ ਦੁੱਖਾਂ ਦੇ ਦਰਦਨਾਕ ਜੀਵਨ ਨੂੰ ਦਰਸਾ ਕੇ ਉਨ੍ਹਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਜਸਪਾਲ ਮਾਨਖੇੜਾ ਨੇ ਕਿਹਾ ਕਿ ਕਲੇਰ ਕਾਲੀਆਂ ਰਾਤਾਂ ਦੇ ਵਿਰੋਧ ਦਾ ਵੱਡਾ ਕਹਾਣੀਕਾਰ ਸੀ। ਉਹਨੇ ਗਰੀਬੀ ਪਿੰਡੇ ’ਤੇ ਵੀ ਹੰਢਾਈ ਅਤੇ ਆਪਣੀਆਂ ਕਹਾਣੀਆਂ ਵਿਚ ਵੀ ਚਿੱਤਰੀ। ਉਸ ਦੀਆਂ ਕਈ ਕਹਾਣੀਆਂ ਲੋਕ ਕਹਾਣੀਆਂ ਦੇ ਪੱਧਰ ’ਤੇ ਜਾਂਦੀਆਂ ਹਨ। ਲਛਮਣ ਸਿੰਘ ਮਲੂਕਾ ਨੇ ਕਿਹਾ ਕਿ ਕਲੇਰ ਨੇ ਮਲਵਈ ਦਲਿਤ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਮੌਲਿਕ ਰੂਪ ਵਿਚ ਚਿਤਰਿਆ, ਉਸ ਦੀਆਂ ਕਹਾਣੀਆਂ ਹਾਸ਼ੀਆਗਤ ਲੋਕਾਂ ਦੇ ਦੁੱਖਾਂ ਭਰੇ ਜੀਵਨ ਦੀ ਬਾਤ ਪਾਉਂਦੀਆਂ ਹਨ।ਸਮਾਗਮ ਦੇ ਅੰਤ ਵਿਚ ਸਾਹਿਤਕ ਮੰਚ ਭਗਤਾ ਦੇ ਪ੍ਰਧਾਨ ਨਾਵਲਕਾਰ ਸੁਖਮੰਦਰ ਸਿੰਘ ਬਰਾੜ ਨੇ ਸਭਨਾਂ ਦਾ ਅਤੇ ਸਾਹਿਤ ਅਕੈਡਮੀ ਦਿੱਲੀ ਦੇ ਭਾਰਤ ਪੱਧਰੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮੰਚ ਦੇ ਸਰਪ੍ਰਸਤ ਬਲੌਰ ਸਿੰਘ ਸਿੱਧੂ, ਪੰਜਾਬੀ ਗ਼ਜ਼ਲਕਾਰ ਅਮਰਜੀਤ ਸਿੰਘ ਜੀਤ, ਰਣਵੀਰ ਰਾਣਾ, ਕੁਲਦੀਪ ਸਿੰਘ ਬੰਗੀ, ਪੰਜਾਬੀ ਕਵੀ ਚਰਨਜੀਤ ਸਿੰਘ ਸਮਾਲਸਰ, ਪ੍ਰਸ਼ੋਤਮ ਪੱਤੋ, ਜਸਵੰਤ ਰਾਊਕੇ, ਤਰਲੋਚਨ ਸਿੰਘ, ਸੁਖਨੈਬ ਸਿੰਘ ਸਿੱਧੂ, ਲੈਕਚਰਾਰ ਮਨਦੀਪ ਸਿੰਘ ਅਤੇ ਰੂਬਲ ਤੋਂ ਇਲਾਵਾ ਬਹੁਤ ਸਾਰੇ ਲੇਖਕਾਂ ਨੇ ਭਾਗ ਲਿਆ।

# ‘ਫੈਮਿਲੀ ਫਨ ਫੇਅਰ’ ਤੇ ‘ਕੈਨੇਡਾ ਡੇ’ ਮਨਾਇਆ




**ਬਰੈਂਪਟਨ**-ਬਰੈਂਪਟਨ ਦੀ ਹਰ ਵਸੋਂ ਵਿੱਚ ਮਲਟੀ ਕਲਚਰ ਸੀਨੀਅਰਜ਼ ਦੀਆਂ ਕਲੱਬਾਂ ਬਣੀਆਂ ਹੋਈਆਂ ਹਨ। ਬਰੈਂਪਟਨ ਦੇ ਪੂਰਬ ਵੱਲ ਗੋਰ ਰੋਡ ਨੇੜੇ ਪੈਨਾਹਿਲ ਸੀਨੀਅਰਜ਼ ਕਲੱਬ ਹੈ। ਇਹ ਕਲੱਬ ਹਰ ਸਾਲ ਧੂਮਧਾਮ ਨਾਲ ਕੈਨੇਡਾ ਦਿਵਸ ਅਤੇ ਭਾਰਤ ਦਾ ਅਜ਼ਾਦੀ ਦਿਵਸ ਮਨਾਉਂਦੀ ਹੈ। ਇਸ ਸਾਲ ਕਲੱਬ ਨੇ ਆਪਣਾ ਗਿਆਰਵਾਂ ਕੈਨੇਡਾ ਦਿਵਸ ਤੇ ਫੈਮਿਲੀ ਫਨ ਫੇਅਰ ਲਾਯਸਨ ਪਾਰਕ ਵਿਖੇ ਮਨਾਇਆ। ਮਨਿੰਦਰ ਸਿੰਘ ਸਿੱਧੂ ਐੱਮ ਪੀ, ਪੈਟ ਫਰਟੀਨੀ ਰਿਜਨਲ ਕੌਂਸਲਰ ਬਰੈਂਪਟਨ ਸਿਟੀ ਅਤੇ ਰੌਡ ਪਾਵਰ ਕੌਂਸਲਰ ਬਰੈਂਪਟਨ ਸਿਟੀ, ਸੱਤਪਾਲ ਸਿੰਘ ਜੌਹਲ ਵਾਈਸ ਪ੍ਰੈਜ਼ੀਡੈਂਟ ਪੀਲ ਸਕੂਲ ਬੋਰਡ, ਜੰਗੀਰ ਸਿੰਘ ਸੈਂਬੀ ਪ੍ਰਧਾਨ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਬਰੈਂਪਟਨ ਦੁਆਰਾ ਪਤਵੰਤਿਆਂ ਦੀ ਭਰਵੀਂ ਹਾਜ਼ਰੀ ਵਿੱਚ ਕੈਨੇਡਾ ਅਤੇ ਭਾਰਤ ਦਾ ਝੰਡਾ ਲਹਿਰਾਇਆ ਗਿਆ ਅਤੇ ਦੋਹਾਂ ਦੇਸ਼ਾਂ ਦੇ ਕੌਮੀ ਗੀਤ ਗਾਏ ਗਏ। ਇਸ ਸਮੇਂ ਹਰਦੀਪ ਸਿੰਘ ਗਰੇਵਾਲ ਐੱਮ ਪੀ ਪੀ ਵੀ ਸ਼ਾਮਲ ਹੋ ਗਏ। ਉਪਰੰਤ ਕਲੱਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਜੰਜੂਆ ਨੇ ਸਟੇਜ ਤੋਂ ਆਏ ਹੋਏ ਮਹਿਮਾਨਾਂ ਤੇ ਲੋਕਾਂ ਦਾ ਸੁਅਗਤ ਕੀਤਾ। ਉਹਨਾ ਸਟੇਜ ਦੀ ਕਾਰਵਾਈ ਚਲਾਉਣ ਲਈ ਮਾਈਕ ਹਰਚੰਦ ਸਿੰਘ ਬਾਸੀ ਦੇ ਹਵਾਲੇ ਕਰ ਦਿੱਤਾ। ਸਟੇਜ ਸਕੱਤਰ ਨੇ ਪਹਿਲਾਂ ਮਹਿਮਾਨਾਂ ਅਤੇ ਪਬਲਿਕ ਦਾ ਸੁਅਗਤ ਕੀਤਾ ਅਤੇ ਫਿਰ ਕੈਨੇਡਾ ਅਤੇ ਭਾਰਤ ਦੋਵਾਂ ਦੀ ਸੁੱਖ ਮੰਗਦਾ ਗੀਤ ਗਾਇਆ। ਸਮਾਗਮ ’ਚ ਆਏ ਮਹਿਮਾਨਾਂ ਨੇ ਆਪਣੇ ਭਾਸ਼ਣ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਕਾਰਾਂ ਚੋਰੀ, ਨਸ਼ਿਆਂ ਦੀ ਅਲਾਮਤ, ਸਟੂਡੈਂਟਾਂ ਦੇ ਮਸਲੇ, ਘਰਾਂ, ਬੇਸਮੈਂਟਾਂ, ਮਹਿੰਗਾਈ ਆਦਿ ਨਾਲ ਆਪਣੇ-ਆਪਣੇ ਪੱਧਰ ’ਤੇ ਮਿਲ ਕੇ ਕੰਮ ਕਰਨ ਦਾ ਯਕੀਨ ਦੁਆਇਆ। ਸਟੇਜ ’ਤੇ ਅਵਤਾਰ ਸਿੰਘ ਪੁਰੇਵਾਲ ਐਕਟਿੰਗ ਪ੍ਰਧਾਨ, ਪ੍ਰੋ. ਨਿਰਮਲ ਸਿੰਘ ਧਾਰਨੀ, ਅਮਰੀਕ ਸਿੰਘ ਪ੍ਰਧਾਨ ਡੌਨ ਮਿਨਾਕਰ ਕਲੱਬ, ਅਮਰਜੀਤ ਸਿੰਘ ਰੈਂਡ ਵਿਲੋ ਕਲੱਬ, ਮਾਸਟਰ ਮਹਿੰਦਰ ਸਿੰਘ, ਸੁਖਦੇਵ ਸਿੰਘ ਮੂਕਰ, ਨਿਰਮਲ ਸਿੰਘ ਖੰਘੂੜਾ ਅਤੇ ਜਸਵਿੰਦਰ ਸਿੰਘ ਰੱਖੜਾ ਵੀ ਬਿਰਾਜਮਾਨ ਸਨ।

—ਬਾਸੀ ਹਰਚੰਦ

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਚਾਰ ਦਿਨਾ ਸਾਹਿਤ ਮੇਲਾ ਦੀ ਵਿਉਂਤਬੰਦੀ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਚਾਰ ਦਿਨਾ ਪੁਸਤਕ ਮੇਲਾ ਅਤੇ ਸਾਹਿਤ ਉਤਸਵ ਕਰਵਾਉਣ ਦਾ ਫ਼ੈਸਲਾ ਇਸ ਸੰਬੰਧੀ ਬਣਾਈ ਗਈ ਵਿਸ਼ੇਸ਼ ਕਮੇਟੀ ਵੱਲੋਂ ਕੀਤਾ ਗਿਆ। ਫ਼ੈਸਲਾ ਕੀਤਾ ਗਿਆ ਕਿ ਨੈਸ਼ਨਲ ਬੁੱਕ ਟਰੱਸਟ, ਮਿਲਕਫੈੱਡ, ਨਾਰਥ ਜ਼ੋਨ ਕਲਚਰਲ, ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵਰਗੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਵੱਡਾ ਉਤਸਵ ਮਨਾਇਆ ਜਾਵੇਗਾ। ਇਹ ਉਤਸਵ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਵੇਗਾ। ਇਸ ਵਿਚ ਸਰਕਾਰੀ ਅਤੇ ਗ਼ੈਰ-ਸਰਕਾਰੀ ਸਹਿਯੋਗ ਲੈ ਕੇ ਵੱਧ ਤੋਂ ਵੱਧ ਲੋਕਾਂ ਨੂੰ ਪੁਸਤਕਾਂ ਅਤੇ ਸਾਹਿਤ ਨਾਲ ਜੋੜਨ ਦਾ ਯਤਨ ਕੀਤਾ ਜਾਵੇਗਾ।ਮੇਲੇ ਲਈ ਪੁਸਤਕਾਂ ਦੇ ਵਿਸ਼ੇਸ਼ਕਰ ਪ੍ਰਚੂਨ ਵਿਕ੍ਰੇਤਾਵਾਂ ਨੂੰ ਸੱਦਾ ਦਿੱਤਾ ਜਾਵੇਗਾ।ਲੋਕਾਂ ਦੀ ਵਧੇਰੇ ਸਹੂਲੀਅਤ ਲਈ ਮੇਲੇ ਦਾ ਉਦਘਾਟਨ ਅਤੇ ਸਮਾਪਤੀ ਸਮੇਂ ਕੌਮੀ ਪੱਧਰ ਦੀ ਸਾਹਿਤਕ ਸ਼ਖ਼ਸੀਅਤ ਨੂੰ ਬੁਲਾਇਆ ਜਾਵੇਗਾ। ਇਸ ਕਾਰਜ ਲਈ ਸਕੂਲਾਂ, ਕਾਲਜਾਂ ਅਤੇ ਸਾਹਿਤਕ ਸੰਸਥਾਵਾਂ ਦਾ ਭਰਵਾਂ ਸਹਿਯੋਗ ਲੈਣ ਦਾ ਯਤਨ ਕੀਤਾ ਜਾਵੇਗਾ। ਮੀਟਿੰਗ ਵਿਚ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸੰਯੋਜਕ ਖੁਸ਼ਵੰਤ ਬਰਗਾੜੀ, ਮੀਤ ਪ੍ਰਧਾਨ ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਤ੍ਰੈਲੋਚਨ ਲੋਚੀ, ਜਨਮੇਜਾ ਸਿੰਘ ਜੌਹਲ ਤੇ ਦੀਪ ਦਿਲਬਰ ਸ਼ਾਮਲ ਸਨ।



# ਪ੍ਰੋ. ਚਤਿੰਦਰ ਰੁਪਾਲ ਦੇ ਨਾਵਲ ‘ਮਹਿਨੂਰ’ ’ਤੇ ਗੋਸ਼ਟੀ

**ਬਰਨਾਲਾ** : ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਕਰਵਾਏ ਸਾਹਿਤਕ ਸਮਾਗਮ ਵਿੱਚ ਪੁਸਤਕ ਗੋਸ਼ਟੀ ਅਤੇ ਪੁਸਤਕ ਲੋਕ ਅਰਪਣ ਕੀਤੀ ਗਈ। ਸਭਾ ਦੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਦੀ ਪ੍ਰਧਾਨਗੀ ਹੇਠ ਦੋ ਸੈਸ਼ਨਾਂ ਵਿਚ ਸਾਹਿਤਕ ਸਮਾਗਮ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਆਏ ਸਾਹਿਤਕਾਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਬਰਨਾਲਾ ਅਮੀਰ ਪਰੰਪਰਾ ਵਾਲਾ ਸ਼ਹਿਰ ਹੈ, ਜਿਸ ਵਿਚ ਲਗਾਤਾਰ ਸਾਹਿਤਕ ਸਮਾਗਮ ਕਰਵਾਏ ਜਾਂਦੇ ਹਨ ਅਤੇ ਹਰ ਭਾਸ਼ਾ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਉਪਰ ਗੋਸ਼ਟੀ ਕਰਵਾਈ ਜਾਂਦੀ ਹੈ।




ਪਹਿਲੇ ਸੈਸ਼ਨ ਵਿੱਚ ਪ੍ਰੋ. ਚਤਿੰਦਰ ਰੁਪਾਲ ਦੇ ਨਾਵਲ ‘ਮਹਿਨੂਰ’ ਉਪਰ ਵਿਚਾਰ-ਗੋਸ਼ਟੀ ਕਰਵਾਈ ਗਈ। ਡਾਕਟਰ ਅਨਿਲ ਸ਼ੋਰੀ ਨੇ ਨਾਵਲ ਉਪਰ ਪੇਪਰ ਪੜ੍ਹਦਿਆਂ ਇਸ ਨੂੰ ‘ਲਘੂ ਨਾਵਲ ਮਹਿਨੂਰ ਦਾ ਵਿਵੇਚਨਾਤਮਿਕ ਅਧਿਐਨ’ ਦੱਸਿਆ, ਜਿਸ ਉਪਰ ਲਖਵੀਰ ਸਿੰਘ ਦਿਹੜ, ਡਾਕਟਰ ਰਾਮਪਾਲ ਸਿੰਘ, ਡਾਕਟਰ ਉਜਾਗਰ ਸਿੰਘ ਮਾਨ ਆਦਿ ਨੇ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ। ਉਪਰੰਤ ਰੁਪਾਲ ਅਤੇ ਸ਼ੋਰੀ ਨੇ ਉਠਾਏ ਸਵਾਲਾਂ ਦੇ ਜਵਾਬ ਦਿੱਤੇ। ਦੋਵਾਂ ਵਿਦਵਾਨਾਂ ਦਾ ਸਨਮਾਨ ਵੀ ਕੀਤਾ ਗਿਆ।

ਦੂਜੇ ਸੈਸ਼ਨ ਵਿੱਚ ਪੁਸ਼ਪਾ ਮਿੱਤਲ ਦੀ ਹਿੰਦੀ ਪੁਸਤਕ ‘ਪੁਸ਼ਪਾਜਲੀ’ ਦਾ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ। ਇਸ ਪੁਸਤਕ ਬਾਰੇ ਪ੍ਰੇਮ ਚੰਦ ਮਿੱਤਲ, ਧੀਰਜ ਕੁਮਾਰ ਦੱਦਾਹੂਰ, ਦਰਸ਼ਨ ਕੁਮਾਰ, ਪ੍ਰਿੰਸੀਪਲ ਹਰੀਸ਼ ਬਾਂਸਲ ਅਤੇ ਵੀਨਾ ਗਰਗ ਸਮੇਤ ਲੇਖਕਾ ਪੁਸ਼ਪਾ ਮਿੱਤਲ ਨੇ ਜਾਣਕਾਰੀ ਦਿੱਤੀ।ਮੰਚ ਸੰਚਾਲਨ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਖੂਬਸੂਰਤ ਤਰੀਕੇ ਨਾਲ ਨਿਭਾਇਆ।

# ‘ਬਾਲ ਪਿਆਰੇ’ ਲੋਕ ਅਰਪਣ

**ਬਾਘਾ ਪੁਰਾਣਾ**-ਸਾਹਿਤ ਸਭਾ ਬਾਘਾ ਪੁਰਾਣਾ ਵੱਲੋਂ ਭਾਈ ਦਰਬਾਰੀ ਦਾਸ ਪਬਲਿਕ ਸਕੂਲ ਪਿੰਡ ਵੈਰੋਕੇ ਵਿਖੇ ਪੰਜਾਬੀ ਦੇ ਉੱਘੇ ਬਾਲ ਸਾਹਿਤ ਲੇਖਕ ਸੁਰਜੀਤ ਸੰਧੂ (ਆਸਟ੍ਰੇਲੀਆ) ਵਾਸੀ ਅਜੀਤਵਾਲ ਦੀ ਨਵ-ਪ੍ਰਕਾਸ਼ਤ ਬਾਲ ਸਾਹਿਤ ਪੁਸਤਕ ‘ਬਾਲ ਪਿਆਰੇ’ ਲੋਕ ਅਰਪਣ ਕਰਨ ਲਈ ਸਾਹਿਤਕ ਸਮਾਗਮ ਸਭਾ ਦੇ ਪ੍ਰਧਾਨ ਲਖਵੀਰ ਸਿੰਘ ਕੋਮਲ ਦੀ ਪ੍ਰਧਾਨਗੀ ਹੇਠ ਨਗਰ ਨਿਵਾਸੀ, ਸਰਪੰਚ ਸਰਬਜੀਤ ਸਿੰਘ ਅਤੇ ਸਮੂਹ ਗ੍ਰਾਮ ਪੰਚਾਇਤ ਵੈਰੋਕੇ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸਮਾਗਮ ਵਿੱਚ ਸਟੇਟ ਅਤੇ ਨੈਸ਼ਨਲ ਐਵਾਰਡੀ ਆਧਿਆਪਕ ਅਤੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਮਰੀਕ ਸਿੰਘ ਤਲਵੰਡੀ ਬਤੌਰ ਮੁੱਖ ਮਹਿਮਾਨ ਵਜੋਂ ਅਤੇ ਸਭਾ ਦੇ ਪ੍ਰਧਾਨ ਲਖਵੀਰ ਸਿੰਘ ਕੋਮਲ, ਸਰਪੰਚ ਸਰਬਜੀਤ ਸਿੰਘ, ਡਾ. ਸੁਰਜੀਤ ਸਿੰਘ ਦੌਧਰ, ਸੁਖਮੰਦਰ ਸਿੰਘ ਛਿੰਦਾ, ਸੁਰਜੀਤ ਸੰਧੂ ਆਸਟ੍ਰੇਲੀਆ, ਬਾਪੂ ਅਜਮੇਰ ਸਿੰਘ, ਮਾਤਾ ਹਰਜੀਤ ਕੌਰ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਸਨ।ਸਮਾਗਮ ਦੀ ਸ਼ੁਰੂਆਤ ਵਿੱਚ ਜਸਵੀਰ ਸ਼ਰਮਾ ਦੱਦਾਹੂਰ, ਬੱਚੀ ਤਰਨਪ੍ਰੀਤ ਕੌਰ ਵੱਲੋਂ ਸਵਾਗਤੀ ਗੀਤ ਪੇਸ਼ ਕੀਤੇ ਗਏ।ਇਸ ਦੇ ਨਾਲ ਹੀ ਪ੍ਰਧਾਨ ਲਖਵੀਰ ਸਿੰਘ ਕੋਮਲ ਅਤੇ ਸਟੇਜ ਸਕੱਤਰ ਡਾ. ਸਾਧੂ ਰਾਮ ਲੰਗੇਆਣਾ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਗਿਆ। ਮੁੱਖ ਮਹਿਮਾਨ ਅਮਰੀਕ ਸਿੰਘ ਤਲਵੰਡੀ ਅਤੇ ਪੁਸਤਕ ਰਚੇਤਾ ਸੁਰਜੀਤ ਸੰਧੂ ਦੇ ਗਲ਼ਾਂ ਵਿਚ ਹਾਰ ਪਹਿਨਾ ਕੇ ਨਿੱਘਾ ਸਵਾਗਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵੱਲੋਂ ਸੁਰਜੀਤ ਸੰਧੂ ਆਸਟ੍ਰੇਲੀਆ ਦੀ ਦੂਸਰੀ ਬਾਲ ਸਾਹਿਤ ਪੁਸਤਕ ‘ਬਾਲ ਪਿਆਰੇ’ ਨੂੰ ਲੋਕ ਅਰਪਣ ਕੀਤਾ ਗਿਆ।



# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਮੋਮੀ ਦੇ ਦੇਹਾਂਤ ’ਤੇ ਅਫ਼ਸੋਸ ਦਾ ਪ੍ਰਗਟਾਵਾ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰ, ਪ੍ਰਬੰਧਕੀ ਬੋਰਡ ਦੇ ਮੈਂਬਰ ਅਤੇ ਸਮੂਹ ਮੈਂਬਰਾਂ ਵੱਲੋਂ ਕੈਨੇਡਾ ਵਸਦੇ ਪੰਜਾਬੀ ਲੇਖਕ ਬਲਬੀਰ ਸਿੰਘ ਮੋਮੀ ਦੇ ਦੇਹਾਂਤ ’ਤੇ ਦੁੱਖ ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਬਲਬੀਰ ਸਿੰਘ ਮੋਮੀ ਦੇ ਦੇਹਾਂਤ ’ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਲਬੀਰ ਸਿੰਘ ਮੋਮੀ ਪਿਛਲੇ ਤਿੰਨ ਦਹਾਕਿਆਂ ਤੋਂ ਟੋਰਾਂਟੋ (ਕੈਨੇਡਾ) ਵਸਦੇ ਸਨ। ਉਹ ਸਾਹਿਤ ਸਿਰਜਣਾ ਦੇ ਨਾਲ-ਨਾਲ ਪੰਜਾਬੀ ਦੇ ਪੱਤਰਕਾਰ ਵੀ ਸਨ। ਦੇਸ਼ ਵੰਡ ਮਗਰੋਂ ਬਲਬੀਰ ਸਿੰਘ ਮੋਮੀ ਲੰਮਾ ਸਮਾਂ ਚੰਡੀਗੜ੍ਹ ਰਹੇ। ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਮੋਮੀ ਦੇ ਦੇਹਾਂਤ ’ਤੇ ਅਫ਼ਸੋਸ ਕਰਦਿਆਂ ਕਿਹਾ ਕਿ ਉਨ੍ਹਾ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਬਲਬੀਰ ਸਿੰਘ ਮੋਮੀ ਹੁਰਾਂ ਦਾ ਪਹਿਲਾ ਕਹਾਣੀ ਸੰਗ੍ਰਹਿ ‘ਮਸਾਲੇ ਵਾਲਾ ਘੋੜਾ’ 1959 ਵਿੱਚ ਛਪਿਆ ਸੀ।

ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਸੁਰਿੰਦਰ ਕੈਲੇ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਜਨਮੇਜਾ ਸਿੰਘ ਜੌਹਲ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਦੀਪ ਜਗਦੀਪ ਸਿੰਘ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਅਤੇ ਸਮੂਹ ਮੈਂਬਰ ਸ਼ਾਮਲ ਹਨ।

# ‘ਕੁਦਰਤ ਦੀ ਗੋਦ ਵਿੱਚ’ ਰਿਲੀਜ਼



**ਮਾਹਿਲਪੁਰ**—ਮਾਹਿਲਪੁਰ ਦੇ ਨੈਸ਼ਨਲ ਐਵਾਰਡੀ ਟੀਚਰ ਅਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੁਆਰਾ ਸਥਾਪਤ ਕੀਤੀ ਕੁਟੀਆ ਵਿੱਚ ਇੱਕ ਸੈਲਾਨੀ ਮਿਲਣੀ ਦਾ ਆਯੋਜਨ ‘ਨਿੱਕੀਆਂ ਕਰੂੰਬਲਾਂ’ ਪ੍ਰਕਾਸ਼ਨ ਮਾਹਲਪੁਰ ਵੱਲੋਂ ਕੀਤਾ ਗਿਆ। ਗਿਆਨੀ ਜੀ ਦੇ ਸਪੁੱਤਰ ਅਮਨਦੀਪ ਸਿੰਘ ਬੈਂਸ ਅਤੇ ਮਾਧਰੀ ਏ. ਸਿੰਘ ਅਰਜਨ ਐਵਾਰਡੀ ਨੇ ਕਿਹਾ ਕਿ ਉਨ੍ਹਾਂ ਨੂੰ ਆਪ ਸਭ ’ਤੇ ਬਹੁਤ ਮਾਣ ਹੈ, ਜੋ ਹਮੇਸ਼ਾ ਉਨ੍ਹਾ ਦੇ ਅੰਗਸੰਗ ਰਹਿੰਦੇ ਹੋ।ਗਿਆਨੀ ਜੀ ਦੇ ਸਭ ਤੋਂ ਲੰਮਾ ਸਮਾਂ ਸਾਥੀ ਰਹੇ ਬੱਗਾ ਸਿੰਘ ਆਰਟਿਸਟ ਨੇ ਉਹਨਾ ਦੀ ਜੀਵਨੀ ਦੇ ਪੰਨੇ ਫਰੋਲਦਿਆਂ ਮਾਣ ਨਾਲ ਆਖਿਆ ਕਿ ਅੱਜ ਅਨੇਕਾਂ ਵਿਦਿਆਰਥੀ ਅਤੇ ਸ਼ਰਧਾਲੂ ਦੇਸ਼-ਵਿਦੇਸ਼ ਵਿੱਚ ਉਹਨਾ ਦੀ ਬਦੌਲਤ ਉੱਚੀਆਂ ਪਦਵੀਆਂ ’ਤੇ ਬੈਠੇ ਹਨ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਪ੍ਰਦੀਪ ਕੁਮਾਰ ਰਿਟਾਇਰਡ ਕਮਿਸ਼ਨਰ ਇਨਕਮ ਟੈਕਸ ਨੇ ਆਖਿਆ ਕਿ ਉਹ ਜੋ ਕੁਝ ਵੀ ਪ੍ਰਾਪਤ ਕਰ ਸਕਿਆ ਹੈ, ਗਿਆਨੀ ਜੀ ਦੁਆਰਾ ਦਿੱਤੀਆਂ ਨਸੀਹਤਾਂ ਨਾਲ ਹੀ ਸੰਭਵ ਹੋਇਆ ਹੈ। ਕੁਲਵਿੰਦਰ ਸਿੰਘ ਮੋਹਾਲੀ ਨੇ ਕਿਹਾ ਕਿ ਉਹ ਜੀਵਨ ਨੂੰ ਜਿਉਣ ਦੇ ਕਾਬਲ ਬਣਾਉਣ ਵਾਲੇ ਮਹਾਨ ਇਨਸਾਨ ਨੂੰ ਸਦਾ ਨਮਨ ਕਰਦਾ ਹੈ।ਇਸ ਮੌਕੇ ਜਸਵਿੰਦਰ ਸਿੰਘ ਬਿੰਦਾ, ਹਰਬੰਸ ਸਿੰਘ ਨੌਰਾ, ਪ੍ਰਿਤਪਾਲ ਕੌਰ, ਮੁਖਤਿਆਰ ਸਿੰਘ, ਜੋਤੀ ਸਰੂਪ, ਮਾਸਟਰ ਸ਼ਿੰਗਾਰਾ ਸਿੰਘ, ਗੁਰਦੇਵ ਕੌਰ ਅਤੇ ਪ੍ਰਿੰਸੀਪਲ ਸ਼ਿਵ ਕੁਮਾਰ ਨੇ ਉਹਨਾ ਨਾਲ ਆਪਣੀਆਂ ਯਾਦਾਂ ਤਾਜ਼ੀਆਂ ਕੀਤੀਆਂ।

ਬਲਜਿੰਦਰ ਮਾਨ ਦੁਆਰਾ ਲਿਖਤ ਪੁਸਤਕ ‘ਕੁਦਰਤ ਦੀ ਗੋਦ ਵਿੱਚ’ ਜਾਰੀ ਕਰਦਿਆਂ ਪ੍ਰੋਫੈਸਰ ਅਜੀਤ ਲੰਗੇਰੀ ਨੇ ਕਿਹਾ ਕਿ ਉਹਨਾ ਨੂੰ ਇਸ ਗੱਲ ’ਤੇ ਫਖਰ ਹੈ ਕਿ ਉਹਨਾ ਦੇ ਇਸ ਵਿਦਿਆਰਥੀ ਨੇ ਰਾਸ਼ਟਰੀ ਪੱਧਰ ਤੱਕ ਬਾਲ ਸਾਹਿਤ ਜਗਤ ਵਿੱਚ ਰਿਕਾਰਡ ਕਾਇਮ ਕੀਤੇ ਹਨ। ਇਹ ਪੁਸਤਕ ਪੂਰੇ ਭਾਰਤ ਦੀ ਸੈਰ ਕਰਵਾਉਂਦੀ ਹੈ। ਕਹਾਣੀਕਾਰ ਰਮੇਸ਼ ਬੇਧੜਕ ਨੇ ਬਲਜਿੰਦਰ ਮਾਨ ਦੀ ਸਾਹਿਤ ਸਿਰਜਣਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਉਹ ਬਹੁਵਿਧਾਵੀ ਲੇਖਕ ਹੈ, ਜਿਸ ਨੇ ਬਾਲ ਸਾਹਿਤ ਦੇ ਨਾਲ-ਨਾਲ ਖੇਡ, ਵਿਦਿਅਕ, ਸੱਭਿਆਚਾਰ ਅਤੇ ਸਮਾਜਿਕ ਮਸਲਿਆਂ ਨੂੰ ਪੇਸ਼ ਕਰਨ ਵਿੱਚ ਪਹਿਲਕਦਮੀ ਕੀਤੀ ਹੈ। ਗੁਰਪ੍ਰੀਤ ਸਿੰਘ ਬੈਂਸ ਨੇ ਕਿਹਾ ਕਿ ਬਲਜਿੰਦਰ ਮਾਨ ਗਿਆਨੀ ਜੀ ਦੇ ਪਦ ਚਿੰਨ੍ਹਾਂ ’ਤੇ ਚਲਦੇ ਹੋਏ ਸਾਹਿਤ ਰਾਹੀਂ ਸਮਾਜ ਨੂੰ ਸੁਚੱਜਾ ਬਣਾ ਰਹੇ ਹਨ। ਇਹ ਪੁਸਤਕ ਮਨੋਰੰਜਕ ਢੰਗ ਨਾਲ ਪ੍ਰੇਰਣਾ, ਜਾਣਕਾਰੀ ਅਤੇ ਸਿੱਖਿਆ ਦੇਣ ਵਾਲੀ ਹੈ।

—ਹਰਵੀਰ ਮਾਨ

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ



**ਕੈਲਗਰੀ**-ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ।ਇਕੱਤਰਤਾ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਜਾਣਕਾਰੀ ਦਿੱਤੀ ਕਿ ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰਨੀ ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ। ਚਾਰ ਨਵੇਂ ਮੈਂਬਰਾਂ ਸ਼ਾਮਲ ਕੀਤੇ ਗਏ, ਜਿਹਨਾਂ ’ਚ ਡਾ. ਸਤਿੰਦਰ ਕੌਰ ਸੋਹੀ, ਗੁਰਪ੍ਰੀਤ ਕੌਰ, ਸੁਰਜੀਤ ਸਿੰਘ ਹੇਅਰ ਅਤੇ ਸੁਖਮੰਦਰ ਸਿੰਘ ਗਿੱਲ ਆਦਿ ਹਨ।

ਆਰੰਭ ਵਿਚ ਪਾਕਿਸਤਾਨੀ ਪੰਜਾਬ ਦੇ ਗਾਇਕ ਅਤੇ ਸ਼ਾਇਰ ਮਨੱਵਰ ਅਹਿਮਦ ਨੇ ਕਿਹਾ ਕਿ ਸਾਨੂੰ ਨਵੇਂ ਗਾਇਕਾਂ ਦੇ ਨਾਲ-ਨਾਲ ਪੁਰਾਣੇ ਗਾਇਕਾਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਉਹਨਾ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਦੇ ਗਾਏ ਲੋਕ ਗੀਤ ਕਦੇ ਭੁਲਾਏ ਨਹੀਂ ਜਾ ਸਕਦੇ।

ਮੁਨੱਵਰ ਅਹਿਮਦ ਨੇ ਵਾਰਿਸ ਸ਼ਾਹ ਦੀ ਰਚਨਾ ‘ਹੀਰ’ ਬਹੁਤ ਹੀ ਸੁਚੱਜੇ ਤੇ ਸੁਰੀਲੇ ਢੰਗ ਨਾਲ ਸੁਣਾ ਕੇ ਵਾਹਵਾ ਖੱਟੀ। ਸੁਖਮੰਦਰ ਸਿੰਘ ਗਿੱਲ ਦੀ ਮੌਲਿਕ ਰਚਨਾ ਦੀ ਤਰੰਨਮ ਵਿਚ ਪੇਸ਼ਕਾਰੀ ਆਹਲਾ ਦਰਜੇ ਦੀ ਪੇਸ਼ਕਾਰੀ ਹੋ ਨਿਬੜੀ। ਤੇਜਾ ਸਿੰਘ ਪ੍ਰੇਮੀ ਨੇ ਹਾਸਰਸ ਕਵਿਤਾ ਸੁਣਾਈ। ਮਨਮੋਹਣ ਸਿੰਘ ਬਾਠ ਨੇ ਡਾ. ਸੁਰਜੀਤ ਪਾਤਰ ਦੀ ਰਚਨਾ ਬਹੁਤ ਸੁਰੀਲੇ ਸੰਜੋਗ ਵਿਚ ਸੁਣਾਈ। ਮਨਜੀਤ ਬਰਾੜ ਨੇ ਕੁਝ ਗੱਲਾਂ-ਬਾਤਾਂ ਰਾਹੀਂ ਆਪਣੇ ਵਿਚਾਰ ਪ੍ਰਗਟ ਕੀਤੇ।ਡਾ. ਸਤਿੰਦਰ ਕੌਰ ਸੋਹੀ ਨੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਤੀਆਂ ਦੇ ਤਿਉਹਰ ਦੀ ਗੱਲ ਕਰਦਿਆਂ ਦੱਸਿਆ ਕਿ ਕੈਲਗਰੀ ਵਿੱਚ ਜਿਸ ਤਰੀਕੇ ਨਾਲ ਤੀਆਂ ਮਨਾਈਆਂ ਜਾਂਦੀਆਂ ਹਨ, ਉਸ ਦੀ ਪ੍ਰਸੰਸਾ ਕਰਨੀ ਬਣਦੀ ਹੈ। ਸੁਰਿੰਦਰ ਗੀਤ ਨੇ ਆਪਣੀਆਂ ਦੋ ਰਚਨਾਵਾਂ ਸੁਣਾਈਆਂ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸਟੇਜ ਦੀ ਕਾਰਵਾਈ ਨੂੰ ਗੱਲਾਂਬਾਤਾਂ, ਸ਼ਿਅਰਾਂ ਅਤੇ ਮਿੰਨੀ ਕਹਾਣੀਆਂ ਨਾਲ ਰੌਚਿਕ ਬਣਾਈ ਰੱਖਿਆ।

# ਡਾਕਟਰ ਦਰਸ਼ਨ ਸਿੰਘ ਆਸ਼ਟ ਦਾ ਰਾਜਸਥਾਨ ਵਿਖੇ ਸਨਮਾਨ

**ਪਟਿਆਲਾ** : ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਾਰਜਸ਼ੀਲ, ਸਾਹਿਤ ਅਕਾਦਮੀ ਬਾਲ ਸਾਹਿਤ ਲੇਖਕ ਪੁਰਸਕਾਰ ਵਿਜੇਤਾ, ਭਾਸ਼ਾ ਵਿਭਾਗ ਪੰਜਾਬ ਦੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਸਟੇਟ ਐਵਾਰਡੀ ਡਾ. ਦਰਸ਼ਨ ਸਿੰਘ ‘ਆਸ਼ਟ’ ਨੂੰ ਰਾਜਸਮੰਦ (ਰਾਜਸਥਾਨ) ਦੇ ਚਿਲਡਰਨ ਜ਼ਪੀਸ ਪੈਲੇਸ ਵਿਖੇ ਸਨਮਾਨਤ ਕੀਤਾ ਗਿਆ। ਡਾ. ‘ਆਸ਼ਟ’ ਨੂੰ ਇਹ ਸਨਮਾਨ ਬਾਲ ਸਾਹਿਤ ਦੇ ਖੇਤਰ ਵਿਚ ਪਾਏ ਗਏ ਵਡਮੁੱਲੇ ਯੋਗਦਾਨ ਸਦਕਾ ਭਾਰਤ ਦੀ ਕੌਮੀ ਸੰਸਥਾ ‘ਅਣੂਵ੍ਰਤ ਵਿਸ਼ਵ ਭਾਰਤੀ ਸੁਸਾਇਟੀ ਰਾਜਸਮੰਦ ਵੱਲੋਂ ਦੇਸ਼ ਭਰ ਦੇ ਇਕ ਸੌ ਤੋਂ ਵੱਧ ਪ੍ਰਤਿਬੱਧ ਅਤੇ ਪ੍ਰਸਿੱਧ ਬਾਲ ਸਾਹਿਤ ਲੇਖਕਾਂ ਦੇ ਸੰਮੇਲਨ ਦੌਰਾਨ ਸੰਸਥਾ ਦੇ ਪ੍ਰਸਿੱਧ ਬਾਲ ਰਿਸਾਲੇ ‘ਬੱਚੋਂ ਕਾ ਦੇਸ਼’ ਦੀ ਰਜਤ ਜਯੰਤੀ ਮੌਕੇ ਸੰਪਾਦਕ ਸੰਚਯ ਜੈਨ, ਸਹਿ-ਸੰਪਾਦਕ ਪ੍ਰਕਾਸ਼ਤਾ ਤੇ ਅਤੇ ਸੰਸਥਾ ਮੁਖੀ ਅਵਿਨਾਸ਼ ਨਾਹਰ ਵੱਲੋਂ ਸਾਂਝੇ ਤੌਰ ’ਤੇ ਪ੍ਰਦਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਡਾ. ‘ਆਸ਼ਟ’ ਨੇ ਕਿਹਾ ਕਿ ਪੰਜਾਬ ਰਾਜ ਦੇ ਬਾਲ ਸਾਹਿਤ ਲੇਖਕਾਂ ਦੇ ਪ੍ਰਤਿਨਿਧ ਦੇ ਰੂਪ ਵਿਚ ਉਹਨਾ ਨੂੰ ਇਹ ਵਿਸ਼ੇਸ਼ ਸੱਦਾ ਦਿਤਾ ਗਿਆ ਸੀ, ਜਿੱਥੇ ਉਹਨਾ ਤਿੰਨ ਦਿਨਾ ਸਮਾਗਮ ਦੌਰਾਨ ਬਾਲ ਸਾਹਿਤ ਦੇ ਵੱਖ-ਵੱਖ ਪੱਖਾਂ, ਸਰੋਕਾਰਾਂ, ਚੁਣੌਤੀਆਂ ਅਤੇ ਭਵਿੱਖ ਬਾਰੇ ਚਰਚਾ ਵਿਚ ਭਾਗ ਲਿਆ। ਉਹਨਾ ਬਾਲਕ ਹਾਣੀ ਦੇ ਹਵਾਲੇ ਨਾਲ ਇਕ ਸੈਸ਼ਨ ਦੀ ਪ੍ਰਧਾਨਗੀ ਵੀ ਕੀਤੀ। ਜ਼ਿਕਰਯੋਗ ਹੈ ਕਿ ਬੱਚਿਆਂ ਲਈ ਇਹ ਵਿਲੱਖਣ ਸਥਾਨ ਉਦੈਪੁਰ ਤੋਂ ਕੇਵਲ ਸੱਠ ਕੁ ਕਿਲੋਮੀਟਰ ਦੀ ਦੂਰੀ ’ਤੇ ਭੀਲਵਾੜਾ ਕੋਲ ਇਕ ਖ਼ੂਬਸੂਰਤ ਪਹਾੜੀ ’ਤੇ ਸਥਿਤ ਹੈ, ਜਿਸ ਦੇ ਨਾਲ ਜ਼ਿਲ੍ਹਾ ਰਾਜਸਮੰਦ ਦੇ ਪ੍ਰਕਿਰਤੀ ਪ੍ਰੇਮੀਆਂ ਵੱਲੋਂ ਹੱਥਾਂ ਨਾਲ ਇਕ ਵਿਸ਼ਾਲ ਅਤੇ ਲੰਮੀ ਝੀਲ ਦਾ ਨਿਰਮਾਣ ਵੀ ਕੀਤਾ ਗਿਆ ਹੈ। ਇਸ ਸਮਾਗਮ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ.ਰਾਜਵੰਤ ਕੌਰ ਪੰਜਾਬੀ ਨੇ ਵੀ ਵਿਸ਼ੇਸ਼ ਸ਼ਿਰਕਤ ਕੀਤੀ।



# ‘ਮਿੰਦਰ ਪਾਲ ਭੱਠਲ : ਕਾਵਿ ਚਿੰਤਨ’ ਲੋਕ ਅਰਪਣ




**ਬਰਨਾਲਾ**—ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਡਾ. ਹਰਿਭਗਵਾਨ ਦੁਆਰਾ ਸੰਪਾਦਤ ਪੁਸਤਕ ‘ਮਿੰਦਰਪਾਲ ਭੱਠਲ : ਕਾਵਿ ਚਿੰਤਨ’ ਦਾ ਲੋਕ ਅਰਪਣ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਜੁਝਾਰੂ ਕਾਵਿ ਨਾਲ ਸੰਬੰਧਤ ਡਾ. ਹਰਿਭਗਵਾਨ ਦੀਆਂ ਦੋ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਸਮਾਗਮ ਵਿਚ ਕਵੀ ਮਿੰਦਰ ਪਾਲ ਭੱਠਲ ਨੇ ਮੁੱਖ ਮਹਿਮਾਨ ਦੇ ਤੌਰ ’ਤੇ ਸ਼ਿਰਕਤ ਕੀਤੀ। ਪੁਸਤਕ ਬਾਰੇ ਹਰਦੀਪ ਕੁਮਾਰ ਨੇ ਕਿਹਾ ਕਿ ਇਸ ਸੰਗ੍ਰਹਿ ਵਿੱਚ ਡੇਢ ਦਰਜਨ ਦੇ ਕਰੀਬ ਵਿਦਵਾਨਾਂ ਨੇ ਜੁਝਾਰੂ ਕਾਵਿ-ਧਾਰਾ ਨਾਲ ਜੁੜੇ ਕਵੀ ਭੱਠਲ ਦੀ ਕਵਿਤਾ ਨੂੰ ਵੱਖ-ਵੱਖ ਪੱਖਾਂ ਤੋਂ ਪਰਖਿਆ ਹੈ। ਤੇਜਾ ਸਿੰਘ ਤਿਲਕ ਨੇ ਦੱਸਿਆ ਕਿ ਮਿੰਦਰ ਪਾਲ ਭੱਠਲ ਦੀ ਕਵਿਤਾ ਜਿੱਥੇ ਲੋਕ-ਪੱਖੀ ਹਿੱਤਾਂ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ, ਓਥੇ ਕਵੀ ਕੋਲ ਆਪਣੀ ਗੱਲ ਕਹਿਣ ਦੀ ਦਲੇਰੀ ਵੀ ਹੈ। ਡਾ. ਸੰਪੂਰਨ ਸਿੰਘ ਟੱਲੇਵਾਲ ਦਾ ਮੱਤ ਸੀ ਕਿ ਭੱਠਲ ਦਾ ਆਪਣਾ ਵੱਖਰਾ ਅੰਦਾਜ਼ ਹੈ, ਜੋ ਪਾਠਕ ਨੂੰ ਸਹਿਜੇ ਹੀ ਪ੍ਰਭਾਵਤ ਕਰ ਜਾਂਦਾ ਹੈ। ਡਾਕਟਰ ਹਰਿਭਗਵਾਨ ਨੇ ਪੁਸਤਕ ’ਤੇ ਆਪਣੇ ਵਿਚਾਰ ਰੱਖਦਿਆਂ ਦੱਸਿਆ ਕਿ ਇਹ ਆਲੋਚਨਾਤਮਕ ਕਾਰਜ ਕਰਕੇ ਉਹਨਾ ਇੱਕ ਸਮਾਜਿਕ ਜ਼ਿੰਮੇਵਾਰੀ ਅਤੇ ਮਾਨਵੀ ਫ਼ਰਜ ਨਿਭਾਇਆ ਹੈ। ਜਿੱਥੇ ਇਹ ਆਲੋਚਨਾ ਆਉਣ ਵਾਲੇ ਸਮੇਂ ਵਿੱਚ ਖੋਜ ਕਾਰਜਾਂ ਵਿੱਚ ਮਦਦਗਾਰ ਸਿੱਧ ਹੋਵੇਗੀ, ਉੱਥੇ ਨਵੀਂ ਪੀੜ੍ਹੀ ਨੂੰ ਸੇਧ ਦੇਣ ਵਿੱਚ ਵੀ ਮਦਦ ਕਰੇਗੀ।

# ‘ਅਧੂਰੀ ਖ਼ਾਹਿਸ਼’ ਲੋਕ ਅਰਪਣ

**ਸਮਰਾਲਾ**-ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਵੱਲੋਂ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ, ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭੱਟੀ, ਉਪ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਦੀ ਪ੍ਰਧਾਨਗੀ ਹੇਠ ਅਤੇ ਬਿਹਾਰੀ ਲਾਲ ਸੱਦੀ ਦੇ ਸਹਿਯੋਗ ਨਾਲ ਪਿੰਡ ਉਟਾਲਾ ਵਿਖੇ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਪਹੁੰਚੇ ਸਾਹਿਤਕਾਰਾਂ ਵੱਲੋਂ ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਹਰਬੰਸ ਸਿੰਘ ਸ਼ਾਨ ਬਗਲੀ ਕਲਾਂ, ਬਾਵਾ ਹੋਲੀਆਂ, ਸ਼ਮਸ਼ੇਰ ਸਿੰਘ ਸ਼ੇਰ, ਮਨੀ ਮਾਣਕੀ, ਵਿਪਨ ਖੰਨਾ, ਨਰੇਸ਼ ਨਿਮਾਣਾ, ਗਾਇਕ ਪਰਮਿੰਦਰ ਸੇਖੋਂ, ਗੁਰਦੇਵ ਸਿੰਘ ਸ਼ਾਨੀ, ਟੀ. ਲੋਚਨ, ਤਰਨਜੀਤ ਕੌਰ ਗਰੇਵਾਲ, ਗੀਤਕਾਰ ਗਾਮੀ ਸੰਗਤਪੁਰੀਆ, ਦਵਿੰਦਰ ਸਿੰਘ ਧੌਲ ਮਾਜਰਾ, ਸ਼ੇਰਾ ਨਵਾਂ ਪਿੰਡ, ਸ਼ਾਹ ਨਿਵਾਜ਼, ਹਰਜਿੰਦਰ ਸਿੰਘ ਏ ਡੀ ਏ, ਜਗਦੇਵ ਸਿੰਘ ਘੰਗਰਾਲੀ, ਭਗਵੰਤ ਸਿੰਘ ਲਿੱਟ, ਭਗਤ ਸਿੰਘ ਗਰੇਵਾਲ, ਕੁਲਭੂਸ਼ਨ ਕੁਮਾਰ, ਕਰਮ ਚੰਦ ਸਮਰਾਲਾ, ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ, ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭੱਟੀ, ਉਪ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ, ਸੁੱਖੀ ਸੰਗਰ, ਬੇਅੰਤ ਸਿੰਘ ਤੁਰਮਰੀ, ਬਿੰਦਰ ਰਾਜੇਵਾਲ, ਨਰਿੰਦਰ ਮਾਣਕੂ, ਨੇਤਰ ਸਿੰਘ ਮੁੱਤੋ, ਨਿਰੰਜਨ ਸੂਖਮ ਆਦਿ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਸੱਥ ਵੱਲੋਂ ਗੀਤਕਾਰ ਸੁਰੇਸ਼ ਬਾਂਸਲ ਬਾਪਲੇ ਵਾਲੇ ਦਾ ਰੂਬਰੂ ਕਰਵਾਇਆ ਗਿਆ।ਗੀਤਕਾਰ ਸੁਰੇਸ਼ ਬਾਂਸਲ ਬਾਰੇ ਮੁੱਢਲੀ ਜਾਣਕਾਰੀ ਸੁਖਵਿੰਦਰ ਸਿੰਘ ਭਾਦਲਾ ਵੱਲੋਂ ਪਰਚਾ ਪੜ੍ਹ ਕੇ ਦਿੱਤੀ ਗਈ। ਉਸ ਤੋਂ ਬਾਅਦ ਨਾਵਲਕਾਰ ਦਿਆਲ ਕੌਰ ਪਵਾਤ ਦਾ ਦੂਸਰਾ ਨਾਵਲ ‘ਅਧੂਰੀ ਖ਼ਾਹਿਸ਼’ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਵੱਲੋਂ ਲੋਕ ਅਰਪਣ ਕੀਤਾ ਗਿਆ। ਨਾਵਲ ਬਾਰੇ ਪਰਚਾ ਮਨਦੀਪ ਕੌਰ ਰਿੰਪੀ ਰੋਪੜ ਵੱਲੋਂ ਪੜ੍ਹਿਆ ਗਿਆ। ਮੇਘਰਾਜ ਜਵੰਦੇ ਅਤੇ ਵਿਜੇ ਕੁਮਾਰ ਵੱਲੋਂ ਨਾਵਲਕਾਰ ਦਿਆਲ ਕੌਰ ਪਵਾਤ ਦੇ ਨਾਵਲ ’ਤੇ ਚਰਚਾ ਕੀਤੀ ਗਈ। ਸਮਾਗਮ ਵਿੱਚ ਰਾਜਵਿੰਦਰ ਸਮਰਾਲਾ, ਡਾਕਟਰ ਪਰਮਿੰਦਰ ਸਿੰਘ ਬੈਨੀਪਾਲ, ਰਿਟਾ. ਪ੍ਰਿੰਸੀਪਲ ਦਲਜੀਤ ਸਿੰਘ, ਕੈਪਟਨ ਧਿਆਨ ਸਿੰਘ ਸੋਹਨ ਸਿੰਘ ਆਦਿ ਉਚੇਚੇ ਤੌਰ ’ਤੇ ਪਹੁੰਚੇ। ਸਟੇਜ ਦੀ ਕਾਰਵਾਈ ਗੁਰਪ੍ਰੀਤ ਗੁਰੀ ਤੁਰਮਰੀ ਅਤੇ ਸੁਖਵਿੰਦਰ ਸਿੰਘ ਭਾਦਲਾ ਵੱਲੋਂ ਬਾਖੂਬੀ ਨਿਭਾਈ ਗਈ।




—ਸੁਖਵਿੰਦਰ ਸਿੰਘ ਭਾਦਲਾ

## ਆਉਂਦੇ ਐਤਵਾਰਤਾ ’ਚ ਵਿਸ਼ੇਸ਼

ਭਗਵਾਂ ਫਾਸ਼ੀਵਾਦ ਬਰਕਰਾਰ... : ਸੁਰਜੀਤ ਸਿੰਘ ਖੱਟੜਾ

ਇੱਕ ਫ਼ਿਲਮ ਦੀ ਚਰਚਾ : ਤਰਸੇਮ ਬਸ਼ਰ

‘ਅੱਧਖਿੜੇ ਗੁਲਾਬ’ : ਜਗਦੀਸ਼ ਰਾਣਾ, (ਫੋਕਸ) : ਸੰਧੂ ਵਰਿਆਣਵੀ

ਕੁਲਵਿੰਦਰ ਵਿਰਕ ਦੀਆਂ ਗਜ਼ਲਾਂ ਤੇ ਹੋਰ ਬਹੁਤ ਕੁਝ

*ਬਹੁ-ਵਿਧਾਵੀ ਲੇਖਕ ਮਾਲਵਿੰਦਰ ਸ਼ਾਇਰ ਮੂਲ ਰੂਪ ਵਿੱਚ ਮੁਹੱਬਤ ਦਾ ਗ਼ਜ਼ਲਗੋ ਹੈ, ਪਰ ਉਸ ਦੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਤੋਂ ਉਹ ਅਣਭਿੱਜ ਨਹੀਂ ਹੈ। ਉਸ ਦੀਆਂ ਰਚਨਾਵਾਂ ਇਸ ਸਭ ਦੀ ਗਵਾਹੀ ਭਰਦੀਆਂ ਹਨ। ਸਾਹਿਤਕ ਪਿੜ ਵਿੱਚ ਪਲੇਠੇ ਕਾਵਿ ਸੰਗ੍ਰਹਿ 'ਮੁਹੱਬਤ ਦੀ ਸਤਰ' ਨਾਲ਼ ਪ੍ਰਵੇਸ਼ ਕਰਕੇ ਹੁਣ ਤੱਕ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਨਾਲ ਜੁੜ ਗਿਆ ਹੈ। ਉਸ ਦੀਆਂ ਇਹਨਾਂ ਗ਼ਜ਼ਲਾਂ ਵਿੱਚੋਂ ਵਿਚਰਦਿਆਂ ਪਾਠਕ ਆਪ ਹੀ ਨਿਰਣਾ ਲੈ ਸਕਣਗੇ। —ਤੇਜਿੰਦਰ ਚੰਡਿਹੋਕ*

# ਮਾਲਵਿੰਦਰ ਸ਼ਾਇਰ ਦੀਆਂ ਗ਼ਜ਼ਲਾਂ

ਮੈਂ ਤਾਂ ਦੀਪ ਜਗਾਉਣ ਦੀ ਆਦਤ ਪਾਉਣੀ ਹੈ।
ਮੈਂ ਤਾਂ ਚਾਨਣ ਨਾਲ਼ ਹੀ ਸਾਂਝ ਪੁਗਾਉਣੀ ਹੈ।

ਚਿੱਤ ਉਦਾਸ ਜਦੋਂ ਹੋਵੇ ਜੋ ਬਲ ਦਿੰਦਾ,
ਉਸ ਦੀ ਹੀ ਤਸਵੀਰ ਮੈਂ ਚਿੱਤ ਵਸਾਉਣੀ ਹੈ।

ਜਿਹੜੇ ਲੋਕੀਂ ਆਖਣ ਇਸ਼ਕ ਬੁਝਾਰਤ ਏ,
ਗੱਲ ਉਨ੍ਹਾਂ ਦੇ ਕੋਲੋਂ ਮੈਂ ਸੁਲਝਾਉਣੀ ਹੈ।

ਮਰਜ਼ ਮੇਰੀ ਦਾ ਜਿਸ ਦੇ ਕੋਲ ਇਲਾਜ ਨਹੀਂ,
ਵੈਦ ਅਜਿਹੇ ਨੂੰ ਕੀ ਨਬਜ਼ ਦਿਖਾਉਣੀ ਹੈ ?

ਜੋ ਤੂੰ ਆਖੇਂ ਯਾਰ ਗਿਲਾ ਹੈ ਸਿਰ ਮੱਥੇ,
ਮੈਂ ਤਾਂ ਆਖਰ ਲੱਗੀ ਤੋੜ ਨਿਭਾਉਣੀ ਹੈ।

ਲੁਕ-ਛਿਪ ਘਰਵਾਲੀ ਤੋਂ ਕਿੰਝ ਮਿਲਾਂ ਤੈਨੂੰ,
ਮੈਂ ਵੀ ਤਾਂ ਇਹ ਆਪਣੀ ਜਿੰਦ ਬਚਾਉਣੀ ਹੈ।

ਜਿਸ ਨੂੰ 'ਸ਼ਾਇਰ' ਮੁਹੱਬਤ ਹੈਂ ਤੂੰ ਆਖ ਰਿਹਾ,
ਇਹ ਤਾਂ ਮੈਨੂੰ ਲਗਦਾ ਇੱਕ ਅੜਾਉਣੀ ਹੈ।

2

ਆਪਣੇ ਹੱਕਾਂ ਦੀ ਗੱਲ ਕਰਦੇ, ਮੰਗਦੇ ਭੀਖ ਹਜ਼ੂਰ ਨਹੀਂ।
ਜੇ ਸਾਡੀ ਨਾ ਸੁਣਦਾ ਕੋਈ, ਫਿਰ ਦਿੱਲੀ ਵੀ ਦੂਰ ਨਹੀਂ।

ਜੇ ਤੂੰ ਆਖੇਂ ਦਿੱਲੀ ਤੋਂ ਹੁਣ, ਹੱਕ ਲਏ ਬਿਨ ਵਾਪਸ ਜਾਉ,
ਆਪਣੇ ਘਰ ਨੂੰ ਮੁੜ ਜਾਵਾਂਗੇ, ਐਨੇ ਵੀ ਮਜਬੂਰ ਨਹੀਂ।

ਰਾਹਾਂ ਦੇ ਵਿਚ ਕਿੱਲਾਂ ਗੱਡੀਂ, ਕੰਧਾਂ ਖ਼ੂਬ ਉਸਾਰ ਲਵੀਂ,
ਲੋਕ ਖਿਲਾਫੀ ਫਤਵੇ ਤੇਰੇ, ਐ ਹਾਕਮ ਮਨਜ਼ੂਰ ਨਹੀਂ।

ਪੁੱਤ ਕਿਸਾਨਾਂ ਦੇ ਹਾਂ, ਹਾਕਮ, ਨਾਲ਼ ਭਰਾ ਮਜ਼ਦੂਰ ਖੜ੍ਹੇ,
ਇਹ ਨਾ ਸੋਚੀਂ ਕਿਰਸਾਨਾਂ ਦੇ, ਨਾਲ਼ ਖੜ੍ਹੇ ਮਜ਼ਦੂਰ ਨਹੀਂ।

ਲੋਕ ਅਵਾਜ਼ ਸੁਣੀ ਤੂੰ ਹਾਕਮ, ਆਪਣੇ ਕੰਨ ਲਗਾ ਕੇ ਹੁਣ,
ਬੋਲੀ ਸਰਮਾਏਦਾਰਾਂ ਦੀ, ਬੋਲੇਂ ਜੋ ਮਨਜ਼ੂਰ ਨਹੀਂ।

ਜਿਹੜਾ ਪੱਤਾ ਚਲਦੈਂ ਹਾਕਮ, ਉਸ ਦੀ ਚਾਲ ਪਤਾ ਸਾਨੂੰ,
ਆਪ ਖਿਡਾਰੀ ਸਮਝੇਂ ਜੋ ਤੂੰ, ਝੱਲਦੇ ਤੇਰੀ ਘੂਰ ਨਹੀਂ।

ਜਿਹੜੇ ਪੁਰਖੇ ਦੇ ਫਰਜ਼ਿੰਦੇ, ਉਸ ਦਾ ਹੱਥ ਸਦਾ ਸਿਰ 'ਤੇ,
'ਸ਼ਾਇਰ' ਜ਼ਰਾ ਤਾਂ ਦੱਸ ਅਸਾਨੂੰ, ਕੀ ਸਾਨੂੰ ਦਸਤੂਰ ਨਹੀਂ ?

3

ਮੇਰੇ ਸੁਪਨੇ ਨਾਲ਼ ਮੇਰੇ ਮਰ ਜਾਣੇ ਨੇ।
ਜਿਉਂਦੇ ਰਹਿਣੇ ਨਗਮੇ ਗਜ਼ਲਾਂ ਗਾਣੇ ਨੇ।

ਮੈਂ ਤਾਂ ਆਇਆ ਅਪਣਾ ਚੋਗਾ ਚੁਗਣ ਲਈ,
ਚੁਗਣੇ ਮੈਂ ਉਹ ਭਾਗ ਲਿਖੇ ਜੋ ਦਾਣੇ ਨੇ।

ਜਦੋਂ ਇਨ੍ਹਾਂ ਸਾਹਾਂ ਨੇ ਆਖਰ ਰੁਕ ਜਾਣਾ,
ਜੀਵਨ ਦੇ ਫਿਰ ਮੁੱਕਣੇ ਤਾਣੇ-ਬਾਣੇ ਨੇ।

ਲੋਕ ਹਜ਼ਾਰਾਂ ਆਏ ਮੇਰੇ ਜੀਵਨ ਵਿਚ,
ਪਰ ਦਿਲ ਦੇ ਵਿੱਚ ਉੱਤਰੇ ਇੱਕ-ਦੋ ਜਾਣੇ ਨੇ।

ਕਿੱਦਾਂ ਦੱਸ ਬਚਾ ਕੇ ਰੱਖਾਂ ਖੁਦ ਨੂੰ ਮੈਂ,
ਚਹੁੰ-ਪਾਸੀਂ ਪਰਦੂਸ਼ਣ ਜ਼ਹਿਰੀ ਖਾਣੇ ਨੇ।

ਭੈਂਗੇ, ਟੀਰੇ ਦੀ ਪਰਿਭਾਸ਼ਾ ਆਪੇ ਜਾਣ,
ਇੱਥੇ ਇਕ ਦੂਜੇ ਤੋਂ ਸਾਰੇ ਕਾਣੇ ਨੇ।

ਤੇਰੀ ਖਾਤਰ ਕਿਹੜਾ ਮਾੜਾ ਕੌਣ ਭਲਾ,
'ਸ਼ਾਇਰ' ਨਿਤਾਰਾ ਕਰਨਾ ਤੇਰੇ ਛਾਣੇ ਨੇ।

4

ਜੀਵਨ ਦੇ ਵਿਚ ਮੰਜ਼ਲ ਖਾਤਰ, ਖੁਦ ਰਸਤਾ ਅਪਣਾਉਣਾ ਪੈਂਦੈ।
ਉਬੜ-ਖਾਬੜ ਰਾਹਾਂ ਵਿਚ ਦੀ, ਅਪਣਾ ਰਾਹ ਬਣਾਉਣਾ ਪੈਂਦੈ।

ਜੀਵਨ ਵਿੱਚ ਤਰੱਕੀ ਪਾਉਣੀ, ਫੁੱਲਾਂ ਲੱਦੀ ਸੇਜ ਨਾ ਹੁੰਦੀ,
ਕਦੇ ਕਦੇ ਤਾਂ ਸੂਲਾਂ 'ਤੇ ਵੀ, ਆਪਣਾ ਪੈਰ ਟਿਕਾਉਣਾ ਪੈਂਦੈ।

ਜਿਹੜਾ ਮੁਰਗਾ ਰੋਜ਼ ਸਵੇਰੇ, ਬਾਂਗ ਜਗਾਉਣ ਲਈ ਹੈ ਦਿੰਦਾ,
ਓਸੇ ਮੁਰਗੇ ਨੂੰ ਵੀ ਆਖਰ, ਆਪਣਾ ਗਲ਼ ਕਟਵਾਉਣਾ ਪੈਂਦੈ।

ਬਾਹਰ ਦੀ ਛੱਡ ਅੰਦਰ ਵੀ ਹੈ, ਤੇਰੇ ਵੱਸਦਾ ਘੁੱਪ ਹਨੇਰਾ,
ਨਾਲ਼ ਹਨੇਰੇ ਲੜਨ ਲਈ ਹੈ, ਖੁਦ ਨੂੰ ਹੀ ਰੁਸ਼ਨਾਉਣਾ ਪੈਂਦੈ।

ਜੇਕਰ ਜਿੱਤ ਅਦੁੱਤੀ ਪਾਉਣੀ, ਜੰਗ ਮੈਦਾਨੇ ਦੇ ਵਿਚ ਜਾ ਕੇ,
ਛੱਡ ਜੈਕਾਰਾ ਸੀਸ ਤਲੀ 'ਤੇ, ਆਪਣਾ ਫੇਰ ਟਿਕਾਉਣਾ ਪੈਂਦੈ।

ਜੇ ਤੂੰ ਆਸ਼ਕ ਬਣਨਾ ਲੋਚੇਂ, ਸਿੱਖ ਲੈ ਇਸ਼ਕ ਇਬਾਦਤ ਕਰਨੀ,
ਸੱਜਣ ਰੂਪ ਖੁਦਾ ਦਾ ਹੁੰਦੈ, ਉਸ 'ਚੋਂ ਰੱਬ ਨੂੰ ਪਾਉਣਾ ਪੈਂਦੈ।

'ਸ਼ਾਇਰ' ਮੁਹੱਬਤ ਕਰਨੀ ਚਾਹੁਨੈਂ, ਖੁਦ ਦੇ ਨਾਲ਼ ਸੰਵਾਦ ਰਚਾ ਇਹ,
ਚੀਰ ਕੇ ਪੱਟ ਖਵਾਉਣਾ ਪੈਂਦੈ, ਨਾਲ਼ੇ ਜੋਗ ਕਮਾਉਣਾ ਪੈਂਦੈ।

5

ਮਿਰਗ ਵਿਚਾਰਾ ਲੱਭ ਰਿਹਾ ਹੈ,
ਆਪਣੀ ਹੀ ਕਸਤੂਰੀ।
ਕੋਹਾਂ ਲੰਮੀ ਉਸ ਨੇ ਪਾਈ,
ਖੁਦ ਤੋਂ ਖੁਦ ਦੀ ਦੂਰੀ।

ਨਾਲ਼ ਮੁਸ਼ੱਕਤ ਦੇ ਜੋ ਅੱਜਕੱਲ੍ਹ,
ਕਰਦਾ ਹੈ ਮਜ਼ਦੂਰੀ,
ਰੋਜ਼-ਮਰ੍ਹਾ ਦੇ ਨਿਰਬਾਹ ਦੀ ਉਹ,
ਕਰ ਸਕਦਾ ਨਾ ਪੂਰੀ।

ਅੱਜ ਦੇ ਰਾਂਝੇ ਦੇ ਸਿਰ 'ਤੇ ਤਾਂ,
ਭੂਤ ਨਸ਼ੇ ਅਸਲੇ ਦਾ,
ਹੀਰ ਵਿਚਾਰੀ ਛੰਨੇ ਵਿੱਚ ਹੈ,
ਚੁੱਕੀ ਫਿਰਦੀ ਚੂਰੀ।

ਜਿਹੜਾ ਦਿਲ ਦੇ ਨੇੜੇ ਹੁੰਦਾ,
ਦਰਦ ਉਦ੍ਹਾ ਲੈ ਬਹਿੰਦਾ,
ਯਾਦ ਉਦ੍ਹੀ ਵਿਚ ਰੋਣਾ-ਧੋਣਾ,
ਬਣ ਜਾਂਦੈ ਮਜਬੂਰੀ।

ਜਿਹੜੇ ਵੀ ਅਹੁਦੇ 'ਤੇ ਬੈਠੋਂ,
ਨੌਕਰ, ਚਾਕਰ, ਅਫਸਰ,
ਘਰ ਦੇ ਫਰਜ਼ ਨਿਭਾਉਣੇ ਪੈਂਦੇ,
ਛੱਡ ਕੇ ਕੰਮ ਜ਼ਰੂਰੀ।

ਯਾਰ ਹਮੇਸ਼ਾ ਯਾਰਾਂ ਖਾਤਰ,
ਝੱਲਦੇ ਦੁੱਖ ਬਥੇਰੇ,
ਯਾਰਾਂ ਦੀ ਮਹਿਫਲ 'ਚੋਂ ਮਿਲਦੀ,
ਯਾਰਾਂ ਨੂੰ ਮਸ਼ਹੂਰੀ।

ਸੱਚੀਂ 'ਸ਼ਾਇਰ' ਮੁਹੱਬਤ ਹੁੰਦੀ,
ਜੰਨਤ ਦਾ ਦਰਵਾਜ਼ਾ,
ਸਜਣਾਂ ਦੀ ਤਾਂ ਕਵਿਤਾ ਵਰਗੀ,
ਹੁੰਦੀ ਅੱਖ ਦੀ ਘੂਰੀ।

6

ਕਲਮਾਂ ਕੋਲੋਂ ਜਿਹੜੇ ਸਾਹਿਤਕਾਰ ਕਹਾਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।
ਮਜ਼ਲੂਮਾਂ ਦੀ ਖਾਤਰ ਜੋ ਆਵਾਜ਼ ਉਠਾਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।

ਲੋੜੋਂ ਵਧ ਕੇ ਹਾਕਮ ਦੀ ਜੋ ਬੋਲੀ ਬੋਲੇ ਓਸ ਕਲਮ ਨੂੰ,
ਲਾਹਣਤ ਹੈ ਦਿਲ 'ਚੋਂ,
ਬਿਨ ਮਤਲਬ ਹੀ ਕਾਨੀ ਕੋਲੋਂ ਝੂਠ ਲਿਖਾਉਂਦੇ, ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।

ਰਹਿਬਰ ਦਾ ਉਹ ਚਮਚਾ ਹੋਵੇ ਚਾਹੇ ਖੂਬ ਜੁਗਾੜੀ ਹੋਵੇ,
ਫਿਰ ਨਾ ਗੱਲ ਜਚੇ,
ਜਿਹੜੇ ਆਪਣਾ ਫਰਜ਼ ਕਦੇ ਜਾਂ ਧਰਮ ਨਿਭਾਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।

ਲੋਕ ਦੁਖੀ ਨੇ ਏਥੇ ਕਿੰਨੇ ਆਪਣੀ ਮਿਹਨਤ ਕਰਕੇ ਵੀ ਜੋ,
ਭੁੱਖੇ ਮਰਦੇ ਨੇ,
ਜਿਹੜੇ ਉਹਨਾਂ ਖਾਤਰ ਵੀ ਨੇ ਲਿਖਤ ਰਚਾਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।

ਦੇਸ਼ ਮੇਰੇ ਵਿਚ ਹਾਲਤ ਐਸੀ ਪੜ੍ਹ-ਲਿਖ ਕੇ ਰੁਜ਼ਗਾਰ ਮਿਲੇ ਨਾ,
ਵਿਹਲੇ ਫਿਰਦੇ ਉਹ,
ਹੱਕ ਦਿਵਾਉਣ ਲਈ ਜੋ ਆਪਣੇ ਵਾਕ ਬਣਾਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।

ਅੱਜ ਤਰਾਸਦ ਮੁੱਖ ਹੈ ਜਿਹੜੀ ਨਾਰੀ ਮਹਿਫੂਜ਼ ਨਹੀਂ ਯਾਰੋ,
ਨਾ ਬਾਲ ਨਿਆਣੇ,
ਜਿਹੜੇ ਲਿਖਦੇ-ਲਿਖਦੇ ਆਪਣੇ ਹੰਝ ਵਹਾਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।

'ਸ਼ਾਇਰ' ਅਰਾਜਕਤਾ ਫੈਲੀ ਹੈ, ਅੱਜ ਸਮਾਜ 'ਚ ਚੌਹੀਂ-ਪਾਸੀਂ,
ਦੁੱਖ ਬੜਾ ਹੁੰਦਾ,
ਜਾਣਦਿਆਂ ਇਹ ਲਿਖ-ਲਿਖ ਅੱਗੇ ਫੇਰ ਲਿਆਉਂਦੇ ਸੱਚ ਨਹੀਂ ਹਨ,
ਸਾਹਿਤਕਾਰ ਨਹੀਂ।



# ਮਿੰਨੀ ਕਹਾਣੀਆਂ

## ਅਨੁਸ਼ਾਸਨ

ਸਕੂਲ ਦੇ ਅੱਧ ਤੋਂ ਵੱਧ ਵਿਦਿਆਰਥੀ ਅੱਜ ਸਵੇਰ ਤੋਂ ਹੀ ਗੈਰ-ਹਾਜ਼ਰ ਸਨ। ਕੁਝ ਹੋਰ ਅੱਧੀ ਛੁੱਟੀ ਤੋਂ ਬਾਅਦ ਨਾ ਆਏ। ਹੁਣ ਬਹੁਤ ਘੱਟ ਬੱਚੇ ਹੀ ਬਾਕੀ ਰਹਿ ਗਏ ਸਨ।

ਵਿਹਲੇ ਹੋਏ ਮਾਸਟਰ ਕੁਰਸੀਆਂ ਜੋੜ ਕੇ ਬਾਹਰ ਦਰੱਖਤਾਂ ਹੇਠ ਗੱਪਾਂ ਮਾਰਨ ਲੱਗੇ ਸਨ।

"ਯਾਰ ਆਹ ਜੁਆਕਾਂ ਨੇ ਬੜਾ ਲਹੂ ਪੀਤੈ ਚੌਥੇ ਕੁ ਦਿਨ ਅੱਧੀ ਛੁੱਟੀ ਮਨਾ ਲੈਂਦੇ ਐ ਕੋਈ ਅਨੁਸ਼ਾਸਨ ਹੀ ਨਹੀਂ ਰਿਹਾ।" ਸਾਇੰਸ ਮਾਸਟਰ ਨੇ ਜਿਵੇਂ ਭੜਾਸ ਕੱਢੀ। "ਹਾਂ ਯਾਰ ਇੱਕ ਤਾਂ ਸਰਕਾਰ ਪਹਿਲਾਂ ਈ ਬਥੇਰੀਆਂ ਛੁੱਟੀਆਂ ਕਰਦੀ ਐ ਤੇ ਦੂਜਾ ਆਹ ਕਲਾਕਾਰ ਜੇ ਰੋਜ਼ ਕਿਤੇ ਨਾ ਕਿਤੇ 'ਖਾੜੇ ਲਾਈ ਰੱਖਦੇ ਨੇ।"

"ਭੱਠਾ ਬਹਿ ਗਿਆ ਪੜ੍ਹਾਈ ਦਾ ਤੇ ਨਾ ਰਿਹੈ ਅਨੁਸ਼ਾਸਨ।" ਡੀ.ਐੱਮ. ਨੇ ਦੂਜੇ ਦੀ ਹਾਂ ਵਿੱਚ ਹਾਂ ਮਿਲਾਈ। ਇਸ ਦੌਰਾਨ ਸੇਵਾਦਾਰ ਪ੍ਰਿੰਸੀਪਲ ਦਾ ਹੁਕਮ ਲਈ ਮਾਸਟਰਾਂ ਕੋਲ ਆ ਗਿਆ ਸੀ।

"ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੀ ਹਾਜ਼ਰੀ ਲਗਾ ਕੇ ਗੈਰ-ਹਾਜ਼ਰਾਂ ਦੇ ਰੋਲ ਨੰਬਰ ਦਫਤਰ ਭੇਜੇ ਜਾਣ।" ਐੱਸ.ਐੱਲ.ਏ. ਨੇ ਹੁਕਮ ਸਾਰਿਆਂ ਨੂੰ ਪੜ੍ਹ ਕੇ ਸੁਣਾਇਆ।

"ਲੈ ਮੱਲੋ ਭੇਜਤਾ ਹੁਕਮ ਬਸ ਹੁਣ ਸਾਰਿਆਂ ਨੂੰ ਫਾਹੇ ਲਾ ਕੇ ਹਟੂ ਜਾਗ ਪਿਆ ਅਨੁਸ਼ਾਸਨ।" ਪੰਜਾਬੀ ਮਾਸਟਰ ਨੇ ਪ੍ਰਿੰਸੀਪਲ 'ਤੇ ਟਕੋਰ ਕੀਤੀ।

ਫਿਰ ਹਾਜ਼ਰ ਵਿਦਿਆਰਥੀ ਮਾਸਟਰਾਂ ਨੂੰ ਆਖ ਰਹੇ ਸਨ, "ਸਰ ਸਾਰੇ ਭੱਜਗੇ।"

"ਹਾਂ ਸਰ, ਅਸੀਂ ਵੀ ਦਸ ਕੁ ਰਹਿ ਗਈਆਂ ਤੇ ਨਾ ਹੀ ਸਵੇਰ ਦਾ ਕੋਈ ਪੀਰੀਅਡ ਲੱਗਿਐ ਸਰ ਸਾਨੂੰ ਵੀ ਭੇਜ ਦਿਓ!" ਲੜਕੀਆਂ ਨੇ ਵੀ ਮੰਗ ਕੀਤੀ। "ਇੰਜ ਕਿਵੇਂ ਹੋ ਸਕਦੈ। ਅਸੀਂ ਕਿਵੇਂ ਤੋੜ ਸਕਦੇ ਹਾਂ ਅਨੁਸ਼ਾਸਨ" ਡੀ.ਪੀ. ਮਾਸਟਰ ਧੌਣਾ ਸਿੰਘ ਨੇ ਰੋਅਬ ਛਾਂਟਿਆ।

ਸਹਿਮੇ ਬੱਚੇ ਤੁਰਨ ਲੱਗੇ ਤਾਂ ਸਕੂਲ ਦੇ ਇੱਕ ਪ੍ਰਭਾਵੀ ਮਾਸਟਰ ਨੇ ਉਹਨਾਂ ਨੂੰ ਹੌਲੀ ਦੇਣੇ ਕਿਹਾ, "ਓ ਭਾਈ ਇਹ ਗੱਲਾਂ ਆਏਂ ਨੀ ਪੁੱਛਿਆ ਕਰਦੇ ਅਸੀਂ ਆਪਣੇ ਮੂੰਹੋਂ ਇਹ ਖੁੱਲ੍ਹੇ ਐਲਾਨ ਕਿਵੇਂ ਅੱਛਾ ਜੇ ਜਾਣੈ ਤਾਂ ਜ਼ਰਾ ਅੱਖ ਬਚਾ ਕੇ ਦੋ-ਦੋ, ਚਾਰ-ਚਾਰ ਦੀਆਂ ਟੋਲੀਆਂ 'ਚ ਚੁੱਪਚਾਪ ਗੇਟ ਲੰਘ ਜਾਓ।"

ਬੱਚੇ ਹੌਲੀ ਦੇਣੇ ਸਕੂਲੋਂ ਖਿਸਕਣ ਲੱਗੇ। ਮਾਸਟਰਾਂ ਨੇ ਕੁਰਸੀਆਂ ਗੇਟ ਤੋਂ ਉਹਲੇ ਕਰ ਲਈਆਂ ਸਨ। ਸਕੂਲ ਖਾਲੀ ਹੋ ਗਿਆ। ਪ੍ਰਿੰਸੀਪਲ ਨੇ ਸਾਰੀਆਂ ਜਮਾਤਾਂ ਦਾ ਚੱਕਰ ਲਗਾਇਆ ਤੇ ਫਿਰ ਉਸ ਨੇ ਸਕੂਲ ਅਨੁਸ਼ਾਸਨ ਦੇ ਸਬੰਧ ਵਿੱਚ ਆਪਣੇ ਦਫ਼ਤਰ ਸਟਾਫ਼ ਦੀ ਹੰਗਾਮੀ ਮੀਟਿੰਗ ਸੱਦ ਲਈ ਸੀ।

**- ਰਮੇਸ਼ ਤਾਂਗੜੀ**

## ਸੰਤੁਸ਼ਟੀ

ਦਰੱਖਤ ਦੀ ਛਾਂ ਹੇਠ ਲੇਟ ਕੇ ਖਰਬੂਜ਼ੇ ਵੇਚ ਰਹੇ ਬਜ਼ੁਰਗ ਨੂੰ ਇਕ ਆਦਮੀ ਨੇ ਪੁੱਛਿਆ, "ਖਰਬੂਜ਼ੇ ਕਿਸ ਭਾਅ ਵੇਚੇ ਜਾ ਰਹੇ ਨੇ ?"

ਬਜ਼ੁਰਗ ਨੇ ਲੇਟਿਆਂ ਹੀ ਉੱਤਰ ਦਿੱਤਾ, "ਪੰਜਾਹ ਪੈਸੇ ਦਾ ਇਕ ਐ, ਕੋਈ ਲੈ ਲਓ।"

ਉਹ ਆਦਮੀ ਬਹੁਤ ਹੈਰਾਨ ਹੋਇਆ। ਉਸ ਨੇ ਬਜ਼ੁਰਗ ਨੂੰ ਕਿਹਾ, "ਤੁਹਾਨੂੰ ਇਕ ਸਲਾਹ ਦਿਆਂ। ਤੁਸੀਂ ਖਰਬੂਜ਼ੇ ਬੈਠ ਕੇ ਵੇਚਿਆ ਕਰੋ।"

ਬਜ਼ੁਰਗ ਨੇ ਪੁੱਛਿਆ, "ਬੈਠ ਕੇ ਖਰਬੂਜ਼ੇ ਵੇਚਣ ਨਾਲ ਕੀ ਹੋਏਗਾ ?"

ਆਦਮੀ ਬੋਲਿਆ, "ਬੈਠ ਕੇ ਖਰਬੂਜ਼ੇ ਧਿਆਨ ਨਾਲ ਵੇਚੋ ਤਾਂ ਇਨ੍ਹਾਂ ਵਿੱਚੋਂ ਕੁਝ ਇਕ ਰੁਪਏ ਦੇ ਤੇ ਕੁਝ ਇਸ ਤੋਂ ਵੀ ਵੱਧ ਦੇ ਵਿਕ ਸਕਦੇ ਹਨ। ਇਸ ਤਰ੍ਹਾਂ ਤੁਸੀਂ ਰੋਜ਼ ਬਹੁਤ ਪੈਸੇ ਕਮਾ ਸਕਦੇ ਹੋ ਤੇ ਇੱਥੇ ਇਕ ਪੱਕੀ ਦੁਕਾਨ ਖੜੀ ਕਰਨ ਦੇ ਯੋਗ ਹੋ ਸਕਦੇ ਹੋ।"

"ਗੱਲ ਤਾਂ ਤੇਰੀ ਠੀਕ ਐ। ਪਰ ਦੁਕਾਨ 'ਚ ਮੈਂ ਕੀ ਕਰਾਂਗਾ ?"

"ਦੁਕਾਨ 'ਚ ਬਹਿ ਕੇ ਤੁਸੀਂ ਆਰਾਮ ਨਾਲ ਖਰਬੂਜ਼ੇ ਵੇਚ ਸਕੋਗੇ।"

ਬਜ਼ੁਰਗ ਕੁਝ ਦੇਰ ਉਸ ਆਦਮੀ ਦੇ ਚਿਹਰੇ ਵੱਲ ਵੇਖਦਾ ਰਿਹਾ ਤੇ ਫਿਰ ਬੋਲਿਆ, "ਫਿਰ ਆਰਾਮ ਕਿੱਥੇ ਰਹਿਣੈ। ਆਰਾਮ ਨਾਲ ਤਾਂ ਮੈਂ ਹੁਣ ਖਰਬੂਜ਼ੇ ਵੇਚ ਰਿਹੈਂ।"

**- ਸੁਖਵੰਤ ਮਰਵਾਹਾ**

## ਆਸ਼ੀਰਵਾਦ

ਸ਼ਾਮ ਢਲ਼ ਰਹੀ ਸੀ। ਬਾਜ਼ਾਰ ਵਿੱਚ ਦੀ ਹੁੰਦਾ ਹੋਇਆ ਜਦੋਂ ਸ਼ਹਿਰ ਦੇ ਆਖਰੀ ਚੌਂਕ ਵਿੱਚੋਂ ਲੰਘ ਕੇ ਪਿੰਡ ਵਾਲੀ ਸੜਕ ਮੁੜਿਆ ਤਾਂ ਇੱਕ ਸਤਾਰਾਂ-ਅਠਾਰਾਂ ਵਰ੍ਹਿਆਂ ਦੀ ਕੁੜੀ, "ਅੰਕਲ ਪਿੰਡ ਨੂੰ ਹੀ ਜਾਣਾ ਹੈ ?" ਉੱਚੀ ਅਤੇ ਕੰਬਦੀ ਜਿਹੀ ਅਵਾਜ਼ ਵਿੱਚ ਪੁੱਛਦੀ ਹੋਈ ਮੋਟਰਸਾਇਕਲ ਦੇ ਅੱਗੇ ਹੀ ਆਣ ਖਲੋਤੀ। ਉਸ ਦੀਆਂ ਅੱਖਾਂ ਵਿੱਚ ਉਮੀਦ ਭਰੀ ਹੋਈ ਸੀ। ਮੇਰੇ ਵੱਲੋਂ 'ਹਾਂ' ਵਿੱਚ ਸਿਰ ਹਿਲਾਉਂਦੇ ਹੀ ਉਸ ਦਾ ਡਰਿਆ-ਡਰਿਆ ਚਿਹਰਾ ਕੁਝ ਸਾਵਾਂ ਜਿਹਾ ਹੋ ਗਿਆ।

"ਪਿੱਛੇ ਕੋਈ ਧਰਨਾ ਲੱਗਿਆ ਹੈ .. ਅੰਕਲ ਕਾਫ਼ੀ ਚਿਰ ਤੋਂ ਇੱਧਰ ਕੋਈ ਬੱਸ ਨਹੀਂ ਆਈ"। ਉਸ ਨੇ ਮੋਟਰਸਾਇਕਲ ਉੱਤੇ ਬੈਠਦਿਆਂ ਦੱਸਿਆ।

ਇਹ ਕੁੜੀ ਮੇਰੇ ਪਿੰਡ ਦੇ ਸ਼ਿੰਗਾਰਾ ਸਿੰਘ ਟਰੱਕ ਡਰਾਇਵਰ ਦੀ ਬੇਟੀ ਹੈ, ਜੋ ਪਿਛਲੇ ਸਾਲ ਐਕਸੀਡੈਂਟ ਵਿੱਚ ਜਾਨ ਗਵਾ ਬੈਠਾ ਸੀ। ਹੁਣ ਉਸ ਦੀ ਮਾਂ ਹੀ ਲੋਕਾਂ ਦੇ ਘਰੀਂ ਕੰਮਕਾਰ ਕਰਕੇ ਉਸ ਨੂੰ ਪੜ੍ਹਾ ਰਹੀ ਹੈ। ਇੱਕ ਭਾਈ ਹੈ ਜੋ ਅਜੇ ਛੋਟਾ ਹੈ। ਉਹ ਹੁਣ ਆਇਲੈਟਸ ਕਰ ਰਹੀ ਹੈ। ਉਹ ਦੱਸਦੀ ਆ ਰਹੀ ਸੀ।

ਬਿਨਾਂ ਆਦਮੀ ਦਾ ਘਰ, ਓ..ਹੋ ..! ਰਸਤੇ ਭਰ ਮੈਂ ਵੀ ਉਹਨਾਂ ਦੀਆਂ ਮੁਸ਼ਕਲਾਂ ਦਾ ਅੰਦਾਜ਼ਾ ਲਗਾਉਂਦਾ ਆ ਰਿਹਾ ਸੀ। "ਅੰਕਲ ਇੱਥੇ ਹੀ ਉਤਾਰ ਦਿਓ, ਹੋਰ ਖੇਚਲ ਨਾ ਕਰੋ।" ਪਿੰਡ ਉਸ ਨੇ ਸੜਕ ਉੱਤੇ ਹੀ ਉਤਰਨ ਲਈ ਜ਼ੋਰ ਪਾਇਆ, ਪਰ ਨਹੀਂ, ਮੈਂ ਆਪਣੇ ਸੁਭਾਅ ਮੁਤਾਬਿਕ, ਉਸ ਨੂੰ ਉਸ ਦੇ ਘਰ ਪਹੁੰਚਾ ਕੇ ਹੀ ਇਸ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋਣਾ ਚਾਹੁੰਦਾ ਸੀ।

ਜਿਵੇਂ ਹੀ ਅਸੀਂ ਉਨ੍ਹਾਂ ਦੇ ਘਰ ਵੱਲ ਨੂੰ ਮੋੜ ਮੁੜੇ ਤਾਂ ਉਹਨਾਂ ਦੇ ਘਰ ਦੇ ਸਾਹਮਣੇ ਵਿਹਲੜਾਂ ਦੀ ਬੈਠੀ ਢਾਣੀ ਨੇ ਅੱਖਾਂ ਚੁੱਕ ਲਈਆਂ, ਕਈ ਕੂਹਣੀਆਂ ਹਿੱਲੀਆਂ, ਢਾਣੀ ਦੀ ਬੀੜੀਆਂ, ਸਿਗਰਟਾਂ ਦੇ ਧੂੰਏਂ ਵਿੱਚ ਘੁਲ਼ੀ ਘੁਸਰ-ਮੁਸਰ ਤੇਜ਼ ਹੋ ਗਈ। ਆਂਢ-ਗਵਾਂਢ ਦੇ ਬੂਹੇ-ਬਾਰੀਆਂ ਨੇ ਵੀ ਜਿਵੇਂ ਕੰਨ ਜਿਹੇ ਚੁੱਕ ਲਏ।

ਬੂਹੇ ਅੱਗੇ ਮੋਟਰਸਾਇਕਲ ਰੁਕਦੀ ਵੇਖ ਉਸ ਦੀ ਮਾਂ ਕਾਹਲੀ ਨਾਲ ਬਾਹਰ ਆਈ। ਉਸਨੇ ਮੈਨੂੰ ਬੜੇ ਸਤਿਕਾਰ ਨਾਲ 'ਸਤਿ ਸ੍ਰੀ ਅਕਾਲ' ਬੁਲਾਈ, ਪਰ ਅਗਲੇ ਹੀ ਪਲ ਉਹ ਆਲੇ-ਦੁਆਲੇ ਵੱਲੋਂ ਘੂਰਦੀਆਂ ਸੌੜੀਆਂ ਅੱਖਾਂ ਵੱਲ ਦੇਖ ਕੇ ਕੁਝ ਅਸਹਿਜ ਹੋ ਗਈ ਜਾਪੀ।

ਮਾਂ-ਧੀ ਦੀ ਮਨੋਸਥਿਤੀ ਦਾ ਅੰਦਾਜ਼ਾ ਲਗਾਉਂਦੇ ਹੀ ਮੇਰੇ ਅੰਦਰ ਵੀ ਹੁਣ ਜਿਵੇਂ ਕੁੱਝ ਟੁੱਟਣ ਲੱਗ ਗਿਆ ਸੀ।

ਮੈਂ ਸਥਿਰ ਜਿਹਾ ਹੁੰਦੇ ਹੋਏ ਗੰਭੀਰ ਅਤੇ ਬੁਲੰਦ ਆਵਾਜ਼ ਵਿੱਚ ਓਥੋਂ ਇਜਾਜ਼ਤ ਲੈਂਦਿਆਂ ਕਿਹਾ, "ਭੈਣ ਤੁਹਾਡੀ ਬੇਟੀ ਬਹੁਤ ਹੌਸਲੇ ਵਾਲੀ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਹੈ, ਇਸ ਨੂੰ ਜ਼ਰੂਰ ਪੜ੍ਹਾਓ। ਜੇਕਰ ਕੋਈ ਸਾਡੇ ਲਾਇਕ ਜ਼ਰੂਰਤ ਹੋਵੇ ਤਾਂ ਬੇਝਿਜਕ ਦੱਸਣਾ।" ਕਹਿੰਦਿਆਂ ਮੈਂ ਬੇਟੀ ਦੇ ਸਿਰ ਉੱਤੇ ਹੱਥ ਰੱਖ ਦਿੱਤਾ।

ਮਾਂ-ਬੇਟੀ ਦੀਆਂ ਅੱਖਾਂ ਵਿੱਚ ਚਮਕ ਜਿਹੀ ਆ ਗਈ, ਇੱਧਰ ਢਾਣੀ ਹੁਣ ਖਾਮੋਸ਼ ਹੋ ਗਈ ਸੀ ਅਤੇ ਉੱਠੀਆਂ ਹੋਈਆਂ ਨਜ਼ਰਾਂ ਝੁਕ ਰਹੀਆਂ ਸਨ।

**-ਸੋਮਾ ਕਲਸੀਆਂ**

## ਵੀਰ

ਕੈਪਟਨ ਹਰਜੀਤ ਸਿੰਘ ਦੀ ਪਿਛਲੇ ਦਿਨੀਂ ਐਕਸੀਡੈਂਟ ਵਿਚ ਮੌਤ ਹੋ ਗਈ ਸੀ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਤੋਂ ਬਾਅਦ ਪਰਵਾਰ, ਰਿਸ਼ਤੇਦਾਰ ਤੇ ਪਿੰਡ ਦੇ ਪਤਵੰਤੇ ਲੋਕ ਇਕੱਠੇ ਹੋਏ। ਬੈਂਕ ਵਿਚ ਫ਼ੀਲਡ ਅਫ਼ਸਰ ਲੱਗੀ, ਕੈਪਟਨ ਦੀ ਵਿਧਵਾ ਪਤਨੀ ਮਨਜੀਤ ਸਫੈਦ ਕੱਪੜੇ ਪਾਈ ਗੁੰਮਸੁੰਮ ਬੈਠੀ ਸੀ। ਉਸ ਨੂੰ ਪਤਾ ਸੀ ਕਿ ਇਹ ਇਕੱਠ ਕਿਸ ਲਈ ਹੋਇਆ ਹੈ। ਉਹ ਚਾਹੁੰਦੀ ਤਾਂ ਆਪਣੇ ਭਵਿੱਖ ਸੰਬੰਧੀ ਫੈਸਲਾ ਆਪ ਕਰ ਸਕਦੀ ਸੀ, ਪਰ ਹਰਜੀਤ ਦੇ ਪਰਵਾਰ ਨੇ ਉਸ ਨੂੰ ਬਹੁਤ ਸਤਿਕਾਰ ਦਿੱਤਾ ਸੀ। ਉਸ ਨੂੰ ਧਿਆਨ ਵਿਚ ਰੱਖ ਕੇ ਉਸ ਨੇ ਫੈਸਲਾ ਪਰਵਾਰ ਉੱਤੇ ਛੱਡ ਦਿੱਤਾ ਸੀ।

ਮਨਜੀਤ ਦੀਆਂ ਨਨਾਣਾਂ ਕਈ ਦਿਨਾਂ ਤੋਂ ਉਸ ਨੂੰ ਆਪਣੇ ਵੱਡੇ ਵੀਰ ਗੁਰਨਾਮ ਸਿੰਘ ਦੇ ਘਰ ਬਹਿ ਜਾਣ ਲਈ ਜ਼ੋਰ ਪਾ ਰਹੀਆਂ ਸਨ। ਗੁਰਨਾਮ ਸਿੰਘ ਸਕੂਲ ਵਿਚ ਅਧਿਆਪਕ ਸੀ ਤੇ ਸ਼ਾਦੀਸ਼ੁਦਾ ਸੀ। ਗੁਰਨਾਮ ਦੀ ਪਤਨੀ ਦੀ ਰਜ਼ਾਮੰਦੀ ਤੋਂ ਬਾਅਦ ਫੈਸਲਾ ਹੋਇਆ ਕਿ ਮਨਜੀਤ ਆਪਣੇ ਜੇਠ ਗੁਰਨਾਮ ਸਿੰਘ ਦੇ ਘਰ ਬੈਠ ਜਾਵੇ।

ਪਰ ਗੁਰਨਾਮ ਫੈਸਲੇ ਨਾਲ ਸਹਿਮਤ ਨਹੀਂ ਸੀ। ਉਹ ਬੋਲਿਆ, "ਜਿਹੜੀ ਮਨਜੀਤ ਪਿਛਲੇ ਪੰਜ ਵਰ੍ਹਿਆਂ ਤੋਂ ਮੈਨੂੰ 'ਵੀਰ ਜੀ-ਵੀਰ ਜੀ' ਕਹਿੰਦੀ ਆ ਰਹੀ ਐ, ਉਹ ਤਾਂ ਮੇਰੇ ਲਈ ਭੈਣਾਂ ਵਰਗੀ ਐ ਮੈਂ ਕਿਸ ਤਰ੍ਹਾਂ ਅੱਜ ਉਹਨੂੰ ਆਪਣੀ ਪਤਨੀ ਮੰਨ ਲਵਾਂ ?"

ਉਸ ਦੀ ਗੱਲ ਸੁਣ ਸਭ ਹੈਰਾਨ ਸਨ। ਉਹਨਾਂ ਨੂੰ ਕੋਈ ਜਵਾਬ ਨਹੀਂ ਸੀ ਸੁੱਝ ਰਿਹਾ।

ਤਦ ਗੁਰਨਾਮ ਫਿਰ ਬੋਲਿਆ, "ਹਰਜੀਤ ਦੇ ਮਿੱਤਰ ਕੈਪਟਨ ਗੁਰਜੀਤ ਸਿੰਘ ਨੂੰ ਅਸੀਂ ਸਭ ਚੰਗੀ ਤਰ੍ਹਾਂ ਜਾਣਦੇ ਆਂ। ਉਹ ਅਜੇ ਕੁਆਰੇ ਹਨ। ਜੇਕਰ ਮਨਜੀਤ ਨੂੰ ਮਨਜ਼ੂਰ ਹੋਵੇ ਤਾਂ ਉਹ ਇਸ ਨਾਲ ਵਿਆਹ ਕਰਾਉਣ ਲਈ ਤਿਆਰ ਹਨ।"

ਗੁਰਨਾਮ ਨੇ ਆਪਣੀ ਭੈਣ ਦੀ ਤਰ੍ਹਾਂ ਮਨਜੀਤ ਨੂੰ ਗੁਰਜੀਤ ਸਿੰਘ ਦੇ ਲੜ ਲਾ ਦਿੱਤਾ।

**- ਸਰਵਣ ਸਿੰਘ ਪਤੰਗ**

ਸਫ਼ਾ 1 ਦੀ ਬਾਕੀ

## ਪੂਰਬ ਅਜੇ ਵੀ ਲਾਲ ਹੈ....

ਨਾਲ ਹੀ ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਚੀਨ ਇਸ ਪ੍ਰਯੋਗ ਨੂੰ ਅੱਗੇ ਵਧਾ ਸਕੇਗਾ ਜਾਂ ਕਿਸੇ ਮੁਕਾਮ 'ਤੇ ਜਾ ਕੇ ਸੋਵੀਅਤ ਸੰਘ ਵਾਂਗ ਲੜਖੜਾ ਜਾਵੇਗਾ? ਇਸ ਸਿਲਸਿਲੇ ਵਿੱਚ ਸ਼ੀ ਦਾ ਕਥਨ ਮਹੱਤਵਪੂਰਨ ਹੈ, 'ਇਤਿਹਾਸ ਅਤੇ ਅਸਲੀਅਤ ਦੋਵਾਂ ਨੇ ਹੀ ਇਹ ਸਾਬਤ ਕਰ ਦਿੱਤਾ ਹੈ ਕਿ ਕੇਵਲ ਸਮਾਜਵਾਦ ਹੀ ਚੀਨ ਨੂੰ ਬਚਾ ਸਕਦਾ ਹੈ ਅਤੇ ਸਿਰਫ ਚੀਨੀ ਸੁਭਾਅ ਦਾ ਸਮਾਜਵਾਦ (Socialism with Chinese Character) ਹੀ ਚੀਨ ਵਿੱਚ ਵਿਕਾਸ ਲਿਆ ਸਕਦਾ ਹੈ। ਸੁਧਾਰ ਅਤੇ ਖੁੱਲ੍ਹੇਪਣ ਦੀ ਨੀਤੀ ਸ਼ੁਰੂ ਕਰਨ ਵੇਲੇ ਦੇਂਗ ਸ਼ਿਆਓਪਿੰਗ ਨੇ ਕਿਹਾ ਸੀ: 'ਜੇਕਰ ਚੀਨ ਨੇ ਬਰਜੂਆ ਉਦਾਰੀਕਰਨ ਨੂੰ ਇਜ਼ਾਜਤ ਦਿੱਤੀ ਤਾਂ ਨਿਸ਼ਚੇ ਹੀ ਉਸ ਨੂੰ ਉਥਲ-ਪੁਥਲ ਵਿੱਚ ਲੰਘਣਾ ਪਵੇਗਾ, ਇਸ ਤੋਂ ਕੁਝ ਵੀ ਹਾਸਲ ਨਹੀਂ ਹੋਵੇਗਾ ਅਤੇ ਸਾਡੇ ਸਭ ਸਿਧਾਂਤ, ਨੀਤੀਆਂ, ਦਿਸ਼ਾ ਅਤੇ ਵਿਕਾਸ ਦੀ ਰਣਨੀਤੀ ਦਾ ਨਾਕਾਮ ਹੋਣਾ ਤੈਅ ਹੋ ਜਾਵੇਗਾ।'

ਕਈ ਹੋਰ ਵਿਦਵਾਨਾਂ ਵਾਂਗ ਮਾਰਤਨੇਜ ਦੀ ਇਹ ਦਲੀਲ ਹੈ ਕਿ ਜੇਕਰ ਇਨ੍ਹਾਂ ਦੋ ਗੱਲਾਂ ਵਿੱਚ ਚੀਨੀ ਲੀਡਰਸ਼ਿਪ ਦਾ ਵਿਸ਼ਵਾਸ ਬਣਿਆ ਰਿਹਾ ਅਤੇ ਇਸ ਭਟਕਿਆ ਨਾ ਤਾਂ ਚੀਨ ਵਿੱਚ ਸੋਵੀਅਤ ਸੰਘ ਵਰਗੀ ਸਥਿਤੀ ਪੈਦਾ ਨਹੀਂ ਹੋਵੇਗੀ।

1970 ਦੇ ਦਹਾਕੇ ਵਿੱਚ ਸੋਵੀਅਤ ਸੰਘ ਵਿੱਚ ਆਰਥਕ ਵਿਕਾਸ ਵਿੱਚ ਖੜੋਤ ਆ ਗਈ ਸੀ, ਸਮਾਜ ਨੌਕਰਸ਼ਾਹੀ ਦੇ ਸ਼ਿਕੰਜੇ ਵਿੱਚ ਫਸ ਗਿਆ ਸੀ, ਵਿਚਾਰਧਾਰਾ ਆਪਣੀ ਖਿਚ ਗੁਆ ਚੁੱਕੀ ਸੀ। ਮਜ਼ਦੂਰ ਕਾਰਖਾਨਿਆਂ 'ਚੋਂ ਗੈਰ-ਹਾਜ਼ਰ ਰਹਿਣ ਦੇ ਬਹਾਨੇ ਬਣਾ ਰਹੇ ਸਨ। ਤਕਨੀਕੀ ਵਿਕਾਸ ਠੱਪ ਹੋ ਗਿਆ ਸੀ ਅਤੇ ਇਨ੍ਹਾਂ ਸਭ ਕਾਰਨਾਂ ਕਰਕੇ ਸਮਾਜ ਦਿਸ਼ਾ-ਹੀਣ ਹੋ ਗਿਆ ਸੀ ਅਤੇ ਅਜਿਹਾ ਉਸ ਸਮੇਂ ਹੋਇਆ, ਜਦੋਂ ਪੱਛਮੀ ਦੇਸ਼ ਤਕਨੀਤੀ ਪ੍ਰਗਤੀ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਰਹੇ ਸਨ ਅਤੇ ਉਸੇ ਵੇਲੇ ਪੱਛਮੀ ਪ੍ਰਚਾਰ ਤੰਤਰ ਦਾ ਸੋਵੀਅਤ ਸੰਘ 'ਤੇ ਹਮਲਾ ਵੀ ਕਾਰਗਰ ਹੋ ਗਿਆ। ਇੱਥੋਂ ਤੱਕ ਕਿ ਸੋਵੀਅਤ ਕਮਿਊਨਿਸਟ ਪਾਰਟੀ ਵਿੱਚ ਇੱਕ ਅਜਿਹਾ ਹਿੱਸਾ ਹਾਵੀ ਹੋ ਗਿਆ ਸੀ, ਜਿਹੜਾ ਪੱਛਮੀ ਪ੍ਰਚਾਰ ਤੋਂ ਪ੍ਰਭਵਿਤ ਸੀ। ਇਸੇ ਕਾਰਨ ਹੀ ਗੋਰਬਾਚੇਵ ਪਾਰਟੀ ਦੇ ਜਨਰਲ ਸਕੱਤਰ ਬਣ ਸਕੇ। ਉਸ ਨੇ ਆਰਥਕ ਸੁਧਾਰ ਦੀ ਬਜਾਏ ਪ੍ਰੇਸਤੋਰੋਇਕ ਅਤੇ ਗਲਾਸਨੋਸਤ ਵਰਗੀਆਂ ਨੀਤੀਆਂ ਰਾਹੀਂ ਰਾਜਸੀ ਸੁਧਾਰ ਸ਼ੁਰੂ ਕੀਤੇ, ਜਿਨ੍ਹਾਂ ਵਿੱਚ ਸਮਾਜਵਾਦੀ ਦ੍ਰਿਸ਼ਟੀ ਦੀ ਘਾਟ ਅਤੇ ਪੱਛਮੀ ਪੂੰਜੀਵਾਦੀ ਲੋਕਤੰਤਰ ਦੇ ਇੱਕ ਆਦਰਸ਼ ਦੇ ਰੂਪ ਵਿੱਚ ਰੁਝਾਨ ਮੌਜੂਦ ਸੀ। ਦਰਅਸਲ ਸੋਵੀਅਤ ਸੰਘ ਖਰੁਸ਼ਚੇਵ ਦੇ ਦੌਰ ਵਿੱਚ ਭਟਕ ਗਿਆ ਸੀ, ਜਦੋਂ ਉਸ ਨੇ ਸਟਾਲਿਨ ਦੌਰ ਦੀ ਅਸਲੀਅਤ ਦੇ ਵਿਸ਼ਲੇਸ਼ਣ ਕਰਨ ਦੀ ਬਿਜਾਏ ਸਟਾਲਿਨ ਦੀ ਵਿਰਾਸਤ ਨੂੰ ਸੋਵੀਅਤ ਕਮਿਊਨਿਸਟ ਪਾਰਟੀ ਤੋਂ ਅਲੱਗ ਕਰਨ ਦੀ ਮੁਹਿੰਮ ਛੇੜ ਦਿੱਤੀ। ਗੋਰਬਾਚੇਵ ਨੇ ਇੱਕ ਤਰ੍ਹਾਂ ਖਰੁਸਚੇਵ, ਬ੍ਰੈਜ਼ਨੇਵ ਦੌਰ ਦੀ ਵਿਰਾਸਤ ਨੂੰ ਵੀ ਪਿੱਛੇ ਧਕੇਲਣ ਦੀ ਮੁਹਿੰਮ ਸ਼ੁਰੂ ਕੀਤੀ। ਇਨ੍ਹਾਂ ਭਟਕਣਾਂ ਨੇ ਇੱਕ ਮਹਾਨ ਪ੍ਰਯੋਗ 'ਤੇ ਰੋਕ ਲਗਾ ਦਿੱਤੀ। ਇਸੇ ਸੰਦਰਭ ਵਿੱਚ ਅਮਰੀਕੀ ਅਰਥ ਸ਼ਾਸਤਰੀ ਈਸਾਬੇਲਾ ਵੇਬਰ ਦੀ ਖੋਜ ਭਰਪੂਰ ਪੁਸਤਕ How China Esaped Shock Theraphy: The Market Reform Debate ਜ਼ਿਕਰਯੋਗ ਹੈ। ਇਸ ਪੁਸਤਕ ਵਿੱਚ 1980 ਦੇ ਦਹਾਕੇ ਵਿੱਚ ਚੀਨ ਵਿੱਚ ਹੋਏ ਸਰਵੇਖਣਾਂ, ਅਨੇਕਾਂ ਸੈਮੀਨਾਰਾਂ, ਸੀ ਪੀ ਸੀ ਦੇ ਪ੍ਰਤੀਨਿਧ ਮੰਡਲਾਂ ਦੇ ਪੂਰਬੀ ਯੂਰਪੀਨ ਦੇਸ਼ਾਂ ਦੇ ਦੌਰਿਆਂ, ਪੱਛਮੀ ਦੇਸ਼ਾਂ ਦੇ ਵਿਦਵਾਨਾਂ, ਵਿਸ਼ਵ ਬੈਂਕ ਅਤੇ ਆਈ ਐੱਮ ਐੱਫ ਵਰਗੀਆਂ ਸੰਸਥਾਵਾਂ ਦੇ ਅਧਿਕਾਰੀਆਂ ਨਾਲ ਹੋਏ ਲੰਮੇ ਸੰਵਾਦਾਂ ਦੇ ਵਿਸਥਾਰਤ ਵੇਰਵੇ ਦਰਜ ਹਨ, ਜਿਨ੍ਹਾਂ ਵਿੱਚ ਪ੍ਰਮੁੱਖ ਚਰਚਾ ਇਸ 'ਤੇ ਕੇਂਦਰਤ ਸੀ ਕਿ ਵਿਸ਼ਵ ਭਰ ਦੇ ਵਿਸ਼ੇਸ਼ ਕਰਕੇ ਕਮਿਊਨਿਸਟ ਦੇਸ਼ਾਂ ਦੇ ਅਨੁਭਵਾਂ ਤੋਂ ਚੀਨ ਨੂੰ ਕੀ ਸਿਖਣਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਦੀਆਂ ਗਲਤੀਆਂ ਤੋਂ ਬਚਦੇ ਹੋਏ ਆਪਣੀ ਜਨਤਾ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਰਾਹ 'ਤੇ ਚੱਲ ਸਕੇ।

ਦੇਂਗ ਮੰਨਦੇ ਸਨ ਕਿ ਸਮਾਜਵਾਦ ਦਾ ਅਰਥ ਕੇਵਲ ਗਰੀਬੀ ਖਤਮ ਕਰਨਾ ਹੀ ਨਹੀਂ, ਸਗੋਂ ਇਹ ਇੱਕ ਅਜਿਹੀ ਵਿਵਸਥਾ ਹੈ, ਜਿਸ ਵਿੱਚ ਆਮ ਜਨਤਾ ਦਾ ਜੀਵਨ ਪੱਧਰ ਪੂੰਜੀਵਾਦੀ ਸਮਾਜ ਤੋਂ ਬਿਹਤਰ ਹੋ ਸਕੇ। ਉਨ੍ਹਾ ਦੇ ਦੌਰ ਵਿੱਚ ਜੀਵਨ ਪੱਧਰ ਦੇ ਸ਼ੁਰੂ ਕੀਤੇ ਗਏ ਸੁਧਾਰਾਂ ਦਾ ਇਹੀ ਮਕਸਦ ਐਲਾਨਿਆ ਗਿਆ ਸੀ। ਆਮ ਜਨ-ਜੀਵਨ ਪੱਧਰ ਵਿੱਚ ਸੁਧਾਰ ਉਹ ਪ੍ਰਾਪਤੀ ਹੈ, ਜਿਸ ਨੇ ਸੀ ਪੀ ਸੀ ਦੀ ਸਾਖ ਨੂੰ (Legitiacy) ਨੂੰ ਲਗਾਤਾਰ ਉੱਚਾ ਬਣਾਈ ਰੱਖਿਆ ਹੈ। ਹਾਰਵਰਡ ਵਰਗੀ ਪੱਛਮੀ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਸਰਵੇਖਣਾਂ ਦਾ ਸਿੱਟਾ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਇਹ ਸਾਖ ਵਧਦੀ ਗਈ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਜਦੋਂ ਤੱਕ ਅਜਿਹਾ ਹੁੰਦਾ ਰਹੇਗਾ, ਚੀਨ ਵਿੱਚ ਸਮਾਜਵਾਦ ਦਾ ਭਵਿੱਖ ਮਜ਼ਬੂਤ ਬਣਿਆ ਰਹੇਗਾ। ਚੀਨੀ ਸਮੀਖਿਆਕਾਰ ਕਹਿੰਦੇ ਹਨ ਕਿ ਸਮਾਜਵਾਦ ਨੇ ਚੀਨ ਨੂੰ ਬਚਾਇਆ ਹੈ ਅਤੇ ਹੁਣ ਚੀਨ ਸਮਾਜਵਾਦ ਦੇ ਭਵਿੱਖ ਨੂੰ ਸੁੱਰਖਿਅਤ ਕਰ ਰਿਹਾ ਹੈ।

ਸੋਵੀਅਤ ਯੂਨੀਅਨ ਦੇ ਢਹਿਣ ਤੋਂ ਬਾਅਦ ਜਦੋਂ ਪੂਰੇ ਵਿਸ਼ਵ ਵਿੱਚ ਪੂੰਜੀਵਾਦ 'ਤੇ ਅਧਾਰਤ ਉਦਾਰਵਾਦੀ ਲੋਕਤੰਤਰ ਦਾ ਜਸ਼ਨ ਮਨਾਇਆ ਜਾ ਰਿਹਾ ਸੀ ਤੇ ਵਿਸ਼ਵ ਭਰ 'ਚ ਸੋਸ਼ਲਿਸਟ ਹਲਕਿਆਂ ਵਿੱਚ ਨਿਰਾਸ਼ਾ ਦੀ ਭਾਵਨਾ ਪੈਦਾ ਹੋ ਗਈ ਸੀ ਤਾਂ ਉਸ ਵੇਲੇ ਜੇਕਰ ਚੀਨ ਅਤੇ ਵੀਅਤਨਾਮ ਵਰਗੇ ਦੇਸ਼ਾਂ ਨੇ ਸਫਲਤਾ ਦੇ ਨਵੇਂ ਕੀਰਤੀਮਾਨ ਸਥਾਪਤ ਨਾ ਕੀਤੇ ਹੁੰਦੇ, ਕਿਊਬਾ ਕਾਇਮ ਨਾ ਰਹਿੰਦਾ ਤਾਂ ਸਮਾਜਵਾਦ ਦਾ ਸੁਪਨਾ ਲੰਮੇ ਸਮੇਂ ਤੱਕ ਧੁੰਦਲਾ ਹੋ ਜਾਂਦਾ, ਪਰ ਅੱਜ ਅਜਿਹਾ ਨਹੀਂ ਹੈ। ਹੁਣ ਹਕੀਕਤ ਇਹ ਹੈ ਕਿ ਨਵ-ਉਦਾਰਵਾਦ ਰਾਹੀਂ ਪੂਰੇ ਵਿਸ਼ਵ 'ਤੇ ਅਮਰੀਕੀ ਅਗਵਾਈ ਵਿੱਚ ਪੱਛਮੀ ਸਾਮਰਾਜਵਾਦ ਦਾ ਸ਼ਿਕੰਜਾ ਕੱਸਣ ਦੀਆਂ ਪਿਛਲੇ ਤਿੰਨ ਦਹਾਕਿਆਂ ਤੋਂ ਹੋ ਰਹੀਆਂ ਕੋਸ਼ਿਸ਼ਾਂ ਝਟਕੇ ਖਾ ਰਹੀਆਂ ਹਨ। ਉਨ੍ਹਾਂ ਦੇ ਸੰਚਾਲਕ ਚੀਨ ਦੀ 'ਗੈਰ-ਬਜ਼ਾਰ ਵਿਵਸਥਾ' ਤੋਂ ਪੈਦਾ ਹੋਈਆਂ ਚੁਣੌਤੀਆਂ ਦਾ ਖੁੱਲ੍ਹੇਆਮ ਜ਼ਿਕਰ ਕਰ ਰਹੇ ਹਨ, ਏਨਾ ਹੀ ਨਹੀਂ, ਸਗੋਂ ਮੁਕਤ ਬਜ਼ਾਰ ਦੀ ਨੀਤੀ ਦੇ ਪੈਰੋਕਾਰ ਦੇਸ਼ ਹੁਣ ਚੀਨ ਦੇ ਆਰਥਕ ਮਾਡਲ ਦੀ ਨਕਲ ਕਰਨ ਨੂੰ ਮਜਬੂਰ ਹੋ ਰਹੇ ਹਨ।

ਮਾਰਤਨੇਜ ਨੇ ਆਪਣੀ ਪੁਸਤਕ ਵਿੱਚ ਦੱਸਿਆ ਹੈ ਕਿ ਇਹ ਮਾਡਲ ਦਰਅਸਲ ਸਮਾਜਵਾਦ ਹੈ। ਇਸ ਸਿਲਸਿਲੇ 'ਚ 1990-91 ਵਿੱਚ ਇੱਕ ਕਦਮ ਪਿੱਛੇ ਹਟਣ ਦੇ ਬਾਅਦ ਦੋ ਕਦਮ ਅੱਗੇ ਵਧਣ ਨੂੰ ਤਿਆਰ ਦਿਸ ਰਿਹਾ ਹੈ। ਇਸ ਪੂਰੇ ਘਟਨਾਕ੍ਰਮ ਨੂੰ ਜਾਨਣ-ਸਮਝਣ ਲਈ ਮਾਰਤਨੇਜ ਦੀ ਪੁਸਤਕ ਮਹੱਤਵਪੂਰਨ ਸਰੋਤ ਬਣ ਕੇ ਆਈ ਹੈ।

*(ਸਤੇਂਦਰ ਰੰਜਨ ਇੱਕ ਪ੍ਰਮੁੱਖ ਪੱਤਰਕਾਰ ਹਨ)*
*(ਜਨ ਚੌਕ ਤੋਂ ਧੰਨਵਾਦ ਸਹਿਤ)*

**-ਅਨੁਵਾਦ : ਗੁਰਮੀਤ**

ਸਫ਼ਾ 3 ਦੀ ਬਾਕੀ

## ਸਾਂਝੇ ਪੰਜਾਬ ਦੀ ਤਸਵੀਰ ਪੇਸ਼ ਕਰਦੀ ਪੁਸਤਕ...

ਗੋਬਿੰਦ ਸਿੰਘ ਜੀ 3 ਸਤੰਬਰ 1708 ਈ. ਨੂੰ ਸਾਧੂ ਮਾਧੋ ਦਾਸ ਨੂੰ ਮਿਲਣ ਲਈ ਗਏ। ਗੁਰੂ ਸਾਹਿਬ ਅਤੇ ਮਾਧੋ ਦਾਸ ਵਿਚਕਾਰ ਹੋਈ ਇਸ ਮੁਲਾਕਾਤ ਬਾਰੇ ਲੇਖਕਾਂ ਵਿਚ ਮੱਤਭੇਦ ਹਨ। ਜਗਤਾਰ ਸਿੰਘ ਭੰਗੂ ਨੇ ਇਸ ਮੁਲਾਕਾਤ ਸੰਬੰਧੀ ਵੱਖ-ਵੱਖ ਲੇਖਕਾਂ ਦੇ ਹਵਾਲੇ ਦਿੱਤੇ ਹਨ ਅਤੇ ਨਾਲ ਹੀ ਮਾਧੋ ਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣਨ ਤੱਕ ਦੇ ਸਫ਼ਰ ਨੂੰ ਬਿਆਨਿਆ ਹੈ। ਪੰਜਾਬ ਵਿਚ 1709 ਈ. ਤੋਂ 1716 ਈ. ਤੱਕ ਦਾ ਸਮਾਂ ਬੰਦਾ ਸਿੰਘ ਬਹਾਦਰ ਦੇ ਰਾਜ ਦਾ ਸਮਾਂ ਹੈ। ਇਸ ਸਮੇਂ ਬੰਦਾ ਸਿੰਘ ਬਹਾਦਰ ਨੇ ਕਈ ਜੰਗਾਂ ਲੜੀਆਂ ਅਤੇ ਕਈ ਕਿਲ੍ਹਿਆਂ ਉੱਪਰ ਜਿੱਤਾਂ ਹਾਸਲ ਕੀਤੀਆਂ। ਲੇਖਕ ਨੇ ਬੰਦਾ ਬਹਾਦਰ ਦੇ ਇਸ ਸੰਘਰਸ਼ ਭਰੇ ਦੌਰ ਨੂੰ ਵਿਸਥਾਰ ਸਹਿਤ ਪੇਸ਼ ਕੀਤਾ ਹੈ। ਇਸ ਦੇ ਅੰਤਰਗਤ ਬੰਦਾ ਬਹਾਦਰ ਦੁਆਰਾ ਲੜੀਆਂ ਗਈਆਂ ਜੰਗਾਂ ਜਿਨ੍ਹਾਂ ਵਿੱਚੋਂ ਸਰਹੰਦ ਦੀ ਜੰਗ ਅਤੇ ਚੱਪੜਚਿੜੀ ਦੀ ਜੰਗ ਨੂੰ ਵਿਸ਼ੇਸ਼ ਤੌਰ 'ਤੇ ਬਿਆਨ ਕੀਤਾ ਗਿਆ ਹੈ। ਅੰਤ ਲੇਖਕ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੂੰ ਇਤਿਹਾਸਕ ਹਵਾਲਿਆਂ ਦੀ ਮਦਦ ਰਾਹੀਂ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖਾਂ ਕੋਲ ਕੋਈ ਵੀ ਆਗੂ ਨਹੀਂ ਰਿਹਾ। ਸਿੱਖ ਕੌਮ ਦੀ ਰੱਖਿਆ ਲਈ ਨਵਾਬ ਕਪੂਰ ਸਿੰਘ ਨੇ ਪੰਥ ਦੀ ਸ਼ਕਤੀ ਨੂੰ ਦੋ ਹਿੱਸਿਆਂ ਤਰਨਾ ਦਲ ਅਤੇ ਬੁੱਢਾ ਦਲ ਵਿਚ ਵੰਡਿਆ। ਇਸ ਸਮੇਂ ਹੀ ਮੁਗਲਾਂ ਵੱਲੋਂ ਸਿੱਖਾਂ ਉੱਪਰ ਪਹਿਲਾ ਘੱਲੂਘਾਰਾ ਵਰਤਾਇਆ ਗਿਆ। ਇਹ ਘਟਨਾ ਯਾਹੀਆ ਖਾਨ ਦੇ ਸਮੇਂ 1746 ਈ. ਵਿਚ ਕਾਹਨੂੰਵਾਨ ਵਿਖੇ ਵਾਪਰੀ। ਜਗਤਾਰ ਸਿੰਘ ਭੰਗੂ ਨੇ ਇਸ ਦੁਖਦਾਈ ਘਟਨਾ ਬਾਰੇ ਡੂੰਘਾਈ ਵਿਚ ਜਾ ਕੇ ਵਿਚਾਰ ਚਰਚਾ ਕੀਤੀ ਹੈ। ਇਸ ਤੋਂ ਬਾਅਦ ਪੰਜਾਬ ਵਿਚ 65 ਜੱਥੇ ਬਣ ਗਏ। ਇਨ੍ਹਾਂ ਜੱਥਿਆਂ ਦਾ ਇਕ ਮੁਖੀਆ ਜੱਥੇਦਾਰ ਹੁੰਦਾ ਸੀ, ਜੋ ਉਸ ਜੱਥੇ ਦੀ ਅਗਵਾਈ ਕਰਦਾ ਸੀ। ਲੇਖਕ ਨੇ ਉਨ੍ਹਾਂ 65 ਜੱਥੇਦਾਰਾਂ ਦੇ ਨਾਂਅ ਦਰਜ ਕੀਤੇ ਹਨ। ਇਨ੍ਹਾਂ ਜੱਥਿਆਂ ਤੋਂ ਅੱਗੇ ਜਾ ਕੇ 12 ਸਿੱਖ ਮਿਸਲਾਂ ਬਣੀਆਂ। ਇਹ ਮਿਸਲਾਂ ਇਸ ਪ੍ਰਕਾਰ ਹਨ: ਸਿੰਘਪੁਰੀਆ ਮਿਸਲ, ਆਹਲੂਵਾਲੀਆ ਮਿਸਲ, ਭੰਗੀ ਮਿਸਲ, ਡੱਲੇਵਾਲੀਆ ਮਿਸਲ, ਸ਼ੁਕਰਚੱਕੀਆ ਮਿਸਲ, ਰਾਮਗੜ੍ਹੀਆ ਮਿਸਲ, ਕਨ੍ਹੱਈਆ ਮਿਸਲ, ਕਰੋੜ ਸਿੰਘੀਆ

ਮਿਸਲ, ਨਕੱਈ ਮਿਸਲ, ਨਿਸ਼ਾਨਵਾਲੀਆ ਮਿਸਲ, ਸ਼ਹੀਦੀ ਮਿਸਲ ਅਤੇ ਫੂਲਕੀਆਂ ਮਿਸਲ। ਇਸ ਪੁਸਤਕ ਵਿਚ ਇਨ੍ਹਾਂ ਸਿੱਖ ਮਿਸਲਾਂ ਦੇ ਆਗੂਆਂ, ਇਲਾਕਿਆਂ ਅਤੇ ਹੋਰ ਜ਼ਰੂਰੀ ਜਾਣਕਾਰੀ ਦਰਜ ਕੀਤੀ ਗਈ ਹੈ। ਪੰਜਾਬ ਵਿਚ ਸਿੱਖ ਮਿਸਲਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਦੌਰ ਆਉਂਦਾ ਹੈ। 1799 ਈ. ਵਿਚ ਲਾਹੌਰ ਨੂੰ ਅਫਗਾਨਾਂ ਅਤੇ ਮੁਗਲਾਂ ਤੋਂ ਆਜ਼ਾਦੀ ਪ੍ਰਾਪਤ ਹੁੰਦੀ ਹੈ। ਇਸ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦਾ ਸੁਤੰਤਰ ਖਾਲਸਾ ਰਾਜ ਸਥਾਪਤ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕ ਬਰਾਬਰ ਦੀ ਨਜ਼ਰ ਨਾਲ ਦੇਖਦੇ ਸਨ। ਇਸ ਸੰਬੰਧੀ ਜਗਤਾਰ ਸਿੰਘ ਭੰਗੂ ਦਾ ਕਹਿਣਾ ਹੈ, ਰਣਜੀਤ ਸਿੰਘ ਚਾਹੁੰਦਾ ਸੀ ਕਿ ਉਹ ਪੰਜਾਬ ਵਿਚ ਸਿਰਫ ਸਿੱਖਾਂ ਦਾ ਹੀ ਨਹੀਂ, ਮੁਸਲਮਾਨਾਂ ਅਤੇ ਹਿੰਦੂਆਂ ਦਾ ਵੀ ਮਹਾਰਾਜਾ ਬਣ ਕੇ ਵਿਚਰੇ। (ਪੰਨਾ - 262) ਲੇਖਕ ਨੇ ਰਣਜੀਤ ਸਿੰਘ ਦੁਆਰਾ ਲੋਕਾਂ ਦੀ ਭਲਾਈ ਲਈ ਕੀਤੇ ਕਾਰਜਾਂ ਦਾ ਵੇਰਵਾ ਦਿੰਦਿਆਂ ਉਸ ਸਮੇਂ ਦੇ ਪੰਜਾਬ ਦੀ ਸਥਿਤੀ ਨੂੰ ਬਿਆਨਿਆ ਹੈ। ਇਸ ਦੇ ਨਾਲ ਹੀ ਇਸ ਦੌਰ ਨਾਲ ਜੁੜੀਆਂ ਹੋਰ ਕਈ ਗਤੀਵਿਧੀਆਂ ਜਿਨ੍ਹਾਂ ਵਿਚ ਕੋਹਿਨੂਰ ਹੀਰਾ ਮਿਲਣਾ, ਲਾਹੌਰ ਦੀ ਜਿੱਤ ਤੋਂ ਬਾਅਦ ਪਿਸ਼ਾਵਰ ਦੀ ਜਿੱਤ, ਮਹਾਰਾਜਾ ਰਣਜੀਤ ਸਿੰਘ ਦਾ ਅਕਾਲ ਚਲਾਣਾ ਕਰ ਜਾਣਾ, ਮਹਾਰਾਜਾ ਸ਼ੇਰ ਸਿੰਘ ਦਾ ਕਤਲ, ਧਿਆਨ ਸਿੰਘ ਦੀ ਮੌਤ, ਦਲੀਪ ਸਿੰਘ ਦਾ ਮਹਾਰਾਜਾ ਬਣਨਾ, ਮਹਾਰਾਣੀ ਜਿੰਦਾਂ ਦਾ ਰਾਜਸੀ ਦੌਰ, ਐਂਗਲੋ ਸਿੱਖ ਜੰਗਾਂ, ਮਹਾਰਾਜਾ ਦਲੀਪ ਸਿੰਘ ਦਾ ਦੇਸ਼ ਨਿਕਾਲਾ, ਈਸਾਈ ਬਣਨਾ ਅਤੇ ਲੰਡਨ ਰਵਾਨਗੀ ਆਦਿ ਬਾਰੇ ਲੋੜੀਂਦੀ ਜਾਣਕਾਰੀ ਇਸ ਪੁਸਤਕ ਵਿਚ ਦਰਜ ਕੀਤੀ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਈ. ਵਿਚ ਅੰਗਰੇਜ਼ ਮੁਕੰਮਲ ਤੌਰ 'ਤੇ ਪੰਜਾਬ ਉੱਪਰ ਕਬਜ਼ਾ ਕਰ ਲੈਂਦੇ ਹਨ, ਪਰੰਤੂ ਇਸ ਸਮੇਂ ਦੌਰਾਨ ਅੰਗਰੇਜ਼ਾਂ ਨੇ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਸੁਧਾਰ ਲਈ ਕਈ ਅਹਿਮ ਕੰਮ ਵੀ ਕੀਤੇ, ਜਿਨ੍ਹਾਂ ਵਿੱਚੋਂ ਕੁਝ ਕਾਰਜਾਂ ਦਾ ਜ਼ਿਕਰ ਇਸ ਪੁਸਤਕ ਵਿਚ ਕੀਤਾ ਗਿਆ ਹੈ। ਪੰਜਾਬ ਵਿਚ ਪੱਕੀਆਂ ਸੜਕਾਂ, ਫਸਲਾਂ ਤੱਕ ਪਾਣੀ ਪਹੁੰਚਾਉਣ ਲਈ ਨਹਿਰਾਂ, ਵੱਡੇ ਰੋਡ, ਰੇਲਵੇ ਲਾਈਨਾਂ, ਸਕੂਲ, ਹਸਪਤਾਲ, ਡਾਕਘਰ, ਕਾਲਜ, ਅਦਾਲਤਾਂ ਅਤੇ ਕਈ ਫੈਕਟਰੀਆਂ ਅੰਗਰੇਜ਼ਾਂ ਦੀ ਦੇਣ ਹਨ। ਸਿੱਖ ਰਾਜ ਦੇ ਖਾਤਮੇ ਤੋਂ ਬਾਅਦ ਪੰਜਾਬ ਵਿਚ ਕਈ ਸੁਧਾਰ ਲਹਿਰਾਂ ਹੋਂਦ ਵਿਚ ਆਈਆਂ। ਲੇਖਕ ਨੇ ਇਨ੍ਹਾਂ ਲਹਿਰਾਂ ਵਿੱਚੋਂ ਰਾਧਾ ਸੁਆਮੀ, ਕੂਕਾ ਲਹਿਰ, ਸਿੰਘ ਸਭਾ ਲਹਿਰ ਅਤੇ ਗੁਰਦਵਾਰਾ ਸੁਧਾਰ ਲਹਿਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਇਨ੍ਹਾਂ ਲਹਿਰਾਂ ਦੇ ਸੰਸਥਾਪਕਾਂ ਅਤੇ ਮੁੱਖ ਕਾਰਜਾਂ ਨੂੰ ਵੀ ਬਿਆਨ ਕੀਤਾ ਹੈ। ਅੰਤ ਵਿਚ ਲੇਖਕ ਨੇ ਜਲ੍ਹਿਆਂਵਾਲਾ ਕਾਂਡ ਅਤੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹਾਦਤ ਅਤੇ ਸ਼ਹੀਦੀ ਦੇ ਕਾਰਨਾਂ ਨੂੰ ਬਿਆਨ ਕਰਦਿਆਂ ਪੰਜਾਬ ਦੀ ਦੁੱਖਮਈ ਵੰਡ ਨੂੰ ਪੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਦਾ ਪੰਜਾਬ ਬਹੁਤ ਹੀ ਵਿਸ਼ਾਲ ਸੀ ਅਤੇ ਇਸ ਦੀਆਂ ਸਰਹੱਦਾਂ ਬਹੁਤ ਦੂਰ-ਦੂਰ ਤੱਕ ਫੈਲੀਆਂ ਹੋਈਆਂ ਸਨ। ਅੰਗਰੇਜ਼ੀ ਹਾਕਮਾਂ ਦੁਆਰਾ 1947 ਵਿਚ ਪੰਜਾਬ ਵਿਚਾਲੇ ਖਿੱਚੀ ਇਸ ਲਕੀਰ ਨੂੰ ਲੇਖਕ ਨੇ ਨਕਸ਼ੇ ਰਾਹੀਂ ਦਰਸਾਇਆ ਹੈ। ਪੰਜਾਬ ਦੀ ਵੰਡ ਨਾਲ ਪੰਜਾਬ ਦੇ ਸਿਆਸੀ, ਸਮਾਜਿਕ ਅਤੇ ਆਰਥਿਕ ਢਾਂਚੇ ਵਿਚ ਵਾਪਰੀਆਂ ਤਬਦੀਲੀਆਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਪੰਜਾਬ ਦੀ 1947 ਦੀ ਵੰਡ ਦੇ ਜ਼ਖ਼ਮ ਅਜੇ ਭਰਨੇ ਸ਼ੁਰੂ ਹੋਏ ਹੀ ਸਨ ਕਿ ਅਕਾਲੀਆਂ ਨੇ ਪੰਜਾਬ ਨੂੰ ਫਿਰ ਤੋਂ ਵੰਡਣ ਦੀ ਮੰਗ ਉਠਾ ਲਈ। ਪੰਜਾਬੀ ਸੂਬੇ ਦੀ ਮੰਗ ਲਈ 1 ਨਵੰਬਰ 1966 ਨੂੰ ਪੰਜਾਬ ਫਿਰ ਤੋਂ ਵੰਡਿਆ ਗਿਆ ਅਤੇ ਇਕ ਵੱਖਰਾ ਸੂਬਾ ਹਰਿਆਣਾ ਹੋਂਦ ਵਿਚ ਆਇਆ। ਲੇਖਕ ਨੇ ਇਸ ਦੁਖਦਾਇਕ ਵੰਡ ਉੱਪਰ ਵੀ ਚਾਨਣਾ ਪਾਇਆ ਹੈ। ਇਹ ਪੁਸਤਕ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਤਸਵੀਰ ਨੂੰ ਪੇਸ਼ ਕਰਦੀ ਹੈ। ਸਮੇਂ-ਸਮੇਂ 'ਤੇ ਪੰਜਾਬ ਨੂੰ ਅਨੇਕਾਂ ਪ੍ਰਸਥਿਤੀਆਂ ਵਿੱਚੋਂ ਦੀ ਗੁਜ਼ਰਨਾ ਪਿਆ, ਜਗਤਾਰ ਸਿੰਘ ਭੰਗੂ ਨੇ ਉਨ੍ਹਾਂ ਪ੍ਰਸਥਿਤੀਆਂ ਦਾ ਵਰਨਣ ਬਾਖ਼ੂਬੀ ਢੰਗ ਨਾਲ ਕੀਤਾ ਹੈ। ਉਸ ਨੇ ਪੰਜਾਬ ਨਾਲ ਸੰਬੰਧਤ ਤਕਰੀਬਨ ਹਰ ਇਕ ਵਿਸ਼ੇ ਉੱਪਰ ਚਰਚਾ ਕੀਤੀ ਹੈ। ਉਸ ਨੇ ਇਹ ਇਤਿਹਾਸ ਲਿਖਣ ਲਈ ਆਪਣੇ ਤੋਂ ਪਹਿਲਾਂ ਹੋਏ ਉੱਘੇ ਇਤਿਹਾਸਕਾਰਾਂ ਦੀਆਂ ਪੁਸਤਕਾਂ ਤੋਂ ਮਦਦ ਵੀ ਲਈ ਹੈ, ਜਿਨ੍ਹਾਂ ਦੇ ਹਵਾਲਿਆਂ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਲੋੜ ਅਨੁਸਾਰ ਵਰਤਿਆ ਹੈ। ਇਸ ਪੁਸਤਕ ਵਿਚ ਬਹੁਤ ਹੀ ਸਰਲ ਅਤੇ ਸੌਖੀ ਭਾਸ਼ਾ ਵਰਤੀ ਗਈ ਹੈ। ਪੰਜਾਬ ਦੇ ਇਤਿਹਾਸ ਨੂੰ ਜਾਣਨ ਵਾਲਿਆਂ ਲਈ ਇਹ ਪੁਸਤਕ ਬਹੁਤ ਹੀ ਲਾਭਦਾਇਕ ਹੈ। ਇਸ ਸਫ਼ਲ ਕਾਰਜ ਲਈ ਪੁਸਤਕ ਦਾ ਰਚੇਤਾ ਜਗਤਾਰ ਸਿੰਘ ਭੰਗੂ ਵਧਾਈ ਦਾ ਹੱਕਦਾਰ ਹੈ।

ਮੋਬਾ : 97797-91045

ਸਫ਼ਾ 2 ਦੀ ਬਾਕੀ

## ਗਿਆਨ ਦਾ ਮੁਜੱਸਮਾ ਸੁਕਰਾਤ...

ਉਨ੍ਹਾਂ ਦਾ ਵਪਾਰਕ ਢਾਂਚਾ ਸੁਕਰਾਤ ਦੇ ਸਵਾਲਾਂ ਸਾਹਮਣੇ ਰੇਤ ਦੀ ਤਰ੍ਹਾਂ ਕਿਰਦਾ ਨਜ਼ਰ ਆਉਣ ਲੱਗਾ, ਜਦੋਂ ਸੁਕਰਾਤ ਲੋਕਾਂ ਨੂੰ ਦੱਸਦਾ ਕਿ 'ਅੰਧਵਿਸ਼ਵਾਸ ਸਿਆਣਪ ਦੀ ਮੌਤ ਹੁੰਦਾ ਹੈ।' ਉਸ ਕਿਹਾ 'ਜੇਕਰ ਦੇਵਤੇ ਚੜ੍ਹਾਵੇ ਚੜ੍ਹਾਉਣ ਨਾਲ ਖ਼ੁਸ਼ ਹੁੰਦੇ ਹਨ, ਕਿਸੇ ਦੀ ਬਲੀ ਲੈਣ ਨਾਲ ਖੁਸ਼ ਹੁੰਦੇ ਹਨ, ਧਨ-ਦੌਲਤ ਦੇ ਨਾਲ ਖੁਸ਼ ਹੁੰਦੇ ਹਨ ਅਤੇ ਖੁਸ਼ ਹੋ ਕੇ ਸਾਡੇ 'ਤੇ ਮਿਹਰ ਕਰਨ ਲੱਗਦੇ ਹਨ ਤਾਂ ਕੀ ਦੇਵਤੇ ਰਿਸ਼ਵਤਖੋਰ ਨਹੀਂ ਹਨ ? ਜੇਕਰ ਉਹ ਅਜਿਹਾ ਕਰਦੇ ਹਨ ਤਾਂ ਕੀ ਉਨ੍ਹਾਂ ਦਾ ਅਸਤਿਤਵ ਇਕ ਆਮ ਲਾਲਚੀ ਮਨੁੱਖ ਵਰਗਾ ਨਹੀਂ ਹੈ ? ਗਿਆਨ ਪੱਖੋਂ ਊਣੇ ਧਾਰਮਿਕ ਤੇ ਰਾਜਨੀਤਕ ਰਹਿਬਰਾਂ 'ਤੇ ਸੁਕਰਾਤ ਤਨਜ਼ ਕੱਸਦਾ ਆਖਦਾ ਹੈ ਕਿ ਅੰਨ੍ਹੇ ਨੂੰ ਦੀਵੇ, ਬੋਲੇ ਨੂੰ ਸੰਗੀਤ ਅਤੇ ਮੂਰਖ ਨੂੰ ਗਿਆਨ ਨਾਲ ਖੁਸ਼ ਨਹੀਂ ਕੀਤਾ ਜਾ ਸਕਦਾ। ਰੋਗੀ ਸ਼ਬਦ ਸੁਣਨ ਦੇ ਆਦੀ ਲੋਕਾਂ ਦੇ ਕੰਨ ਤੰਦਰੁਸਤ ਸ਼ਬਦ ਨਹੀਂ ਸੁਣ ਸਕਦੇ ਅਤੇ ਨਾ ਹੀ ਅਜਿਹੇ ਲੋਕ ਗਿਆਨ ਭਰੇ ਸ਼ਬਦਾਂ ਦਾ ਸਾਹਮਣਾ ਕਰ ਸਕਦੇ ਹਨ।

ਗਿਆਨਵਾਨ ਹੋਣ ਦੇ ਬਾਵਜੂਦ ਸੁਕਰਾਤ ਆਪਣੇ-ਆਪ ਨੂੰ ਅਗਿਆਨੀ ਸਮਝਦਾ ਸੀ। ਕਹਿੰਦੇ ਹਨ ਕਿ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਜਾਓ ਅਤੇ ਸਾਰੇ ਏਥਨਜ਼ ਵਿੱਚ ਇਹ ਖਬਰ ਫੈਲਾ ਦਿਓ ਕਿ ਸੁਕਰਾਤ ਵਰਗਾ ਅਗਿਆਨੀ ਬੰਦਾ ਕੋਈ ਨਹੀਂ। ਜਦ ਸਭ ਨੇ ਇਹਦਾ ਕਾਰਨ ਸੁਕਰਾਤ ਤੋਂ ਪੁੱਛਿਆ ਤਾਂ ਉਸ ਕਿਹਾ ਕਿ ਜਦੋਂ ਮੈਂ ਕੁਝ ਨਹੀਂ ਸੀ ਜਾਣਦਾ ਸੀ ਤਾਂ ਮੈਂ ਸਮਝਦਾ ਸੀ ਕਿ ਮੈਂ ਬਹੁਤ ਕੁਝ ਜਾਣਦਾ ਹਾਂ। ਜਦੋਂ ਕਿ ਹੁਣ ਜਾਣ ਗਿਆ ਹਾਂ ਤਾਂ ਮੈਂ ਸਮਝਦਾ ਹਾਂ ਕਿ ਮੈਂ ਕੁਝ ਵੀ ਨਹੀਂ ਜਾਣਦਾ। ਸੁਕਰਾਤ ਦੇ ਕਹਿਣ ਦਾ ਅਰਥ ਇਹ ਸੀ ਕਿ ਜਦੋਂ ਮਨੁੱਖ ਗਿਆਨ ਦੇ ਸਾਗਰ ਵਿੱਚ ਡੁਬਕੀਆਂ ਲਾਉਣ ਲੱਗ ਜਾਂਦਾ ਹੈ ਤਾਂ ਉਸ ਨੂੰ ਸਮਝ ਪੈਂਦੀ ਹੈ ਕਿ ਗਿਆਨ ਦਾ ਸਾਗਰ ਕਿੰਨਾ ਡੂੰਘਾ ਤੇ ਵਿਸ਼ਾਲ ਹੈ ਜਿਸ ਨੂੰ ਬੰਦਾ ਲੰਮੀ ਉਮਰ ਭੋਗਣ ਦੇ ਬਾਵਜੂਦ ਪੂਰੀ ਤਰ੍ਹਾਂ ਜਾਣ ਨਹੀਂ ਸਕਦਾ। ਏਥਨਜ਼ ਦੀ ਹਕੂਮਤ ਨੇ ਸੁਕਰਾਤ ਨੂੰ ਮੌਤ ਦੀ ਸਜ਼ਾ ਸੁਣਾਈ। ਹਾਲਾਂਕਿ ਸਜ਼ਾ ਸੁਣਾਉਣ ਵਾਲਿਆਂ ਕੋਲ ਸੁਕਰਾਤ ਦੇ ਤਰਕਸ਼ੀਲ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਸੁਕਰਾਤ ਮੌਤ ਤੋਂ ਡਰਿਆ ਨਹੀਂ ਸਗੋਂ ਇਸ ਨੂੰ ਹੱਸ ਕੇ ਕਬੂਲ ਕੀਤਾ। ਆਖਰੀ ਦਿਨਾਂ ਵਿੱਚ ਜਦੋਂ ਸੁਕਰਾਤ ਨੂੰ ਪਿਆਉਣ ਲਈ ਜ਼ਹਿਰ ਘੋਟਿਆ ਜਾ ਰਿਹਾ ਸੀ ਤਾਂ ਉਸ ਨੇ ਜ਼ਹਿਰ ਘੋਟਣ ਵਾਲੇ ਨੂੰ ਪੁੱਛਿਆ, 'ਹੋਰ ਕਿੰਨੀ ਕੁ ਦੇਰ ਲੱਗੇਗੀ! ਸਮਾਂ ਤਾਂ ਹੋ ਗਿਆ ਹੈ।' ਜਦੋਂ ਉਸ ਨੇ ਇਹ ਗੱਲ ਕਹੀ ਤਾਂ ਸੁਕਰਾਤ ਦੇ ਇੱਕ ਚੇਲੇ ਨੇ ਕਿਹਾ ਕਿ ਮਰਨ ਦੀ ਏਨੀ ਕਾਹਲੀ ਕਿਉਂ ਹੈ ? ਤਾਂ ਸੁਕਰਾਤ ਨੇ ਜਵਾਬ ਦਿੱਤਾ ਕਿ 'ਸਾਰੀ ਉਮਰ ਕੁਝ ਨਾ ਕੁਝ ਜਾਨਣ ਦੀ ਤਾਂਘ ਰਹੀ ਹੈ। ਹੁਣ ਜਦੋਂ ਮੌਤ ਨੇੜੇ ਹੈ ਤਾਂ ਸੋਚਦਾ ਹਾਂ ਕਿ ਇਸ ਨੂੰ ਵੀ ਜਾਣ ਲਵਾਂ ਕਿ ਇਹ ਕਿਸ ਤਰ੍ਹਾਂ ਦੀ ਹੁੰਦੀ ਹੈ। ਇਸ ਨੂੰ ਜਾਨਣ ਦਾ ਬੜਾ ਮਨ ਕਰ ਰਿਹਾ ਹੈ।' ਹਕੂਮਤ ਨੇ ਉਸ ਨੂੰ ਜ਼ਹਿਰ ਦੇ ਕੇ ਸ਼ਹੀਦ ਕਰ ਦਿੱਤਾ, ਪਰ ਸੁਕਰਾਤ ਅੱਜ ਵੀ ਸਾਡੇ ਵਿਚਾਰਾਂ ਵਿੱਚ ਜਿਉਂਦਾ ਹੈ। ਜੋ ਕਿਸੇ ਨਾ ਕਿਸੇ ਰੂਪ ਵਿੱਚ ਹਕੂਮਤ ਅਤੇ ਧਾਰਮਿਕ ਵਿਖਾਵੇ 'ਤੇ ਸਵਾਲ ਚੁੱਕਦਾ ਹੈ।

ਦਰਅਸਲ, ਹਕੂਮਤਾਂ ਆਪਣੇ ਮੁਫ਼ਾਦਾਂ ਵਾਸਤੇ ਸਮਾਜ ਵਿੱਚ ਕਿਸੇ ਨਾ ਕਿਸੇ ਭਰਮ ਦੀ ਸਿਰਜਨਾ ਕਰਦੀਆਂ ਹਨ। ਸੁਕਰਾਤ ਵਰਗੇ ਮਨੁੱਖ ਦੇ ਵਿਚਾਰ ਇਨ੍ਹਾਂ ਭਰਮਾਂ ਤੋਂ ਪਰਦਾ ਉਠਾਉਣ ਦਾ ਕੰਮ ਕਰਦੇ ਹਨ। ਸਾਨੂੰ ਮਹਾਨ ਲੋਕਾਂ ਦੇ ਵਿਚਾਰ ਪੜ੍ਹਦੇ ਰਹਿਣਾ ਚਾਹੀਦਾ ਹੈ ਤਾਂ ਜੋ ਆਪਣੀ ਤਰਕ ਬੁੱਧੀ ਜ਼ਰੀਏ ਸਮਾਜ ਵਿਚਲੇ ਅੰਧ-ਵਿਸ਼ਵਾਸ ਤੇ ਹਕੂਮਤੀ ਚਾਲਾਂ ਦੇ ਜਾਲੇ ਨੂੰ ਲਾਹ ਸਕੀਏ।

ਮੋਬਾਈਲ: 70870-70050

1-Sep-Sunday.qxd 8/31/2024 10:58 PM Page 2



# ਕਸ਼ਮੀਰ ਫੇਰੀ ਦੇ ਖ਼ੂਬਸੂਰਤ ਅਹਿਸਾਸ

ਰਜਿੰਦਰਪਾਲ ਕੌਰ

ਬਚਪਨ ਤੋਂ ਹੀ ਕਸ਼ਮੀਰ ਬਾਰੇ ਕੁਝ ਨਾ ਕੁਝ ਸੁਣਦੇ ਆ ਰਹੇ ਹਾਂ। ਕਿਹਾ ਜਾਂਦਾ ਹੈ ਜੇ ਧਰਤੀ ਉੱਤੇ ਸਵਰਗ ਹੈ ਤਾਂ ਇਹ ਕਸ਼ਮੀਰ ਹੈ। ਕਸ਼ਮੀਰ ਦੀ ਸੁੰਦਰਤਾ ਮੰਤਰ-ਮੁਗਧ ਕਰ ਦੇਂਦੀ ਹੈ । ਭਾਈ ਵੀਰ ਸਿੰਘ ਨੇ ਕਸ਼ਮੀਰ ਦੀ ਖ਼ੂਬਸੂਰਤੀ ਦਾ ਬੜਾ ਸੁੰਦਰ ਵਰਨਣ ਕੀਤਾ ਹੈ।

ਇਸ ਕਰਕੇ ਮੇਰੀ ਵੀ ਲੰਮੇ ਸਮੇਂ ਤੋਂ ਤਾਂਘ ਸੀ ਕਿ ਕਸ਼ਮੀਰ ਵੇਖਿਆ ਜਾਏ ।ਇਹ ਪ੍ਰੋਗਰਾਮ ਅਚਾਨਕ ਬਣ ਗਿਆ, ਜਦੋਂ 'ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ' ਦੀ ਇੱਕ ਮੀਟਿੰਗ ਦਾ ਸੱਦਾ ਮਿਲਿਆ ।ਇਕ ਵਾਰੀ ਤਾਂ ਮੁਸ਼ਕਲ ਮਹਿਸੂਸ ਹੋਇਆ, ਕਿਉਂਕਿ 7 ਜੂਨ ਤੋਂ 9 ਜੂਨ ਤੱਕ ਡਲਹੌਜ਼ੀ ਪ੍ਰੋਗਰਾਮ ਸੀ ।ਦਸ ਜੂਨ ਨੂੰ ਵਾਪਸ ਆਉਣਾ ਸੀ ਅਤੇ 11 ਜੂਨ ਨੂੰ ਸਵੇਰ ਨੂੰ ਮੀਟਿੰਗ ਸ਼ੁਰੂ ਹੋਣੀ ਸੀ। ਨਰਿੰਦਰ ਸੋਹਲ ਨੇ ਸੁਝਾਅ ਦਿੱਤਾ ਕਿ ਤੁਸੀਂ ਡਲਹੌਜ਼ੀ ਤੋਂ ਹੀ ਸਿੱਧੇ ਚਲੇ ਜਾਓ, ਵਧੀਆ ਸੁਝਾਅ ਸੀ।



ਮੈਂ ਤੇ ਨਿਸ਼ਾ ਸਿੱਧੂ ਜੋ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦੇ ਐਕਟਿੰਗ ਸਕੱਤਰ ਹਨ ਅਤੇ ਜੈਪੁਰ ਡਲਹੌਜ਼ੀ ਆਏ ਹੋਏ ਸਨ। ਜੰਮੂ ਤੋਂ ਫਲਾਈਟ ਲੈ ਕੇ ਸ੍ਰੀਨਗਰ ਪਹੁੰਚੇ ।ਉੱਥੇ ਸਾਡਾ ਸਵਾਗਤ ਇੱਕ ਨੌਜਵਾਨ ਆਗੂ ਇਸ਼ਫਾਕ ਨੇ ਕੀਤਾ। ਬਹੁਤ ਹੀ ਸਭਿਆ ਅਤੇ ਨਿਮਰ ਸੁਭਾਅ ਵਾਲਾ ਬੱਚਾ ਸੀ।ਬਹੁਤ ਘੱਟ ਬੋਲਦਾ ਸੀ, ਪਰ ਆਪਣੇ ਵਿਵਹਾਰ ਨਾਲ ਉਸ ਨੇ ਸਾਡਾ ਦਿਲ ਜਿੱਤ ਲਿਆ ਅਤੇ ਲੱਗਿਆ ਕਿ ਅਸੀਂ ਇਕ ਦੂਜੇ ਨੂੰ ਅਰਸੇ ਤੋਂ ਜਾਣਦੇ ਹਾਂ।ਅਸੀਂ ਰਾਤ ਨੂੰ ਪਹੁੰਚੇ ਸੀ।ਇਸ਼ਫਾਕ ਨੇ ਖਾਣੇ ਦਾ ਪ੍ਰਬੰਧ ਕੀਤਾ ਸੀ ।ਖਾਣਾ ਖਾਣ ਤੋਂ ਬਾਅਦ ਅਗਲੇ ਦਿਨ ਗੁਲਮਰਗ ਜਾਣ ਦਾ ਪ੍ਰੋਗਰਾਮ ਬਣਾ ਕੇ ਅਸੀਂ ਸੌਂ ਗਏ।

ਇਸ਼ਫਾਕ ਨੇ ਸਾਡੇ ਵਾਸਤੇ ਇੱਕ ਟੈਕਸੀ ਦਾ ਪ੍ਰਬੰਧ ਕਰ ਦਿੱਤਾ ਅਤੇ ਅਸੀਂ 9 ਵਜੇ ਦੇ ਕਰੀਬ ਚੱਲ ਕੇ 11 ਵਜੇ ਪਹੁੰਚ ਗਏ। ਉਥੇ ਸਾਨੂੰ ਟੈਕਸੀ ਡਰਾਈਵਰ ਨੇ ਦੱਸਿਆ ਕਿ ਇਸ ਤੋਂ ਅੱਗੇ ਬਾਕੀ ਦੇਖਣ ਵਾਲੀਆਂ ਥਾਵਾਂ 'ਤੇ ਤੁਹਾਨੂੰ ਇੱਥੋਂ ਹੀ ਟੈਕਸੀ ਕਰਨੀ ਪਵੇਗੀ। ਅਸੀਂ ਪਹਿਲਾਂ ਚਾਹ ਜਾਂ ਕਾਫੀ ਪੀਤੀ ਅਤੇ ਫਿਰ ਇੱਕ ਤਨਵੀਰ ਨਾਂਅ ਦਾ ਲੜਕਾ ਜੋ ਕਿ ਸਾਡੇ ਆਲੇ-ਦੁਆਲੇ ਮੰਡਰਾ ਰਿਹਾ ਸੀ ਕਿ ਅਸੀਂ ਉਸ ਕੋਲੋਂ ਟੈਕਸੀ ਕਰੀਏ। ਅਸੀਂ ਉਸ ਦੀ ਗੱਲ ਮੰਨ ਲਈ 2500 ਰੁਪਏ ਵਿੱਚ ਟੈਕਸੀ ਲੈ ਕੇ ਚਲੇ ਗਏ ।ਟੈਕਸੀ ਵਾਲੇ ਨੇ ਸਾਨੂੰ ਕੁਝ ਟੂਰਿਸਟ ਪੁਆਇੰਟ ਦਿਖਾਏ ।ਉਥੋਂ ਦੀ ਹਰਿਆਵਲ ਆਪਣੀ ਸ਼ਾਨ ਆਪ ਹੀ ਸੀ। ਮੀਲਾਂ ਤੱਕ ਫੈਲੇ ਘਾਹ ਦੇ ਮੈਦਾਨ ਅਤੇ ਉੱਚੇ-ਉੱਚੇ ਦਰੱਖਤ ਖ਼ੂਬਸੂਰਤ ਨਜ਼ਾਰਾ ਪੇਸ਼ ਕਰ ਰਹੇ ਸਨ।ਉਸ ਨੇ ਸਾਨੂੰ ਰਾਜਾ ਹਰੀ ਸਿੰਘ ਦਾ ਮਹੱਲ ਵੀ ਦਿਖਾਇਆ ਅਤੇ ਉਹ ਥਾਵਾਂ ਵੀ ਦਿਖਾਈਆਂ, ਜਿੱਥੇ ਵੱਖ-ਵੱਖ ਫਿਲਮਾਂ ਦੀ ਸ਼ੂਟਿੰਗ ਹੋਈ ਸੀ। ਫਿਰ ਇੱਕ ਢਲਾਨ ਕੋਲ ਲੈ ਗਿਆ, ਜਿੱਥੇ ਕਿ ਉਪਰੋਂ ਪਾਣੀ ਆ ਰਿਹਾ ਸੀ ਪੱਥਰਾਂ ਦੇ ਵਿੱਚੋਂ ਦੀ ਹੋ ਕੇ । ਇੱਥੇ ਸਾਡਾ ਬਚਪਨ ਜਾਗ ਪਿਆ, ਅਸੀਂ ਖ਼ੂਬ ਮਸਤੀ ਕੀਤੀ ਅਤੇ ਫੋਟੋ ਖਿਚਵਾਈਆਂ। ਇਸ ਸਾਰੇ ਦਿਨ ਦਾ ਅਸੀਂ ਬਹੁਤ ਆਨੰਦ ਮਾਣਿਆ। ਫਿਰ ਉਥੇ ਖਾਣਾ ਖਾ ਕੇ ਅਸੀਂ ਚੱਲ ਪਏ ।ਟੈਕਸੀ ਡਰਾਈਵਰ ਨੇ ਸਾਨੂੰ ਇੱਕ ਡਰਾਈ ਫਰੂਟ ਵਾਲੀ ਦੁਕਾਨ ਦੇ ਅੱਗੇ ਗੱਡੀ ਰੋਕ ਕੇ ਡਰਾਈ ਫਰੂਟ ਵੇਖਣ ਲਈ ਕਿਹਾ ।ਅਸੀਂ ਉਥੋਂ ਲੋੜ ਮੁਤਾਬਕ ਡਰਾਈ ਫਰੂਟ ਖਰੀਦਿਆ ਕਿਉਂਕਿ ਉਹਨਾਂ ਕੋਲ ਕਾਫੀ ਵਧੀਆ ਚੀਜ਼ਾਂ ਸਨ।

ਇਸ ਤੋਂ ਬਾਅਦ ਉਹ ਸਾਨੂੰ ਹੈਂਡਲੂਮ ਵਾਲੀ ਦੁਕਾਨ 'ਤੇ ਲੈ ਗਿਆ, ਜਿੱਥੇ ਸੂਟ, ਜੈਕਟਾਂ ਅਤੇ ਗਲੀਚੇ ਮਿਲਦੇ ਸਨ ।ਇਹ ਇਕ ਬਹੁਤ ਵੱਡਾ ਸ਼ੋਅਰੂਮ ਸੀ ।ਟੈਕਸੀ ਡਰਾਈਵਰ ਕਹਿਣ ਲੱਗਾ ਕਿ ਕੁਝ ਖਰੀਦੋ ਜਾਂ ਨਾ ਖਰੀਦੋ, ਤੁਸੀਂ ਕਾਹਵਾ ਜ਼ਰੂਰ ਪੀ ਕੇ ਆਉਣਾ ।ਸੋ ਅਸੀਂ ਕੁਝ ਚੀਜ਼ਾਂ ਵੇਖੀਆਂ, ਪਰ ਸਿਰਫ ਸੁਨੀਤਾ ਚਤੁਰਵੇਦੀ ਜੀ ਨੇ ਇੱਕ ਕਮੀਜ਼ ਦਾ ਪੀਸ ਖਰੀਦਿਆ ਅਤੇ ਅਸੀਂ ਉਥੇ ਕਾਹਵਾ ਪੀਣ ਦਾ ਆਨੰਦ ਲਿਆ ।

ਉਸ ਤੋਂ ਬਾਅਦ ਅਸੀਂ ਆਪਣੀ ਰਿਹਾਇਸ਼ 'ਤੇ ਵਾਪਸ ਆਏ ਅਤੇ ਇਸ਼ਫਾਕ ਨੂੰ ਨਾਲ ਲੈ ਕੇ ਘੁੰਮਣ ਲਈ ਚਲੇ ਗਏ, ਉਸ ਨੇ ਸਾਨੂੰ ਡੱਲ ਝੀਲ ਦਿਖਾਈ, ਅਸੀਂ ਕੁਝ ਫੋਟੋ ਕਰਵਾਈਆਂ ਅਤੇ ਉਹ ਸਾਨੂੰ ਉਸ ਮਸਜਿਦ ਕੋਲ ਵੀ ਲੈ ਗਿਆ, ਜਿਸ ਵਿੱਚ ਕਿ ਬਹੁਤ ਸਾਰੀਆਂ ਫਿਲਮਾਂ ਵਾਸਤੇ ਕਵਾਲੀਆਂ ਦੀ ਸ਼ੂਟਿੰਗ ਕੀਤੀ ਗਈ ਹੈ।ਇੱਥੇ ਵੀ ਅਸੀਂ ਫੋਟੋ ਖਿੱਚੀਆਂ ਅਤੇ ਬਾਜ਼ਾਰ 'ਚ ਲੱਗੀਆਂ ਵੰਨ-ਸੁਵੰਨੀਆਂ ਮਿਠਾਈਆਂ ਦੇਖੀਆਂ। ਇੱਕ ਬਹੁਤ ਵੱਡਾ ਪਰੌਂਠਾ ਸਾਡੀ ਖਿੱਚ ਦਾ ਕਾਰਨ ਬਣਿਆ। ਇਸ਼ਫਾਕ ਨੇ ਸਾਨੂੰ ਦੱਸਿਆ ਕਿ ਇਸ ਦੇ ਪੀਸ ਕਰਕੇ ਹਲਵੇ ਨਾਲ ਖਾਣ ਵਾਸਤੇ ਦਿੱਤਾ ਜਾਂਦਾ ਹੈ ।ਉਸ ਨੇ ਸਾਨੂੰ ਪੁੱਛਿਆ ਕਿ ਕੀ ਖਾਣਾ ਪਸੰਦ ਕਰੋਗੇ, ਪ੍ਰੰਤੂ ਸਾਡੇ ਵਿੱਚ ਇੰਨੀ ਹਿੰਮਤ ਕਿੱਥੇ ਸੀ ਕਿ ਪਰਾਂਠੇ ਖਾ ਸਕਦੇ ।ਅਸੀਂ ਨਾਂਹ ਕਰ ਦਿੱਤੀ ।ਉਥੋਂ ਅਸੀਂ ਹੱਥ ਦੀਆਂ ਬਣੀਆਂ ਹੋਈਆਂ ਇਕ-ਦੋ ਚੀਜ਼ਾਂ ਖਰੀਦੀਆਂ, ਜੋ ਸਾਨੂੰ ਕਲਾ ਦੇ ਸੁੰਦਰ ਨਮੂਨੇ ਜਾਪੇ।

ਅਗਲੇ ਦਿਨ ਉਹ ਸਾਨੂੰ ਆਪਣੇ ਰਿਸ਼ਤੇਦਾਰਾਂ ਅਤੇ ਪਰਵਾਰ ਨਾਲ ਮਿਲਵਾਉਣ ਲਈ ਸ਼ੋਪੀਆ ਜ਼ਿਲ੍ਹੇ ਵਿੱਚ ਲੈ ਗਿਆ। ਰਸਤੇ ਵਿੱਚ ਪੁਲਵਾਮਾ ਵੀ ਆਇਆ, ਜਿਸ ਨੇ ਪੁਲਵਾਮਾ ਅਟੈਕ ਦੀ ਯਾਦ ਤਾਜ਼ਾ ਕਰਵਾ ਦਿੱਤੀ। ਜਦੋਂ ਅਸੀਂ ਉਸ ਘਰ ਪਹੁੰਚੇ, ਜਿੱਥੇ ਅਸੀਂ ਜਾਣਾ ਸੀ ਤਾਂ ਉਸ ਘਰ ਦੇ ਗੇਟ ਤੋਂ ਹੀ ਅੰਦਰ ਬਣੇ ਲਾਅਨ ਅਤੇ ਦਰੱਖਤਾਂ ਦੇ ਝੁੰਡ ਵੇਖ ਕੇ ਇੰਝ ਮਹਿਸੂਸ ਹੋਇਆ ਕਿ ਜਿਵੇਂ ਅਸੀਂ ਸੱਚਮੁੱਚ ਹੀ ਸਵਰਗ ਵਿੱਚ ਪਹੁੰਚ ਗਏ ਹਾਂ। ਉਸ ਪਰਵਾਰ ਦਾ ਅਤਿ ਮਿਲਾਪੜਾ ਸੁਭਾਅ ਸਾਨੂੰ ਪ੍ਰਭਾਵਿਤ ਕਰ ਗਿਆ। ਪਰਵਾਰ ਦੀਆਂ ਔਰਤਾਂ ਭਾਵੇਂ ਖੁੱਲ੍ਹ ਕੇ ਸਾਡੇ ਨਾਲ ਗੱਲਬਾਤ ਨਹੀਂ ਸੀ ਕਰ ਰਹੀਆਂ, ਪਰ ਸਾਡੀ ਪਰਾਹੁਣਚਾਰੀ ਵਿੱਚ ਉਹਨਾਂ ਕੋਈ ਕਮੀ ਨਾ ਛੱਡੀ। ਚਾਹ ਦੇ ਨਾਲ ਉਹਨਾਂ ਨੇ ਸਾਨੂੰ ਵਨ-ਸੁਵੰਨੀਆਂ ਚੀਜ਼ਾਂ ਪਰੋਸੀਆਂ। ਚਾਹ ਅਤਿਅੰਤ ਸੁਆਦ ਸੀ, ਜੋ ਅਸੀਂ ਇੱਕ ਤੋਂ ਵੱਧ ਕੱਪ ਕੀਤੇ। ਉਸ ਤੋਂ ਬਾਅਦ ਅਸੀਂ ਇਸ ਪਰਵਾਰ ਦੇ ਜੀਆਂ ਨੂੰ ਲੈ ਕੇ ਉਹਨਾਂ ਦੇ ਸੇਬਾਂ ਦੇ ਬਾਗ ਵੇਖਣ ਚਲੇ ਗਏ। ਸੇਬ ਅਜੇ ਛੋਟੇ-ਛੋਟੇ ਹੀ ਸਨ, ਕਿਉਂਕਿ ਉਹਨਾਂ ਦਾ ਅਜੇ ਪੱਕਣ ਦਾ ਸਮਾਂ ਨਹੀਂ ਸੀ ।ਉਹਨਾਂ ਨੇ ਸਾਨੂੰ ਇਟਲੀ ਦੇ ਸੇਬ, ਗੋਲਡਨ ਸੇਬ, ਡਲੀਸ਼ੀਅਸ ਸੇਬਾਂ ਦੇ ਦਰੱਖਤ ਦਿਖਾਏ।ਇਸ ਤੋਂ ਇਲਾਵਾ ਉੱਥੇ ਚੈਰੀ ਦੇ ਦਰੱਖਤ ਵੀ ਸਨ, ਜੋ ਕਿ ਬਹੁਤ ਮਿੱਠੀਆਂ ਸਨ, ਅਸੀਂ ਕੁਝ ਤੋੜ ਕੇ ਖਾਧੀਆਂ ਅਤੇ ਕੁਝ ਆਪਣੇ ਰੁਮਾਲ 'ਚ ਬੰਨ੍ਹ ਕੇ ਲਿਆਂਦੀਆਂ ਤਾਂ ਕਿ ਆਪਣੇ ਘਰ ਲਿਆ ਕੇ ਬੱਚਿਆਂ ਨੂੰ ਸਵਾਦ ਵਿਖਾਇਆ ਜਾ ਸਕੇ।



ਪਰਵਾਰ ਨਾਲ ਗੱਲਬਾਤ ਕਰਦਿਆਂ ਸਾਨੂੰ ਪਤਾ ਲੱਗਿਆ ਕਿ ਕਸ਼ਮੀਰ ਵਿੱਚ ਮਿਲੀਟੈਂਸੀ ਨੂੰ ਕੁਝ ਹੱਦ ਤੱਕ ਠੱਲ੍ਹ ਪਈ ਹੈ, ਪਰ ਨਾਲ ਹੀ ਲੋਕਤੰਤਰ ਵੀ ਖਤਮ ਹੋ ਗਿਆ ਹੈ । ਉਹਨਾਂ ਨੇ ਇਹ ਵੀ ਦੱਸਿਆ ਕਿ ਹੁਣ ਪਹਿਲਾਂ ਵਰਗਾ ਅੱਤਵਾਦ ਨਹੀਂ, ਹੁਣ ਹਾਈਬ੍ਰਿਡ ਅੱਤਵਾਦ ਹੈ ਮਤਲਬ ਕਿ ਲੁਕਿਆ ਹੋਇਆ, ਜਿਸ ਬਾਰੇ ਸਾਨੂੰ ਪਤਾ ਨਹੀਂ ਲੱਗਦਾ ਕਿ ਤੁਹਾਡੇ ਕੋਲ ਖੜਾ ਜਾਂ ਤੁਹਾਡੇ ਕੋਲ ਬੈਠਾ ਆਦਮੀ ਅੱਤਵਾਦੀ ਹੋ ਸਕਦਾ ਹੈ। ਇਸ ਤੋਂ ਪਹਿਲਾਂ ਅੱਤਵਾਦੀ ਖੁੱਲ੍ਹੇ ਤੌਰ 'ਤੇ ਘੁੰਮਦੇ ਸਨ, ਜਿਹਨੂੰ ਮਰਜ਼ੀ ਆਪਣਾ ਨਿਸ਼ਾਨਾ ਬਣਾ ਲੈਂਦੇ ਸਨ, ਉਹਨਾਂ ਨੇ ਸਾਨੂੰ ਉਹਨਾਂ ਪਰਵਾਰਾਂ ਬਾਰੇ ਵੀ ਦੱਸਿਆ, ਜਿਨ੍ਹਾਂ ਦੇ ਜੀਅ ਕਤਲ ਕਰ ਦਿੱਤੇ ਗਏ ਸਨ ।ਇਹ ਜਾਣ ਕੇ ਥੋੜ੍ਹੀ ਖ਼ੁਸ਼ੀ ਹੋਈ ਕਿ ਹੁਣ ਕਸ਼ਮੀਰ ਵਿੱਚ ਜ਼ਿੰਦਗੀ ਵਿੱਚ ਥੋੜ੍ਹੀ ਰਵਾਨੀ ਹੈ।

ਪਰਵਾਰ ਦੇ ਮੁਖੀ ਨਾਲ ਗੱਲਬਾਤ ਕਰਦਿਆਂ ਪਤਾ ਲੱਗਾ ਕਿ ਕਸ਼ਮੀਰ ਦੀ ਆਰਥਿਕ ਸਥਿਤੀ ਚੰਗੀ ਹੈ।ਹਰ ਇਕ ਕੋਲ ਛੱਤ ਹੈ ਅਤੇ ਕੋਈ ਭੁੱਖਾ ਨਹੀਂ ਸੌਂਦਾ।ਵਾਪਸੀ 'ਤੇ ਮੈਂ ਕੁਝ ਔਰਤਾਂ ਨੂੰ ਸੜਕ ਦੇ ਕੰਢੇ ਖੜ੍ਹੋ ਕੇ ਮੰਗਦਿਆਂ ਵੇਖਿਆ ਤਾਂ ਮੈਂ ਇਸ਼ਫਾਕ ਨੂੰ ਪੁੱਛਿਆ ਕਿ ਤੁਸੀਂ ਕਹਿੰਦੇ ਸੀ ਇੱਥੇ ਭੁੱਖਮਰੀ ਨਹੀਂ ਤਾਂ ਉਸ ਨੇ ਦੱਸਿਆ ਕਿ ਇਹ ਲੋਕ ਦੂਜੇ ਰਾਜਾਂ ਤੋਂ ਆਏ ਹਨ। ਇਹਨਾਂ ਵਿੱਚੋਂ ਕਈ ਚੰਗੇ-ਭਲੇ ਹਨ, ਪਰ ਕਮਾਈ ਦਾ ਅਸਾਨ ਸਾਧਨ ਸਮਝ ਕੇ ਭੀਖ ਮੰਗਣ ਲੱਗ ਪੈਂਦੇ ਹਨ।

ਇਸ ਤੋਂ ਬਾਅਦ ਅਸੀਂ ਨਿਸ਼ਾ ਜੀ ਦੇ ਜ਼ੋਰ ਦੇਣ 'ਤੇ ਪੀਰ ਗਲੀ ਨਾਂਅ ਦੇ ਸਥਾਨ ਨੂੰ ਵੇਖਣ ਲਈ ਚੱਲ ਪਏ ।ਪਹਿਲਾਂ ਅਸੀਂ ਡੁੱਬਜਨ ਪੁਲ ਪਾਰ ਕੀਤਾ ਅਤੇ ਡੁੱਬਜਨ ਨਾਂਅ ਦੇ ਸਥਾਨ 'ਤੇ ਪਹੁੰਚੇ। ਉਸ ਥਾਂ 'ਤੇ ਪਹੁੰਚ ਕੇ ਭਾਈ ਵੀਰ ਸਿੰਘ ਦੀ ਕਵਿਤਾ ਅਨੁਸਾਰ ਸੱਚਮੁੱਚ ਉਸ ਆਲੇ-ਦੁਆਲੇ ਨੂੰ ਸਜਦਾ ਕਰਨ ਨੂੰ ਜੀਅ ਕਰ ਰਿਹਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਕੁਦਰਤ ਨਾਲ ਇੱਕ-ਮਿਕ ਹੋ ਗਏ ਹਾਂ। ਸਾਡਾ ਮਨ ਪੰਛੀਆਂ ਵਾਂਗ ਉੱਡ ਰਿਹਾ ਸੀ ।ਉਸੇ ਵੇਲੇ ਹੀ ਤੇਜ਼ ਹਵਾ ਅਤੇ ਹਲਕੀ ਬਾਰਿਸ਼ ਸ਼ੁਰੂ ਹੋ ਗਈ, ਇਸ ਕਰਕੇ ਅਸੀਂ ਜ਼ਿਆਦਾ ਸਮਾਂ ਉਥੇ ਨਹੀਂ ਰੁਕ ਸਕੇ ਅਤੇ ਨਾ ਹੀ ਉਸ ਤੋਂ ਅੱਗੇ ਪੀਰ ਗਲੀ ਪਹੁੰਚ ਸਕੇ, ਪਰ ਉਸ ਥਾਂ ਦੀ ਯਾਦ ਆਪਣੇ ਮਨ ਵਿੱਚ ਵਸਾ ਕੇ ਵਾਪਸ ਆ ਗਏ। ਰਸਤੇ 'ਚ ਰੁਕ ਕੇ ਅਸੀਂ ਚਾਹ ਪੀਤੀ ਤੇ ਸ੍ਰੀਨਗਰ ਵਾਸਤੇ ਚਾਲੇ ਪਾ ਦਿੱਤੇ। ਵਾਪਸ ਆਉਂਦਿਆਂ ਸਾਨੂੰ ਹਨੇਰਾ ਹੋ ਗਿਆ। ਰਸਤੇ ਵਿੱਚ ਹੀ ਖਾਣਾ ਖਾ ਕੇ ਆਪਣੀ ਰਿਹਾਇਸ਼ 'ਤੇ ਵਾਪਸ ਆਏ ।

ਉਸ ਤੋਂ ਅਗਲੇ ਦਿਨ 13 ਜੂਨ ਨੂੰ ਮੈਂ ਸਵੇਰੇ ਅੰਮ੍ਰਿਤਸਰ ਲਈ ਵਾਪਸੀ ਫਲਾਈਟ ਫੜਨੀ ਸੀ ।ਸਵੇਰ ਦਾ ਪ੍ਰੋਗਰਾਮ ਇਸ਼ਫਾਕ ਨਾਲ ਬਣਾਇਆ। ਸੋ ਜਲਦੀ ਉੱਠ ਕੇ ਤਿਆਰ ਹੋਈ, ਬ੍ਰੇਕਫਾਸਟ ਬਣਾਇਆ ।ਇਸ਼ਫਾਕ ਨੂੰ ਵੀ ਆਵਾਜ਼ ਦਿੱਤੀ ਕਿ ਬ੍ਰੇਕਫਾਸਟ ਕਰ ਲਵੇ, ਪਰ ਉਸ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਉਹ ਮੈਨੂੰ ਏਅਰਪੋਰਟ 'ਤੇ ਛੱਡ ਕੇ ਆਵੇਗਾ ਤੇ ਆਣ ਕੇ ਬ੍ਰੇਕਫਾਸਟ ਕਰੇਗਾ। ਜਦੋਂ ਉਹ ਮੇਰੇ ਤੋਂ ਵਿਛੜਨ ਲੱਗਿਆ ਤਾਂ ਮੈਨੂੰ ਉਸ ਦੀ ਮੰਮੀ ਦੀ ਇਹ ਗੱਲ ਯਾਦ ਆਈ ਕਿ ਇਸ ਨੂੰ ਆਪਣਾ ਪੁੱਤਰ ਸਮਝਣਾ ਤਾਂ, ਮੈਂ ਉਸ ਨੂੰ ਕਿਹਾ ਕਿ ਆਪਣੀ ਮੰਮੀ ਨੂੰ ਮੇਰਾ ਸੁਨੇਹਾ ਦੇਣਾ ਕਿ ਇਹੋ ਜਿਹੇ ਪੁੱਤਰ ਹਰ ਇੱਕ ਨੂੰ ਨਹੀਂ ਮਿਲਦੇ।

ਭਾਵੇਂ ਕਿ ਮੈਂ ਕੁਝ ਮੁਸਲਮਾਨ ਪਰਵਾਰਾਂ ਨੂੰ ਪਹਿਲਾਂ ਵੀ ਜਾਣਦੀ ਹਾਂ ਅਤੇ ਮੈਨੂੰ ਪਤਾ ਹੈ ਇਹ ਲੋਕ ਬੜੇ ਪਿਆਰੇ ਹੁੰਦੇ ਹਨ, ਪਰ ਸੁਣੀਆਂ- ਸੁਣਾਈਆਂ ਗੱਲਾਂ ਦਾ ਕੁਝ ਨਾ ਕੁਝ ਅਸਰ ਦਿਮਾਗ 'ਤੇ ਹੁੰਦਾ ਹੈ ਕਿ ਇਹ ਲੋਕ ਬੜੇ ਸਖਤ ਕਿਸਮ ਦੇ ਹੁੰਦੇ ਹਨ, ਪ੍ਰੰਤੂ ਕਸ਼ਮੀਰ ਵਿੱਚ ਘੁੰਮਦਿਆਂ ਵੇਖਿਆ ਕਿ ਇਹ ਲੋਕ ਖਾਸ ਕਰਕੇ ਨੌਜਵਾਨ ਜਿਹਨਾਂ ਨਾਲ ਸਾਡਾ ਵਾਸਤਾ ਪਿਆ, ਟੈਕਸੀ ਡਰਾਈਵਰ, ਦੁਕਾਨਾਂ ਵਾਲੇ ਜਿਹੜੇ ਪਰਵਾਰ ਨੂੰ ਅਸੀਂ ਮਿਲ ਕੇ ਆਏ, ਬਹੁਤ ਹੀ ਪਿਆਰੇ ਇਨਸਾਨ ਸਨ ।ਕੋਈ ਵੀ ਤੁਹਾਡੇ ਨਾਲ ਗਲਤ ਵਰਤਾਅ ਨਹੀਂ ਸੀ ਕਰਦਾ। ਬੜੀ ਹਲੀਮੀ ਨਾਲ ਸਾਰੇ ਗੱਲ ਕਰਦੇ ਸਨ। ਉਹਨਾਂ ਦੇ ਚਿਹਰੇ 'ਤੇ ਮੁਸਕਰਾਹਟ ਰਹਿੰਦੀ ਸੀ, ਜੋ ਕਿ ਮੇਰੀਆਂ ਯਾਦਾਂ ਦਾ ਹਿੱਸਾ ਬਣ ਗਿਆ ਹੈ।

ਬਾਕੀ ਥਾਵਾਂ 'ਤੇ ਕਈ ਵਾਰ ਟੈਕਸੀ ਵਿੱਚ ਸਫਰ ਕਰਦਿਆਂ ਟੈਕਸੀ ਡਰਾਈਵਰ ਦਾ ਰੁੱਖਾ ਵਿਹਾਰ ਚੰਗਾ ਨਹੀਂ ਲੱਗਦਾ ਹੁੰਦਾ, ਪਰ ਕਸ਼ਮੀਰ ਵਿੱਚ ਜਿਹਨਾਂ ਲੋਕਾਂ ਨਾਲ ਸਾਡਾ ਵਾਸਤਾ ਪਿਆ, ਹਰ ਇਕ ਨੇ ਸਾਨੂੰ ਖਿੜੇ ਮੱਥੇ ਜੀ ਆਇਆਂ ਆਖਿਆ।ਕਸ਼ਮੀਰੀ ਨੌਜਵਾਨ ਥੋੜ੍ਹੇ ਜਿਹੇ ਲੰਬੂਤਰੇ ਚਿਹਰੇ ਅਤੇ ਛੋਟੀ-ਛੋਟੀ ਦਾਹੜੀ ਨਾਲ ਬਹੁਤ ਹੀ ਖ਼ੂਬਸੂਰਤ ਲੱਗਦੇ ਸਨ। ਇਸ ਤਰ੍ਹਾਂ ਕਸ਼ਮੀਰ ਦੀਆਂ ਬਹੁਤ ਹੀ ਕੀਮਤੀ ਯਾਦਾਂ ਮਨ ਵਿੱਚ ਵਸਾ ਕੇ ਅਤੇ ਆਪਣੇ ਪਰਵਾਰ ਨੂੰ ਦਿਖਾਉਣ ਦੀ ਤਾਂਘ ਲੈ ਕੇ ਮੈਂ ਅੰਮ੍ਰਿਤਸਰ ਵਾਪਸ ਆ ਗਈ।

ਵਾਪਸ ਆਉਣ ਤੋਂ ਥੋੜ੍ਹੇ ਦਿਨ ਬਾਅਦ ਸਾਡਾ ਇਕ ਹੋਰ ਪਰਵਾਰ ਕਸ਼ਮੀਰ ਗਿਆ ਤਾਂ ਉਹਨਾਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਕਸ਼ਮੀਰੀ ਲੋਕ ਬਹੁਤ ਚੰਗੇ ਹਨ।ਇਸੇ ਤਰ੍ਹਾਂ ਮੇਰੀ ਇਕ ਸਹੇਲੀ ਦਾ ਫੋਨ ਆਇਆ ਤਾਂ ਉਸ ਨੇ ਦੱਸਿਆ ਕਿ 'ਜਦੋਂ ਅਸੀਂ ਕਸ਼ਮੀਰ ਗਏ ਸੀ ਤਾਂ ਮੇਰੇ ਪਤੀ ਰਾਤ ਦੇ ਵਕਤ ਬਹੁਤ ਬਿਮਾਰ ਹੋ ਗਏ ਸਨ, ਮੈਡੀਕਲ ਸਟੋਰ ਬੰਦ ਹੋ ਚੁੱਕੇ ਸਨ।ਕਿਸੇ ਨੇ ਦੱਸਿਆ ਕਿ ਨੇੜੇ ਹੀ ਹਸਪਤਾਲ ਹੈ, ਉੱਥੇ ਚਲੇ ਜਾਓ, ਅਸੀਂ ਰਿਕਸ਼ਾ ਲੈ ਕੇ ਹਸਪਤਾਲ ਪਹੁੰਚੇ।ਰਿਕਸ਼ੇ ਵਾਲੇ ਨੂੰ ਪੈਸੇ ਪੁੱਛੇ ਤਾਂ ਉਸ ਨੇ ਇਹ ਕਹਿ ਕੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ 'ਆਪ ਹਮਾਰੇ ਮਹਿਮਾਨ ਹੈਂ ਔਰ ਬੀਮਾਰ ਹੈਂ, ਫਿਰ ਡਾਕਟਰ ਨੇ ਚੈੱਕ ਕਰ ਕੇ ਦਵਾਈ ਲਿਖ ਦਿੱਤੀ।ਮੈਂ ਪ੍ਰੇਸ਼ਾਨ ਹੋ ਕੇ ਕਿਹਾ ਕਿ ਮੈਡੀਕਲ ਸਟੋਰ ਤਾਂ ਬੰਦ ਹੋ ਚੁੱਕੇ ਹਨ।ਫਾਰਮਾਸਿਸਟ ਨੇ ਮੇਰੇ ਕੋਲੋਂ ਪਰਚੀ ਲੈ ਲਈ ਅਤੇ ਦਵਾਈ ਦਾ ਇੰਤਜ਼ਾਮ ਕਰ ਦਿੱਤਾ।'

ਹੁਣ ਮੈਂ ਅਕਸਰ ਸੋਚਦੀ ਹਾਂ ਕਿ ਐਨੇ ਖ਼ੂਬਸੂਰਤ ਦਿਲ ਵਾਲੇ ਲੋਕਾਂ ਨੂੰ ਸ਼ਾਂਤੀ ਨਾਲ ਜ਼ਿੰਦਗੀ ਕਿਉਂ ਨਹੀਂ ਜਿਊਣ ਦਿੱਤੀ ਜਾਂਦੀ।

ਮੋਬਾ. 99881-76811

# ਚੰਡੀਗੜ੍ਹ ਦਾ ਅਜੂਬਾ ਬਰਡ ਪਾਰਕ

ਗਿਆਨ ਸੈਦਪੁਰੀ

ਪਿਛਲੇ ਮਹੀਨੇ ਦੀ 9 ਤਰੀਕ ਨੂੰ ਮੈਂ ਚੰਡੀਗੜ੍ਹ ਸਾਂ। ਮੈਂ, ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਅਤੇ ਡਾ. ਅਰਵਿੰਦਰ ਸਾਂਬਰ (ਪੁੱਤਰ ਕਾਮਰੇਡ ਭੁਪਿੰਦਰ ਸਾਂਬਰ) ਨੇ ਹਰਿਆਣਾ ਸਰਕਾਰ ਦੇ ਖੇਤੀਬਾੜੀ ਸਕੱਤਰ ਡਾ. ਰਾਜਾ ਸ਼ੇਖਰ ਵੂੰਦਰੂ ਆਈ ਏ ਐੱਸ ਨੂੰ ਕਿਸੇ ਕੰਮ ਦੇ ਸੰਬੰਧ ਵਿੱਚ ਮਿਲਣਾ ਸੀ। ਅਸੀਂ ਡਾ. ਵੂੰਦਰੂ ਦੇ ਦਫ਼ਤਰ ਪਹੁੰਚੇ। ਕੰਮਕਾਰ ਵਾਲਿਆਂ ਦਾ ਰਸ਼ ਬਹੁਤ ਸੀ। ਮਿਲਣ ਲਈ ਕਾਫੀ ਇੰਤਜ਼ਾਰ ਕਰਨੀ ਪਈ। ਅਸੀਂ ਕੁਝ ਅਸਹਿਜ ਜਿਹਾ ਮਹਿਸੂਸ ਕਰ ਰਹੇ ਸਾਂ, ਹੋ ਰਹੀ ਦੇਰੀ ਕਾਰਨ। ਏਨੇ ਨੂੰ ਸੇਵਾਦਾਰ ਨੇ ਸਾਨੂੰ ਅੰਦਰ ਜਾਣ ਦਾ ਇਸ਼ਾਰਾ ਕੀਤਾ। ਦੁਆ-ਸਲਾਮ ਤੋਂ ਬਾਅਦ ਡਾ. ਵੂੰਦਰੂ ਨੇ ਸਾਨੂੰ ਅਦਬ ਨਾਲ ਕੁਰਸੀਆਂ 'ਤੇ ਬੈਠਣ ਲਈ ਕਿਹਾ ਅਤੇ ਸੇਵਾਦਾਰ ਨੂੰ ਚਾਹ ਦੇ ਨਾਲ ਕੁਝ ਖਾਣ ਵਾਸਤੇ ਲਿਆਉਣ ਲਈ ਵੀ ਆਖਿਆ।




ਡਾ. ਵੂੰਦਰੂ ਦੇ ਅੱਗੇ ਫ਼ਾਈਲਾਂ ਦੇ ਢੇਰ ਲੱਗੇ ਹੋਏ ਸਨ। ਉਹ ਫਾਇਲਾਂ ਨੂੰ ਨਿਪਟਾਉਣ ਵੇਲੇ ਹਾਸਾ-ਮਜ਼ਾਕ ਵੀ ਕਰਦੇ ਰਹੇ ਤੇ ਹਰ ਮਾਮਲੇ ਨੂੰ ਸੰਜੀਦਗੀ ਨਾਲ ਵਾਚਦੇ ਵੀ ਰਹੇ। ਦੱਖਣ ਭਾਰਤ ਨਾਲ ਸੰਬੰਧਤ ਇਸ ਅਧਿਕਾਰੀ ਦੀ ਹਰਿਆਣਵੀਆਂ ਤੇ ਪੰਜਾਬੀਆਂ ਦੇ ਸੁਭਾਅ ਤੇ ਆਦਤਾਂ ਬਾਰੇ ਕਮਾਲ ਦੀ ਜਾਣਕਾਰੀ ਵੇਖ ਕੇ ਅਸੀਂ ਹੈਰਾਨੀ ਭਰੀ ਖ਼ੁਸ਼ੀ ਪ੍ਰਗਟ ਕਰਦੇ ਰਹੇ। ਕੰਮ ਕਰਦਿਆਂ-ਕਰਦਿਆਂ ਇੱਕਦਮ ਉਨ੍ਹਾ ਆਪਣੇ ਕਰਮਚਾਰੀਆਂ ਨੂੰ ਆਖਿਆ ਕਿ ਉਨ੍ਹਾ ਦੇ ਜਾਣ ਦਾ ਸਮਾਂ ਹੋ ਗਿਆ ਹੈ, ਹੁਣ ਕੋਈ ਫਾਈਲ ਪੇਸ਼ ਨਾ ਕੀਤੀ ਜਾਵੇ। ਅਸੀਂ ਫਿਰ ਅਸਹਿਜ ਹੋ ਗਏ ਕਿ ਸਾਡੀ ਗੱਲ ਕਦੋਂ ਸੁਣੀ ਜਾਵੇਗੀ। ਉਨ੍ਹਾ ਚਿਹਰੇ 'ਤੇ ਨਿਰਛਲ ਜਿਹੀ ਮੁਸਕਰਾਹਟ ਲਿਆਉਂਦਿਆਂ ਸਾਨੂੰ ਅਗਲੀਆਂ ਕੁਰਸੀਆਂ 'ਤੇ ਬੈਠਣ ਲਈ ਇਸ਼ਾਰਾ ਕੀਤਾ ਤਾਂ ਅਸੀਂ ਤਿੰਨੇ ਇੱਕ-ਦੂਸਰੇ ਵੱਲ ਤੱਕ ਕੇ ਡਾ. ਵੂੰਦਰੂ ਦੇ ਮੂਹਰੇ ਵਾਲੀਆਂ ਕੁਰਸੀਆਂ 'ਤੇ ਸਜ ਗਏ। ਡਾ. ਸਾਂਬਰ ਦੇ ਕੰਮ ਬਾਰੇ ਡਾ. ਵੂੰਦਰੂ ਪਹਿਲਾਂ ਤੋਂ ਜਾਣੂ ਸਨ। ਮੈਂ ਪਿੱਛੇ ਜਿਹੇ ਹੈਦਰਾਬਾਦ ਵਿੱਚ ਹੋਈ ਦਲਿਤ ਸਮਿਟ ਵਿੱਚ ਉਨ੍ਹਾ ਦਾ ਕੁੰਜੀਵਤ ਭਾਸ਼ਣ ਸੁਣ ਚੁੱਕਾ ਸਾਂ। ਓਦੋਂ ਦੇ ਰੈਫਰੈਂਸ ਨਾਲ ਦੁਬਾਰਾ ਮਿਲਣ ਦੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਤਾਂ ਉਨ੍ਹਾ ਦੇ ਚਿਹਰੇ ਤੋਂ ਪ੍ਰਸੰਨਤਾ ਝਲਕਣ ਲੱਗੀ। ਸੰਬੰਧਤ ਕੰਮ ਵੱਲ ਪਰਤੇ ਤਾਂ ਉਨ੍ਹਾ ਕਿਸੇ ਉੱਚ ਅਧਿਕਾਰੀ ਨੂੰ ਫੋਨ ਲਾਇਆ ਤੇ ਅਗਲੇਰੇ ਦਿਨ ਦੀ ਮਿਲਣੀ ਦਾ ਸਮਾਂ ਤੈਅ ਕਰ ਲਿਆ। ਕੰਮ ਕਰਵਾਉਣ ਦਾ ਹਰ ਸੰਭਵ ਯਤਨ ਕਰਨ ਦਾ ਵਾਅਦਾ ਕਰ ਕੇ ਉਨ੍ਹਾ ਮੋਹ ਭਿੱਜੀ ਤੱਕਣੀ ਨਾਲ ਸਾਥੋਂ ਵਿਦਾਈ ਲਈ। ਏਨੇ ਰੁਝੇਵਿਆਂ ਦੇ ਬਾਵਜੂਦ ਇਸ ਅਧਿਕਾਰੀ ਦਾ ਵਿਹਾਰ ਦੇਖ ਕੇ ਅਸੀਂ ਇਹ ਮਹਿਸੂਸਦਿਆਂ ਪੌੜੀਆਂ ਉਤਰੇ ਕਿ 'ਪੱਥਰਾਂ ਦਾ ਸ਼ਹਿਰ' ਆਖੇ ਜਾਣ ਵਾਲੇ ਚੰਡੀਗੜ੍ਹ ਵਿੱਚ ਚੰਗੇ ਦਿਲਾਂ ਵਾਲਿਆਂ ਦਾ ਵੀ ਵਾਸਾ ਹੈ।

ਅਗਲੇ ਦਿਨ ਮੈਂ ਗੁਰਮੇਲ ਸਿੰਘ ਸਿੱਧੂ ਨੂੰ ਮਿਲਣਾ ਸੀ। ਉਸ ਦਿਨ ਕੋਈ ਹੋਰ ਰੁਝੇਵਾਂ ਹੋਣ ਕਰਕੇ ਉਸ (ਸਿੱਧੂ) ਨੇ ਮਿਲਣ ਦਾ ਪ੍ਰੋਗਰਾਮ ਥੋੜ੍ਹਾ ਅੱਗੇ ਪਾ ਦਿੱਤਾ। ਮੈਂ ਉਸੇ ਪਲ ਆਪਣੇ ਦੋਸਤ ਕੇਵਲ ਸਿੰਘ ਸੋਹਲ ਦੇ ਚੰਡੀਗੜ੍ਹ ਰਹਿੰਦੇ ਵਕੀਲ ਪੁੱਤਰ ਪ੍ਰੀਤ ਸੋਹਲ ਨੂੰ ਫੋਨ ਕੀਤਾ। ਉਹ ਕਈ ਵਾਰ ਕਹਿ ਚੁੱਕਾ ਸੀ ਕਿ ਮੈਂ ਚੰਡੀਗੜ੍ਹ ਆਵਾਂ ਤਾਂ ਉਸ ਨੂੰ ਜ਼ਰੂਰ ਮਿਲ ਕੇ ਜਾਵਾਂ। ਮੇਰੇ ਫੋਨ ਨਾਲ ਤਾਂ ਉਸ ਨੂੰ ਚਾਅ ਚੜ੍ਹਿਆ ਮਹਿਸੂਸ ਹੋਇਆ ਜਾਪਿਆ। ਉਹ ਪੌਣੇ ਘੰਟੇ ਵਿੱਚ 345, 21-ਏ ਵਾਲੇ ਦੱਸੇ ਪਤੇ 'ਤੇ ਆਪਣੀ ਨਵੀਂ ਖਰੀਦੀ ਕਾਰ ਲੈ ਕੇ ਪਹੁੰਚ ਗਿਆ। ਉਸ ਦਿਨ ਉਸ ਨੂੰ ਛੁੱਟੀ ਸੀ। ਕਿੱਥੇ ਜਾਣਾ ਹੈ, ਕੀ ਵੇਖਣਾ ਹੈ, ਇਸ ਬਾਰੇ ਉਹ ਆਪ ਹੀ ਯੋਜਨਾ ਬਣਾ ਕੇ ਆਇਆ ਸੀ। ਉਸ ਨੇ ਆ ਪੁੱਛੀ ਨਾ ਤਾ, ਗੱਡੀ ਨਇਆ ਗਾਂਵ ਵੱਲ ਨੂੰ ਮੋੜ ਲਈ। ਉਸ ਨੇ ਇੱਕ ਸਾਫ-ਸੁਥਰੇ ਢਾਬੇ ਮੂਹਰੇ ਗੱਡੀ ਰੋਕ ਲਈ। ਉਹ ਇੱਥੇ ਬਰੇਕਫਾਸਟ ਕਰਵਾਉਣਾ ਚਾਹੁੰਦਾ ਸੀ। ਖਾਣਾ ਅਜੇ ਤਿਆਰ ਨਹੀ ਸੀ। ਉਹ ਸ਼ਾਇਦ ਕੁਝ ਵੀ ਸਮਾਂ ਅਜਾਈਂ ਗਵਾਉਣਾ ਨਹੀਂ ਚਾਹੁੰਦਾ ਸੀ। 12 ਵਜੇ ਉਸ ਨੇ ਆਪਣੇ ਇੱਕ ਕਲਾਈਟ ਨੂੰ ਮਿਲਣਾ ਸੀ। ਰੋਟੀ ਬਣਨ ਦੇ ਸਮੇਂ ਦੀ ਇੰਤਜ਼ਾਰ ਕੀਤੇ ਬਿਨਾਂ ਉਸ ਨੇ ਕਾਰ ਕੈਂਬਵਾਲਾ ਵੱਲ ਤੋਰ ਲਈ। ਇਹ ਇਲਾਕਾ ਪੂਰੀ ਤਰ੍ਹਾਂ ਹਰਿਆ-ਭਰਿਆ ਹੈ, ਵੰਨ-ਸੁਵੰਨਤਾ ਨਾਲ ਭਰਪੂਰ। ਸਲੋ ਸਪੀਡ ਕਾਰ ਚਲਾਉਂਦਾ ਪ੍ਰੀਤ ਸੋਹਲ ਦੱਸਦਾ ਹੈ ਕਿ ਇਹ ਇਲਾਕਾ ਚੰਡੀਗੜ੍ਹ ਤੋਂ ਉਤਾਂਹ ਵੱਲ ਤੇ ਪਹਾੜਾਂ ਦੇ ਪੈਰਾਂ ਹੇਠ ਹੈ। ਮੈਨੂੰ ਯਾਦ ਆਇਆ ਕਿ 'ਨਵਾਂ ਜ਼ਮਾਨਾ' ਅਤੇ ਪੰਜਾਬੀ ਟ੍ਰਿਬਿਊਨ ਵਾਲਾ ਦਲਬੀਰ ਸਿੰਘ ਰੁਝੇਵਿਆਂ ਤੋਂ ਵਿਹਲਾ ਹੋ ਕੇ ਪਹਾੜਾਂ ਹੇਠਲੀਆਂ ਮਨਮੋਹਕ ਥਾਵਾਂ 'ਤੇ ਤਿਰਕਾਲਾਂ ਨੂੰ ਕੁਦਰਤ ਨਾਲ ਇੱਕਮਿਕ ਹੋਣ ਜਾਇਆ ਕਰਦਾ ਸੀ। ਇਹ ਗੱਲ ਮੈਨੂੰ ਸਵਰਨ ਕਲਿਆਣ ਨੇ ਦੱਸੀ ਸੀ। ਖ਼ੈਰ, ਅਸੀਂ ਚਾਚਾ-ਭਤੀਜਾ ਵੀ ਰੁੱਖਾਂ, ਵੇਲਾਂ ਤੇ ਫੁੱਲਾਂ ਨਾਲ ਗੱਲਾਂ ਕਰਦੇ ਇੱਧਰ-ਉੱਧਰ ਘੁੰਮ ਰਹੇ ਸੀ ਕਿ ਪ੍ਰੀਤ ਨੇ ਕਾਰ ਦਾ ਰੁਖ ਸੁਖਨਾ ਝੀਲ ਵੱਲ ਕਰ ਲਿਆ। ਉਸ ਨੇ ਦੱਸਿਆ ਕਿ ਆਪਾਂ ਇੱਕ ਗੇੜਾ ਝੀਲ ਦਾ ਲਾਵਾਂਗੇ ਤੇ ਕੁਝ ਸਮਾਂ ਰਾਕ ਗਾਰਡਨ 'ਤੇ ਗੁਜ਼ਾਰਾਂਗੇ। ਸੁਖਨਾ ਝੀਲ ਵੱਲ ਜਾਂਦਿਆਂ ਉਸ ਨੇ 'ਚੰਡੀਗੜ੍ਹ ਬਰਡ ਪਾਰਕ' ਦਾ ਬੋਰਡ ਲੱਗਾ ਦੇਖਿਆ ਤਾਂ ਇਹ ਕਹਿੰਦਿਆਂ ਕਿ ਇਹ ਨਵੀਂ ਬਰਡ ਸੈਂਚਰੀ ਖ਼ੂਬਸੂਰਤ ਹੈ, ਮੇਰੇ ਕੋਲੋਂ ਸਲਾਹ ਲਈ ਕਿ ਕਿੱਧਰ ਚੱਲੀਏ? ਫੈਸਲਾ ਹੋਇਆ ਕਿ ਬਰਡ ਪਾਰਕ ਹੀ ਦੇਖਿਆ ਜਾਵੇ। ਕਾਰ ਪਾਰਕ ਕਰਕੇ ਟਿਕਟ ਕਾਊਂਟਰ ਵੱਲ ਜਾਣ ਤੋਂ ਪਹਿਲਾਂ ਪ੍ਰੀਤ ਨੇ ਦੋ ਕੁਲਫ਼ੀਆਂ ਲਈਆਂ। ਕੁਲਫ਼ੀਆਂ ਖਾਂਦਿਆਂ ਨੂੰ ਇੱਥੇ ਆਏ ਪ੍ਰੋਫੈਸ਼ਨਲ ਫੋਟੋਗ੍ਰਾਫਰਾਂ ਨੇ ਫੋਟੋ ਖਿਚਵਾਉਣ ਦਾ 'ਤਰਲਾ' ਜਿਹਾ ਮਾਰਿਆ। ਪ੍ਰੀਤ ਨੇ ਸ਼ੁਗਲ ਨਾਲ ਆਖਿਆ ਕਿ ਅੰਕਲ ਦੀਆ ਫੋਟੋ ਮੈਂ ਆਪ ਹੀ ਖਿੱਚ ਲੈਣੀਆਂ ਹਨ।

ਪਾਰਕ ਵੇਖਣ ਲਈ ਅੱਗੇ ਵਧੇ ਤਾਂ ਉਹ ਬਾਗ ਨਜ਼ਰੀਂ ਪੈਂਦਾ ਹੈ, ਜਿਹੜਾ ਹਿੰਦੂ ਅਸਟਰੋਲੋਜੀ ਅਨੁਸਾਰ 9 ਗ੍ਰਹਿਆਂ 'ਤੇ ਅਧਾਰਤ ਬਣਿਆ ਹੋਇਆ ਹੈ। ਰਾਹੂ, ਕੇਤੂ, ਸ਼ਨੀ, ਗੁਰੂ, ਬੁੱਧ, ਸ਼ੁੱਕਰ, ਮੂਨ, ਮੰਗਲ ਤੇ ਰਾਵੀ ਨਾਲ ਸੰਬੰਧ ਰੱਖਣ ਵਾਲੇ ਪੌਦੇ ਤਰਤੀਬ ਨਾਲ ਲਾਏ ਗਏ ਹਨ। ਇੰਜ ਮਹਿਸੂਸ ਹੁੰਦਾ ਹੈ ਕਿ ਤੁਸੀ ਗ੍ਰਹਿਆਂ ਦੀ ਅਦਭੁਤ ਦੁਨੀਆ 'ਚ ਪ੍ਰਵੇਸ਼ ਕਰ ਗਏ ਹੋ। ਗ੍ਰਹਿ ਨਾਲ ਸੰਬੰਧਤ ਪੌਦੇ 'ਤੇ ਉਸ ਦਾ ਬਾਟਨੀਕਲ ਨਾਂਅ ਵੀ ਲਿਖਿਆ ਹੋਇਆ ਹੈ। ਇਸ ਭਾਗ ਨੂੰ 'ਨਵ-ਗ੍ਰਹਿ ਵਾਟਿਕਾ' ਦਾ ਨਾਂਅ ਦਿੱਤਾ ਗਿਆ ਹੈ।

ਅਗਲਾ ਹਿੱਸਾ 'ਨਕਸ਼ਤਰਾ ਵਣ' ਹੈ। ਹਿੰਦੁਸਤਾਨੀ ਅਸਟਰੋਲੋਜੀ ਅਨੁਸਾਰ ਇਹ ਬਾਗ 27 ਨਕਸ਼ਤਰਾਂ (ਨਛੱਤਰਾਂ) ਦੇ ਥੀਮ ਅਨੁਸਾਰ ਬਣਾਇਆ ਗਿਆ ਹੈ। ਇਸੇ ਤਰਾਂ 'ਰਿਸ਼ੀ ਵਣ' ਹੈ। ਇਹ ਪੌਦਿਆਂ ਰਾਹੀਂ 12 ਰਾਸ਼ੀਆਂ ਨੂੰ ਦਰਸਾਉਂਦਾ ਹੈ।

ਜਿਵੇਂ-ਜਿਵੇਂ ਅਸੀਂ ਅੱਗੇ ਤੁਰਦੇ ਗਏ, ਪੰਛੀਆਂ ਦੇ ਇਸ ਪਾਰਕ ਨੂੰ ਬਣਾਉਣ ਵਾਲਿਆਂ ਨੂੰ ਦਾਦ ਦਿੰਦੇ ਗਏ।ਇੱਥੇ ਵੱਖ-ਵੱਖ ਪੰਛੀਆਂ ਦੀਆਂ ਮਨਮੋਹਕ ਅਵਾਜ਼ਾਂ ਕੰਨਾਂ ਵਿੱਚ ਰਸ ਘੋਲਦੀਆਂ ਹਨ। ਇੱਥੇ ਹਰ ਕਿਸਮ ਦੀ ਬਨਸਪਤੀ ਹੈ। ਅੱਗੇ ਵਧਦਿਆਂ ਇੱਕ ਥਾਂ ਬਹੁਤ ਹੀ ਪਿਆਰੇ ਪੰਛੀ ਨਜ਼ਰ ਆਉਂਦੇ ਹਨ, ਇਹ ਅਫ਼ਰੀਕਾ ਦੇ ਪੰਛੀ ਹਨ। ਇਸ ਪੰਛੀ ਦਾ ਨਾਂਅ 'ਲਵ ਬਰਡ' ਹੈ। ਇਨ੍ਹਾਂ ਪੰਛੀਆ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਫੀਮੇਲ ਤੇ ਮੇਲ ਪੰਛੀਆਂ ਦਾ ਜੋੜਾ ਇੱਕ-ਦੂਸਰੇ ਤੋਂ ਇੱਕ ਪਲ ਲਈ ਵੀ ਪਾਸੇ ਨਹੀਂ ਹੁੰਦਾ। ਇੱਥੇ ਬਣੇ ਤਲਾਵਾਂ ਵਿੱਚ ਕਈ ਕਿਸਮ ਦੀਆਂ ਬੱਤਖਾਂ ਅਠਖੇਲੀਆਂ ਕਰਦੀਆਂ ਮਨ ਮੋਹ ਲੈਂਦੀਆਂ ਹਨ। ਪਾਣੀ ਦੇ ਝਰਨਿਆਂ ਕੋਲੋਂ ਗੁਜ਼ਰਦਿਆਂ ਗਰਮੀ ਵਿੱਚ ਠੰਢੀ ਹਵਾ ਦਾ ਬੁੱਲਾ ਆਉਂਦਾ ਹੈ ਤਾਂ ਉੱਥੇ ਹੀ ਖੜੇ ਰਹਿਣ ਨੂੰ ਦਿਲ ਕਰਦਾ ਹੈ।

ਇੱਥੇ ਇੱਕ ਖ਼ੂਬਸੂਰਤ ਤੋਤਿਆਂ ਦੀ ਥਾਂ ਸਭ ਨੂੰ ਬੇਹੱਦ ਆਕਰਸ਼ਤ ਕਰਦੀ ਹੈ। ਇਹ ਤੋਤਿਆਂ ਦੀ ਅਜੀਬ ਜਿਹੀ ਪਰਜਾਤੀ ਹੈ। ਅਕਾਰ ਵਿੱਚ ਇਹ ਕਾਫੀ ਵੱਡਾ ਹੈ। ਪਾਰਕ 'ਚ ਆਇਆ ਹਰ ਵਿਅਕਤੀ ਇਸ ਪੰਛੀ ਨੂੰ ਆਪਣੀ ਬਾਂਹ 'ਤੇ ਬਿਠਾ ਕੇ ਖ਼ੁਸ਼ ਹੁੰਦਾ ਹੈ। ਅਸੀਂ ਵੀ ਇਸ ਨੂੰ ਆਪਣੀਆਂ ਬਾਹਵਾਂ 'ਤੇ ਬਿਠਾ ਕੇ ਇਸ ਨੂੰ 'ਮਿੱਤਰ' ਬਣਾਇਆ।

ਇਸ ਪਾਰਕ ਦੀ ਖ਼ੂਬਸੂਰਤੀ ਮਨ-ਮਸਤਕ 'ਤੇ ਏਨੀ ਸਵਾਰ ਹੋ ਜਾਂਦੀ ਹੈ ਕਿ ਇਸ ਦੀ ਸਾਂਭ-ਸੰਭਾਲ ਜਾਂ ਕਾਂਟ-ਛਾਂਟ ਕਰਨ ਵਾਲੇ ਮਰਦ, ਇਸਤਰੀਆਂ ਵੀ ਉਸੇ ਖ਼ੂਬਸੂਰਤੀ ਦਾ ਹਿੱਸਾ ਨਜ਼ਰ ਆਉਂਦੇ ਹਨ। ਇਸ ਪਾਰਕ ਦੇ ਰਸਤੇ ਇਸ ਤਰਾਂ ਹਨ ਕਿ ਜਿਵੇਂ 'ਸਵਰਗ' ਨੂੰ ਜਾਂਦੇ ਹੋਣ।

ਚੰਡੀਗੜ੍ਹ ਦੇ ਦਿਲ ਵਿੱਚ ਸਥਿਤ 'ਚੰਡੀਗੜ੍ਹ ਬਰਡ ਪਾਰਕ' ਇੱਕ ਅਜੂਬਾ ਹੈ। ਇਹ ਵਾਤਾਵਰਣ ਦੀ ਸੰਭਾਲ ਅਤੇ ਸਿੱਖਿਆ ਵੀ ਪ੍ਰਦਾਨ ਕਰਦਾ ਹੈ। ਇਹ ਨਾ ਸਿਰਫ ਪੰਛੀਆਂ ਲਈ, ਸਗੋਂ ਵਾਤਾਵਰਣ ਅਤੇ ਕੁਦਰਤ ਪ੍ਰੇਮੀਆਂ ਲਈ ਵੀ ਸ਼ਾਂਤੀ ਨਿਕੇਤਨ ਹੈ। ਕਈ ਏਕੜਾਂ ਵਿੱਚ ਫੈਲੇ ਹੋਏ ਪਾਰਕ ਵਿੱਚ ਹਰੇ-ਭਰੇ ਲੈਂਡਸਕੇਪ, ਥੀਮੈਟਿਕ ਪਿੰਜਰੇ ਅਤੇ ਇੰਟਰਐਕਟਿਵ ਜ਼ੋਨ ਖੰਭਾਂ ਵਾਲੇ ਨਿਵਾਸੀਆਂ ਲਈ ਕੁਦਰਤੀ ਨਿਵਾਸ ਪ੍ਰਦਾਨ ਕਰਦੇ ਹਨ।

ਇੱਥੇ ਬਣੇ ਹੋਏ ਵੱਖ-ਵੱਖ ਦਰਵਾਜ਼ਿਆਂ ਵਿੱਚ ਪ੍ਰਵੇਸ਼ ਕਰਨ ਵੇਲੇ ਇੱਕ ਅਮੀਰ ਅਤੇ ਯਾਦਗਾਰੀ ਅਨੁਭਵ ਹੁੰਦਾ ਹੈ। ਇਸ ਪਾਰਕ ਦੀ ਫੇਰੀ ਕੁਦਰਤੀ ਸੰਸਾਰ ਦੀ ਕਦਰ ਕਰਨ ਲਈ ਪ੍ਰੇਰਤ ਕਰਦੀ ਹੈ। ਪਾਰਕ ਦੀ ਇਹ ਫੇਰੀ ਅਭੁੱਲ ਰਹੇਗੀ।

ਸੰਪਰਕ 98725-40447

# ਵਿਅਕਤੀਗਤ ਨਿੱਜਤਾ ਦੀ ਸੁਰੱਖਿਆ ਤੇ ਐਂਡ-ਟੂ-ਐਂਡ ਐਨਕ੍ਰਿਪਸ਼ਨ

ਡਾ. ਗੁਰਜੀਤ ਭੱਠਲ

ਆਧੁਨਿਕ ਤਕਨੀਕੀ ਯੁੱਗ ਵਿੱਚ ਸੂਚਨਾ ਤਕਨੀਕ (information technology) ਇਤਨੀ ਤੇਜ਼ੀ ਨਾਲ ਤਬਦੀਲ ਹੋ ਰਹੀ ਹੈ ਕਿ ਦੋ-ਤਿੰਨ ਸਾਲਾਂ ਬਾਅਦ ਹੀ ਵਰਤੇ ਜਾ ਰਹੇ ਜੰਤਰ ਜਾਂ ਡਿਵਾਈਸ ਪੁਰਾਣੇ ਲੱਗਣ ਲੱਗਦੇ ਹਨ ।ਉਹਨਾਂ ਦੇ ਚੱਲਣ ਅਤੇ ਕੰਮ ਕਰਨ ਦੀ ਗਤੀ ਹੌਲੀ ਪੈਣ ਲੱਗਦੀ ਹੈ । ਮੋਬਾਇਲ ਅਤੇ ਗੋਡਿਆਂ 'ਤੇ ਰੱਖ ਕੇ ਵਰਤਣ ਵਾਲਾ ਕੰਪਿਊਟਰ, ਲੈਪਟਾਪ ਇਸ ਦੀਆਂ ਸਪੱਸ਼ਟ ਉਦਾਹਰਣਾਂ ਹਨ। ਇਸ ਸੂਚਨਾ ਤਕਨੀਕ ਦਾ ਵਿਕਾਸ ਇਤਨਾ ਜ਼ਿਆਦਾ ਤੇ ਉੱਚ ਪੱਧਰ ਦਾ ਹੋ ਗਿਆ ਹੈ ਕਿ ਇਸ ਨੇ ਹਰ ਪ੍ਰਕਾਰ ਦੀ ਦੂਰੀ ਨੂੰ ਖਤਮ ਹੀ ਕਰ ਦਿੱਤਾ ਹੈ। ਕਿਸੇ ਨਾਲ ਗੱਲਬਾਤ ਕਰਨੀ ਹੈ, ਬਿਮਾਰ ਦਾ ਹਾਲ-ਚਾਲ ਪਤਾ ਕਰਨਾ ਹੈ, ਕਿਸੇ ਪ੍ਰਕਾਰ ਦੀ ਖ਼ਰੀਦੋ-ਫਰੋਖਤ ਕਰਨੀ ਹੈ ਜਾਂ ਰੇਲਵੇ-ਹਵਾਈ ਜਹਾਜ਼ ਦੀ ਟਿਕਟ ਖਰੀਦਣੀ ਹੈ, ਬੈਂਕ ਵਿੱਚੋਂ ਕੋਈ ਪੈਸੇ ਕਢਵਾਉਣ ਜਾਂ ਜਮ੍ਹਾਂ ਕਰਾਉਣ ਦੇ ਕੰਮ ਕਰਨੇ ਹਨ, ਸਭ ਇੱਕ ਬਟਨ ਦੇ ਦੱਬਣ ਦੇ ਨਾਲ ਹੋ ਰਹੇ ਹਨ। ਪੜ੍ਹਾਈ-ਲਿਖਾਈ ਦੇ ਕੰਮ ਲਈ ਹੁਣ ਲਾਇਬ੍ਰੇਰੀ ਜਾ ਕੇ ਕਿਤਾਬਾਂ ਫਰੋਲਣ ਦੀ ਜ਼ਰੂਰਤ ਘਟ ਰਹੀ ਹੈ।ਗੂਗਲ ਸਰਚ 'ਤੇ ਸਾਰਾ ਕੁਝ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਉਪਲੱਬਧ ਹੈ। ਅਸੀਂ ਸੋਚਦੇ ਹਾਂ ਕਿ ਹੱਥ ਵਿੱਚ ਫੜੇ ਇਸ ਨਿੱਕੇ ਜਿਹੇ ਜੰਤਰ ਨੇ ਜ਼ਿੰਦਗੀ ਨੂੰ ਕਿੰਨਾ ਸੁਖਾਲਾ ਕਰ ਦਿੱਤਾ ਹੈ। ਅਸੀਂ ਸਾਰੀ ਦੁਨੀਆ ਦੇ ਸੰਪਰਕ ਵਿੱਚ ਹਾਂ। ਦੋਸਤਾਂ-ਮਿੱਤਰਾਂ ਨਾਲ ਗੱਲ ਕਰਦੇ ਹੋਏ ਅਨੇਕਾਂ ਪ੍ਰਕਾਰ ਦੀ ਨਿੱਜੀ ਜਾਣਕਾਰੀ ਵੀ ਸਾਂਝੀ ਕਰ ਲੈਂਦੇ ਹਾਂ। ਇਕ-ਦੂਜੇ ਨਾਲ ਆਪਣੀਆਂ ਨਿੱਜੀ ਫੋਟੋਆਂ ਵੀ ਸਾਂਝੀਆਂ ਕਰਦੇ ਹਾਂ, ਪਰ ਕੀ ਅਜੋਕੀ ਸੂਚਨਾ ਤਕਨੀਕ ਦੀ ਵਰਤੋਂ ਕਰਦੇ ਹੋਏ ਅਸੀਂ ਆਪਣੇ ਆਪ ਨੂੰ ਕਿਸੇ ਅਣਚਾਹੀ ਅਤੇ ਅਣਕਿਆਸੀ ਸਥਿਤੀ ਵਿੱਚ ਤਾਂ ਨਹੀਂ ਧਕੇਲ ਰਹੇ? ਦੋਸਤਾਂ-ਮਿੱਤਰਾਂ ਨਾਲ ਆਪਣੀ ਗੱਲ ਸਾਂਝੀ ਕਰਦੇ ਹੋਏ ਇਸ ਦੀ ਜਾਣਕਾਰੀ ਕਿਸੇ ਹੋਰ ਏਜੰਸੀ ਕੋਲ ਇਕੱਠੀ ਤਾਂ ਨਹੀਂ ਹੋ ਰਹੀ? ਸਾਡੀ ਮਨੋਵਿਗਿਆਨਕ ਸਥਿਤੀ ਦਾ ਨਜਾਇਜ਼ ਫਾਇਦਾ ਤਾਂ ਨਹੀਂ ਉਠਾਇਆ ਜਾ ਰਿਹਾ? ਇਹ ਕੁਝ ਸਵਾਲ ਪੈਦਾ ਹੁੰਦੇ ਹਨ, ਜਦੋਂ ਕਿਸੇ ਨਾਲ ਵਟਸਐਪ, ਫੇਸਬੁੱਕ ਜਾਂ ਕਿਸੇ ਹੋਰ ਹੈਂਡਲ ਜ਼ਰੀਏ ਆਪਣੀ ਕਿਸੇ ਵੀ ਪ੍ਰਕਾਰ ਦੀ ਸੂਚਨਾ ਸਾਂਝੀ ਕਰਦੇ ਹਾਂ ਤਾਂ ਅੱਗੇ ਤੋਂ ਅੱਗੇ ਉਸੇ ਪ੍ਰਕਾਰ ਦੀ ਯੂ-ਟਿਊਬ, ਮਸ਼ਹੂਰੀਆਂ ਜਾਂ ਫੋਟੋਆਂ ਆਦਿ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ । ਇਹ ਸਾਰਾ ਕੁਝ ਕਿਵੇਂ ਵਾਪਰ ਰਿਹਾ ਹੈ? ਕੀ ਸਾਡੀ ਗੱਲਬਾਤ ਨੂੰ ਕੋਈ ਏਜੰਸੀ ਮੋਨੀਟਰ ਕਰ ਰਹੀ ਹੈ? ਡਾਟਾ ਇਕੱਠਾ ਕਰ ਰਹੀ ਹੈ ? ਜਾਂ ਸਾਡੇ ਬਾਰੇ ਵਿਅਕਤੀਗਤ ਜਾਣਕਾਰੀ ਹਾਸਲ ਕਰ ਲਈ ਹੈ ਕਿ ਅਸੀਂ ਕਿਸ ਖਿੱਤੇ ਤੇ ਕਿੱਤੇ ਤੋਂ ਹਾਂ, ਕਿਸ ਪ੍ਰਕਾਰ ਦੇ ਕੰਮ-ਕਾਜ ਜਾਂ ਕਾਰਵਾਈਆਂ ਆਦਿ ਕਰਦੇ ਹਾਂ ਤੇ ਬੜਾ ਕੁਝ ਹੋਰ।

ਵਟਸਐਪ ਰਾਹੀਂ ਵਿਅਕਤੀਗਤ ਜਾਣਕਾਰੀ ਕੌਣ ਭੇਜ ਰਿਹਾ ਹੈ ਤੇ ਕਿਸ ਨੂੰ ਭੇਜ ਰਿਹਾ ਹੈ, ਇਹ ਕੇਵਲ ਤੇ ਕੇਵਲ ਦੋਹਾਂ ਵਿਚਾਲੇ ਹੀ ਰਹੇ, ਇਹ ਯਕੀਨੀ ਬਣਾਉਣ ਵਾਸਤੇ ਹੀ ਇੱਕ ਪ੍ਰੋਗਰਾਮ ਇਜ਼ਾਦ ਕੀਤਾ ਗਿਆ, ਜਿਸ ਨੂੰ ਐਂਡ-ਟੂ-ਐਂਡ ਐਨਕ੍ਰਿਪਸ਼ਨ ਕਿਹਾ ਜਾਂਦਾ ਹੈ। ਇਹ ਇੱਕ ਉੱਚ ਪੱਧਰੀ ਸੁਰੱਖਿਆ ਪ੍ਰਣਾਲੀ ਹੈ, ਜਿਸ ਦੀ ਵਰਤੋਂ ਖਾਸ ਤੌਰ 'ਤੇ ਵਟਸਐਪ ਰਾਹੀਂ ਸੰਦੇਸ਼ ਭੇਜਣ ਲਈ ਕੀਤੀ ਜਾਂਦੀ ਹੈ। ਇਹ ਐਨਕ੍ਰਿਪਸ਼ਨ ਵਿਧੀ ਯਕੀਨੀ ਬਣਾਉਂਦੀ ਹੈ ਕਿ ਸਿਰਫ ਸੰਦੇਸ਼ ਭੇਜਣ ਵਾਲਾ ਤੇ ਸੰਦੇਸ਼ ਪ੍ਰਾਪਤ ਕਰਨ ਵਾਲਾ ਹੀ ਇਸ ਨੂੰ ਪੜ੍ਹ ਸਕਦਾ ਹੈ, ਹੋਰ ਕੋਈ ਨਹੀਂ। ਖੁਦ ਵਟਸਐਪ ਵੀ ਇਸ ਨੂੰ ਨਹੀਂ ਪੜ੍ਹ ਸਕਦਾ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ? ਇਸ ਸੁਰੱਖਿਆ ਪ੍ਰਣਾਲੀ ਤਹਿਤ ਜਦੋਂ ਸੰਦੇਸ਼ ਭੇਜਿਆ ਜਾਂਦਾ ਹੈ ਤਾਂ ਭੇਜਣ ਵਾਲੇ ਦੀ ਡਿਵਾਈਸ ਦੇ ਸੰਦੇਸ਼ ਨੂੰ ਇੱਕ ਵਿਲੱਖਣ ਕੁੰਜੀ ਦੀ ਵਰਤੋਂ ਨਾਲ ਤਾਲਾ ਲਾਇਆ ਜਾਂਦਾ ਹੈ ਜਾਂ ਤਕਨੀਕੀ ਭਾਸ਼ਾ ਵਿੱਚ ਇਸ ਨੂੰ ਐਨਕ੍ਰਿਪਟ ਕੀਤਾ ਜਾਂਦਾ ਹੈ । ਜਿਸ ਨੂੰ ਕੇਵਲ ਸੰਦੇਸ਼ ਪ੍ਰਾਪਤ ਕਰਨ ਵਾਲੇ ਦੀ ਡਿਵਾਈਸ ਦੁਆਰਾ ਹੀ ਉਸ ਦੀ ਵਿਲੱਖਣ ਕ੍ਰਿਪਟੋਗ੍ਰਾਫਿਕ ਕੁੰਜੀ ਦੁਆਰਾ ਡੀਕ੍ਰਿਪਟ ਕੀਤਾ ਜਾ ਸਕਦਾ ਹੈ। ਇੰਜ ਭਾਵੇਂ ਇਹ ਸੰਦੇਸ਼ ਵਟਸਐਪ ਦੇ ਕੰਪਿਊਟਰਾਂ ਰਾਹੀਂ ਜਾਂਦਾ ਹੈ ਪ੍ਰੰਤੂ ਇਸ ਸੁਰੱਖਿਆ ਪ੍ਰਣਾਲੀ ਤਹਿਤ ਇਹ ਐਨਕ੍ਰਿਪਟਿਡ ਰਹਿੰਦਾ ਹੈ। ਭੇਜਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਤੋਂ ਇਲਾਵਾ ਕਿਸੇ ਹੋਰ ਲਈ ਇਸ ਨੂੰ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ । ਇਸ ਪ੍ਰਕਾਰ ਵਿਅਕਤੀਗਤ ਨਿੱਜਤਾ ਬਰਕਰਾਰ ਰਹਿੰਦੀ ਹੈ, ਪਰ ਜਦੋਂ ਕਿਸੇ ਤਕਨੀਕ ਦਾ ਦੁਰਉਪਯੋਗ ਹੋਣ ਲੱਗਦਾ ਹੈ ਤਾਂ ਉਸ ਬਾਰੇ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੁੰਦੀ ਹੈ। ਇਸ ਸੁਰੱਖਿਆ ਪ੍ਰਣਾਲੀ ਦੀ ਵਰਤੋਂ ਜਦੋਂ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹਾਂ, ਲੁਟੇਰਿਆਂ ਜਾਂ ਹੋਰ ਸਮਾਜ ਵਿਰੋਧੀ ਅਨਸਰਾਂ ਵੱਲੋਂ ਹੁੰਦੀ ਹੈ ਤਾਂ ਇਹ ਸਮਾਜ ਨੂੰ ਹੀ ਨਹੀਂ, ਸਗੋਂ ਦੇਸ਼ ਦੀ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾ ਸਕਦੀ ਹੈ। ਕਿਸ ਥਾਂ 'ਤੇ ਬੰਬ ਰੱਖਿਆ ਹੈ, ਰੇਲ ਪਟੜੀ ਜਾਂ ਪੁਲ ਉਡਾਉਣਾ ਹੈ, ਬੈਂਕ ਡਕੈਤੀ ਕਰਨੀ ਹੈ, ਇਸ ਬਾਰੇ ਪਹਿਲਾਂ ਤੋਂ ਜਾਣਕਾਰੀ ਪ੍ਰਾਪਤ ਕਰਨੀ ਅਸੰਭਵ ਹੋ ਜਾਂਦੀ ਹੈ, ਜਦੋਂ ਗੱਲਬਾਤ ਜਾਂ ਸੰਦੇਸ਼ ਇਸ ਪ੍ਰਣਾਲੀ ਦੀ ਵਰਤੋਂ ਕਰਦੇ ਹੋਏ ਭੇਜਿਆ ਤੇ ਪ੍ਰਾਪਤ ਕੀਤਾ ਜਾਂਦਾ ਹੈ। ਸੋ ਇਸ ਸਿਸਟਮ ਦੀਆਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਨੇ ਵਟਸਐਪ ਦੀਆਂ ਕਈ ਸੇਵਾਵਾਂ 'ਤੇ ਇਤਰਾਜ਼ ਪ੍ਰਗਟ ਕੀਤਾ ਹੈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਐਂਡ-ਟੂ-ਐਂਡ ਐਨਕ੍ਰਿਪਸ਼ਨ ਅਤੇ ਇਸ ਨਾਲ ਸੰਬੰਧਤ ਪੁਣ-ਛਾਣ/ਟ੍ਰੇਸਿਬਿਲਟੀ ਦਾ ਸੁਆਲ ਹੈ।

ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਿਆ ਨੇ ਚਿੰਤਾ ਵਿਅਕਤ ਕਰਦੇ ਹੋਏ ਖ਼ਦਸ਼ਾ ਜਤਾਇਆ ਹੈ ਕਿ ਵਟਸਐਪ ਦੀ ਪੇਰੈਂਟ ਕੰਪਨੀ 'ਮੈਟਾ' ਉਪਭੋਗਤਾਵਾਂ ਦੇ ਡਾਟੇ ਦਾ ਗਲਤ ਉਪਯੋਗ ਕਰ ਸਕਦੀ ਹੈ। ਇਸ ਤਰ੍ਹਾਂ ਕਰਨਾ ਵੀ ਵਿਅਕਤੀਗਤ ਨਿੱਜਤਾ ਅਤੇ ਸੀਕਰੇਸੀ ਦੇ ਨਿਯਮਾਂ ਦੀ ਉਲੰਘਣਾ ਹੈ ਅਤੇ ਨਾਲ ਹੀ ਕਿਸੇ ਉਪਭੋਗਤਾ ਦੀ ਸ਼ਿਕਾਇਤ ਦਾ ਨਿਪਟਾਰਾ ਉਸੇ ਦੇਸ਼ ਵਿੱਚ ਕਰਨ ਤੋਂ ਇਨਕਾਰੀ ਉਪਭੋਗਤਾ ਅਧਿਕਾਰਾਂ ਦੀ ਉਲੰਘਣਾ ਹੈ। ਅੱਜ ਦੇ ਸਮੇਂ ਦੌਰਾਨ ਸੋਸ਼ਲ ਮੀਡੀਆ ਦੇ ਵਧ ਰਹੇ ਪ੍ਰਭਾਵ ਅਤੇ ਇਸ ਨਾਲ ਆ ਰਹੀਆਂ ਦਿੱਕਤਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਚਿੰਤਿਤ ਹੈ। ਇਸ ਦੀ ਗੰਭੀਰਤਾ ਨੂੰ ਸਮਝਦੇ ਹੋਏ ਪਹਿਲਾਂ ਤੋਂ ਚੱਲ ਰਹੇ ਇਨਫੋਰਮੇਸ਼ਨ ਤਕਨਾਲੋਜੀ ਕਾਨੂੰਨ 2020 ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ, ਜਿਨ੍ਹਾਂ ਨੂੰ ਇਨਫੋਰਮੇਸ਼ਨ ਤਕਨਾਲੋਜੀ ਕਾਨੂੰਨ 2021 ਦੇ ਨਾਂਅ ਹੇਠ 25-2-2021 ਨੂੰ ਲਾਗੂ ਕਰ ਦਿੱਤਾ ਗਿਆ। ਇਹ ਕਾਨੂੰਨ ਸੰਦੇਸ਼ ਭੇਜਣ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਵਿਚੋਲੀਆ ਕੰਪਨੀਆਂ 'ਤੇ ਲਾਗੂ ਹੁੰਦਾ ਹੈ। ਜਿਹਨਾਂ ਵਿੱਚ ਟਵੀਟਰ ਅਤੇ ਵਟਸਐਪ ਆਦਿ ਅਹਿਮ ਹਨ। ਵਿਸ਼ੇਸ਼ ਤੌਰ 'ਤੇ ਇਹ 'ਵਿਚੋਲਾ ਦਿਸ਼ਾ ਨਿਰਦੇਸ਼ ਅਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ' 2021 ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ । ਇਸ ਕਾਨੂੰਨ ਦੇ ਉਪ ਸੈਕਸ਼ਨ 4(2) ਅਨੁਸਾਰ, ਇਸ ਦਾ ਸੰਬੰਧ ਸੋਸ਼ਲ ਮੀਡੀਆ 'ਤੇ ਸੰਦੇਸ਼ ਦੀ ਸ਼ੁਰੂਆਤ ਕਰਨ ਵਾਲੇ ਦੀ ਪਹਿਚਾਣ, ਕਿਸੇ ਸਮਰੱਥ ਅਧਿਕਾਰੀ ਜਾਂ ਅਦਾਲਤ ਦੇ ਆਦੇਸ਼ਾਂ ਤਹਿਤ ਕੋਈ ਜਾਣਕਾਰੀ ਮੰਗਣ ਅਤੇ ਇਨਫੋਰਮੇਸ਼ਨ ਟੈਕਨਾਲੋਜੀ ਐਕਟ 2000 ਦੀ ਧਾਰਾ 69 ਦੇ ਅਧੀਨ ਜਾਣਕਾਰੀ ਦੇਣ ਲਈ ਯਕੀਨੀ ਬਣਾਉਣ ਬਾਰੇ ਹੈ। ਇਹ ਭਾਰਤ ਦੀ ਅਖੰਡਤਾ, ਰਾਸ਼ਟਰੀ ਸੁਰੱਖਿਆ, ਭਾਰਤ ਦੇ ਦੂਜੇ ਦੇਸ਼ਾਂ ਨਾਲ ਸੰਬੰਧਾਂ ਅਤੇ ਸੁਤੰਤਰਤਾ ਬਣਾਏ ਰੱਖਣ ਦੇ ਉਦੇਸ਼ ਨਾਲ ਅਤੇ ਲੋਕਾਂ ਨੂੰ ਭੜਕਾਉਣ ਸੰਬੰਧੀ ਸਮੱਗਰੀ ਫੈਲਾਉਣ ਬਾਰੇ ਸੰਦੇਸ਼ ਦੀ ਸ਼ੁਰੂਆਤ ਕਰਨ ਵਾਲੇ ਦੀ ਪਹਿਚਾਣ ਦੀ ਜਾਣਕਾਰੀ ਮੰਗਣ ਉੱਤੇ ਮੁਹੱਈਆ ਕਰਵਾਉਣੀ ਯਕੀਨੀ ਬਣਾਉਣ ਬਾਰੇ ਹੈ।



ਭਾਰਤ ਸਰਕਾਰ ਅਤੇ ਵਟਸਐਪ ਦੀ ਪੇਰੈਂਟ ਕੰਪਨੀ 'ਮੈਟਾ' ਦੀ ਤਕਰਾਰਬਾਜ਼ੀ 2021 ਤੋਂ ਸ਼ੁਰੂ ਹੁੰਦੀ ਹੈ, ਜਦੋਂ ਤੋਂ ਸਰਕਾਰ ਦੇ ਇਨਫਾਰਮੇਸ਼ਨ ਟੈਕਨੋਲੋਜੀ ਕਾਨੂੰਨ 2021 ਨੂੰ ਲਾਗੂ ਕੀਤਾ ਹੈ। ਇਸ ਨਵੇਂ ਵਿਵਾਦ ਵਿੱਚ ਵਟਸਐਪ ਦੀ ਪੇਰੈਂਟ ਕੰਪਨੀ ਮੈਟਾ ਨੇ ਭਾਰਤ ਸਰਕਾਰ ਖਿਲਾਫ ਅਦਾਲਤ ਦਾ ਦਰਵਾਜ਼ਾ ਖੜਕਾਇਆ, ਜਿਸ ਦੀ ਅਦਾਲਤ ਵਿੱਚ ਇਸ 'ਤੇ ਬਹਿਸ 22 ਮਾਰਚ 2024 ਨੂੰ ਹੋਈ। ਵਟਸਐਪ ਦੁਆਰਾ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਗਿਆ ਕਿ ਜੇਕਰ ਉਹ ਐਂਡ-ਟੂ-ਐਂਡ ਐਨਕ੍ਰਿਪਸ਼ਨ ਤੋੜ ਦੇਣਗੇ ਤਾਂ ਉਪਭੋਗਤਾਵਾਂ ਦੀ ਵਿਅਕਤੀਗਤ ਨਿੱਜਤਾ ਦੇ ਨਿਯਮ ਦੀ ਉਲੰਘਣਾ ਹੋਵੇਗੀ । ਇਸ ਲਈ ਉਹ ਇਸ ਤਰ੍ਹਾਂ ਨਹੀਂ ਕਰਨਗੇ, ਪ੍ਰੰਤੂ ਜੇਕਰ ਫਿਰ ਵੀ ਦਬਾਅ ਪਾਇਆ ਗਿਆ ਤਾਂ ਉਹ ਭਾਰਤ ਵਿੱਚੋਂ ਆਪਣੀਆਂ ਸੇਵਾਵਾਂ ਬੰਦ ਕਰ ਦੇਣਗੇ । ਸੋਸ਼ਲ ਮੀਡੀਆ ਦੇ ਇਸ ਜਵਾਬ ਨੇ ਸਾਰੀਆਂ ਹੀ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਸੀਕਰੇਸੀ ਬਾਰੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ । ਇਸ ਤੋਂ ਇਲਾਵਾ ਭਾਰਤ ਸਰਕਾਰ ਦੇ ਵਕੀਲ ਨੇ ਬਹਿਸ ਦੌਰਾਨ ਕਾਫੀ ਹੋਰ ਇਲਜ਼ਾਮ ਵਟਸਐਪ ਦੀ ਪੇਰੈਂਟ ਕੰਪਨੀ ਮੈਟਾ ਉਤੇ ਲਗਾਏ ਹਨ, ਜੋ ਇਸ ਪ੍ਰਕਾਰ ਹਨ-

ਵਟਸਐਪ ਦੀ ਗੋਪਨੀਯਤਾ (secracy policy) ਨੀਤੀ, ਅਪਡੇਟ 2021 ਵਿੱਚ ਕਿਹਾ ਗਿਆ ਹੈ ਕਿ ਉਹ ਆਪਣੀ ਪੇਰੈਂਟ ਕੰਪਨੀ ਮੈਟਾ ਨਾਲ ਆਪਣੇ ਉਪਭੋਗਤਾ ਦਾ ਡਾਟਾ ਸ਼ੇਅਰ ਕਰ ਸਕਦੀ ਹੈ। ਜਿਸ 'ਤੇ ਭਾਰਤ ਸਰਕਾਰ ਨੇ ਦਖਲ ਦਿੰਦੇ ਹੋਏ ਇਸ ਬਾਰੇ ਜਾਂਚ ਕਰਵਾਈ ਅਤੇ ਬਾਅਦ ਵਿੱਚ ਇਹ ਨੀਤੀ ਲਾਗੂ ਨਹੀਂ ਕੀਤੀ। ਦੂਜਾ, ਸਰਕਾਰ ਚਾਹੁੰਦੀ ਹੈ ਕਿ ਜਿੰਨੀਆਂ ਵੀ ਇਸ ਤਰ੍ਹਾਂ ਦੀਆਂ ਕੰਪਨੀਆਂ ਦੇਸ਼ ਵਿੱਚ ਸੰਦੇਸ਼ ਭੇਜਣ ਦੀਆਂ ਸੇਵਾਵਾਂ ਦੇ ਰਹੀਆਂ ਹਨ, ਉਹ ਸਾਰੀਆਂ ਉਪਭੋਗਤਾਵਾਂ ਦਾ ਡਾਟਾ ਭਾਰਤ ਵਿੱਚ ਸਟੋਰ ਕਰਨ, ਜਿਸ ਨੂੰ ਡਾਟਾ ਲੋਕਲਾਈਜੇਸ਼ਨ/ਸਥਾਨੀਕਰਨ ਦੇ ਨਿਯਮ ਤਹਿਤ ਸਾਰੀਆਂ ਕੰਪਨੀਆਂ ਨੂੰ ਹਦਾਇਤਾਂ ਹਨ ਕਿ ਉਹ ਆਪਣੇ ਗਲੋਬਲ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਦੇ ਹੋਏ ਇਹਨਾਂ ਨਿਯਮਾਂ ਦੀ ਵੀ ਪਾਲਣਾ ਕਰਨ । ਤੀਸਰਾ, ਸਰਕਾਰ ਦੇ ਰੈਗੂਲੇਟਰੀ ਪਾਲਣਾ ਨਿਯਮਾਂ ਤਹਿਤ ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਬਾਰੇ ਵਟਸਐਪ ਨੂੰ ਇੱਕ ਅਧਿਕਾਰੀ ਨਿਯੁਕਤ ਕਰਨ ਬਾਰੇ ਹਦਾਇਤ ਕੀਤੀ ਗਈ ਹੈ, ਜੋ ਕਿ ਸਮਾਂਬੱਧ ਸ਼ਿਕਾਇਤਾਂ ਦਾ ਨਿਪਟਾਰਾ ਕਰ ਸਕੇ। ਭਾਰਤ ਸਰਕਾਰ ਨੇ ਵਟਸਐਪ ਨੂੰ ਜਾਲ੍ਹੀ ਖਬਰਾਂ ਅਤੇ ਗਲਤ ਜਾਣਕਾਰੀ, ਜਿਸ ਨੂੰ ਡੀਪ ਫੇਕ ਘਟਨਾਵਾਂ ਵੀ ਕਿਹਾ ਜਾਂਦਾ ਹੈ, ਦੇ ਪ੍ਰਸਾਰ ਨੂੰ ਰੋਕਣ ਲਈ ਖਾਸ ਪ੍ਰਬੰਧ ਕਰਨ ਲਈ ਅਤੇ ਖਾਸ ਤੌਰ 'ਤੇ ਚੋਣਾਂ ਅਤੇ ਫਿਰਕੂ ਅਸ਼ਾਂਤੀ ਵਰਗੇ ਸੰਵੇਦਨਸ਼ੀਲ ਸਮੇਂ ਦੌਰਾਨ ਆਪਣੇ ਪਲੇਟਫਾਰਮਾਂ ਤੋਂ ਗਲਤ ਜਾਣਕਾਰੀ ਹਟਾਉਣ ਬਾਰੇ ਵੀ ਅਪੀਲ ਕੀਤੀ ਹੈ। ਭਾਰਤ ਸਰਕਾਰ ਨੇ ਵਟਸਐਪ ਭੁਗਤਾਨ ਜਿਸ ਵਿੱਚ ਉਪਭੋਗਤਾ ਨੂੰ ਐਪ ਰਾਹੀਂ ਪੈਸੇ ਭੇਜਣ ਅਤੇ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਉਸ 'ਤੇ ਚਿੰਤਾ ਜਤਾਉਂਦੇ ਹੋਏ ਪਲੇਟਫਾਰਮ ਨੂੰ ਆਰ ਬੀ ਆਈ ਦੇ ਦਿਸ਼ਾ-ਨਿਰਦੇਸ਼ ਤਹਿਤ ਭੁਗਤਾਨ ਕਰਨ ਲਈ ਕਿਹਾ ਹੈ।

ਅਦਾਲਤ ਵਿੱਚ ਕੇਂਦਰ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਸੰਪਰਦਾਇਕ ਹਿੰਸਾ ਦੇ ਮਾਮਲੇ ਵਿੱਚ ਸੰਦੇਸ਼ ਸ਼ੁਰੂ ਕਰਨ ਵਾਲਿਆਂ ਦਾ ਪਤਾ ਲਗਾਉਣ ਲਈ ਨਿਯਮ ਜ਼ਰੂਰੀ ਹਨ। ਸਰਕਾਰ ਨੇ ਇਹ ਵੀ ਦੱਸਿਆ ਹੈ ਕਿ ਵਟਸਐਪ ਉਪਭੋਗਤਾਵਾਂ ਦੀ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਦਾ ਹੈ। ਇਸ ਲਈ ਪੂਰਨ ਗੁਪਤਤਾ ਅਤੇ ਸੁਰੱਖਿਆ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ । ਦੂਜੇ ਪਾਸੇ ਵਟਸਐਪ ਦੇ ਵਕੀਲ ਨੇ ਦੱਸਿਆ ਕਿ ਐਨਕ੍ਰਿਪਸ਼ਨ ਨੂੰ ਤੋੜਨਾ ਠੀਕ ਨਹੀਂ ਹੈ । ਇਸ ਨਾਲ ਕਈ ਤਰ੍ਹਾਂ ਦੀਆਂ ਹੋਰ ਮੁਸ਼ਕਲਾਂ ਪੈਦਾ ਹੋ ਜਾਣਗੀਆਂ।ਅਸਲ ਵਿੱਚ ਸੰਦੇਸ਼ ਸ਼ੁਰੂ ਕਰਨ ਵਾਲੇ ਦਾ ਪਤਾ ਲਗਾਉਣ ਲਈ ਅਜੇ ਤੱਕ ਕੋਈ ਸਹੀ ਢੰਗ-ਤਰੀਕਾ ਨਹੀਂ ਹੈ। ਅਦਾਲਤ ਨੇ ਦੋਵੇਂ ਧਿਰਾਂ ਦੀਆਂ ਦਲੀਲਾਂ ਅਤੇ ਬਹਿਸ ਸੁਣਨ ਤੋਂ ਬਾਅਦ ਕਿਹਾ ਹੈ ਕਿ ਨਿੱਜਤਾ ਅਧਿਕਾਰ ਸੰਪੂਰਨ ਨਹੀਂ ਹਨ। ਇਹਨਾਂ ਵਿੱਚ ਸੰਤੁਲਨ ਜ਼ਰੂਰੀ ਹੈ । ਬੈਂਚ ਨੇ 14 ਅਗਸਤ 2024 ਨੂੰ ਕੇਸ ਦੀ ਸੁਣਵਾਈ ਜਾਰੀ ਰੱਖਣ ਲਈ ਕਿਹਾ ਹੈ । ਦੇਖਣਾ ਇਹ ਹੋਵੇਗਾ ਕਿ ਹੁਣ ਭਾਰਤ ਵਿੱਚ ਸੰਦੇਸ਼ ਸੇਵਾਵਾਂ ਦੇਣ ਵਾਲੇ ਵਿਚੋਲੀਏ ਪਲੇਟਫਾਰਮ ਐਨਕ੍ਰਿਪਸ਼ਨ ਅਤੇ ਉਪਭੋਗਤਾਵਾਂ ਦੀ ਵਿਅਕਤੀਗਤ ਨਿੱਜਤਾ ਅਤੇ ਸੀਕ੍ਰੇਸੀ ਨੂੰ ਕਿਵੇਂ ਸੰਭਾਲਦੇ ਹਨ ਅਤੇ ਇਸ ਲਈ ਮੌਜੂਦਾ ਸਿਸਟਮ ਵਿੱਚ ਕਿਹੜੇ ਸੁਧਾਰ ਕਰਦੇ ਹਨ।ਆਉਣ ਵਾਲੇ ਭਵਿੱਖ ਵਿੱਚ ਇਹਨਾਂ ਦਾ ਕੀ ਪ੍ਰਭਾਵ ਹੋ ਸਕਦਾ ਹੈ, ਇਹ ਅਗਲੇਰਾ ਚਿੰਤਾ ਦਾ ਵਿਸ਼ਾ ਹੈ। ਇਸ ਕਰਕੇ ਚੇਤੰਨ ਅਤੇ ਜਾਣਕਾਰ ਹਲਕਿਆਂ ਵਿੱਚ ਚਰਚਾ ਹੋਣੀ ਚਾਹੀਦੀ ਹੈ। ਅਤਿ-ਆਧੁਨਿਕ ਤਕਨਾਲੋਜੀ ਦਾ ਪ੍ਰਯੋਗ ਕਰਦੇ ਹੋਏ ਕਿਵੇਂ ਵਿਅਕਤੀਗਤ ਨਿੱਜਤਾ, ਗੁਪਤਤਾ ਅਤੇ ਦੇਸ਼ ਦੀ ਸੁਰੱਖਿਆ ਵਿਚਾਲੇ ਸੰਤੁਲਨ ਬਣਾਇਆ ਜਾ ਸਕਦਾ ਹੈ।